# ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ

ਦਾ

ਦਾਰਸ਼ਨਿਕ ਅਧਿਐਨ

# ਗੁਰੂ ਨਾਨਕ ਦੇਵ ਜੀ

## ਦੀਆਂ ਬਾਣੀਆਂ ਦਾ

# ਦਾਰਸ਼ਨਿਕ ਅਧਿਐਨ

GURU NANAK DEV UNIVERSITY
BHAI GURDAS LIBRARY
AMRITSAR

ਲੇਖਕ
ਡਾ. ਜਸਵਿੰਦਰ ਕੌਰ ਢਿੱਲੋਂ

ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

©
ਸਭ ਹੱਕ ਰਾਖਵੇਂ ਹਨ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
BHAI GURDAS LIBRARY
G.N.D.U. AMRITSAR
Accss N G-8305
Date 3/4/91 Deptt G/H
Source ASR Publi dept G.N.D.U
Price Rs. 50/- Dealing Official

ਡਾ. ਜਸਵਿੰਦਰ ਕੌਰ ਢਿੱਲੋਂ
ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

ਪਹਿਲੀ ਵਾਰ : 1991
ਗਿਣਤੀ : 600
ਮੁੱਲ : 50/- ਰੁਪਏ

ਸ: ਮੋਹਨ ਸਿੰਘ ਜੌਹਲ, ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਅਤੇ
ਸ: ਜਗਜੀਤ ਸਿੰਘ ਵਾਲੀਆ, ਪ੍ਰੈਸ ਮੈਨੇਜਰ ਵਲੋਂ ਯੂਨੀਵਰਸਿਟੀ ਪ੍ਰੈਸ, ਅੰਮ੍ਰਿਤਸਰ ਵਿਚ ਛਾਪੀ ਗਈ ।

# ਸਮਰਪਣ

ਆਪਣੇ ਪਤੀ

ਤੇ

ਆਪਣੀ ਬੱਚੀ

ਨੂੰ

BGL-GNDU

G-8305

# ਤਤਕਰਾ

—ਮੁੱਖ ਬੰਦ
—ਧੰਨਵਾਦ
1. ਪ੍ਰਸਤਾਵਨਾ 1
2. ਜਪੁਜੀ 15
3. ਮਾਝ ਦੀ ਵਾਰ 30
4. ਆਸਾ ਦੀ ਵਾਰ 42
5. ਦਖਣੀ ਓਅੰਕਾਰ 55
6. ਸਿਧ ਗੋਸਟਿ 64
7. ਮਾਰੂ ਸੋਲਹੇ 73
8. ਬਾਰਹਮਾਹਾ ਤੁਖਾਰੀ 81
9. ਮਲਾਰ ਦੀ ਵਾਰ 37
10. ਗੁਰੂ ਨਾਨਕ ਬਾਣੀ ਦਰਸ਼ਨ ਦਾ ਸਾਰ 99
—ਪੁਸਤਕਾਵਲੀ 143
—ਅਨੁਕ੍ਰਮਣਿਕਾ 145

# ਮੁੱਖ ਬੰਦ

ਪਿਛਲੇ ਕੁਝ ਸਮੇਂ ਤੋਂ ਗੁਰਬਾਣੀ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਆਮ ਤੌਰ ਤੇ ਸਮੁੱਚੀ ਗੁਰਬਾਣੀ ਦੇ ਸਮੁੱਚੇ ਰੂਪ ਨੂੰ ਸਾਮ੍ਹਣੇ ਰਖ ਕੇ ਇਸ ਦੇ ਸਿਧਾਂਤਕ ਜਾਂ ਧਾਰਮਕ ਆਧਾਰਾਂ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਤੇ ਕਿਤੇ ਵਿਚਾਰਧਾਰਾ ਬਾਰੇ ਵੀ ਕੁਝ ਲਿਖਿਆ ਗਿਆ ਹੈ। ਗੁਰਬਾਣੀ ਦੇ ਵਖ ਵਖ ਸੰਕਲਪਾਂ ਨੂੰ ਵੀ ਸਪਸ਼ਟੀਕਰਣ ਜਾਂ ਵਿਆਖਿਆ ਦਾ ਆਧਾਰ ਬਨਾਇਆ ਗਿਆ ਹੈ। ਜਿਹੜਾ ਕੰਮ ਧਰਮ ਜਾਂ ਸਿਧਾਂਤ ਦੇ ਖੇਤਰ ਵਿਚੋਂ ਨਿਕਲ ਕੇ ਨਿਰੋਲ ਸਾਹਿਤਕ ਖੇਤਰ ਵਿਚ ਹੋਇਆ ਹੈ, ਉਹ ਵੀ ਮੋਟੇ ਤੌਰ ਤੇ ਇਸ ਤਰ੍ਹਾਂ ਸਮੁਚਵਾਦੀ ਹੀ ਹੈ। ਇਸ ਤਰ੍ਹਾਂ ਦਾ ਕੰਮ ਕਰਨਾ ਸੌਖਾ ਹੈ। ਸਮੁਚੀ ਬਾਣੀ ਨੂੰ ਸਾਮ੍ਹਣੇ ਰਖਕੇ, ਉਸਦੇ ਕਿਸੇ ਨਾ ਕਿਸੇ ਪਹਿਲੂ ਦੀ ਵਿਆਖਿਆ ਨਮਿਤ ਮਿਸਾਲਾਂ ਲੈ ਕੇ, ਆਪਣੀ ਗੱਲ ਨੂੰ ਸਿਧ ਕਰ ਦੇਣ ਦਾ ਯਤਨ ਕੀਤਾ ਗਿਆ ਹੈ। ਆਪਣੇ ਆਪ ਵਿਚ ਇਹ ਯਤਨ ਸ਼ਲਾਘਾਯੋਗ ਹਨ।

ਡਾ. ਜਸਵਿੰਦਰ ਕੌਰ ਢਿਲੋਂ ਨੇ ਆਪਣੀ ਇਸ ਹਥਲੀ ਪੁਸਤਕ ਵਿਚ ਇਕ ਵਿਲਖਣ ਤਜਰਬਾ ਕੀਤਾ ਹੈ। ਇਸ ਤਰ੍ਹਾਂ ਨਹੀਂ ਕਿ ਇਹ ਤਜਰਬਾ ਪਹਿਲੇ ਨਹੀਂ ਹੋਇਆ, ਪਹਿਲੇ ਵੀ ਇਸ ਤਰ੍ਹਾਂ ਲਿਖਿਆ ਗਿਆ ਹੈ। ਪਰ ਬੜੇ ਸੀਮਤ ਭਾਵ ਨਾਲ। ਡਾ. ਸਾਹਿਬ ਦੀ ਵਿਲਖਣਤਾ ਇਹ ਹੈ ਕਿ ਉਨ੍ਹਾਂ ਨੇ ਕਿਸੇ ਸੰਕਲਪ ਨੂੰ ਸਮੁਚੀ ਬਾਣੀ ਉਤੇ ਲਾਗੂ ਨਹੀਂ ਕੀਤਾ ਬਲਕਿ ਗੁਰੂ ਨਾਨਕ ਸਾਹਿਬ ਦੁਆਰਾ ਰਚਿਤ ਵਖ ਵਖ ਬਾਣੀਆਂ ਵਿਚੋਂ ਉਭਰਦੇ ਸਿਧਾਂਤਾ ਨੂੰ ਉਸੇ ਬਾਣੀ ਦੇ ਪ੍ਰਸੰਗ ਵਿਚ ਵਿਚਾਰਿਆ ਅਤੇ ਸਪਸ਼ਟ ਕੀਤਾ ਹੈ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਦੀ ਵੰਨ ਸੁਵੰਨਤਾ ਅਤੇ ਇਸ ਦਾ ਬਹੁਰੰਗਾਪਨ ਕਾਇਮ ਰਿਹਾ ਹੈ। ਵਖ ਵਖ ਰੰਗਾਂ ਨਾਲ ਜੁੜੀ ਹੋਈ ਇਸ ਦੈਵੀ ਬਾਣੀ ਦੇ ਬਹੁਰੰਗ ਇਕ ਵਿਸ਼ਾਲ ਅਨੁਭਵ ਦਾ ਸਬੂਤ ਦਿੰਦੇ ਹਨ। ਡਾ. ਸਾਹਿਬ ਨੇ ਇਸ ਅਨੁਭਵ ਨੂੰ ਪਾਠਕਾਂ ਦੇ ਮਨ ਉਤੇ ਅੰਕਿਤ ਕਰਨ, ਇਨ੍ਹਾਂ ਰਾਹੀਂ ਪਾਠਕਾਂ ਦੇ ਮਨ ਅੰਦਰਲੀ ਸੌਂਦਰਯ ਅਨੁਭੂਤੀ ਨੂੰ ਜਗਾਉਣ ਅਰਥਾਤ ਉਨ੍ਹਾਂ ਨੂੰ ਰਸਦਾਇਕ ਬਨਾਉਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਲੇਖਿਕਾ ਦਾ ਇਹ ਤਜਰਬਾ ਇਕ ਬਹੁਮੁਲਾ ਤਜਰਬਾ ਬਣ ਜਾਂਦਾ ਹੈ।

ਆਮ ਤੌਰ ਤੇ ਗੁਰਬਾਣੀ ਦੀ ਵਿਆਖਿਆ ਜਾਂ ਭਾਰਤ ਦੇ ਪੂਰਵਲੇ ਸਿਧਾਂਤਾ ਦੇ ਪ੍ਰਸੰਗ ਵਿਚ ਹੋਈ ਹੈ, ਜਾਂ ਆਧੁਨਿਕ ਗਿਆਨ ਵਿਗਿਆਨ ਦੁਆਰਾ ਦਿਤੇ ਮਾਪ ਦੰਡਾਂ ਅਨੁਸਾਰ ਹੋਈ ਹੈ। ਇਸ ਤਰ੍ਹਾਂ ਵਿਦਵਾਨਾਂ ਕੋਲੋਂ ਇਕ ਗ਼ਲਤੀ ਆਮ ਹੋ ਗਈ ਹੈ। ਉਹ ਗ਼ਲਤੀ ਇਹ ਹੈ ਕਿ ਉਨ੍ਹਾਂ ਨੇ ਬਣੇ ਬਣਾਏ ਮਾਡਲਾਂ ਨੂੰ ਗੁਰਬਾਣੀ ਉਤੇ ਲਾਗੂ ਕਰ ਦਿਤਾ ਹੈ।

ਇਸ ਹਥਲੀ ਰਚਨਾ ਵਿਚ ਇਸ ਪ੍ਰਕ੍ਰਿਆ ਨੂੰ ਉਲਟਾਇਆ ਗਿਆ ਹੈ। ਇਥੇ ਬਾਣੀ ਨੂੰ ਸਾਮ੍ਹਣੇ ਰਖ ਕੇ ਉਸ ਵਿਚੋਂ ਉਠਦੇ ਵਖ ਵਖ ਸਿਧਾਂਤਕ ਅਤੇ ਵਿਚਾਰਧਾਰਕ ਮਾਡਲਾਂ ਨੂੰ ਪਰਿਭਾਸ਼ਤ ਕਰਕੇ ਪਾਠਕਾਂ ਦੇ ਸਾਮ੍ਹਣੇ ਰਖਿਆ ਗਿਆ ਹੈ। ਇਸ ਪਖੋਂ ਇਸ ਰਚਨਾ ਦਾ ਮਹਤਵ ਹੋਰ ਵੀ ਵਧ ਜਾਂਦਾ ਹੈ।

ਗੁਰਬਾਣੀ ਇਕ ਐਸਾ ਵਿਸ਼ਾਲ ਸਾਗਰ ਹੈ ਜਿਸ ਵਿਚ ਜਿਤਨੀ ਡੂਘਾਂਣ ਤਕ ਪਹੁੰਚੋ ਇਹ ਅਜੇ ਵੀ ਅਪਹੁੰਚ ਰਹਿ ਜਾਂਦਾ ਹੈ। ਇਸ ਕਰਕੇ ਇਸ ਦੇ ਕਿਸੇ ਵੀ ਪਹਿਲੂ ਬਾਰੇ ਕਿਸੇ ਦਾ ਕੋਈ ਆਖਰੀ ਸ਼ਬਦ ਹੋਵੇ ਜਾਂ ਕਿਸੇ ਦੁਆਰਾ ਕਹੀ ਗੱਲ ਅੰਤਿਮ ਰੂਪ ਵਿਚ ਸੱਚ ਹੋਵੇ, ਇਹ ਸੰਭਵ ਨਹੀਂ। ਗੁਰਬਾਣੀ ਦੇ ਸੱਚ ਨੂੰ ਪਕੜਨਾ ਉਤਨਾ ਹੀ ਸੰਭਵ ਹੈ ਜਿਤਨਾ ਪਕੜਨ ਵਾਲੇ ਦੀ ਬੁਧ ਦੀ ਸਮਰਥਾ ਹੈ। ਇਸ ਕਰਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਜੋ ਕੁਝ ਡਾ. ਢਿਲੋਂ ਨੇ ਕਿਹਾ ਹੈ, ਉਹ ਆਖਰੀ ਸੱਚ ਹੈ। ਸਚ ਦੀ ਕਿਸੇ ਵੀ ਸਿਖ਼ਰ ਤਕ ਪਹੁੰਚ ਜਾਓ ਅਜੇ ਵੀ ਉਸ ਵਿਚ ਅਗੇ ਵਧਣ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਇਸ ਕਰਕੇ ਇਹ ਅੰਤਿਮ ਸੱਚ ਤਾਂ ਨਹੀਂ ਹੋ ਸਕਦਾ, ਪਰ ਜੋ ਕੁਝ ਉਨ੍ਹਾਂ ਨੇ ਲਿਖਿਆ ਹੈ ਅਤੇ ਜਿਸ ਤਰੀਕੇ ਨਾਲ ਲਿਖਿਆ ਹੈ ਇਹ ਕਾਬਲੇ ਤਾਰੀਫ਼ ਹੈ। ਵਿਸ਼ੇ ਦੀ ਸੂਖਮਤਾ ਨੂੰ ਸਾਮ੍ਹਣੇ ਰਖਦਿਆਂ ਹੋਇਆਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਹੋਰ ਵੀ ਵਧੀਆ ਹੋਣ ਦੀ ਸਮਰਥਾ ਹੈ। ਇਸ ਕਰਕੇ ਸੰਪੂਰਨਤਾ ਦੇ ਸਵਾਲ ਨੂੰ ਅਲਗ ਰਖਦਿਆਂ ਹੋਇਆਂ ਮੈਨੂੰ ਇਹ ਕਹਿਣ ਵਿਚ ਗੌਰਵ ਮਹਿਸੂਸ ਹੋ ਰਿਹਾ ਹੈ ਕਿ ਡਾ. ਢਿਲੋਂ ਨੇ ਆਪਣੇ ਵਿਤ ਤੋਂ ਬਾਹਰੇ ਯਤਨ ਨਾਲ ਇਹ ਕੰਮ ਕੀਤਾ ਹੈ ਅਤੇ ਗੁਰਬਾਣੀ ਨੂੰ ਸਮਝਣ ਸਮਝਾਉਣ ਵਾਲੇ ਜਿਗਿਆਸੂਆਂ ਦੀ ਬੌਹੜੀ ਕੀਤੀ ਹੈ। ਇਸ ਪਖੋਂ ਗੁਰਬਾਣੀ ਵਿਚ ਹੁਣ ਤਕ ਹੋਏ ਕੰਮ ਵਿਚ ਇਹ ਇਕ ਮੁਲਵਾਨ ਵਾਧਾ ਹੈ। ਮੈਂ ਇਸ ਦਾ ਸਵਾਗਤ ਕਰਦਾ ਹਾਂ। ਪਾਠਕ ਸਜਨਾਂ ਨੂੰ ਬੇਨਤੀ ਕਰਦਾ ਹਾਂ ਕਿ ਅਕਾਲਪੁਰਖ ਉਨ੍ਹਾਂ ਨੂੰ ਹੋਰ ਸਮਰਥਾ ਬਖਸ਼ੇ ਤੇ ਉਹ ਹੋਰ ਵਧੀਆ ਕੰਮ ਇਸਦੇ ਖੇਤਰ ਵਿਚ ਕਰਕੇ ਇਸ ਖੇਤਰ ਨੂੰ ਪਿਆਰ ਕਰਨ ਵਾਲਿਆਂ ਦੀ ਦੁਆ ਲੈਣ।

ਡਾ. ਦਰਸ਼ਨ ਸਿੰਘ
ਚੇਅਰਮੈਨ,
ਗੁਰੂ ਨਾਨਕ ਸਿੱਖ ਅਧਿਐਨ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਚੰਡੀਗੜ੍ਹ
19 ਦਸੰਬਰ, 1990

# ਧੰਨਵਾਦ

ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੀ ਧਾਰਾ 4 ਅਨੁਸਾਰ ਯੂਨੀਵਰਸਿਟੀ ਦਾ ਮੁੱਖ ਮੰਤਵ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਖਿਆਵਾਂ ਸੰਬੰਧੀ ਖੋਜ ਕਰਨਾ ਹੈ। ਇਸ ਉਦੇਸ਼ ਨੂੰ ਧਿਆਨ ਵਿਚ ਰੱਖਦੇ ਹੋਏ ਹੱਥਲੀ ਪੁਸਤਕ ਦਾ ਖਰੜਾ ਤਿਆਰ ਕੀਤਾ ਗਿਆ ਸੀ। ਭੂਤ-ਪੂਰਵ ਕੁਲਪਤੀ ਡਾ. ਸਰਜੀਤ ਸਿੰਘ ਬੱਲ ਨੇ ਇਸ ਦੀ ਪ੍ਰਕਾਸ਼ਨਾ ਦੀ ਪਰਵਾਨਗੀ ਦਿੱਤੀ ਸੀ ਜਿਸ ਲਈ ਮੈਂ ਉਨ੍ਹਾਂ ਦੀ ਤਹਿ ਦਿਲੋਂ ਅਭਾਰੀ ਹਾਂ। ਉਨ੍ਹਾਂ ਵਿਦਵਾਨਾਂ ਦੀ ਮੈਂ ਅਤੀ ਰਿਣੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੀ ਪ੍ਰਕਾਸ਼ਨਾ ਲਈ ਯੋਗਤਾ ਪ੍ਰਮਾਣਿਤ ਕੀਤੀ ਸੀ। ਗੁਰਬਾਣੀ ਵਿਚ ਵਿਸ਼ੇਸ਼ ਰੁਚੀ ਰਖਣ ਵਾਲੇ ਵਰਤਮਾਨ ਕੁਲਪਤੀ ਸ. ਗੁਰਦੀਪ ਸਿੰਘ ਰੰਧਾਵਾ ਅਤੇ ਵਿਭਾਗ ਦੇ ਮੁਖੀ ਅਤੇ ਪ੍ਰੈਸ ਤੇ ਪਬਲੀਕੇਸ਼ਨ ਕਮੇਟੀ ਦੇ ਚੇਅਰ ਪਰਸਨ ਡਾ. ਮਦਨਜੀਤ ਕੌਰ ਮੇਰੇ ਧੰਨਵਾਦ ਦੇ ਵਿਸ਼ੇਸ਼ ਪਾਤਰ ਹਨ ਜਿਨ੍ਹਾਂ ਨੇ ਯੂਨੀਵਰਸਿਟੀ ਬਜਟ ਵਿਚ ਘਾਟੇ ਦੇ ਬਾਵਜੂਦ ਇਸ ਪੁਸਤਕ ਨੂੰ ਸਾਹਮਣੇ ਲਿਆਉਣ ਵਿਚ ਰੁਚੀ ਦਿਖਾਈ ਹੈ।

ਪੁਸਤਕ ਦੇ ਖਰੜੇ ਉਪਰ ਭਾਵ-ਪੂਰਤ ਟਿੱਪਣੀ ਅਤੇ ਮੁੱਖ ਬੰਦ ਦੇ ਸੁਹਿਰਦ ਸ਼ਬਦਾਂ ਲਈ ਮੈਂ ਡਾ. ਦਰਸ਼ਨ ਸਿੰਘ, ਚੇਅਰਮੈਨ, ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ ਦੀ ਅਹਿਸਾਨਮੰਦ ਹਾਂ। ਖਰੜੇ ਦੀ ਸੁਧਾਈ ਅਤੇ ਵਡਮੁਲੀ ਸੇਧ ਲਈ ਮੈਂ ਆਪਣੇ ਪਤੀ ਸ. ਅਰੀਦਮਨ ਸਿੰਘ ਢਿੱਲੋਂ ਅਤੇ ਇਸ ਸਬੰਧੀ ਰੁਝੇਵਿਆਂ ਨੂੰ ਜਰਨ ਲਈ ਮੈਂ ਆਪਣੀ ਬੇਟੀ ਨਿੰਦੂ ਦੀ ਵੀ ਸ਼ੁਕਰਗੁਜ਼ਾਰ ਹਾਂ। ਮੈਂ ਆਪਣੇ ਬਜ਼ੁਰਗਾਂ, ਮਿਤਰਾਂ ਅਤੇ ਸਨੇਹੀਆਂ ਦੀ ਇਸ ਕਾਰਜ ਵਿਚ ਨਿਜੀ ਦਿਲਚਸਪੀ ਅਤੇ ਉਤਸ਼ਾਹ ਲਈ ਧੰਨਵਾਦ ਕਰਦੀ ਹਾਂ। ਪ੍ਰੈਸ ਮੈਨੇਜਰ ਸ. ਜਗਜੀਤ ਸਿੰਘ ਵਾਲੀਆ ਅਤੇ ਪ੍ਰਕਾਸ਼ਨ ਅਫ਼ਸਰ ਸ੍ਰੀ ਆਰ. ਪੀ. ਸੋਬਤੀ ਅਤੇ ਉਨ੍ਹਾਂ ਦੇ ਸਟਾਫ਼ ਦੀ ਮੈਂ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਸੁੰਦਰ ਰੂਪ ਵਿਚ ਪ੍ਰਸਤੁਤ ਕਰਨ ਵਿਚ ਬੜਾ ਸਹਿਯੋਗ ਦਿੱਤਾ ਹੈ।

ਆਪਣੀਆਂ ਸੀਮਾਵਾਂ ਲਈ ਮੈਂ ਪਾਠਕਾਂ ਤੋਂ ਖ਼ਿਮਾਂ ਦੀ ਜਾਚਕ ਹਾਂ।

ਜਸਵਿੰਦਰ ਕੌਰ ਢਿੱਲੋਂ
ਗੁਰੂ ਨਾਨਕ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਅੰਮ੍ਰਿਤਸਰ
13 ਜਨਵਰੀ, 1991

ਅਧਿਆਇ-੧

# ਪ੍ਰਸਤਾਵਨਾ

ਗੁਰੂ ਨਾਨਕ ਬਾਣੀ ਨੂੰ ਸਿੱਖ ਦਰਸ਼ਨ ਵਿਚ ਵਿਸ਼ੇਸ਼ ਮਹੱਤਾ ਪ੍ਰਦਾਨ ਹੈ। ਸਿੱਖਾਂ ਦੇ ਪਾਵਨ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰਬਾਣੀ ਸਿੱਖਾਂ ਦੇ ਦਸਾਂ ਗੁਰੂਆਂ ਵਿਚੋਂ ਛੇਆਂ ਗੁਰੂ ਸਾਹਿਬਾਨ ਦੀ ਰਚੀ ਹੋਈ ਹੈ, ਪਰ ਪਿਛਲੇਰੇ ਪੰਜਾਂ ਰਚਨਕਾਰਾਂ ਨੇ ਆਪਣੀ ਬਾਣੀ ਵੀ ਗੁਰੂ ਨਾਨਕ ਸਾਹਿਬ ਦੇ ਨਾਮ ਉੱਤੇ ਹੀ ਰਚੀ ਹੈ, ਅਤੇ ਪਿਛਲੇਰੀ ਰਚਨਾ ਨੂੰ ਆਮ ਤੌਰ ਤੇ ਪਹਿਲੇ ਗੁਰੂ ਨਾਨਕ ਸਾਹਿਬ ਦੀ ਰਚਨਾ ਦਾ ਵਿਸਤਾਰ ਜਾਂ ਵਿਆਖਿਆ ਮਾਤਰ ਹੀ ਮੰਨਿਆ ਜਾਂਦਾ ਹੈ। ਪਿਛਲੇਰੇ ਗੁਰੂਆਂ ਦੀ ਬਾਣੀ ਦੀ ਵਿਚਾਰਧਾਰਾ ਵਿਚ ਗੁਰੂ ਨਾਨਕ ਵਿਚਾਰਧਾਰਾ ਦਾ ਕੋਈ ਵਿਰੋਧ ਜਾਂ ਸੁਧਾਰ ਨਹੀਂ ਮੰਨਿਆ ਜਾਂਦਾ। ਇਸ ਲਈ ਗੁਰੂ ਨਾਨਕ ਬਾਣੀ, ਜਿਸਦਾ ਖੇਤਰ ਅਤੇ ਵਿਸ਼ਾ-ਵਸਤੂ ਵਧੇਰੇ ਵਿਸ਼ਾਲ, ਗੂੜ੍ਹ ਅਤੇ ਪ੍ਰੌੜ ਮੰਨਿਆ ਜਾਂਦਾ ਹੈ, ਹੀ ਅਸਲ ਭਾਵ ਵਿਚ ਸਿੱਖ ਦਰਸ਼ਨ ਦਾ ਮੂਲ ਸ੍ਰੋਤ ਹੈ ਅਤੇ ਇਸਦਾ ਡੂੰਘਾ ਦਾਰਸ਼ਨਿਕ ਅਧਿਐਨ ਅਤੀ ਆਵੱਸ਼ਕ ਕਾਰਜ ਹੈ, ਖ਼ਾਸ ਕਰਕੇ ਜਦੋਂ ਕਿ ਸਮੁੱਚੀ ਗੁਰਬਾਣੀ ਦਾ ਦਾਰਸ਼ਨਿਕ ਅਧਿਐਨ ਹਾਲੀ ਬਹੁਤ ਹੀ ਮੁੱਢਲੇ ਚਰਣ ਤੇ ਹੈ। ਗੁਰਬਾਣੀ ਦਾ ਅਧਿਐਨ ਤਾਂ ਵੈਸੇ ਵੀ ਡੂੰਘਿਆਈ ਵਿਚ ਕਰਨ ਦੀ ਹਾਲਾਂ ਬਹੁਤ ਗੁੰਜਾਇਸ਼ ਹੈ। ਪਰ ਜੋ ਅਧਿਐਨ ਹੁਣ ਤਕ ਹੋਇਆ ਵੀ ਹੈ, ਉਹ ਵੀ ਵਧੇਰੇ ਸਾਹਿੱਤਿਕ ਅਤੇ ਇਤਿਹਾਸਕ ਪੱਖੋਂ ਹੀ ਹੋਇਆ ਹੈ। ਦਾਰਸ਼ਨਿਕ ਪੱਖੋਂ ਜਿਨ੍ਹਾਂ ਕੁਝ ਮਾਣਯੋਗ ਵਿਦਵਾਨਾਂ ਨੇ ਅਧਿਐਨ ਦਾ ਜਤਨ ਕੀਤਾ ਵੀ ਹੈ ਉਨ੍ਹਾਂ ਵਿਚੋਂ ਵੀ ਬਹੁਤਿਆਂ ਦਾ ਆਪਣਾ ਪਿਛੋਕੜ ਦਰਸ਼ਨ -ਸ਼ਾਸਤ੍ਰੀ ਨਾ ਹੋਣ ਕਾਰਨ, ਉਨ੍ਹਾਂ ਨੇ ਅਣਜਾਣਪੁਣੇ ਵਿਚ ਗੂੜ੍ਹ-ਦਰਸ਼ਨ-ਮਈ ਗੁਰਬਾਣੀ ਦੇ ਅਰਥਾਂ ਨਾਲ ਕਈ ਵਾਰ ਅਨਰਥ ਕੀਤਾ ਹੈ। ਬਹੁਤ ਸਾਰੇ ਮਾਨਯੋਗ 'ਵਿਦਵਾਨ' ਤਾਂ ਇਹ ਮੰਨਣ ਨੂੰ ਹੀ ਤਿਆਰ ਨਹੀਂ ਕਿ ਗੁਰਬਾਣੀ ਦਾ ਦਰਸ਼ਨ ਨਾਲ ਕੋਈ ਸੰਬੰਧ ਵੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਗੁਰੂ ਨਾਨਕ ਦਾਰਸ਼ਨਿਕ ਹੈ ਹੀ ਨਹੀਂ ਸਨ, ਕੇਵਲ ਸਮਾਜ ਸੁਧਾਰਕ ਹੀ ਸਨ—ਪਰ ਇਹ ਗੱਲ ਉਨ੍ਹਾਂ ਨੂੰ ਵੀ ਮੰਨਣੀ ਪੈਂਦੀ ਹੈ ਕਿ ਗੁਰੂ ਨਾਨਕ ਦੀ ਵਿਚਾਰਧਾਰਾ ਨੇ ਇਕ ਨਵੇਕਲੇ ਧਰਮ ਨੂੰ ਪ੍ਰਤੀਪਾਦਿਤ ਕੀਤਾ ਹੈ। ਐਸੇ 'ਗਿਆਨੀਆਂ' ਦਾ ਭਰਮ ਦੂਰ ਕਰਨ ਵਾਸਤੇ ਧਰਮ ਅਤੇ ਦਰਸ਼ਨ ਵਿਚਕਾਰ ਅਨਿਖੜਵੇਂ ਸੰਬੰਧਾਂ ਨੂੰ ਪ੍ਰਗਟਾਉਣ ਲਈ ਮਨੁੱਖੀ ਇਤਿਹਾਸ ਅੰਦਰ ਧਰਮ ਅਤੇ ਦਰਸ਼ਨ ਦੇ ਨਿਕਾਸ ਅਤੇ ਵਿਕਾਸ ਉੱਪਰ ਸੰਖੇਪ ਝਾਤੀ ਪਾਉਣੀ ਆਵੱਸ਼ਕ ਪ੍ਰਤੀਤ ਹੁੰਦੀ ਹੈ।

ਆਧੁਨਿਕ ਵਿਗਿਆਨਕ ਖੋਜ ਤੋਂ ਸਿੱਧ ਹੋਇਆ ਹੈ ਕਿ ਧਰਤੀ ਦਾ ਆਰੰਭ ਕੋਈ 450 ਕਰੋੜ ਸਾਲ ਪਹਿਲਾਂ ਹੋਇਆ ਅਤੇ ਇਸ ਉੱਤੇ ਜੀਵਨ ਦੀ ਉਤਪੱਤੀ ਲਗ ਪਗ 350 ਕਰੋੜ ਸਾਲ ਪਹਿਲਾਂ ਹੋਣੀ ਸ਼ੁਰੂ ਹੋਈ।[1] ਕਰੋੜਾਂ ਵਰ੍ਹਿਆਂ ਲੰਮੀਆਂ ਅਣਗਿਣਤ ਵਿਸਮਾਦੀ ਪ੍ਰਕ੍ਰਿਆਵਾਂ ਸਦਕਾ ਇਕਹਿਰੇ ਸੈੱਲ ਜਾਂ ਕੋਸ਼ਾਣੂ ਤੋਂ ਸਾਧਾਰਣ ਜੀਵ ਜੰਤੂਆਂ, ਤੇ ਫਿਰ ਨਿਮਨ ਸਤਰ ਦੇ ਪਸ਼ੂਆਂ ਰਾਹੀਂ ਵਿਕਸਿਤ ਹੁੰਦਾ ਹੋਇਆ ਜੀਵਨ, ਮਨੁੱਖ ਦੇ ਰੂਪ ਵਿਚ ਧਰਤੀ ਉਪਰ ਲਗਪਗ 8 ਲੱਖ ਸਾਲ ਪਹਿਲਾਂ ਹੀ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ।[2] ਹੌਲੀ ਹੌਲੀ ਜਾਂਗਲੀ ਪਸ਼ੂ-ਬਿਰਤੀ ਅਤੇ ਰਹਿਣੀ ਸਹਿਣੀ ਤੋਂ ਵਿਕਾਸ ਕਰਕੇ ਲੱਖਾਂ ਸਾਲਾਂ ਦੀ ਲੰਬੀ ਜੱਦੋ ਜਹਿਦ ਉਪਰੰਤ ਕੇਵਲ 30-35 ਹਜ਼ਾਰ ਸਾਲ ਪਹਿਲਾਂ ਹੀ ਮਨੁੱਖ ਆਧੁਨਿਕ ਯੁੱਗ ਦੇ ਲੋਕਾਂ ਦੀ ਪਛਾਣ ਦੇ ਯੋਗ ਸਭਿਅਤਾ ਗ੍ਰਹਿਣ ਕਰਨ ਵਿਚ ਸਫਲ ਹੋਇਆ ਹੈ। ਸਭ ਤੋਂ ਪੁਰਾਣੀਆਂ ਵਿਕਸਿਤ ਮਨੁੱਖੀ ਸਭਿਅਤਾਵਾਂ ਦੇ ਨਿਸ਼ਾਨ ਤੁਰਕੀ ਤੇ ਇਰਾਨ ਵਿਚ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਦਾ ਸਮਾਂ ਵਿਗਿਆਨਕ ਜਾਂਚ ਤੋਂ ਲਗਪਗ 8000 ਤੋਂ 6000 ਸਾਲ ਈ. ਪੂ. ਦਾ ਸਿੱਧ ਹੁੰਦਾ ਹੈ। ਇਰਾਕ ਦੀ 3500 ਈ. ਪੂ. ਪੁਰਾਣੀ ਸੁਮੇਰੀਅਨ ਅਤੇ ਪੰਜਾਬ ਦੀ 2500 ਈ. ਪੂ. ਪੁਰਾਣੀ ਸਿੰਧ-ਵਾਦੀ ਸਭਿਅਤਾਵਾਂ ਕਾਫ਼ੀ ਵਿਕਸਿਤ ਸਭਿਅਤਾ ਦੇ ਨਮੂਨੇ ਹਨ ਭਾਵੇਂ ਅਜ ਦੀ ਸਭਿਅਤਾ ਦੇ ਮੁਕਾਬਲੇ ਉਨ੍ਹਾਂ ਦਾ ਸਤੱਰ ਬਹੁਤ ਪਛੜਿਆ ਹੋਇਆ ਸੀ। ਭਾਵੇਂ ਪੁਰਾਣੀਆਂ ਤੋਂ ਪੁਰਾਣੀਆਂ ਲਿਖਤਾਂ ਜੋ ਪੱਥਰ ਜਾਂ ਪਕਾਈ ਮਿੱਟੀ ਦੀਆਂ ਟੁਕੜੀਆਂ ਤੇ ਉਕਰੀਆਂ ਹੋਈਆਂ ਹਨ, 3500 ਈ. ਪੂ. ਦੇ ਸਮੇਂ ਤੋਂ ਹੀ ਲਭਦੀਆਂ ਹਨ, ਪਰ ਇਨ੍ਹਾਂ ਤੋਂ ਵੀ ਪ੍ਰਾਚੀਨ ਸਭਿਅਤਾਵਾਂ ਦੇ ਧਰਮ ਤੇ ਦਰਸ਼ਨ ਬਾਰੇ ਵਧੇਰੇ ਚਾਨਣਾ ਨਹੀਂ ਪੈਂਦਾ। ਭਾਰਤ ਦੀ ਪ੍ਰਾਚੀਨ ਸਿੰਧ-ਵਾਦੀ ਸਭਿਅਤਾ ਦੀਆਂ ਐਸੀਆਂ ਲਿਖਤਾਂ ਦੇ ਤਾਂ ਹਾਲਾਂ ਅਰਥ ਵੀ ਲਭੇ ਨਹੀਂ ਜਾ ਸਕੇ। ਫਿਰ ਵੀ ਇਨ੍ਹਾਂ ਸਭਿਅਤਾਵਾਂ ਦੇ ਪਿੰਡਾਂ, ਸ਼ਹਿਰਾਂ, ਘਰਾਂ, ਮੰਦਿਰਾਂ, ਸ਼ਮਸ਼ਾਣਾਂ ਆਦਿਕ ਦੇ ਲੱਭੇ ਖੰਡਰਾਂ ਤੋਂ, ਉਨ੍ਹਾਂ ਵਿਚੋਂ ਪ੍ਰਾਪਤ ਨਿਸ਼ਾਨੀਆਂ—ਬਰਤਨਾਂ-ਭਾਂਡਿਆਂ ਦੇ ਟੋਟਿਆਂ, ਮੂਰਤੀਆਂ ਆਦਿ ਤੋਂ ਅਤੇ ਰਸਮਾਂ ਅਨੁਸਾਰ ਦਫ਼ਨਾਏ ਮੁਰਦਿਆਂ ਦੇ ਪਿੰਜਰਾਂ ਤੇ ਉਨ੍ਹਾਂ ਲਾਗਿਓਂ ਲਭਦੇ ਚੜ੍ਹਾਵੇ ਦੀਆਂ ਚੀਜ਼ਾਂ ਦੇ ਟੋਟਿਆਂ ਤੋਂ, ਉਨ੍ਹਾਂ ਦੀ ਰਹਿਣੀ ਬਹਿਣੀ ਅਤੇ ਵਿਸ਼ਵਾਸਾਂ ਬਾਰੇ ਕੁਝ ਅੰਦਾਜ਼ੇ ਲਾਏ ਜਾ ਸਕਦੇ ਹਨ।[3]

ਵਿਗਿਆਨਕ ਖੋਜ ਤੋਂ ਸਿੱਧ ਹੋਇਆ ਹੈ ਕਿ ਹਰ ਮਨੁੱਖੀ ਸਮਾਜ, ਭਾਵੇਂ ਕਿ ਉਹ ਕਿਤਨਾ ਵੀ ਆਦਿ-ਮਾਨਵੀ ਜਾਂ ਘਟ-ਵਿਕਸਿਤ ਕਿਉਂ ਨਾ ਹੋਵੇ, ਵਿਚ ਕਿਸੇ ਨਾ ਕਿਸੇ ਰੂਪ ਦੇ ਧਾਰਮਿਕ ਵਿਸ਼ਵਾਸ ਤੇ ਕਰਮ-ਕਾਂਡ ਜ਼ਰੂਰ ਮੌਜੂਦ ਹੁੰਦੇ ਹਨ। ਧਰਮ, ਮੁੱਢਲੇ ਰੂਪ ਵਿਚ, ਇਹ ਵਿਸ਼ਵਾਸ ਹੈ ਕਿ ਸ੍ਰਿਸ਼ਟੀ ਕਿਸੇ ਪਰਾ-ਮਨੁੱਖੀ (ਅਲੌਕਿਕ, ਦੈਵੀ) ਸ਼ਕਤੀ ਅਤੇ

---

1. Readers Digest Library of Modern Knowledge, Vol. 1, pp 34 and 242.
2. Readers Digest Library of Modern Knowledge, Vol II, p. 429.
3. Ibid, p. 435, 552 ed 694.

ਚੇਤਨਾ ਵਲੋਂ ਪ੍ਰੇਰਿਤ ਅਤੇ ਸੰਚਾਲਿਤ ਹੈ। ਇਹ ਸ਼ਕਤੀ ਭਾਵੇਂ ਅਦ੍ਰਿਸ਼ਟ ਅਤੇ ਅਮੂਰਤ ਆਤਮਾ ਹੋਵੇ ਜਾਂ ਨਿਜੀ-ਦੇਵ, ਇਸ ਵਿਚ ਮਨੁੱਖੀ ਜੀਵਨ ਲਈ ਵਿਧਾਨ ਪ੍ਰਦਾਨ ਕਰਨ ਅਤੇ ਮਨੁੱਖ ਨੂੰ ਇਸ ਦੈਵੀ-ਵਿਧਾਨ ਨਾਲ ਇਕਸੁਰਤਾ ਵਿਚ ਰਹਿਣ ਲਈ ਪ੍ਰੇਰਿਤ ਕਰਨ ਦੀ ਇੱਛਾ ਜ਼ਰੂਰ ਹੁੰਦੀ ਹੈ। ਇਵੇਂ ਧਰਮ ਅਤੇ ਨੈਤਿਕਤਾ ਨਾਲ ਨਾਲ ਚਲਦੇ ਹਨ। ਮਨੁੱਖ ਆਪਣੀਆਂ ਧਾਰਮਿਕ ਭਾਵਨਾਵਾਂ ਦੀ ਅਭਿਵਿਅਕਤੀ ਰਸਮਾਂ-ਰੀਤੀਆਂ ਦੇ ਕਰਮਕਾਂਡ, ਭਵਨ-ਨਿਰਮਾਣ ਕਲਾ, ਚਿਤ੍ਰਕਾਰੀ ਅਤੇ ਮੂਰਤੀ-ਕਲਾ ਆਦਿ ਰਾਹੀਂ ਕਰਦਾ ਹੈ। ਪਰ ਇਹ ਕੇਵਲ ਉਸਦੇ ਅੰਦਰੂਨੀ ਅਨੁਭਵਾਂ ਦਾ ਬਾਹਰੀ ਪ੍ਰਗਟਾ ਮਾਤਰ ਹੀ ਹੁੰਦਾ ਹੈ ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਹਰ ਮਨੁੱਖ ਅੰਦਰ ਇਕ ਅੰਤ੍ਰੀਵੀ ਜੀਵਨ ਦੀ ਸਮਰੱਥਾ ਹੁੰਦੀ ਹੈ, ਅਤੇ ਇਹੋ ਹੀ ਮਨੁੱਖੀ ਜੀਵਨ ਅੰਦਰ ਧਾਰਮਿਕ ਭਾਵਨਾਵਾਂ ਦੇ ਉਦਗਮ ਦਾ ਸੋਮਾ ਹੋ ਸਕਦਾ ਹੈ ਜਿਸਦੀ ਤਾਰਕਿਕ ਵਿਆਖਿਆ ਹੁਣ ਤਕ ਅਸੰਭਵ ਰਹੀ ਹੈ। ਇਨ੍ਹਾਂ ਭਾਵਨਾਵਾਂ ਤੋਂ ਉਤਪੰਨ ਵਿਸ਼ਵਾਸ ਅਤੇ ਕਰਮਕਾਂਡ ਜੋ ਆਧੁਨਿਕ ਯੁੱਗ ਦੇ ਧਰਮਾਂ ਦਾ ਆਧਾਰ ਬਣੇ ਹਨ, ਬਹੁਤ ਸਾਰੇ ਆਵੱਸ਼ ਹੀ ਆਦਿ-ਮਾਨਵੀ ਕਾਲ ਵਿਚੋਂ ਉਭਰੇ ਹੋਣਗੇ। ਸੱਚ ਤਾਂ ਇਹ ਹੈ ਕਿ ਇਨ੍ਹਾਂ ਵਿਚੋਂ ਕਈਆਂ ਦਾ ਆਰੰਭ ਪ੍ਰਾਚੀਨ ਪੱਥਰ-ਯੁੱਗ ਤੋਂ ਖੋਜਿਆ ਜਾ ਸਕਦਾ ਹੈ ਜਿਸ ਦਾ ਸਮਾਂ 5 ਲੱਖ ਸਾਲ ਤੋਂ 12 ਹਜ਼ਾਰ ਸਾਲ ਪਹਿਲਾਂ ਤਕ ਦਾ ਮੰਨਿਆ ਜਾਂਦਾ ਹੈ। ਇਹ ਤਾਂ ਸਿੱਧ ਹੋ ਚੁੱਕਾ ਹੈ ਕਿ ਮ੍ਰਿਤੂ-ਉਪਰੰਤ ਜੀਵਨ ਦਾ ਵਿਸ਼ਵਾਸ ਆਦਿ-ਕਾਲ ਤੋਂ ਹੀ ਪ੍ਰਚਲਿਤ ਹੈ। ਇਸ ਦਾ ਪ੍ਰਮਾਣ ਉਹ ਉਚੇਚੀ ਵਿਵਸਥਾ ਹੈ ਜਿਸ ਨਾਲ ਆਦਿ-ਕਾਲ ਅੰਦਰ ਮਿਰਤਕਾਂ ਦੀਆਂ ਲੋਥਾਂ ਦਫ਼ਨਾਈਆਂ ਜਾਂਦੀਆਂ ਸਨ, ਅਤੇ ਜਿਨ੍ਹਾਂ ਨਾਲ ਅਗਲੇ ਜੀਵਨ ਲਈ ਲੋੜੀਂਦੇ ਵਸਤਰ, ਬਰਤਨ, ਸ਼ਸਤ੍ਰ ਅਤੇ ਅਨਾਜ ਆਦਿਕ ਵੀ ਰੱਖੇ ਜਾਂਦੇ ਸਨ। ਐਸੇ ਪੁਰਾਣੇ ਤੋਂ ਪੁਰਾਣੇ ਨਿਸ਼ਾਨ ਚੀਨ ਦੀਆਂ ਗੁਫ਼ਾਵਾਂ ਅੰਦਰ ਮਿਲੇ ਹਨ ਜੋ ਲਗਪਗ 5 ਲੱਖ ਸਾਲ ਪੁਰਾਣੇ ਪ੍ਰਤੀਤ ਹੁੰਦੇ ਹਨ। ਮਿੱਟੀ ਅਤੇ ਪੱਥਰ ਦੀਆਂ ਮਦੀਨ ਮੂਰਤੀਆਂ ਜੋ ਵਿਗਿਆਨਕ ਜਾਂਚ ਤੋਂ 30,000 ਸਾਲ ਪੁਰਾਣੀਆਂ ਸਿੱਧ ਹੁੰਦੀਆਂ ਹਨ ਅਤੇ ਜੋ ਮਧ-ਏਸ਼ੀਆ ਤੋਂ ਯੂਰਪ ਵਿਚ ਪ੍ਰਚਲਿਤ ਹੋਈਆਂ, ਤੋਂ ਸਿੱਧ ਹੁੰਦਾ ਹੈ ਕਿ ਜੀਵਨ ਅਤੇ ਪ੍ਰਜਨਨ ਦੀ ਪ੍ਰਤੀਕ ਦੇਵੀ-ਮਾਤਾ ਦੀ ਅਰਾਧਨਾ ਕਾਫ਼ੀ ਪ੍ਰਚਲਿਤ ਸੀ। ਐਸੀਆਂ ਦੇਵੀਆਂ ਦੀ ਪੂਜਾ ਬਾਬਲ, ਮਿਸਰ, ਭਾਰਤ, ਯੂਨਾਨ ਅਤੇ ਰੋਮ ਦੇ ਘਟ ਪ੍ਰਾਚੀਨ ਧਰਮਾਂ ਅੰਦਰ ਵੀ ਵੇਖਣ ਵਿਚ ਆਉਂਦੀ ਹੈ।

4000 ਈ. ਪੂ. ਤੋਂ ਪਿੱਛੋਂ ਸੰਸਾਰ ਵਿਚ ਥਾਂ ਥਾਂ ਮਹਾਨ ਸਭਿਅਤਾਵਾਂ ਪੁੰਗਰਨੀਆਂ ਆਰੰਭ ਹੋਈਆਂ, ਪਹਿਲਾਂ ਮਧ-ਪੂਰਬ ਅੰਦਰ, ਫ਼ਿਰ ਭਾਰਤ ਦੀ ਸਿੰਧ ਵਾਦੀ ਅੰਦਰ ਤੇ ਫ਼ਿਰ ਚੀਨ ਅੰਦਰ। ਮਨੁੱਖ ਨੂੰ ਸਮੇਂ ਨਾਲ ਕੁਦਰਤ ਦੀਆਂ ਸ਼ਕਤੀਆਂ ਉਪਰ ਨਿਯੰਤ੍ਰਣ ਪਾਉਣ ਦੀ ਜਾਚ ਆਉਣ ਲਗੀ, ਅਤੇ ਖੇਤੀ ਬਾੜੀ ਦੀਆਂ ਵਧੇਰੇ ਨਿਸ਼ਚਿਤ ਹਾਲਤਾਂ ਤੋਂ ਨਗਰ, ਅਤੇ ਦੇਵਤਿਆਂ ਲਈ ਮੰਦਰ ਉਸਾਰਨ ਲਈ ਲੋੜੀਂਦੇ ਵਸੀਲੇ ਪ੍ਰਾਪਤ ਹੋਣ ਲੱਗੇ। ਧਾਰਮਿਕ ਕਰਮਕਾਂਡ ਵਧੇਰੇ ਵਿਸਤ੍ਰਿਤ ਹੋਣ ਲੱਗੇ ਅਤੇ ਪੁਜਾਰੀਆਂ ਨੂੰ ਉਚੇਚੀ ਸਿਖਲਾਈ ਦਿੱਤੀ ਜਾਣ ਲੱਗੀ ਤਾਂ ਜੋ ਉਹ ਮਨੁੱਖ ਅਤੇ ਦੇਵਤਿਆਂ ਵਿਚਕਾਰ ਉਪਯੋਗੀ ਸੰਬੰਧ ਕਾਇਮ ਕਰਨ

ਦੇ ਸਮਰੱਥ ਹੋ ਸਕਣ। ਬਾਬਲ ਅਤੇ ਮਿਸਰ ਵਿਚ ਹਰ ਨਗਰ ਵਿਚ ਵੱਡੇ ਵੱਡੇ ਮੰਦਿਰ ਉਸਾਰੇ ਗਏ। ਉਦੋਂ ਉਥੇ ਰਾਜੇ ਹੀ ਪੁਜਾਰੀ ਵੀ ਹੁੰਦੇ ਸਨ, ਦੇਵਤਿਆਂ ਵਿਚਕਾਰ ਮਧਿਅਸਥ। ਭਾਰਤ ਦੀ ਸਿੰਧ-ਵਾਦੀ ਸਭਿਅਤਾ 2500 ਈ. ਪੂ. ਤੋਂ 1500 ਈ. ਪੂ. ਤਕ ਪ੍ਰਫੁਲਤ ਰਹੀ ਜਦੋਂ ਇਹ ਲੱਕ ਮੱਧ-ਏਸ਼ੀਆ ਤੋਂ ਆਉਣ ਵਾਲੇ ਆਰੀਆ ਆਕ੍ਰਮਣਕਾਰੀ ਕਬੀਲਿਆਂ ਹਥੋਂ ਪਰਾਜਿਤ ਹੋਏ। ਇਨ੍ਹਾਂ ਦੇ ਖੰਡਰਾਂ ਵਿਚੋਂ ਲੱਭੀਆਂ ਧਾਰਮਿਕ ਕਲਾ-ਕ੍ਰਿਤੀਆਂ, ਜਿਹਾ ਕਿ ਮਿੱਟੀ ਤੇ ਪੱਥਰ ਦੀਆਂ ਬਣੀਆਂ ਪੁਜਾਰੀਆਂ, ਪੁਜਾਰਨਾਂ, ਦੇਵੀ-ਮਾਤਾਵਾਂ, ਪਸ਼ੂਆਂ ਅਤੇ ਕਰ-ਚਿੰਨ੍ਹਾਂ ਦੀਆਂ ਮੂਰਤੀਆਂ ਅਤੇ ਮੂਰਤਾਂ ਤੋਂ ਕਾਫ਼ੀ ਵਿਕਸਿਤ ਬਹੁ-ਦੇਵਵਾਦੀ ਧਰਮ ਦੀ ਝਲਕ ਪ੍ਰਾਪਤ ਹੁੰਦੀ ਹੈ। ਇਨ੍ਹਾਂ ਵਿਚੋਂ ਕਈ ਦੇਵਤੇ ਅਤੇ ਵਿਸ਼ਵਾਸ ਪ੍ਰਤੱਖ ਤੌਰ ਉਤੇ ਪਿੱਛੋਂ ਆਰੀਆ ਲੋਕਾਂ ਨੇ ਅਪਣਾ ਕੇ ਇਨ੍ਹਾਂ ਦੋਹਾਂ ਸੱਭਿਅਤਾਵਾਂ ਦੇ ਸੁਮੇਲ ਤੋਂ ਉਤਪੰਨ ਹਿੰਦੂ ਧਰਮ ਵਿਚ ਸੰਕਲਿਤ ਕਰ ਲਏ। ਮਿਸਾਲ ਦੇ ਤੌਰ ਤੇ ਪੁਨਰ-ਜਨਮ ਦਾ ਸਿੱਧਾਂਤ ਹਿੰਦੂ-ਮਤ ਨੇ ਸਿੰਧ-ਵਾਦੀ ਸਭਿਅਤਾ ਤੋਂ ਗ੍ਰਹਿਣ ਕੀਤਾ ਮੰਨਿਆ ਜਾਂਦਾ ਹੈ।

ਆਰੀਆ ਲੋਕਾਂ ਦੇ ਭਾਰਤ ਆਉਣ ਦੇ ਸਮੇਂ ਹੀ, ਉਨ੍ਹਾਂ ਦੇ ਹੀ ਸੰਬੰਧੀ ਹੈਲੀਨ ਲੋਕਾਂ ਨੇ ਜਦੋਂ ਯੂਨਾਨ ਉੱਤੇ ਕਬਜਾ ਕੀਤਾ ਤਾਂ ਉਹ ਆਪਣੇ ਨਾਲ ਆਪਣੇ ਮਹਾਨ ਆਕਾਸ਼ ਦੇਵ ਨੂੰ ਵੀ ਲੈ ਕੇ ਗਏ ਜਿਸਨੂੰ ਭਾਰਤ ਵਿਚ ਦੇਵਸ-ਪਿੱਤਰ ਅਤੇ ਯੂਨਾਨ ਵਿਚ ਜ਼ਿਉਸ-ਪਿੱਤਰ ਕਿਹਾ ਜਾਂਦਾ ਸੀ। ਰੂਮੀ, ਜਿਨ੍ਹਾਂ ਨੇ ਆਪਣੇ ਵਧੇਰੇ ਦੇਵ ਯੂਨਾਨੀਆਂ ਤੋਂ ਗ੍ਰਹਿਣ ਕੀਤੇ, ਇਸ ਨੂੰ ਜ਼ਿਊ-ਪੀਟਰ ਕਹਿੰਦੇ ਸਨ। ਇਵੇਂ ਲਗ ਪਗ ਇੱਕੋ ਸਮੇਂ ਮਧ–ਏਸ਼ੀਆ ਤੇ ਯੂਰਪ, ਅਤੇ ਭਾਰਤ ਅੰਦਰ ਵਿਕਸਿਤ ਸਭਿਆਤਾਵਾਂ ਪ੍ਰਫੁੱਲਤ ਹੋਈਆਂ। ਏਸੇ ਸਮੇਂ ਇਨ੍ਹਾਂ ਸਭਿਅਤਾਵਾਂ ਤੋਂ ਬਿਲਕੁਲ ਇਕਲਵਾਂਜੇ ਚੀਨ ਵਿਚ ਇਕ ਵੱਖਰੀ ਮਹਾਨ ਸਭਿਅਤਾ ਦਾ ਵਿਕਾਸ ਹੋਇਆ। ਈਸਾ ਪੂਰਵ 16ਵੀਂ ਸਦੀ ਦੀ ਚੀਨੀ ਸਭਿਅਤਾ ਪੂਰਵਜਾਂ ਦੀ ਪੂਜਾ ਦੇ ਧਰਮ ਉਪਰ ਆਧਾਰਿਤ ਸੀ। ਇਸ ਸਮੇਂ ਦੇ ਚੀਨੀ ਰਾਜੇ ਪੁਜਾਰੀ ਵੀ ਸਨ ਜਿਨ੍ਹਾਂ ਨੂੰ ਦੇਵ ਲੋਕ ਤੋਂ ਹੀ ਰਾਜ ਕਰਨ ਹਿਤ ਨਿਯਤ ਕਰਕੇ ਭੇਜਿਆ ਮੰਨਿਆ ਜਾਂਦਾ ਸੀ। 1000 ਈ. ਪੂ. ਤਕ ਸੰਸਾਰ ਦੇ ਸਭ ਤੋਂ ਪ੍ਰਾਚੀਨ ਜੀਵਿਤ ਧਰਮ ਯਹੂਦੀ-ਮਤ ਮਧ–ਏਸ਼ੀਆ ਅਤੇ ਵੈਦਿਕ ਧਰਮ ਭਾਰਤ ਵਿਚ ਵਿਕਸਿਤ ਹੋ ਚੁਕੇ ਸਨ ਅਤੇ ਇਨਾਂ ਦੋਨਾਂ ਵਿਚ ਹੀ ਏਕੀਸ਼ਵਰਵਾਦ ਦਾ ਸਿੱਧਾਂਤ ਬਹੁਤ ਪ੍ਰਬਲ ਸੀ। 800 ਈ. ਪੂਰਬ ਤੋਂ 500 ਈ. ਪੂ. ਤਕ ਧਰਮ ਸੰਪਰਦਾਇਕ ਢੰਗ ਨਾਲ ਵਿਵਸਥਿਤ ਹੋ ਚੁੱਕਾ ਸੀ। ਜਿਸ ਤੋਂ ਦੇਵਤਿਆਂ ਰਾਜਿਆਂ ਅਤੇ ਪੁਜਾਰੀਆਂ ਦੀ ਸੱਤਾ ਦਾ ਪ੍ਰਦਰਸ਼ਨ ਹੁੰਦਾ ਸੀ, ਪਰ ਸਮੇਂ ਨਾਲ ਧਰਮ ਨੂੰ ਦੇਵ ਅਤੇ ਮਨੁੱਖ ਵਿਚਕਾਰ ਨਿੱਜੀ ਅਨੁਭਵ ਮੰਨਣ ਦਾ ਵਿਚਾਰ ਜ਼ੋਰ ਫੜਨ ਲਗਾ ਅਤੇ ਇਵੇਂ ਵਖੋ ਵਖ ਕਾਰਜ ਖੇਤ੍ਰਾਂ ਵਾਲੇ ਕਈ ਦੇਵਾਂ ਦੇ ਵਿਚਾਰ ਦੇ ਮੁਕਾਬਲੇ ਵਿਚ ਏਕੀਸ਼ਵਰਵਾਦ ਦਾ ਵਿਚਾਰ ਪ੍ਰਬਲ ਹੋਇਆ। ਇਹ ਉਹ ਸਮਾਂ ਸੀ ਜਦੋਂ ਭਾਰਤ ਵਿਚ ਧਰਮ ਦੇ ਸਿੱਧਾਂਤਕ ਪੱਖ ਉਪਰ ਬਹੁਤ ਅਧਿਐਨ ਹੋਇਆ ਜੋ ਲਗਪਗ

200 ਉਪਨਿਸ਼ਦਾਂ ਵਿਚ ਸੁਰੱਖਿਅਤ ਹੈ। ਇਹ ਧਾਰਮਿਕ ਦਰਸ਼ਨ ਦੇ ਨਿਕਾਸ ਦੀ ਸਭ ਤੋਂ ਪ੍ਰਾਚੀਨ ਮਿਸਾਲ ਹੈ।

6ਵੀਂ ਸਦੀ ਈ. ਪੂ. ਫ਼ਾਰਸ ਅੰਦਰ ਪੈਗੰਬਰ ਜ਼ਰਤੁਸਤ ਨੇ ਆਪਣੇ ਰਹੱਸਵਾਦੀ ਇਕੀਸ਼ਵਰਵਾਦ ਦਾ ਪ੍ਰਚਾਰ ਕੀਤਾ। ਇਸ ਦਾ ਭਾਰਤ ਦੇ ਵੈਦਿਕ ਧਰਮ ਉਪਰ ਬਹੁਤ ਪ੍ਰਭਾਵ ਪਿਆ, ਜਿਸ ਦਾ ਅਸਰ ਉਪਨਿਸ਼ਦਾਂ ਵਿਚ ਸਪਸ਼ਟ ਹੈ, ਜਿਨ੍ਹਾਂ ਦੀ ਵਿਚਾਰਧਾਰਾ ਨੂੰ ਵੇਦਾਂ ਦੀ ਵਿਚਾਰਧਾਰਾ ਦਾ ਵਿਕਸਿਤ ਰੂਪ ਮੰਨਿਆ ਜਾ ਸਕਦਾ ਹੈ। ਇਸ ਸਮੇਂ ਭਾਰਤ ਅੰਦਰ ਵੈਦਿਕ ਧਰਮ ਵਿਚ ਪੁਜਾਰੀ-ਰਾਜਿਆਂ ਦੀ ਨਿਰਦਈ ਪ੍ਰਬਲਤਾ ਅਤੇ ਵਰਣ-ਆਸ਼ਰਮ ਦੀ ਕਠੋਰਤਾ ਦੇ ਵਿਰੋਧ ਵਿਚ ਪ੍ਰਬਲ ਪ੍ਰਤੀਕ੍ਰਿਆ ਹੋਈ ਅਤੇ ਬੁਧ ਤੇ ਜੈਨ ਧਰਮ ਪ੍ਰਫੁਲਿਤ ਹੋਏ। ਇਨ੍ਹਾਂ ਵਿਚੋਂ ਬੁਧ ਧਰਮ ਛੇਤੀ ਹੀ ਪਹਿਲਾਂ ਭਾਰਤ ਦਾ ਅਤੇ ਫ਼ੇਰ ਬਹੁਤ ਸਾਰੇ ਗੁਆਂਢੀ ਦੇਸਾਂ ਦਾ ਰਾਜ ਧਰਮ ਬਣਿਆ ਤੇ ਇਵੇਂ ਚੀਨ, ਜਪਾਨ ਤੇ ਮੰਗੋਲੀਆ ਵਰਗੇ ਦੂਰ ਦੁਰਾਡੇ ਦੇਸ਼ਾਂ ਤਕ ਫ਼ੈਲ ਗਿਆ। ਇਨ੍ਹਾਂ ਦੋਹਾਂ ਧਰਮਾਂ ਵਿਚ ਵੀ ਪਾਠ ਪੂਜਾ ਨਾਲੋਂ ਸਿੱਧਾਂਤਕ ਅਧਿਐਨ ਉਪਰ ਵਧੇਰੇ ਜ਼ੋਰ ਦਿੱਤਾ ਗਿਆ। ਇਸ ਸਮੇਂ ਹੀ ਚੀਨ ਵਿਚ ਰਿਸ਼ੀ ਕਨਫਿਊਸ਼ਸ ਨੇ ਧਰਮ ਵਿਚ ਕਰਮਕਾਂਡਾਂ ਦੀ ਥਾਂ ਗਿਆਨ ਤੇ ਨੈਤਿਕਤਾ ਦਾ ਪ੍ਰਚਾਰ ਕੀਤਾ। ਉਸ ਦਾ ਦਾਅਵਾ ਸੀ ਕਿ ਭਾਵੇਂ ਰਾਜਾ ਦੇਵ ਲੋਕ ਤੋਂ ਥਾਪਿਆ ਜਾਂਦਾ ਹੈ ਪਰ ਜੇਕਰ ਉਹ ਆਪਣੀ ਪ੍ਰਜਾ ਉਪਰ ਅਤਿਆਚਾਰ ਕਰੇ ਤਾਂ ਉਹ ਆਪਣਾ ਹੱਕ ਗੁਆ ਲੈਂਦਾ ਹੈ, ਤੇ ਫਿਰ ਈਸਾ ਪੂਰਵ 5ਵੀਂ ਸਦੀ ਅੰਦਰ ਯੂਨਾਨ ਵਿਚੋਂ ਨਵੇਂ ਗਿਆਨ ਦੀ ਲਹਿਰ ਉਤਪੰਨ ਹੋਈ ਜੋ ਆਧੁਨਿਕ ਪਛਮੀ ਦਰਸ਼ਨ ਦੀ ਮਾਂ ਮੰਨੀ ਜਾ ਸਕਦੀ ਹੈ। ਸੁਕਰਾਤ ਨੇ ਕਰਮਕਾਂਡੀ ਧਰਮ ਅਤੇ ਅਨੈਤਿਕ ਮਿਥਿਹਾਸ ਕਾਰਣ ਅਥੇਨੀਆਂ ਵਿਚ ਫ਼ੈਲੇ ਵਿਭਚਾਰ ਨੂੰ ਦੂਰ ਕਰਨ ਲਈ ਨੈਤਿਕਤਾ ਦੇ ਗਿਆਨ ਦਾ ਪ੍ਰਚਾਰ ਕੀਤਾ। ਜਦੋਂ ਉਸ ਨੂੰ ਅਧਿਕਾਰੀਆਂ ਵਲੋਂ ਨਾਸਤਿਕਤਾ ਫ਼ੈਲਾਉਣ ਦੇ ਦੋਸ਼ ਵਿਚ ਮ੍ਰਿਤੂ ਦੰਡ ਦਿਤਾ ਗਿਆ ਤਾਂ ਉਸਦੇ ਵਿਚਾਰਾਂ ਵੱਲ ਹੋਰ ਵੀ ਧਿਆਨ ਦਿੱਤਾ ਜਾਣ ਲਗਾ। ਉਸਦੇ ਵਿਸ਼ਵਾਸਾਂ ਕਿ ਆਤਮਾ ਅਮਰ ਹੈ, ਅਤੇ ਪਰਮ-ਸੱਤਾ ਇਕ ਸ਼ੁਭ ਅਤੇ ਸਤਿ ਹੈ, ਤੋਂ ਪੱਛਮ ਵਿਚ ਧਰਮ ਤੇ ਨੈਤਿਕਤਾ ਦੇ ਸਿੱਧਾਂਤਕ ਪੱਖ ਦੇ ਅਧਿਐਨ ਦੀ ਪਰੰਪਰਾ ਪ੍ਰਚਲਿਤ ਹੋਈ।

ਪਰਮ-ਸੱਤਾ, ਸ਼ੁਭ ਅਤੇ ਸਤਿ ਦੀ ਖੋਜ ਦੀ ਲਗਨ ਤੋਂ ਮੁਢਲੇ ਯੂਨਾਨੀ ਦਾਰਸ਼ਨਿਕਾਂ ਨੇ ਸੰਸਾਰ ਦੇ ਹਰ ਵਿਸ਼ੇ ਦੇ ਸਿੱਧਾਂਤਕ ਅਧਿਐਨ ਨੂੰ ਆਪਣਾ ਕਾਰਜ ਬਣਾਇਆ ਅਤੇ ਇਸ ਅਧਿਐਨ ਦੇ ਵਿਸ਼ੇ ਨੂੰ ਫ਼ਿਲਾਸਫ਼ੀ ਭਾਵ 'ਗਿਅਨ ਦੀ ਲਗਨ' ਦਾ ਨਾਮ ਦਿੱਤਾ। ਪਰ ਸਮੇਂ ਨਾਲ ਇਸ 'ਮਹਾਂ-ਵਿਸ਼ੇ' ਦੇ ਵੱਖਰੇ ਵੱਖਰੇ ਅਧਿਐਨ ਖੇਤ੍ਰ, ਆਪਣੇ ਹੱਕ ਨਾਲ, ਵੱਖਰੇ ਵੱਖਰੇ ਸੁਤੰਤਰ ਤੇ ਸੰਪੂਰਨ ਵਿਸ਼ਿਆਂ ਵਿਚ ਵਿਕਸਿਤ ਹੋਏ ਅਤੇ ਇਸ ਸਿੱਧਾਂਤਕ ਅਧਿਐਨ ਦੇ ਵਿਸ਼ੇ ਦਾ ਖੇਤ੍ਰ ਕੇਵਲ ਚਾਰ ਉੱਪ-ਵਿਸ਼ਿਆਂ ਉਪਰ ਹੀ ਆਧਾਰਿਤ ਰਹਿ ਗਿਆ। ਅੱਜ ਦੇ ਯੁੱਗ ਵਿਚ ਪੱਛਮੀ ਜਾਂ ਆਧੁਨਿਕ ਦਰਸ਼ਨ ਦੇ ਚਾਰ ਹੀ ਮੁੱਖ ਵਿਸ਼ੇ ਮੰਨੇ ਜਾਂਦੇ ਹਨ : ਗਿਆਨ-ਮੀਮਾਂਸਾ, ਤਰਕ-ਸ਼ਾਸਤ੍ਰ, ਨੈਤਿਕ-ਸ਼ਾਸਤ੍ਰ ਅਤੇ ਅਧਿਆਤਮ-ਗਿਆਨ ਜਾਂ ਤੱਤ-ਮੀਮਾਂਸਾ।

ਗਿਆਨ-ਮੀਮਾਂਸਾ ਅਤੇ ਤਰਕ-ਸ਼ਾਸਤ੍ਰ ਤਾਂ ਦੋਵੇਂ ਹੀ ਗਿਆਨ-ਸ਼ਾਸਤ੍ਰ ਦੇ ਹੀ ਸਿਧਾਂਤਕ ਪੱਖ ਹਨ, ਅਤੇ ਅਧਿਆਤਮ-ਗਿਆਨ ਪਰਮਾਤਮਾ ਤੇ ਉਸ ਨਾਲ ਸੰਬੰਧਤ ਹੋਰ ਪਰਾਭੌਤਿਕ ਵਿਸ਼ਿਆਂ ਦਾ ਅਧਿਐਨ ਹੈ। ਪ੍ਰਤੱਖ ਤੌਰ ਤੇ ਇਨ੍ਹਾਂ ਸਾਰਿਆਂ ਦਾ ਧਰਮ ਦੇ ਅਧਿਐਨ ਨਾਲ ਸਿੱਧਾ ਸੰਬੰਧ ਹੈ, ਕਿਉਂਕਿ ਵਿਸ਼ਵ ਦੇ ਲਗਪਗ ਹਰ ਪ੍ਰਮੁੱਖ ਧਰਮ ਦਾ ਗਿਆਨ, ਨੈਤਿਕਤਾ ਅਤੇ ਅਧਿਆਤਮਵਾਦ ਨਾਲ ਸਿੱਧਾ ਅਤੇ ਮੁੱਖ ਸੰਬੰਧ ਹੈ। ਵੇਦਾਂਤ, ਜੋ ਹਿੰਦੂ ਧਰਮ ਦਾ ਸਿੱਧਾਂਤਕ ਪੱਖ ਹੈ, ਇਨ੍ਹਾਂ ਸਾਰਿਆਂ ਵਿਸ਼ਿਆਂ ਨਾਲ ਸਿਧੇ ਤੌਰ ਤੇ ਸੰਬੰਧਿਤ ਹੈ ਤੇ ਗੁਰੂ ਨਾਨਕ ਵਿਚਾਰਧਾਰਾ ਪ੍ਰਤੱਖ ਤੌਰ ਉਤੇ ਸ਼ੰਕਰ ਦੇ ਵੇਦਾਂਤ ਦਾ ਅਨੁਸਰਣ ਅਤੇ ਸੰਸ਼ੋਧ ਕਰਦੀ ਪ੍ਰਤੀਤ ਹੁੰਦੀ ਹੈ। ਇਵੇਂ ਨਾ ਸਿਰਫ਼ ਧਰਮ ਤੇ ਦਰਸ਼ਨ ਨੂੰ ਨਿਖੇੜਿਆ ਨਹੀਂ ਜਾ ਸਕਦਾ, ਸਗੋਂ ਗੁਰੂ ਨਾਨਕ ਬਾਣੀ ਨੂੰ ਵੀ ਦਰਸ਼ਨ-ਹੀਣ ਕਹਿਣ ਦਾ ਭਾਵ ਕੇਵਲ ਇਹੋ ਹੋਵੇਗਾ ਕਿ ਉਹ ਗਿਆਨ-ਹੀਣ, ਨੈਤਿਕਤਾ-ਹੀਣ ਅਤੇ ਅਧਿਆਤਮ-ਹੀਣ ਹੈ। ਐਸਾ ਸੋਚਣ ਵਾਲੇ 'ਵਿਦਵਾਨ' ਗੁਰਬਾਣੀ ਦੀ ਸੇਵਾ ਨਹੀਂ ਕਰਦੇ। ਅਸਲੀਅਤ ਇਹ ਹੈ ਕਿ ਦਾਰਸ਼ਨਿਕ ਅਧਿਐਨ ਬਿਨਾ ਗੁਰਬਾਣੀ ਨੂੰ ਉਸਦੇ ਪੂਰੇ ਭਾਵ ਅਤੇ ਜਲਾਲ ਵਿਚ ਸਮਝਿਆ ਹੀ ਨਹੀਂ ਜਾ ਸਕਦਾ।

ਗੁਰਬਾਣੀ ਨੂੰ ਉਸਦੀ ਪੂਰੀ ਮਹਿਮਾ ਅਤੇ ਪ੍ਰਵੀਨਤਾ ਵਿਚ ਸਮਝਣ ਲਈ ਉਸਤੋਂ ਪੂਰਬ-ਲੀਆਂ ਅਤੇ ਉਸ ਦੀਆਂ ਸਮਕਾਲੀ ਵਿਚਾਰਧਾਰਾਵਾਂ ਦਾ ਅਧਿਐਨ ਕਰਨਾ ਵੀ ਬਹੁਤ ਆਵੱਸ਼ਕ ਹੈ ਕਿਉਂਕਿ ਇਸ ਬਿਨਾਂ ਪਹਿਲੇ ਦਰਸ਼ਨਾਂ ਦੇ ਮੁਕਾਬਲੇ ਗੁਰਬਾਣੀ ਦੇ ਦਰਸ਼ਨ ਦੀ ਉਚਾਈ ਤੇ ਵਡਿਆਈ ਅਨੁਭਵ ਨਹੀਂ ਕੀਤੀ ਜਾ ਸਕਦੀ। ਇਕ ਬੰਨੇ ਮਧ-ਏਸ਼ੀਆ ਅੰਦਰ ਪ੍ਰਾਚੀਨ ਯਹੂਦੀ-ਮਤ ਵਿਚੋਂ, ਪ੍ਰਚਲਤ ਯੁਗ ਦੇ ਆਰੰਭ ਵਿਚ, ਈਸਾਈ-ਮਤ, ਅਤੇ 7ਵੀਂ ਸਦੀ ਈ. ਵਿਚ ਇਸਲਾਮ ਉਧ੍ਰਿਤ ਹੋਏ ਅਤੇ ਨਾਲ ਨਾਲ ਵਿਕਸਿਤ ਹੋਣ ਕਾਰਣ ਇਹ ਇਕ ਦੂਸਰੇ ਤੋਂ ਕਾਫ਼ੀ ਪ੍ਰਭਾਵਿਤ ਹੋਏ। ਦੂਸਰੇ ਬੰਨੇ ਭਾਰਤੀ ਉਪ-ਮਹਾਂਦੀਪ ਅੰਦਰ ਪ੍ਰਾਚੀਨ ਵੈਦਿਕ-ਮਤ ਅਤੇ ਦ੍ਰਾਵਿੜ ਸਭਿਅਤਾ ਦੇ ਸੁਮੇਲ ਵਿਚੋਂ ਪਹਿਲਾਂ ਬ੍ਰਹਮਵਾਦ, ਜੈਨ-ਮਤ ਅਤੇ ਬੁੱਧ-ਮਤ ਅਤੇ ਫਿਰ ਸ਼ੈਵ ਅਤੇ ਵੈਸ਼ ਮਤ ਵਿਕਸਿਤ ਹੋਏ ਅਤੇ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਰਹੇ। ਬੁਧ-ਮਤ ਚੀਨ, ਮੰਗੋਲੀਆ ਵੱਲ ਫੈਲਿਆ ਤਾਂ ਸਦੀਆਂ ਤੋਂ ਅਲਗ-ਥਲਗ ਪ੍ਰਫੁਲਿਤ ਭਾਰਤੀ ਅਤੇ ਚੀਨੀ ਵਿਚਾਰਧਾਰਾਵਾਂ ਦਾ ਮੇਲ ਹੋਇਆ ਅਤੇ ਇਵੇਂ ਚੀਨੀ ਸਭਿਅਤਾ ਦਾ ਕੁਝ ਅਸਰ ਭਾਰਤੀ ਵਿਚਾਰਧਾਰਾ ਤੇ ਵੀ ਜ਼ਰੂਰ ਹੋਇਆ ਹੋਵੇਗਾ।

ਇਸ ਤੋਂ ਛੁਟ, ਆਰੀਆ ਲੋਕਾਂ ਦੇ ਨਾਲ ਨਾਲ ਹੀ ਸੁਮੇਰੀਅਨ ਅਤੇ ਅਸੀਰੀਅਨ ਕਬੀਲੇ ਵੀ ਭਾਰਤ ਵਿਚ ਪ੍ਰਵੇਸ਼ ਕੀਤੇ ਮੰਨੇ ਜਾਂਦੇ ਹਨ ਜਿਨ੍ਹਾਂ ਦੀ ਸਭਿਅਤਾ ਦੇ ਨਿਸ਼ਾਨ ਕਈ ਪਹਾੜੀ ਤੇ ਪੂਰਬ ਦੇ ਜਾਂਗਲੀ ਕਬੀਲਿਆਂ ਵਿਚ ਅਜ ਵੀ ਵੇਖੇ ਜਾ ਸਕਦੇ ਹਨ। ਫਿਰ ਪਛਮੀ ਭਾਰਤ ਰਾਹੀਂ ਸਮੇਂ ਸਮੇਂ ਈਰਾਨੀ, ਜ਼ਰਤੁਸਤੀ, ਯੂਨਾਨੀ, ਹੂਨ, ਅਰਬੀ, ਤੁਰਕੀ, ਅਫ਼ਗਾਨੀ ਅਤੇ ਮੰਗੋਲੀ ਸਭਿਅਤਾਵਾਂ ਦਾ ਅਸਰ ਵੀ ਭਾਰਤੀ ਸਭਿਅਤਾ ਉਪਰ ਪੈਂਦਾ ਰਿਹਾ ਹੈ। ਅੰਤ 10ਵੀਂ ਸਦੀ ਵਿਚ ਇਸਲਾਮ ਅਤੇ ਹਿੰਦੂ-ਮਤ ਦਾ ਵਿਸਫੋਟਕ ਸੰਪਰਕ

ਹੋਇਆ ਜਿਸ ਦੇ ਅਸਰ ਅਧੀਨ ਇਸਲਾਮ ਵਿਚੋਂ ਭਾਰਤੀ ਸੂਫ਼ੀਵਾਦ ਅਤੇ ਹਿੰਦੂ-ਮਤ ਵਿਚੋਂ ਭਗਤੀ-ਲਹਿਰ ਰੂਪੀ ਰਹੱਸਵਾਦੀ ਪਰੰਪਰਾਵਾਂ ਦੀ ਉਪਜ ਹੋਈ, ਜਿਸ ਵਿਚੋਂ ਅੰਤ 15ਵੀਂ ਸਦੀ ਵਿਚ ਸਿੱਖ-ਮਤ ਦਾ ਨਿਕਾਸ ਹੋਇਆ ਜੋ ਦੋ ਸਦੀਆਂ ਦੇ ਇਮਤਿਹਾਨਾਂ ਵਿਚੋਂ ਲੰਘਕੇ ਇਕ ਵੱਖਰੇ ਮਹੱਤਵਪੂਰਣ ਧਰਮ ਦੇ ਰੂਪ ਵਿਚ ਪ੍ਰਗਟ ਹੋਇਆ। ਇਵੇਂ ਵਿਸ਼ਵ ਦੇ ਪ੍ਰਮੁੱਖ ਧਰਮਾਂ ਵਿਚੋਂ ਸਿੱਖ ਧਰਮ ਨੂੰ ਇਹ ਅਜੋਕਾ ਸਨਮਾਣ ਪ੍ਰਾਪਤ ਹੈ ਕਿ ਆਰੰਭ ਤੋਂ ਹੀ ਇਸਦੇ ਪ੍ਰਤੀਪਾਦਕਾਂ ਨੂੰ ਵਿਸ਼ਵ ਦੀ ਹਰ ਪ੍ਰਮੁੱਖ ਵਿਚਾਰਧਾਰਾ ਦੇ ਮਹੱਤਵਪੂਰਣ ਸਿਧਾਂਤਾਂ ਦੀ ਜਾਣਕਾਰੀ ਦਾ ਅਵਸਰ ਪ੍ਰਾਪਤ ਸੀ। ਈਸਾਈ ਮਤ ਸੰਬੰਧੀ ਭਾਵੇਂ ਗੁਰਬਾਣੀ ਵਿਚ ਸਿੱਧਾ ਜ਼ਿਕਰ ਉਪਲਬਧ ਨਹੀਂ, ਪਰ ਸਿੱਖ ਗੁਰੂਆਂ ਨੂੰ ਉਸ ਦੀ ਜਾਣਕਾਰੀ ਅਵੱਸ਼ ਰਹੀ ਹੋਵੇਗੀ। ਗੁਰੂ ਨਾਨਕ ਆਪਣੀ ਦੱਖਣ ਦੀ ਉਦਾਸੀ ਸਮੇਂ ਭਾਰਤ ਦੇ ਪੱਛਮੀ ਸਮੁੰਦਰੀ ਤੱਟ ਦੇ ਉਸ ਭਾਗ ਤੋਂ ਲੰਘੇ ਮੰਨੇ ਜਾਂਦੇ ਹਨ ਜਿਥੇ ਈਸਾਈ ਯੁਗ ਦੇ ਆਰੰਭਕ ਕਾਲ ਤੋਂ ਹੀ ਸਾਮੀ ਈਸਾਈ-ਮਤ ਪ੍ਰਫੁਲਤ ਚਲਿਆ ਆ ਰਿਹਾ ਹੈ। ਫਿਰ ਜਦੋਂ ਗੁਰੂ ਨਾਨਕ ਮੱਕੇ ਮਦੀਨੇ ਅਤੇ ਬਗਦਾਦ ਦੀ ਯਾਤਰਾ ਤੇ ਗਏ ਤਾਂ ਉਨ੍ਹਾਂ ਨੂੰ ਮਧ-ਯੁਗੀਨ ਇਸਲਾਮ ਦੇ ਪ੍ਰਮੁੱਖ ਪ੍ਰਤੀਦਵੰਦੀ ਇਸਾਈ-ਮਤ ਬਾਰੇ ਜ਼ਰੂਰ ਹੀ ਜਾਣਕਾਰੀ ਪ੍ਰਾਪਤ ਹੋਈ ਹੋਵੇਗੀ ਜਿਸ ਨਾਲ ਉਸਦਾ ਖੂੰਖਾਰ ਸੰਘਰਸ਼ ਚਲਦਾ ਆ ਰਿਹਾ ਸੀ। ਗੁਰੂ ਰਾਮਦਾਸ ਜੀ ਦੇ ਸਮੇਂ ਤਕ ਤਾਂ ਈਸਾਈ-ਮਤ ਸਮਰਾਟ ਅਕਬਰ ਦੇ ਦਰਬਾਰ ਵਿਚ ਬਹੁਤ ਰਸੂਖ ਰਖਦਾ ਸੀ। ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਕਾਰਨ ਨਵਾਂ ਸਰਬ-ਸਾਂਝਾ ਮਤ ਦੀਨੇ-ਇਲਾਹੀ ਚਲਾਉਣ ਵਾਲਾ ਸਮਰਾਟ ਅਕਬਰ ਸਿੱਖ ਗੁਰੂ ਘਰ ਨਾਲ ਨੇੜੇ ਦਾ ਸਨਮਾਨ-ਪੂਰਣ ਸੰਬੰਧ ਰਖਦਾ ਸੀ। ਇਸ ਲਈ ਇਹ ਕੋਈ ਅਚੰਭਾ ਨਹੀਂ ਕਿ ਸਿਖ ਧਰਮ ਦੀ ਵਿਚਾਰਧਾਰਾ ਵਿਸ਼ਵ ਦੀਆਂ ਸਰਬਤ ਵਿਚਾਰਧਾਰਾਵਾਂ ਤੋਂ ਵਧੇਰੇ ਪ੍ਰਵੀਨ, ਪ੍ਰੌੜ, ਸੁਲਝੀ ਹੋਈ, ਵਿਗਿਆਨਿਕ ਅਤੇ ਆਧੁਨਿਕ ਹੈ। ਅੱਜ ਦੇ ਅਤੀ ਆਧੁਨਿਕ ਵਿਗਿਆਨਿਕ ਯੁੱਗ ਦੇ ਕਿਸੇ ਵੀ ਮੁੱਖ ਸਿਧਾਂਤ ਦਾ ਗੁਰਬਾਣੀ ਦੇ ਕਿਸੇ ਵੀ ਸਿੱਧਾਂਤ ਨਾਲ ਕੋਈ ਵਿਰੋਧ ਨਜ਼ਰ ਨਹੀਂ ਆਉਂਦਾ। ਐਸੀ ਉੱਚ-ਕੋਟੀ ਦੀ ਦਾਰਸ਼ਨਿਕ ਪਰੰਪਰਾ ਦੇ ਦਰਸ਼ਨ ਤੋਂ ਮੁਨਕਰ ਹੋਣਾ ਆਪਣੀ ਅਗਿਆਨਤਾ ਦਾ ਪ੍ਰਮਾਣ ਦੇਣ ਦੇ ਤੁਲ ਹੈ।

ਸਿੱਖ-ਧਰਮ ਦਾ ਮੂਲਾਂਕਣ ਕਰਨ ਲਗਿਆਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਧਰਮ ਹੈ ਕੀ ਤੇ ਇਹ ਕੀ ਹੋਣਾ ਚਾਹੀਦਾ ਹੈ। ਧਰਮ ਦਾ ਸੰਕਲਪ ਯੁੱਗ ਤੋਂ ਯੁੱਗ ਵਿਚ ਤੇ ਦੇਸ਼ ਤੋਂ ਦੇਸ਼ ਵਿਚ ਬਦਲਦਾ ਰਿਹਾ ਹੈ। ਫਿਰ ਵੀ ਜੇਕਰ ਭਾਰਤੀ ਪਰੰਪਰਾ ਵਿਚ ਸ਼ਬਦ 'ਧਰਮ' ਦੇ ਸੰਸਕ੍ਰਿਤ ਮੂਲ ਦਾ ਭਾਵ 'ਕਰਤਵ' ਹੈ ਤਾਂ ਪਛਮੀ ਪਰੰਪਰਾ ਵਿਚ ਸ਼ਬਦ 'ਰਿਲਿਜਨ' ਦੇ ਲਾਤੀਨੀ ਮੂਲ ਦਾ ਭਾਵ 'ਬੰਧਨ' ਹੈ। ਆਧੁਨਿਕ ਯੁੱਗ ਵਿਚ ਧਰਮ ਦੀ ਸਭ ਤੋਂ ਸਾਧਾਰਣ ਪਰਿਭਾਸ਼ਾ ਵਿਚ ਮੰਨਿਆ ਜਾਂਦਾ ਹੈ ਕਿ ਪੂਜਾ ਅਤੇ ਫਰਮਾਬਰਦਾਰੀ ਦੇ ਲਾਇਕ, ਸ੍ਰਿਸ਼ਟੀ ਨੂੰ ਨਿਯੰਤ੍ਰਣ ਕਰਨ ਵਾਲੀ ਪਰਾ-ਮਨੁੱਖੀ ਹਸਤੀ ਜਾਂ ਹਸਤੀਆਂ, ਖਾਸ ਕਰਕੇ ਸਾਕਾਰ ਈਸ਼ਵਰ ਜਾਂ ਦੇਵ ਵਿਚ ਵਿਸ਼ਵਾਸ, ਅਤੇ ਐਸੇ ਵਿਸ਼ਵਾਸ ਦਾ ਮਨੁੱਖੀ ਮਨੋ-ਬਿਰਤੀ ਅਤੇ ਕਰਮਾਂ ਉਪਰ ਪ੍ਰਭਾਵ ਹੀ 'ਧਰਮ' ਹੈ। ਦੂਸਰੇ ਵਿਦਵਾਨ ਮੰਨਦੇ ਹਨ ਕਿ

ਧਰਮ ਉਹ ਸਾਧਨ ਹੈ ਜਿਸ ਨਾਲ ਸਮਾਜ ਦਾ ਹਮਵਾਰ ਨਿਯੰਤ੍ਰਣ, ਮਹੱਤਵਪੂਰਣ ਵਿਸ਼ਵਾਸਾਂ ਦੀ ਵਿਆਖਿਆ ਅਤੇ ਮੌਤ ਜਿਹੇ ਸੰਕਟਾਂ ਸਮੇਂ ਸਮਾਜ ਦਾ ਸੰਗਠਨ ਕੀਤਾ ਜਾਂਦਾ ਹੈ। ਭਾਵੇਂ ਹਰ ਵਿਦਵਾਨ ਨੇ ਧਰਮ ਦੀ ਪਰਿਭਾਸ਼ਾ ਆਪਣੇ ਵਿਸ਼ਵਾਸ ਅਨੁਸਾਰ ਦੇਣ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਗਲ ਤੇ ਲਗ ਪਗ ਸਾਰੇ ਹੀ ਸਹਿਮਤ ਹੋ ਜਾਂਦੇ ਹਨ ਕਿ, ਮੁੱਖ ਤੌਰ ਉੱਤੇ, ਧਰਮ, ਮਨੁੱਖ ਦੇ ਆਪਣੇ ਜੀਵਨ ਨਾਲ ਸੰਬੰਧਿਤ ਮੁਢਲੇ ਰਹੱਸਾਂ ਦੀ ਗੁੱਥੀ ਨੂੰ ਸੁਲਝਾਉਣ, ਅਤੇ ਸੰਸਾਰ ਵਿਚ ਉਦੇਸ਼ ਪੂਰਣ ਹੋਂਦ ਦੀ ਭਾਲ ਦਾ ਸਾਧਨ ਹੁੰਦਾ ਹੈ।

ਤਾਂ ਫਿਰ ਮਨੁੱਖੀ ਜੀਵਨ ਦੇ ਮੁੱਢਲੇ ਰਹੱਸ ਕੀ ਹਨ ? ਸਭ ਤੋਂ ਮੁਢਲਾ ਰਹੱਸ ਤਾਂ ਜੰਮਣ-ਮਰਨ ਨਾਲ ਹੀ ਸੰਬੰਧਿਤ ਹੈ—ਜੀਵ ਆਉਂਦਾ ਕਿਥੋਂ ਹੈ ਤੇ ਜਾਂਦਾ ਕਿਥੇ ਹੈ ? ਕੀ ਮਰਣੋਪ੍ਰਾਂਤ ਵੀ ਕੋਈ ਜੀਵਨ ਹੈ ? ਜੇ ਹੈ ਤਾਂ ਉਸਦਾ ਰੂਪ ਕੀ ਹੈ ? ਸ੍ਰਿਸ਼ਟੀ ਵਿਚ ਭਾਂਤ ਭਾਂਤ ਦੇ ਜੀਵ ਕਿਉਂ ਹਨ ? ਭਾਂਤ ਭਾਂਤ ਦੇ ਜੀਵਨ ਕਿਉਂ ਹਨ ? ਕੋਈ ਦੁਖੀ ਤੇ ਕੋਈ ਸੁਖੀ ਕਿਉਂ ਹੈ ? ਜੀਵਤ ਤੇ ਮੁਰਦਾ ਜੀਵ ਵਿਚ ਫ਼ਰਕ ਕੀ ਹੈ ਤੇ ਕਿਉਂ ਹੈ ? ਮਰਨ ਨਾਲ ਸਰੀਰ ਵਿਚੋਂ ਕੀ ਨਿਕਲ ਜਾਂਦਾ ਹੈ ਤੇ ਉਹ ਕਿੱਥੇ ਜਾਂਦਾ ਹੈ ? ਇਵੇਂ ਮਨੁੱਖ ਆਤਮਾ ਦੇ ਸੰਕਲਪ ਤੇ ਪਹੁੰਚਦਾ ਹੈ। ਇਸ ਉਪਰੰਤ ਮਨੁੱਖ ਨੂੰ ਸ੍ਰਿਸ਼ਟੀ ਸੰਬੰਧੀ ਰਹੱਸ ਆਕਰਸ਼ਤ ਕਰਦੇ ਹਨ—ਦਿਨ-ਰਾਤ, ਨਿਯਮਬੱਧ ਬਦਲਦੇ ਮੌਸਮ, ਸੂਰਜ-ਚੰਦ-ਤਾਰੇ, ਹਨੇਰੀ-ਮੀਂਹ-ਬਿਜਲੀ, ਅਗ-ਪਾਣੀ, ਆਦਿਕ। ਇਹ ਕਿਵੇਂ ਬਣਦੇ, ਚਲਦੇ ਤੇ ਢਹਿੰਦੇ ਹਨ ? ਇਹ ਸਭ ਪਰਾ-ਮਨੁੱਖੀ ਸ਼ਕਤੀਆਂ ਅਤੇ ਨਿਜ਼ਾਮ ਏਨੇ ਵਿਵਸਥਿਤ ਢੰਗ ਨਾਲ ਕਿਉਂ ਤੇ ਕਿਵੇਂ ਚਲਦੇ ਹਨ ? ਮਨੁੱਖ ਨੂੰ ਹਰ ਚੀਜ਼ ਵਿਚ ਆਪਣੀ ਅਕਲ ਵਰਗੀ ਚੇਤਨਾ ਨਜ਼ਰ ਆਉਂਦੀ ਹੈ ਤੇ ਇਵੇਂ ਉਸਨੂੰ ਇਨ੍ਹਾਂ ਸਾਰੇ ਰਹੱਸਾਂ ਪਿੱਛੇ ਕਿਸੇ ਮਹਾਂ-ਚੇਤਨ, ਗ਼ੈਬੀ, ਦੈਵੀ, ਪਰਾ-ਮਨੁੱਖੀ, ਪਰਾ-ਭੌਤਿਕ ਸ਼ਕਤੀ ਦਾ ਆਭਾਸ ਪ੍ਰਤੀਤ ਹੋਣ ਲਗਦਾ ਹੈ ਤੇ ਇਵੇਂ ਮਨੁੱਖ ਪਰਮਾਤਮਾ ਦੇ ਸੰਕਲਪ ਤੇ ਪਹੁੰਚਦਾ ਹੈ ਜੋ ਸਭ ਸ੍ਰਿਸ਼ਟੀ ਨੂੰ ਰਚਦਾ, ਚਲਾਉਂਦਾ ਤੇ ਢਾਹੁੰਦਾ ਹੈ। ਮਨੁੱਖ ਉਸਨੂੰ ਆਪਣਾ ਆਦਰਸ਼ ਬਣਾ ਲੈਂਦਾ ਹੈ ਅਤੇ ਹਰ ਆਦਰਸ਼ ਗੁਣ ਉਸ ਵਿਚ ਅਰਪਿਤ ਕਰ ਕੇ ਉਸ ਦੀ ਅਰਾਧਨਾ ਕਰਨ ਲਗ ਪੈਂਦਾ ਹੈ।

ਉੱਦੇਸ਼-ਪੂਰਣ ਜੀਵਨ ਦੀ ਭਾਲ ਵਿਚ ਮਨੁੱਖ ਚਾਹੁੰਦਾ ਕੀ ਹੈ ? ਆਪਣੀਆਂ ਰੋਜ਼-ਮਰਾ ਦੀਆਂ ਲੋੜਾਂ ਦੀ ਪੂਰਤੀ ਪਿੱਛੋਂ ਦੁਖਾਂ-ਰੋਗਾਂ ਤੋਂ ਮੁਕਤੀ, ਸੁੱਖ-ਖੁਸ਼ੀਆਂ, ਇੱਜ਼ਤ-ਮਾਣ ਅਤੇ ਹਮਵਾਰ ਸਮਾਜਿਕ ਵਾਤਾਵਰਣ, ਅਤੇ ਸ਼ਾਨਦਾਰ ਅਗਲਾ ਜੀਵਨ—ਜੇ ਕੋਈ ਹੈ ਤਾਂ। ਸਾਰੇ ਪ੍ਰਚਲਿਤ ਵਿਸ਼ਵ-ਧਰਮ ਮਨੁੱਖ ਲਈ ਇਹੋ ਸਭ ਕੁਝ ਪ੍ਰਦਾਨ ਕਰਨ ਦਾ ਯਤਨ ਕਰਦੇ ਹਨ। ਸਵਾਲ ਇਹ ਹੈ ਕਿ ਸਿੱਖ-ਧਰਮ ਇਸ ਕਸੌਟੀ ਉਪਰ ਖਰਾ ਉਤਰਦਾ ਹੈ ਕਿ ਨਹੀਂ ? ਇਹ ਜਾਣਨ ਲਈ ਇਹ ਸਮਝਣਾ ਆਵਸ਼ਕ ਹੈ ਕਿ ਸਿੱਖ-ਧਰਮ ਦੀ ਵਿਚਾਰਧਾਰਾ ਹੈ ਕੀ ? ਸਿੱਖ-ਧਰਮ ਦਰਸ਼ਨ ਦਾ ਪ੍ਰਮਾਣਿਕ ਆਧਾਰ ਮੁੱਖ ਤੌਰ ਉੱਤੇ ਗੁਰੂ ਗਰੰਥ ਸਾਹਿਬ ਵਿਚ ਸੰਕਲਿਤ ਗੁਰਬਾਣੀ ਨੂੰ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ, ਖਾਸ ਕਰਕੇ ਗੁਰੂ ਨਾਨਕ ਬਾਣੀ ਵਿਚ, ਜੋ ਹੱਥਲੇ ਅਧਿਐਨ ਦਾ ਵਿਸ਼ਾ ਹੈ, ਮਨੁੱਖੀ ਜੀਵਨ ਦੇ ਉਕਤ ਵਰਣਿਤ

ਸਾਰੇ ਹੀ ਰਹੱਸਾਂ ਅਤੇ ਉੱਦੇਸ਼ਾਂ ਬਾਰੇ ਵਿਸਤ੍ਰਿਤ ਵਿਚਾਰ ਉਪਲੱਬਧ ਹਨ। ਲੋੜ ਕੇਵਲ ਉਨ੍ਹਾਂ ਨੂੰ ਕਿਸੇ ਵਿਵਸਥਿਤ ਰੂਪ ਵਿਚ ਬਿਆਨ ਕਰਨ ਦੀ ਹੈ। ਸ੍ਰਿਸ਼ਟੀ ਤੇ ਕੁਦਰਤ ਅਤੇ ਜੀਵ ਤੇ ਉਸਦੀਆਂ ਸਰੀਰਕ ਅਤੇ ਭਾਵਨਾਤਮਕ ਲੋੜਾਂ ਦੀ ਤ੍ਰਿਪਤੀ ਸੰਬੰਧੀ ਭੌਤਿਕ; ਬੁੱਧੀ, ਜਾਣਕਾਰੀ, ਗਿਆਨ ਅਤੇ ਚੰਗੇ ਮੰਦੇ ਬਾਰੇ ਬੌਧਿਕ-ਨੈਤਿਕ; ਅਤੇ ਆਤਮਾ ਪਰਮਾਤਮਾ ਬਾਰੇ ਅਧਿਆਤਮਕ ਵਿਚਾਰਾਂ ਦੇ ਤੱਤਾਂ ਨੂੰ ਗੁਰੂ ਨਾਨਕ ਬਾਣੀ ਦੇ ਵਿਸ਼ਲੇਸ਼ਣਾਤਮਕ ਅਧਿਐਨ ਰਾਹੀਂ ਖੋਜ-ਪਛਾਣਕੇ ਕਿਸੇ ਵਿਗਿਆਨਕ ਵਰਗੀਕਰਣ ਵਿਚ ਸੰਕਲਿਤ ਕਰਕੇ ਇਹ ਕਾਰਜ ਸੰਪੰਨ ਕੀਤਾ ਜਾ ਸਕਦਾ ਹੈ। ਵਰਗੀਕਰਣ ਦੀ ਸਮੱਸਿਆ ਦਾ ਹਲ ਵੀ ਗੁਰੂ ਨਾਨਕ ਬਾਣੀ ਵਿਚੋਂ ਹੀ ਲੱਭ ਜਾਂਦਾ ਹੈ। ਉਨ੍ਹਾਂ ਨੇ ਆਪਣੀ ਸਭ ਤੋਂ ਮਹੱਤਵਪੂਰਣ ਬਾਣੀ 'ਜਪੁ' ਜੀ—ਜਿਸ ਨੂੰ ਉਨ੍ਹਾਂ ਦੀ ਸਾਰੀ ਬਾਣੀ ਦਾ ਸਾਰ ਵੀ ਮੰਨਿਆ ਜਾਂਦਾ ਹੈ — ਵਿਚ ਮਨੁੱਖੀ ਜੀਵਨ ਦੀ ਪਸ਼ੂ-ਸਮਾਨ ਸਾਧਾਰਣ ਬਿਰਤੀ ਤੋਂ ਉੱਤਮ ਪੁਰਸ਼ ਵਲ ਵਿਕਾਸ ਦੇ ਜੋ ਪੰਜ ਪੜਾਅ ਮੰਨੇ ਹਨ, ਉਹ ਉਕਤ ਵਰਣਿਤ ਰਹੱਸਾਂ ਅਤੇ ਉੱਦੇਸ਼ਾਂ ਦੇ ਵੱਖਰੇ ਵੱਖਰੇ ਪੱਖਾਂ ਨਾਲ ਸੰਬੰਧਿਤ ਹੋਣ ਕਾਰਨ, ਉਨ੍ਹਾਂ ਸੰਬੰਧੀ ਗੁਰਬਾਣੀ ਦੇ ਸਮੁੱਚੇ ਵਿਚਾਰ ਇਨ੍ਹਾਂ ਖੰਡਾਂ ਨਾਲ ਢੁਕਦੇ ਵਰਗੀ-ਕਰਣ ਅੰਦਰ ਸੰਕਲਿਤ ਕੀਤੇ ਜਾ ਸਕਦੇ ਹਨ।

ਜਪੁ ਜੀ ਦਾ 'ਧਰਮ ਖੰਡ' ਧਰਮਸਾਲ ਰੂਪੀ ਧਰਤੀ ਨਾਲ ਸੰਬੰਧਿਤ ਹੈ ਜਿਥੇ ਭਾਂਤ ਭਾਂਤ ਦੀਆਂ ਕੁਦਰਤੀ ਪ੍ਰਣਾਲੀਆਂ ਅਤੇ ਜੀਵ-ਜੰਤੂਆਂ ਵਿਚਕਾਰ ਸਾਧਾਰਣ ਬੇਪਰਵਾਹ ਅਤੇ ਅਗਿਆਨੀ ਮਨੁੱਖ ਵੀ ਕੁਦਰਤ ਦੇ ਵਿਧਾਨ ਅਤੇ ਨਿਜ਼ਾਮ ਅਨੁਸਾਰ ਹੀ ਵਿਚਰਦਾ, ਇਸ ਸੰਸਾਰ ਅਤੇ ਨਿਆਂਕਾਰ ਪਰਮਾਤਮਾ ਦੇ ਦਰਬਾਰ ਵਿਚ ਆਪਣੇ ਚੰਗੇ ਮੰਦੇ ਕਰਮਾਂ ਦੇ ਫ਼ਲ ਦਾ ਭਾਗੀ ਬਣਦਾ ਹੈ। ਇਸ ਅਵਸਥਾ ਵਿਚ ਮਨੁੱਖ ਨਿਰੋਲ ਪਰਮਾਤਮਾ ਦੇ ਹੁਕਮ ਜਾਂ ਦੈਵੀ-ਵਿਧਾਨ ਦੇ ਨਿਯੰਤ੍ਰਣ ਵਿਚ ਜੀਵਨ ਬਤੀਤ ਕਰਦਾ ਹੈ, ਉਸਦੀ ਬੁੱਧੀ ਵਧੇਰੇ ਵਿਕਸਿਤ ਨਹੀਂ ਹੋਈ ਹੁੰਦੀ। ਇੰਦ੍ਰੀਗਤ ਲੋੜਾਂ ਦੀ ਪੂਰਤੀ ਹੀ ਉਸਦੇ ਜੀਵਨ ਦਾ ਮੁੱਖ-ਉੱਦੇਸ਼ ਰਹਿੰਦਾ ਹੈ। ਇਸ ਭੌਤਿਕ ਵਰਗ ਵਿਚ ਗੁਰੂ ਨਾਨਕ ਬਾਣੀ ਅੰਦਰ ਵਰਣਿਤ ਸ੍ਰਿਸ਼ਟੀ ਦੀ ਰਚਨਾ, ਸੰਚਾਲਨ ਅਤੇ ਸੰਘਾਰ, ਅਤੇ ਮਨੁੱਖ ਦੀਆਂ ਸਰੀਰਕ, ਭਾਵਨਾਤਮਕ ਅਤੇ ਆਰਥਿਕ ਲੋੜਾਂ ਤੇ ਉਨ੍ਹਾਂ ਦੀ ਤ੍ਰਿਪਤੀ ਨਾਲ ਸੰਬੰਧਿਤ ਭੌਤਿਕ ਵਿਸ਼ਿਆਂ ਸੰਬੰਧੀ ਵਿਚਾਰ ਸ਼ਾਮਲ ਕੀਤੇ ਜਾ ਸਕਦੇ ਹਨ। ਸਿੱਖ ਧਰਮ-ਫ਼ਲਸਫ਼ੇ ਦੇ ਵਿਦਵਾਨ ਸੋਹਣ ਸਿੰਘ[4] ਅਤੇ ਰਾਮ ਸਿੰਘ[5] ਭਾਵੇਂ ਧਰਮ ਖੰਡ ਨੂੰ ਨੈਤਿਕਤਾ ਨਾਲ ਸੰਬੰਧਿਤ ਮੰਨਦੇ ਹਨ, ਪਰ ਉਹ ਇਹ ਵੀ ਮੰਨਦੇ ਹਨ ਕਿ ਧਰਮ ਦਾ ਅਰਥ 'ਨਿਯਮ' ਲਿਆ ਗਿਆ ਹੈ ਜੋ ਮਨੁੱਖਾਂ ਉਤੇ ਅਤੇ ਨਿਰਜੀਵ ਕੁਦਰਤ ਵਿਚ ਵੀ ਕੰਮ ਕਰ ਰਿਹਾ ਹੈ। ਡਾ. ਅਵਤਾਰ ਸਿੰਘ[6] ਧਰਮ ਖੰਡ ਨੂੰ ਨੈਤਿਕਤਾ ਤੋਂ ਵਧੇਰੇ ਭੌਤਿਕ ਨਿਯਮ ਦੇ ਅਰਥ ਵਿਚ ਮੰਨਦੇ ਹਨ। ਜੋਗਿੰਦਰ ਸਿੰਘ[7]

4. Sohan Singh, *The Seaker's Path*, p. 96.
5. ਰਾਮ ਸਿੰਘ, 'ਗੁਰ ਨਾਨਕ ਦੀ ਸੁਹਜ ਕਲਾ', ਪੰਨਾ 81.
6. Avtar Singh, *Ethics of the Sikhs*, p. 225.
7. ਜੋਗਿੰਦਰ ਸਿੰਘ, 'ਜਪੁ ਸੱਚੀ ਟਕਸਾਲ', ਪੰਨਾ 102-23.

ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਧਰਮ ਖੰਡ ਦਾ ਬਿਆਨ ਕੁਝ ਅਜਿਹੇ ਮਨੋਵਿਗਿਆਨਕ ਢੰਗ ਨਾਲ ਕੀਤਾ ਹੈ ਕਿ 'ਧਰਮ' ਇਕ ਤਰਾਂ ਨਾਲ ਵਿਸ਼ਵ-ਨਿਯਮ ਹੁੰਦਾ ਹੈ ਜੋ ਪ੍ਰਕ੍ਰਿਤੀ ਦੇ ਅੰਗਾਂ ਤੋਂ ਲੈ ਕੇ ਸਮੁੱਚੀ ਧਰਤੀ, ਇਸ ਦੇ ਜੀਵ ਜੰਤੂਆਂ ਤੇ ਅੰਤ ਕੱਚੇ ਪੱਕੇ ਮਨੁੱਖਾਂ ਤਕ ਇਕੋ ਜਿਹਾ ਵਰਤੀਂਦਾ ਹੈ। ਸ਼ੇਰ ਸਿੰਘ[9] ਅਨੁਸਾਰ ਇਹ ਭੌਤਿਕ ਖੰਡ ਹੈ, ਇਸਦਾ ਅਧਿਐਨ ਸਾਇੰਸ ਅਥਵਾ ਵਿਗਿਆਨ ਦੁਆਰਾ ਹੋ ਸਕਦਾ ਹੈ। ਸਾਡੇ ਵਿਚਾਰ ਵਿਚ ਧਰਮ ਖੰਡ ਸੰਪੂਰਣ ਤੌਰ ਉਤੇ ਦੈਵੀ ਵਿਧਾਨ ਦੇ ਨਿਯੰਤ੍ਰਣ ਅਧੀਨ ਸਾਧਾਰਣ ਜਾਂ ਭੌਤਿਕ ਮਨੁੱਖ ਭਾਵ ਮਨਮੁਖ ਨਾਲ ਸੰਬੰਧਤ ਹੈ ਜਿਸਦੀ ਬਿਰਤੀ ਪਸ਼ੂ-ਬਿਰਤੀ ਤੋਂ ਵਧੇਰੇ ਵਿਕਸਿਤ ਨਹੀਂ ਹੁੰਦੀ।

ਗਿਆਨ ਖੰਡ ਅਤੇ ਸਰਮ ਖੰਡ ਕਰਮਵਾਰ ਬੌਧਿਕਤਾ ਅਤੇ ਸੁਹਜ ਨਾਲ ਸੰਬੰਧਤ ਵਰਗ ਹਨ, ਇਸ ਬਾਰੇ ਲਗ ਪਗ ਸਾਰੇ ਹੀ ਵਿਦਵਾਨ ਸਹਿਮਤ ਹਨ। ਪਰ ਕਰਮ ਖੰਡ ਬਾਰੇ ਵਿਦਵਾਨਾਂ ਵਿਚ ਕੁਝ ਵਿਰੋਧ ਹੈ ਕਿ ਇਹ ਮਨੁਖੀ ਕਰਮਾਂ (ਨੈਤਿਕਤਾ) ਨਾਲ ਸੰਬੰਧਿਤ ਹੈ ਕਿ ਰੱਬੀ ਕਰਮ (ਮਿਹਰ) ਨਾਲ। ਸ਼ੇਰ ਸਿੰਘ[9], ਸੋਹਣ ਸਿੰਘ[10], ਗੋਪਾਲ ਸਿੰਘ[11], ਜੋਧ ਸਿੰਘ[12], ਸੁਰਿੰਦਰ ਸਿੰਘ ਕੋਹਲੀ[13], ਅਤੇ ਰਾਮ ਸਿੰਘ[14] ਕਰਮ ਦੇ ਅਰਥ ਮਿਹਰ ਵਾਲੇ ਲੈਂਦੇ ਹਨ, ਜਦੋਂ ਕਿ ਅਰਨਸਟ ਟਰੰਪ[15], ਮੈਕਾਲਿਫ[16], ਅਵਤਾਰ ਸਿੰਘ[17] ਆਦਿ ਇਸ ਨੂੰ ਸ਼ੁਭ ਕਰਮਾਂ ਜਾਂ ਨੈਤਿਕਤਾ ਨਾਲ ਸੰਬੰਧਿਤ ਮੰਨਦੇ ਹਨ। ਆਖਰੀ ਵਿਚਾਰ ਵਧੇਰੇ ਤਰਕਸ਼ੀਲ ਪ੍ਰਤੀਤ ਹੁੰਦਾ ਹੈ ਕਿਉਂਕਿ ਇਕ ਤਾਂ 'ਕਰਮ ਖੰਡ' ਦੇ ਵਰਣਨ ਵਿਚ ਗੁਰੂ ਨਾਨਕ ਜੋਰ, ਜੋਧ ਮਹਾਂਬਲ ਸੂਰ, ਰਾਮ-ਸੀਤਾ, ਭਗਤੀ ਅਤੇ ਆਨੰਦ ਬਾਰੇ ਤਾਂ ਜ਼ਿਕਰ ਕਰਦੇ ਹਨ, ਪਰ ਮਿਹਰ ਬਾਰੇ ਨਹੀਂ। ਮਿਹਰ ਬਾਰੇ ਜ਼ਿਕਰ ਕੇਵਲ 'ਸਚ ਖੰਡ' ਵਿਚ ਤੇ ਜਾਂ ਫ਼ਿਰ 'ਧਰਮ ਖੰਡ' ਵਿਚ ਹੀ ਕਰਦੇ ਹਨ। ਦੂਸਰੇ, ਧਿਆਨ ਨਾਲ ਵਿਚਾਰੀਏ ਤਾਂ ਪ੍ਰਭੂ-ਮਿਹਰ ਦਾ ਵਖਰਾ ਖੰਡ, ਪੜਾ ਜਾਂ ਵਰਗ ਹੋ ਹੀ ਨਹੀਂ ਸਕਦਾ, ਕਿਉਂਕਿ ਜਦੋਂ ਪਰਮਾਤਮਾ ਦੀ ਕ੍ਰਿਪਾ ਹੋ ਜਾਂਦੀ ਹੈ ਤਾਂ ਮਨੁੱਖ ਪਰਮਾਤਮਾ ਨੂੰ ਪਾ ਲੈਂਦਾ ਹੈ ਅਤੇ 'ਸੱਚ ਖੰਡ' ਦਾ ਭਾਗੀ ਬਣ ਜਾਂਦਾ ਹੈ। ਇਸ ਲਈ ਪਰਮਾਤਮਾ ਦੇ ਕਰਮ ਜਾਂ ਮਿਹਰ ਅਤੇ ਇਸ ਮਿਹਰ ਦਾ ਸਦਕਾ ਪ੍ਰਾਪਤ ਮੁਕਤੀ, ਅਤੇ ਮੁਕਤ ਮਨੁੱਖ ਦਾ ਸਥਾਨ ਕੇਵਲ ਸੱਚ ਖੰਡ ਦੇ ਵਰਗ ਵਿਚ ਹੀ ਹੋ ਸਕਦਾ

---

8. ਸ਼ੇਰ ਸਿੰਘ, 'ਜਪ ਦੀ ਦਰਸ਼ਨਾ', ਪੰਨਾ 323.
9. Sher Singh, *Philosophy of Sikhism*, p. 253.
10. Sohan Slngh, *The Seaker's Path*, p. 100.
11. Gopal Singh, *Sri Guru Granth Sahib*, Vol. I, p. 11.
12. Jodh Singh, *Some Stndies in Sikhism.*
13. Surinder Singh Kohli, *A Critical Study of the Adi Granth*, p. 367.
14. ਰਾਮ ਸਿੰਘ, 'ਗੁਰੂ ਨਾਨਕ ਦੀ ਸੁਹਜ ਕਲਾ', ਪੰਨਾ 100.
15. Ernest Trumpp, *The Adi Granth*, p. 13.
16. Macauliffe, M.A., *The Sikh Religion*. Vol. I, p. 216.
17. Avtar Singh, *Ethics of the Sikhs*, p. 260.

ਹੈ। ਇਵੇਂ ਗਿਆਨ ਅਤੇ ਸਰਮ ਖੰਡ ਦੀ ਪ੍ਰਾਪਤੀ ਹੈ—ਗੁਰਮੁਖ ਮਨੁੱਖ, ਕਰਮਖੰਡ ਦੀ—ਸੰਤ ਜਾਂ ਭਗਤ, ਅਤੇ ਸੱਚ ਖੰਡ ਦੀ—ਮੁਕਤ ਮਨੁੱਖ ਜਾਂ ਆਤਮਾ।

'ਗਿਆਨ ਖੰਡ', ਮਨੁੱਖ ਦੀ ਉਹ ਅਵਸਥਾ ਹੈ ਜਿਥੇ ਗਿਆਨ ਦਾ ਬੋਲ ਬਾਲਾ ਹੋਵੇ। ਇਸ ਅਵਸਥਾ ਵਿਚ ਮਨੁੱਖ ਨੂੰ ਸ੍ਰਿਸ਼ਟੀ ਅਤੇ ਮਨੁੱਖੀ ਸੰਸਾਰ ਦੇ ਬੇਅੰਤ ਅਡੰਬਰ ਦੇ ਵਿਡਾਣ ਦੀ ਸੋਝੀ ਪ੍ਰਾਪਤ ਹੋਣ ਲਗਦੀ ਹੈ। ਇਹ ਮਨੁੱਖੀ ਬੌਧਿਕਤਾ ਦਾ ਆਰੰਭਿਕ ਚਰਣ ਹੈ ਜਿਥੇ ਇੰਦ੍ਰੀਗਤ ਗਿਆਨ ਤੋਂ ਉਤਾਂਹ ਬੌਧਿਕ ਗਿਆਨ ਦੇ ਆਸਰੇ, ਮਨੁੱਖ ਸਭਿਅਤਾ ਵਲ ਆਕਰਸ਼ਤ ਹੁੰਦਾ ਹੈ। ਇਸ ਲਈ 'ਬੌਧਿਕ ਵਰਗ' ਵਿਚ ਗਿਆਨ, ਵਿਦਿਆ ਅਤੇ ਗੁਰੂ ਸੰਬੰਧੀ ਵਿਸ਼ਿਆਂ ਬਾਰੇ ਵਿਚਾਰ ਸ਼ਾਮਲ ਕੀਤੇ ਜਾ ਸਕਦੇ ਹਨ।

'ਸਰਮ ਖੰਡ' ਵਿਚ ਸੁਹਜ ਦੇ ਗਿਆਨ ਰਾਹੀਂ ਮਨੁੱਖੀ ਚੇਤਨਾ ਸੰਵਰਦੀ ਹੈ। ਇਹ ਮਨੁੱਖੀ ਬੌਧਿਕਤਾ ਦੇ ਵਿਕਾਸ ਦਾ ਉਹ ਪੜਾ ਹੈ ਜਿਥੇ ਉਸਦੀ ਬੁੱਧੀ ਮਨੁੱਖੀ ਕਿਰਤਾਂ, ਅਤੇ ਸ੍ਰਿਸ਼ਟੀ ਦੀ ਰਚਨਾ ਦੀ ਬੇਅੰਤਤਾ, ਸਮਸੁਰਤਾ ਅਤੇ ਵਿਵਸਥਿਤ ਸੰਚਾਲਨ ਦੇ ਵਿਡਾਣ ਦੇ ਸੁਹਜ ਨੂੰ ਅਨੁਭਵ ਕਰਨ ਦੇ ਯੋਗ ਪ੍ਰਵੀਨਤਾ ਹਾਸਿਲ ਕਰਦੀ ਹੈ। ਇਸ ਤੋਂ ਮਨੁੱਖ ਅੰਦਰ ਵੀ ਸੁਹਣਾ, ਚੰਗਾ ਤੇ ਵਿਵਸਥਿਤ ਬਣਕੇ ਵਿਸਮਾਦੀ ਰਚਨਾ ਤੇ ਰਚਨਹਾਰ ਨਾਲ ਸਮਸੁਰਤਾ ਉਤਪੰਨ ਕਰਨ ਦਾ ਚਾਅ ਉਮੜਦਾ ਹੈ। ਇਸ ਪੜਾ ਵਿਚ ਮਨੁੱਖ ਦੀ ਸੁਰਤ, ਮਤ, ਮਨ ਤੇ ਬੁੱਧ—ਭਾਵ ਸਮੁੱਚਾ ਅੰਤਹਕਰਣ ਵਿਕਾਸ ਦੀ ਟੀਸੀ ਛੂੰਹਦਾ ਹੈ। ਇਵੇਂ 'ਸੁਹਜਾਤਮਕ ਵਰਗ' ਵਿਚ ਮਨੁੱਖੀ, ਪ੍ਰਕ੍ਰਿਤਕ ਅਤੇ ਅਧਿਆਤਮਿਕ ਸੁਹਜ ਸੰਬੰਧੀ ਗੁਰੂ ਨਾਨਕ ਬਾਣੀ ਵਿਚੋਂ ਉਪਲਬਧ ਵਿਚਾਰ ਸ਼ਾਮਲ ਕੀਤੇ ਜਾ ਸਕਦੇ ਹਨ।

'ਕਰਮ ਖੰਡ' ਮਨੁੱਖੀ ਬੌਧਿਕਤਾ ਦਾ ਉੱਚਤਮ ਪੜਾ ਹੈ ਜਦੋਂ ਉਹ ਰਚਨਾ ਅਤੇ ਰਚਨਹਾਰ ਦੇ ਵਿਸਮਾਦੀ ਸੁਹਜ ਤੋਂ ਆਕਰਸ਼ਿਤ ਆਪਣੇ ਆਪ ਵਿਚ ਵੀ ਉਹੋ ਜਿਹੀ ਸੁੰਦਰਤਾ, ਚੰਗਿਆਈ ਅਤੇ ਵਿਵਸਥਾ ਉਤਪੰਨ ਕਰਨ ਲਈ ਘਾਲਣਾ ਘਾਲਦਾ ਹੈ। ਇਉਂ ਮਨੁੱਖ ਨੈਤਿਕਤਾ ਵਲ ਝੁਕਦਾ ਹੈ, ਕੇਵਲ ਨੈਤਿਕ ਕਰਮ ਹੀ ਉਸਨੂੰ ਭਾਉਂਦੇ ਹਨ, ਮਨੁਖ ਰਾਮ-ਸੀਤਾ ਵਰਗਾ ਆਦਰਸ਼ਵਾਦੀ ਬਣਦਾ ਹੈ। ਇਸ ਨਾਲ ਉਸਦਾ ਹਿਰਦਾ ਤੇ ਮਨ ਨਿਰਮਲ, ਕਪਟ-ਰਹਿਤ ਅਤੇ ਕੋਮਲ ਬਣਦੇ ਹਨ ਤੇ ਅੰਤ ਉਸ ਦਾ ਧਿਆਨ ਸਹਿਜ-ਸੁਭਾਅ ਹੀ ਸਰਬਗੁਣ-ਸੰਪੰਨ, ਸਰਬ-ਸ਼ਕਤੀਮਾਨ, ਸਰਬ-ਪ੍ਰਤੀਪਾਲਕ, ਸਰਬ-ਵਿਆਪਕ ਸਰਬ-ਗਿਆਤਾ ਪਰਮਾਤਮਾ ਨਾਲ ਮਿਲਾਪ ਹਿਤ ਭਗਤੀ ਵਲ ਲਗ ਜਾਂਦਾ ਹੈ। ਇਵੇਂ ਇਹ ਖੰਡ ਦ੍ਰਿੜ੍ਹ ਘਾਲਣਾ, ਪਰੀਸ਼੍ਰਮ, ਸੰਜਮ ਤੇ ਸਾਧਨਾ ਦਾ ਪੜਾ ਹੈ, ਮਨੁਖੀ ਬੌਧਿਕਤਾ ਦੇ ਵਿਕਾਸ ਦਾ ਸਿਖਰ ਹੈ। ਇਸ ਲਈ 'ਨੈਤਿਕ ਵਰਗ' ਵਿਚ ਨਾਨਕ-ਬਾਣੀ ਅੰਦਰ ਪ੍ਰਾਪਤ ਨਿਜੀ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਨੈਤਿਕਤਾ ਸੰਬੰਧੀ ਵਿਚਾਰ ਸ਼ਾਮਿਲ ਕੀਤੇ ਜਾ ਸਕਦੇ ਹਨ।

ਬਰੀਕੀ ਨਾਲ ਵੇਖੀਏ ਤਾਂ ਕਰਮ-ਖੰਡ ਦੇ ਤਿੰਨ ਭਾਗ ਹੋਣੇ ਚਾਹੀਦੇ ਹਨ—ਪਹਿਲਾ ਭਾਗ ਨੈਤਿਕਤਾ ਦਾ ਜਿਸ ਅਵਸਥਾ ਵਿਚ ਮਨੁੱਖ ਨੈਤਿਕ ਬਣਦਾ ਹੈ, ਦੂਸਰਾ ਭਾਗ ਭਗਤੀ

ਦਾ, ਜਿਸ ਅਵਸਥਾ ਵਿਚ ਨੈਤਿਕ ਮਨੁੱਖ ਆਪ ਮੁਹਾਰੇ ਪ੍ਰਭੂ-ਭਗਤੀ ਵਿਚ ਖਚਿਤ ਹੋ ਜਾਂਦਾ ਹੈ ਤੇ ਤੀਜਰਾ ਤੇ ਅੰਤਲਾ ਚਰਣ ਪ੍ਰਭੂ-ਮਿਹਰ ਜਾਂ ਰਬੀ-ਕਰਮ ਦਾ ਜਦੋਂ ਮਨੁੱਖੀ ਨੈਤਿਕਤਾ ਅਤੇ ਭਗਤੀ ਪਰਮਾਤਮਾ ਦੀ ਕ੍ਰਿਪਾ ਪ੍ਰਾਪਤ ਕਰਨ ਵਿਚ ਸਫ਼ਲ ਹੋ ਜਾਂਦੀ ਹੈ ਅਤੇ ਫ਼ਲਸਰੂਪ ਮਨੁੱਖ ਉੱਚਤਮ ਪੜਾ 'ਸਚ ਖੰਡ' ਦਾ ਭਾਗੀ ਬਣਦਾ ਹੈ। ਪਰ ਵਰਗੀਕਰਣ ਦੀ ਸੁਵਿਵਸਥਾ ਹਿਤ 'ਕਰਮ ਖੰਡ' ਨੂੰ ਕੇਵਲ 'ਨੈਤਿਕ ਵਰਗ' ਹੀ ਮੰਨਿਆ ਗਿਆ ਹੈ, ਅਤੇ ਭਗਤੀ ਤੇ ਪ੍ਰਭੂ-ਕ੍ਰਿਪਾ ਜੋ ਅਧਿਆਤਮਕ ਵਿਸ਼ੇ ਹਨ, ਆਖਰੀ ਚਰਣ 'ਸਚ ਖੰਡ' ਨਾਲ ਸੰਬੰਧਿਤ 'ਅਧਿਆਤਮਿਕ ਵਰਗ' ਵਿਚ ਸ਼ਾਮਲ ਕੀਤੇ ਗਏ ਹਨ।

ਗਿਆਨ, ਸਰਮ ਅਤੇ ਕਰਮ ਖੰਡਾਂ ਨਾਲ ਸੰਬੰਧਿਤ ਵਰਗਾਂ ਦੇ ਬੌਧਿਕ, ਸੁਹਜਾਤਮਕ ਅਤੇ ਨੈਤਿਕ ਵਿਚਾਰਾਂ ਵਿਚ ਡੂੰਘਾ ਮੇਲ ਹੈ ਕਿਉਂਕਿ ਇਹ ਤਿੰਨੇ ਬੌਧਿਕ ਗਿਆਨ ਦੀ ਉਤਪਤੀ ਹਨ, ਜਦੋਂ ਕਿ ਧਰਮ ਖੰਡ ਨਾਲ ਸੰਬੰਧਿਤ ਭੌਤਿਕ ਵਰਗ ਦੇ ਵਿਚਾਰ ਮੁੱਖ ਤੌਰ ਤੇ ਇੰਦ੍ਰੀਗਤ ਗਿਆਨ ਦੀ, ਅਤੇ ਸਚਖੰਡ ਨਾਲ ਸੰਬੰਧਿਤ ਅਧਿਆਤਮਿਕ ਵਰਗ ਦੇ ਵਿਚਾਰ ਅੰਤਰਬੋਧ ਦੀ। ਪਰ ਇਨ੍ਹਾਂ ਤਿੰਨਾਂ ਬੌਧਿਕ ਵਰਗਾਂ ਦਾ ਗਿਆਨ ਕ੍ਰਮਵਾਰ ਚੜ੍ਹਦੇ ਪੱਧਰ ਦਾ ਹੈ। ਗਿਆਨ ਦੀ ਸਹਾਇਤਾ ਨਾਲ ਮਨੁੱਖ ਸੱਚ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ ਅਤੇ ਨੈਤਿਕਤਾ ਰਾਹੀਂ ਮਨੁੱਖ ਉੱਚੇ ਆਚਾਰ ਵਾਲਾ ਬਣਦਾ ਹੈ। ਗੁਰੂ ਨਾਨਕ ਸਾਹਿਬ ਦੀ ਹੀ ਜ਼ਬਾਨੀ, 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ।'

'ਸਚ ਖੰਡ ਵਸੈ ਨਿਰੰਕਾਰ' ਅਨੁਸਾਰ ਇਹ ਅਵਸਥਾ ਮਨੁੱਖ ਦੇ ਆਤਮਿਕ ਵਿਕਾਸ ਦਾ ਉਹ ਪੜਾ ਹੈ ਜਦੋਂ ਉਸਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ। ਮਨੁੱਖ ਦੀ ਇਸ ਅਵਸਥਾ ਦਾ ਵਰਣਨ ਅਸੰਭਵ ਹੈ, ਇਸ ਦਾ ਕੇਵਲ ਅਨੁਭਵ ਕੀਤਾ ਜਾ ਸਕਦਾ ਹੈ, ਅੰਤਰ-ਬੋਧ ਰਾਹੀਂ, ਇਸਦਾ ਅਨੁਭਵ ਇੰਦ੍ਰੀਗਤ ਅਤੇ ਬੌਧਿਕ ਗਿਆਨ ਰਾਹੀਂ ਅਸੰਭਵ ਹੈ। ਸ੍ਰਿਸ਼ਟੀ ਅਤੇ ਪਰਮਾਤਮਾ ਦੇ ਪੂਰੇ ਸਰੂਪ ਦੀ ਜਾਣਕਾਰੀ ਕੇਵਲ ਅੰਤਰਬੋਧ ਰਾਹੀਂ ਹੀ ਸੰਭਵ ਹੈ। ਪਰਮਾਤਮਾ ਤੇ ਉਸ ਨਾਲ ਸੰਬੰਧਤ ਸੰਕਲਪ ਅਧਿਆਤਮਿਕਤਾ ਦੇ ਵਿਸ਼ੇ ਹਨ। ਇਵੇਂ 'ਅਧਿਆਤਮਿਕ ਵਰਗ' ਵਿਚ ਗੁਰੂ ਨਾਨਕ ਬਾਣੀ ਅੰਦਰ ਉਪਲਬਧ ਆਤਮਾ-ਪਰਮਾਤਮਾ, ਮੁਕਤੀ ਅਤੇ ਮੁਕਤੀ ਦੇ ਸਾਧਨਾਂ—ਸਮੇਤ ਭਗਤੀ ਅਤੇ ਪ੍ਰਭੂ-ਕ੍ਰਿਪਾ ਨਾਲ ਸੰਬੰਧਿਤ ਵਿਚਾਰ ਸ਼ਾਮਿਲ ਕੀਤੇ ਜਾ ਸਕਦੇ ਹਨ।

ਇਸ ਪ੍ਰਕਾਰ ਇਸ ਅਧਿਐਨ ਵਿਚ ਗੁਰੂ ਨਾਨਕ ਬਾਣੀ ਦੇ ਵਿਸ਼ਲੇਸ਼ਣਾਤਮਕ ਅਧਿਐਨ ਰਾਹੀਂ ਪ੍ਰਾਪਤ ਦਾਰਸ਼ਨਿਕ ਤੱਤਾਂ ਨੂੰ ਪੰਜ ਮੁਖ ਵਰਗਾਂ ਵਿਚ ਵਿਵਸਥਿਤ ਕਰਨ ਦਾ ਜਤਨ ਕੀਤਾ ਗਿਆ ਹੈ। ਇਹ ਪੰਜ ਮੁਖ ਵਰਗ ਹਨ: ਭੌਤਿਕ, ਬੌਧਿਕ, ਸੁਹਜਾਤਮਕ, ਨੈਤਿਕ ਅਤੇ ਅਧਿਆਤਮਿਕ। ਕਿਉਂਕਿ ਗੁਰੂ ਨਾਨਕ ਨੇ ਵੱਖਰੇ ਵੱਖਰੇ ਥਾਂ ਅਤੇ ਸਮੇਂ, ਵੱਖਰੇ ਵੱਖਰੇ ਲੋਕਾਂ ਨੂੰ ਵੱਖਰੇ ਵੱਖਰੇ ਮਾਹੌਲ ਦੇ ਅਨੁਸਾਰ ਵੱਖਰੇ ਵੱਖਰੇ ਢੰਗ, ਸ਼ੈਲੀ ਅਤੇ ਬੋਲੀ ਰਾਹੀਂ ਆਪਣੇ ਵਿਚਾਰ ਦਰਸਾਉਣ ਦਾ ਉਪਰਾਲਾ ਕੀਤਾ ਸੀ, ਜਿਵੇਂ ਕਿ ਜਨਮ ਸਾਖੀਆਂ

18. ਗੁਰੂ ਗ੍ਰੰਥ, ਪੰਨਾ 62.

ਆਦਿ ਦੀਆਂ ਇਤਿਹਾਸਕ ਗਵਾਹੀਆਂ ਤੋਂ ਸਿੱਧ ਹੁੰਦਾ ਹੈ, ਇਸ ਲਈ ਗੁਰੂ ਨਾਨਕ ਬਾਣੀ ਵਿਚ ਉਪਲਬਧ ਮੂਲ ਦਾਰਸ਼ਨਿਕ ਤੱਤਾਂ ਦਾ ਵਖਰੀਆਂ ਵਖਰੀਆਂ ਬਾਣੀਆਂ ਵਿਚ ਕਈ ਕਈ ਵਾਰ ਦੁਹਰਾਓ ਕੀਤਾ ਗਿਆ ਹੈ। ਇਸ ਕਾਰਣ ਅਧਿਐਨ, ਸਮੇਂ ਅਤੇ ਥਾਂ ਦੀ ਸੁਵਿਧਾ ਅਤੇ ਸੰਜਮ ਹਿੱਤ, ਇਸ ਸੰਖੇਪ ਅਤੇ ਮੁਢਲੇ ਅਧਿਐਨ ਵਿਚ ਗੁਰੂ ਨਾਨਕ ਸਾਹਿਬ ਦੀਆਂ ਕੇਵਲ ਅੱਠ ਪ੍ਰਮੁਖ ਬਾਣੀਆਂ ਦਾ ਹੀ ਵਿਸ਼ਲੇਸ਼ਣ ਸ਼ਾਮਲ ਕੀਤਾ ਗਿਆ ਹੈ। ਇਹ ਬਾਣੀਆਂ ਹਨ: ਜਪੁਜੀ, ਮਾਝ ਦੀ ਵਾਰ, ਆਸਾ ਦੀ ਵਾਰ, ਦਖਣੀ ਓਅੰਕਾਰੁ, ਸਿਧ ਗੋਸਟਿ, ਮਾਰੂ ਸੋਹਲੇ, ਬਾਰਾਮਾਹਾ ਤੁਖਾਰੀ, ਅਤੇ ਮਲਾਰ ਦੀ ਵਾਰ। ਇਨ੍ਹਾਂ ਸਾਰੀਆਂ ਬਾਣੀਆਂ ਦੇ ਵਿਸ਼ਲੇਸ਼ਣਾਤਮਕ ਅਧਿਐਨ ਦਾ ਵਿਵਸਥਿਤ ਪਰਿਣਾਮ ਵੱਖਰੇ ਵੱਖਰੇ ਅਧਿਆਇ ਵਿਚ ਨਿਰਬੰਧਿਤ ਕੀਤਾ ਗਿਆ ਹੈ। ਅਤੇ ਅੰਤਲੇ ਅਧਿਆਇ ਵਿਚ ਇਨ੍ਹਾਂ ਸਾਰੀਆਂ ਬਾਣੀਆਂ ਵਿਚੋਂ ਉਪਲਬਧ ਵਿਚਾਰਾਂ ਤੇ ਸੰਕਲਪਾਂ ਦਾ 'ਸਾਰ' ਉਲੇਖਿਤ ਕੀਤਾ ਗਿਆ ਹੈ।

ਇਸ ਅਧਿਐਨ ਲਈ ਗੁਰੂ ਨਾਨਕ ਬਾਣੀ ਵਿਚ ਅੰਕਿਤ ਦਾਰਸ਼ਨਿਕ ਭਾਵਾਂ ਅਤੇ ਤੱਤਾਂ ਨੂੰ ਜਾਣਨ ਅਤੇ ਪਛਾਣਨ ਲਈ ਜਿਥੇ ਹੋਰਨਾਂ ਕਈ ਨਾਮਵਰ ਵਿਦਵਾਨਾਂ ਦੀਆਂ ਰਚਨਾਵਾਂ ਤੇ ਦਲੀਲਾਂ ਦਾ ਆਸਰਾ ਲਿਆ ਗਿਆ ਹੈ ਉਥੇ ਕੁਝ ਨਾਮਵਰ ਸਹਾਇਕ ਪੁਸਤਕਾਂ ਤੇ ਟੀਕਿਆਂ ਦਾ ਵੀ ਆਸਰਾ ਲਿਆ ਗਿਆ ਹੈ। ਇਨ੍ਹਾਂ ਵਿਚੋਂ ਕੁਝ ਪ੍ਰਮੁੱਖ ਗ੍ਰੰਥ ਹਨ : ਡਾ. ਤਾਰਨ ਸਿੰਘ ਸੰਪਾਦਿਤ 'ਗੁਰੂ ਨਾਨਕ ਬਾਣੀ ਪ੍ਰਕਾਸ਼', ਭਾਈ ਕਾਨ੍ਹ ਸਿੰਘ ਕ੍ਰਿਤ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼', ਪ੍ਰੋ. ਸਾਹਿਬ ਸਿੰਘ ਕ੍ਰਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ', ਭਾਈ ਵੀਰ ਸਿੰਘ ਕ੍ਰਿਤ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਫ਼ਰੀਦਕੋਟ ਵਾਲਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਸਟੀਕ'। ਭਾਵੇਂ ਜ਼ਿਆਦਾਤਰ, ਗੁਰੂ ਨਾਨਕ ਬਾਣੀ ਦੇ ਅਰਥ ਪਰੰਪਰਾ ਅਤੇ ਉਪਰੋਕਤ ਟੀਕਿਆਂ ਅਨੁਸਾਰ ਹੀ ਲਏ ਗਏ ਹਨ, ਪਰ ਕਿਤੇ ਕਿਤੇ ਜਿਥੇ ਉਪਰੋਕਤ ਵਿਦਵਾਨਾਂ ਵਿਚ ਵੀ ਮਤਭੇਦ ਹਨ ਜਾਂ ਟੀਕਾਕਾਰੀ ਉਪਰ ਸਾਹਿਤਿਕ ਪੱਖ ਹਾਵੀ ਪ੍ਰਤੀਤ ਹੁੰਦਾ ਹੈ, ਇਸ ਖੋਜਕਾਰ ਨੇ ਆਪਣੇ ਗਿਆਨ ਦੇ ਦਰਸ਼ਨ ਅਤੇ ਵੇਦਾਂਤ ਨਾਲ ਸੰਬੰਧਿਤ ਪਿਛੋਕੜ ਦੇ ਆਸਰੇ ਜੋ ਥੋੜ੍ਹੇ ਫ਼ਰਕ ਵਾਲਾ ਭਾਵ ਵਧੇਰੇ ਉੱਚਿਤ ਪ੍ਰਤੀਤ ਕੀਤਾ ਹੈ ਤਾਂ ਉਸ ਨੂੰ ਹੀ ਕਬੂਲਿਆ ਹੈ। ਪੂਰਨ ਵਿਸ਼ਵਾਸ ਹੈ ਕਿ ਸਚੇ ਪਾਤਸ਼ਾਹ ਵਾਹਿਗੁਰੂ ਨੇ ਨੇਕ ਨੀਤੀ ਨਾਲ ਗੁਰੂ ਨਾਨਕ ਬਾਣੀ ਦੀ ਸੇਵਾ ਕਰਦੇ ਸਮੇਂ, ਮੈਨੂੰ ਆਪੇ ਸਚੇ ਰਾਹ ਭੀ ਪਾਇਆ ਹੋਵੇਗਾ।

ਜੋ ਟੂਕਾਂ ਗੁਰੂ ਨਾਨਕ ਬਾਣੀ ਵਿਚੋਂ ਪ੍ਰਮਾਣ ਵਜੋਂ ਦਿੱਤੀਆਂ ਹਨ, ਉਹ ਥਾਂ ਅਤੇ ਸਮੇਂ ਦੇ ਸੰਜਮ ਹਿੱਤ, ਸੰਖੇਪ ਹੀ ਰਖੀਆਂ ਗਈਆਂ ਹਨ। ਉਹ ਉਸ ਬਾਣੀ, ਸ਼ਬਦ, ਪਉੜੀ ਜਾਂ ਅਸ਼ਟਪਦੀ ਲਈ ਕੇਵਲ ਸੰਕੇਤ ਮਾਤਰ ਹੀ ਹਨ, ਜਿਸ ਦਾ ਇਹ ਟੂਕਾਂ ਭਾਗ ਹਨ, ਅਤੇ ਜਿਸਦੇ ਸਮੁੱਚੇ ਭਾਵ ਨੂੰ ਹੀ ਪ੍ਰਮਾਣ ਮੰਨਿਆ ਗਿਆ ਹੈ। ਇਸ ਸੰਬੰਧੀ ਆਪਣੇ ਵਿਚਾਰ ਮੈਂ ਆਪਣੀ ਪਹਿਲੀ ਪੁਸਤਕ ਤੋਂ ਇਨ ਬਿਨ ਦੁਹਰਾਉਣਾ ਉੱਚਿਤ ਸਮਝਦੀ ਹਾਂ। ਕਿਸੇ ਟੂਕ ਦਾ ਅਪ੍ਰਸੰਗਿਕ ਭਾਵ ਲੈਣਾ ਨਾ ਸਿਰਫ਼ ਨਾਨਕ ਬਾਣੀ ਨਾਲ ਹੀ ਅਨਿਆਂ

ਹੋਵੇਗਾ, ਸਗੋਂ ਉਨ੍ਹਾਂ ਕਥਿਤ ਵਿਦਵਾਨਾਂ ਦੀ ਭੁਲ ਦਾ ਦੁਹਰਾਓ ਹੋਵੇਗਾ ਜਿਨ੍ਹਾਂ ਨੇ ਗੁਰਬਾਣੀ ਦੇ ਸਤਹੀ ਅਧਿਐਨ, ਅਤੇ ਤੁਕਾਂ ਜਾਂ ਸ਼ਬਦਾਂ ਦੇ ਅਪ੍ਰਸੰਗਿਕ ਅਰਥਾਂ ਨਾਲ ਬਾਰ ਬਾਰ ਅਨਰਥ ਕੀਤਾ ਹੈ, ਅਤੇ ਕਈ ਵਾਰ ਆਪਨੀ ਇਸ ਭੁਲ ਸਦਕਾ ਗੁਰਬਾਣੀ ਨੂੰ ਅਰਥ-ਹੀਣ, ਭਾਵ-ਹੀਣ, ਦਰਸ਼ਣ-ਹੀਣ ਸਮਝਿਆ ਹੈ, ਅਤੇ ਕਈ ਵਾਰ ਬੜੇ ਹੀ ਗੂੜ੍ਹ, ਦਾਰਸ਼ਨਿਕ ਸਿੱਧਾਂਤਾਂ ਬਾਰੇ ਗੁਰਬਾਣੀ ਦੇ ਵਿਚਾਰਾਂ ਵਿਚ ਅੰਤਰ-ਵਿਰੋਧ ਵੇਖਣ ਦਾ ਭੁਲੇਖਾ ਖਾਧਾ ਹੈ।

ਅਧਿਆਇ-੨

# ਜਪੁ ਜੀ

ਜਪੁ ਜੀ ਗੁਰੂ ਨਾਨਕ ਦੇਵ ਜੀ ਦੀ ਅਤਿਅੰਤ ਮਹਤ੍ਵ-ਪੂਰਨ ਰਚਨਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਆਰੰਭਿਕ ਬਾਣੀ ਹੈ। ਇਸਨੂੰ ਸਿੱਖ ਦਰਸ਼ਨ ਦੀ ਆਧਾਰ-ਮੂਲਕ ਬਾਣੀ ਮੰਨਿਆ ਜਾਂਦਾ ਹੈ। ਇਸ ਦੇ ਰਚੇ ਜਾਣ ਦਾ ਠੀਕ ਸਮਾਂ ਨਿਯਤ ਕਰਨਾ ਕਠਿਨ ਹੈ। ਪੁਰਾਤਨ ਜਨਮ-ਸਾਖੀ ਅਨੁਸਾਰ ਮੂਲ-ਮੰਤਰ ਦਾ ਉਚਾਰਣ ਦੱਖਣ ਦੀ ਉਦਾਸੀ ਸਮੇਂ ਸੰਗਲਾ ਦੀਪ ਜਾਂਦੇ ਸਮੇਂ ਹੋਇਆ ਸੀ।[1] ਸੋਦਰ ਵਾਲੀ ਪਉੜੀ ਵੇਈਂ ਨਦੀ ਦੇ ਪ੍ਰਵੇਸ਼ ਸਮੇਂ ਸੱਚ ਖੰਡ ਵਿਚ ਉਚਾਰਨ ਕੀਤੀ ਦੱਸੀ ਜਾਂਦੀ ਹੈ।[2] ਇਹ ਵੀ ਕਿਹਾ ਜਾਂਦਾ ਹੈ ਕਿ ਜਪੁ ਜੀ ਦਾ ਸੰਪਾਦਨ ਗੁਰੂ ਅੰਗਦ ਦੇਵ ਜੀ ਨੇ ਕੀਤਾ।[3] ਜੇਕਰ ਜਪੁ ਜੀ ਦੀ ਮੂਲ ਰਚਨਾ ਨਹੀਂ ਤਾਂ ਘੱਟੋ ਘੱਟ ਅੰਤਿਮ ਰੂਪ ਦਾ ਪ੍ਰਕਾਸ਼ ਅਵੱਸ਼ ਹੀ ਗੁਰੂ ਜੀ ਦੇ ਅਖੀਰਲੇ ਸਾਲਾਂ ਵਿਚ ਹੋਇਆ ਹੋਵੇਗਾ ਕਿਉਂਕਿ ਜਪੁ ਜੀ ਵਿਚ ਕਈ ਦਾਰਸ਼ਨਿਕ ਵਿਸ਼ਿਆਂ ਅਤੇ ਮੂਲ-ਤੱਤਾਂ ਉੱਪਰ ਟਿੱਪਣੀਆਂ ਹੋਣ ਦੇ ਬਾਵਜੂਦ ਉਸ ਵਿਚ ਕਮਾਲ ਦੀ ਇਕਸਾਰਤਾ ਹੈ—ਵਿਸ਼ੈ-ਪ੍ਰੱਧਰ ਵਿਚ ਕਿਤੇ ਵੀ ਫ਼ਰਕ ਨਜ਼ਰ ਨਹੀਂ ਆਉਂਦਾ।

ਇਹ ਬਾਣੀ ਰਾਗ-ਬੱਧ ਨਹੀਂ, ਭਾਵੇਂ ਇਹ ਵੱਖ ਵੱਖ ਧੁਨੀਆਂ ਉੱਤੇ ਗਾਈ ਜਾ ਸਕਦੀ ਹੈ। ਇਸ ਬਾਣੀ ਦਾ ਮੂਲ ਪ੍ਰਕਾਰਜ ਗਾਇਨ ਨਹੀਂ ਬਲਕਿ ਦਾਰਸ਼ਨਿਕ ਅਤੇ ਅਧਿਆਤਮਿਕ ਤੱਤਾਂ ਦੇ ਹਾਵੀ ਹੋਣ ਕਾਰਣ ਇਹ ਬਾਣੀ ਮੰਨਨ ਦਾ ਵਿਸ਼ਾ ਹੈ। ਸੰਖਿਪਤ ਅਤੇ ਭਾਵਪੂਰਤ ਵਿਚਾਰਾਂ ਦੀ ਦ੍ਰਿਸ਼ਟੀ ਤੋਂ ਜਪੁ ਜੀ ਦੀ ਉਪਨਿਸ਼ਦਾਂ ਅਤੇ ਗੀਤਾ ਨਾਲ ਸਮਾਨਤਾ ਮੰਨੀ ਜਾ ਸਕਦੀ ਹੈ। ਵਿਚਾਰਾਂ ਦੀ ਪ੍ਰਧਾਨਤਾ ਕਾਰਣ ਇਸਦੇ ਪਾਠ ਦਾ ਸਮਾਂ ਅਮ੍ਰਿਤ ਵੇਲੇ ਵਧੇਰੇ ਉਪਯੋਗੀ ਦੱਸਿਆ ਗਿਆ ਹੈ। ਜਪੁ ਜੀ ਦਾ ਆਰੰਭ ਉਪਨਿਸ਼ਦਾਂ ਦੀ ਪਰੰਪਰਾ ਅਨੁਸਾਰ ਮੰਗਲਾਚਰਣ ਨਾਲ ਕੀਤਾ ਗਿਆ ਹੈ। ਭਾਵੇਂ ਇਸ ਦੀ ਅਧਿਆਵਾਂ ਵਿਚ ਵੰਡ ਨਹੀਂ ਹੈ, ਪਰ ਵਿਚਾਰ-ਪੱਖ ਤੋਂ ਵਿਦਵਾਨਾਂ ਨੇ ਵੱਖ ਵੱਖ ਭਾਗਾਂ ਵਿਚ ਵੰਡ ਕੀਤੀ ਹੈ। ਵਿਨੋਭਾ ਜੀ ਨੇ ਸਾਰੇ ਜਪੁ ਜੀ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਉਨ੍ਹਾਂ

---

1. ਭਾਈ ਵੀਰ ਸਿੰਘ, 'ਪੁਰਾਤਨ ਜਨਮ ਸਾਖੀ', ਖਾਲਸਾ ਸਮਾਚਾਰ, ਅੰਮ੍ਰਿਤਸਰ, ਛਾਪ ਛੇਵੀਂ, 1967, ਪੰਨਾ 163.
2. ਓਹੀ, ਪੰਨਾ 41.
3. 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਸੈਂਚੀ ਦੂਜੀ, ਪੰਨਾ 248-49.

ਪਹਿਲੀਆਂ ਸੱਤ ਪਉੜੀਆਂ ਮੰਗਲਾਚਰਣ ਵਜੋਂ ਦੱਸੀਆਂ ਹਨ, ਅਗਲੀਆਂ ਬਾਰਾਂ ਪਉੜੀਆਂ ਵਿਚ ਸ੍ਰਵਣ, ਮੰਨਨ ਅਤੇ ਨਿਧਿਆਸਨ ਦੀ ਮਹਿਮਾ ਦੱਸੀ ਹੈ। ਉਸ ਤੋਂ ਬਾਦ 20 ਤੋਂ 27 ਪਉੜੀਆਂ ਤਕ ਤੀਜਾ ਭਾਗ ਹੈ, ਜਿਸ ਵਿਚ ਭਗਵਾਨ ਦੇ ਸਰੂਪ ਦਾ ਚਿੰਤਨ ਹੈ। ਇਸ ਤੋਂ ਬਾਦ ਦੀਆਂ ਪਉੜੀਆਂ (28-38) ਸਾਧਨ ਵਿਭਾਗ ਹੈ। ਇਸ ਵਿਚ ਪਹਿਲੀਆਂ ਚਾਰ ਪਉੜੀਆਂ ਵਿਚ ਭਗਵਾਨ ਨੂੰ ਪ੍ਰਣਾਮ ਕੀਤਾ ਹੈ, ਉਸ ਤੋਂ ਬਾਦ ਨਾਮ ਜਪਣ ਦੀ ਮਹਿਮਾ ਦੱਸੀ ਹੈ, ਅਤੇ ਅੰਤ ਵਿਚ ਸਾਧਕ ਦੀ ਆਤਮਿਕ ਅਵਸਥਾ ਦੱਸੀ ਹੈ।[4]

ਜਪੁ ਜੀ ਵਿਚ ਭਾਵੇਂ ਪੰਜਾਂ ਹੀ ਵਰਗਾਂ ਸੰਬੰਧੀ ਵਿਚਾਰ ਉਪਲਭਧ ਹਨ; ਪਰ ਇਸ ਵਿਚ ਗੁਰੂ ਜੀ ਨੇ ਭੌਤਿਕ ਅਤੇ ਅਧਿਆਤਮਿਕ ਤੱਤਾਂ ਨੂੰ ਵਿਸ਼ੇਸ਼ ਰੂਪ ਵਿਚ ਵਿਸ਼ਾ ਬਣਾਇਆ ਹੈ। ਸ਼ਾਇਦ ਇਸ ਲਈ ਕਿ ਆਮ ਸੰਸਾਰੀ ਲਈ ਬੌਧਿਕਤਾ ਜਾਂ ਗਿਆਨ ਨਾਲੋਂ ਸ੍ਰਿਸ਼ਟੀ ਅਤੇ ਜਗਤ ਸੰਬੰਧੀ ਭੌਤਿਕ, ਅਤੇ ਪਰਮਾਤਮਾ ਸੰਬੰਧੀ ਅਧਿਆਤਮਿਕ ਸਮੱਸਿਆਵਾਂ ਹੀ ਵਧੇਰੇ ਜਟਿਲ ਹੁੰਦੀਆਂ ਹਨ।

## 1. ਭੌਤਿਕ ਵਰਗ

ਭੌਤਿਕ ਵਿਸ਼ਿਆਂ ਵਿੱਚੋਂ ਜਪੁ ਜੀ ਵਿਚ ਸਭ ਤੋਂ ਵੱਧ ਸ੍ਰਿਸ਼ਟੀ ਦੀ ਰਚਨਾ, ਉਸ ਦੇ ਕਾਲ, ਵਿਸਤਾਰ, ਬੇਅੰਤਤਾ ਅਤੇ ਸੰਚਾਲਨ ਬਾਰੇ ਟਿੱਪਣੀ ਮਿਲਦੀ ਹੈ। ਮਾਇਆ ਦੇ ਸਰੂਪ ਸੰਬੰਧੀ ਕੁਝ ਉੱਲੇਖ ਹੈ ਅਤੇ ਮਾਨਵ ਸੰਬੰਧੀ ਕੇਵਲ ਪ੍ਰਸੰਗ-ਵੱਸ, ਚਰਚਾ ਹੈ। ਸੁੱਖ ਦੁੱਖ ਦੇ ਵਿਚਾਰ ਦੇ ਨਾਲ ਨਾਲ ਭਾਵਨਾਵਾਂ ਵਿੱਚੋਂ ਸਿਰਫ਼ ਹਉਮੈ ਬਾਰੇ ਟਿੱਪਣੀ ਕੀਤੀ ਗਈ ਹੈ। ਭੌਤਿਕ ਵਿਸ਼ਿਆਂ ਜਾਂ ਸਮੱਸਿਆਵਾਂ ਦੇ ਖੇਤਰ ਨੂੰ ਗੁਰੂ ਨਾਨਕ ਧਰਮ ਖੰਡ ਕਹਿੰਦੇ ਹਨ।

(ੳ) ਸ੍ਰਿਸ਼ਟੀ : ਸ੍ਰਿਸ਼ਟੀ ਅਨਾਦੀ ਨਹੀਂ ਅਤੇ ਇਸ ਦੀ ਰਚਨਾ ਪਰਮਾਤਮਾ ਨੇ ਆਪ ਕੀਤੀ ਹੈ, ਆਪਣੇ ਸ਼ਬਦ-ਰੂਪੀ ਹੁਕਮ ਨਾਲ :

ਕੀਤਾ ਪਸਾਉ ਏਕੋ ਕਵਾਉ ॥ (ਗੁਰੂ ਗ੍ਰੰਥ, ਪੰਨਾ 3)

ਇਸ ਧਾਰਨਾ ਬਾਰੇ ਕਿ ਪਰਮਾਤਮਾ ਨੇ ਇਹ ਜਗਤ ਮਾਇਆ ਰਾਹੀਂ ਰਚਿਆ ਅਤੇ ਆਪਣੀਆਂ ਸਿਰਜਣ (ਬ੍ਰਹਮਾ), ਪਾਲਣ (ਵਿਸ਼ਨੂੰ) ਅਤੇ ਵਿਨਾਸ਼ (ਮਹੇਸ਼) ਦੀਆਂ ਸ਼ਕਤੀਆਂ ਰਾਹੀਂ, ਇਸ ਪ੍ਰਣਾਲੀ ਦੇ ਸਦੀਵੀ 'ਸੰਜੋਗ ਵਿਜੋਗ' ਦੇ ਚੱਕਰ ਨੂੰ ਚਲਦਾ ਰੱਖਣ ਲਈ ਪੂਰਨ ਵਿਵਸਥਾ ਕੀਤੀ,[5] ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਸ੍ਰਿਸ਼ਟੀ ਦਾ ਸਾਰ ਕੇਵਲ ਮਾਤਰ 'ਏਕਾ ਮਾਈ ਜੁਗਤਿ ਵਿਆਈ ਤਿੰਨਿ ਚੇਲੇ ਪਰਵਾਣੁ' ਨਹੀਂ ਬਲਕਿ 'ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ' (ਗੁਰੂ ਗ੍ਰੰਥ, ਪੰਨਾ 7) ਹੈ। ਸ੍ਰਿਸ਼ਟੀ ਦੀ ਬਣਤਰ ਬਾਰੇ ਅੰਧ-ਵਿਸ਼ਵਾਸੀ ਧਾਰਣਾਵਾਂ ਦਾ ਗੁਰੂ ਜੀ ਨੇ ਜ਼ੋਰਦਾਰ ਖੰਡਨ ਕੀਤਾ ਹੈ।

---

4. ਵਿਨੋਭਾ ਭਾਵੇ, 'ਜਪੁਜੀ' ਅਨੁਵਾਦਕ ਸੀਤਾ ਰਾਮ ਬਾਹਰੀ, ਪੰਨਾ 30-31.

5. ਗੁਰੂ ਗ੍ਰੰਥ, ਪੰਨਾ 7.

ਸ੍ਰਿਸ਼ਟੀ ਦਾ ਸਿਰਜਣਹਾਰ ਇਸ ਲੀਲ੍ਹਾ ਨੂੰ ਦੇਖ ਦੇਖ ਕੇ ਆਨੰਦ ਮਾਣਦਾ ਹੈ। ਉਸ ਲਈ ਸਭ ਕੁਝ ਦ੍ਰਿਸ਼ਟ ਹੈ, ਪਰ ਮਾਨਵ ਲਈ ਉਹ ਆਪ ਅਦ੍ਰਿਸ਼ਟ ਹੈ ਅਤੇ ਸੰਸਾਰੀਆਂ ਵਾਸਤੇ ਇਹੋ ਰਹੱਸ ਅਤੇ ਝਮੇਲੇ ਦਾ ਸਭ ਤੋਂ ਵੱਡਾ ਕਾਰਨ ਹੈ---'ਕਰਿ ਕਰਿ ਵੇਖੈ ਨਦਰਿ ਨਿਹਾਲ' (ਉਹੀ, ਪੰਨਾ 8) ਅਤੇ 'ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ' (ਉਹੀ, ਪੰਨਾ 7)

ਗੁਰੂ ਜੀ ਅਨੁਸਾਰ ਸ੍ਰਿਸ਼ਟੀ ਦੇ ਰਚਨਾ-ਕਾਲ ਬਾਰੇ ਪੰਡਿਤ, ਕਾਜ਼ੀ ਤੇ ਜੋਗੀ ਕੋਈ ਵੀ ਨਹੀਂ ਜਾਣ ਸਕੇ ਅਤੇ ਨਾ ਹੀ ਕੋਈ ਜਾਣ ਸਕਦਾ ਹੈ, ਬੇਸ਼ਕ ਪੁਰਾਣਾਂ ਅਤੇ ਕੁਰਾਨ ਵਿਚ ਇਸ ਕਿਸਮ ਦੇ ਹਵਾਲੇ ਮਿਲਦੇ ਵੀ ਹੋਣ।[6] ਸਿਰਫ਼ ਰਚਨਹਾਰ ਹੀ ਜਾਣ ਸਕਦਾ ਹੈ ਕਿ ਉਸ ਨੇ ਰਚਨਾ ਕਦੋਂ ਰਚੀ :

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ (ਗੁਰੂ ਗ੍ਰੰਥ, ਪੰਨਾ 4)

ਸ੍ਰਿਸ਼ਟੀ ਦੇ ਸਰੂਪ ਬਾਰੇ ਗੁਰੂ ਸਾਹਿਬ ਨੇ ਬਾਰ ਬਾਰ ਇਹੀ ਕਿਹਾ ਹੈ ਕਿ ਉਸ ਸੰਬੰਧੀ ਰਚਨਹਾਰੇ ਬਿਨਾ ਪੂਰੀ ਤਰ੍ਹਾਂ ਕੋਈ ਨਹੀਂ ਜਾਣ ਸਕਦਾ।[7] ਇਸ ਦੇ ਬੇਅੰਤ ਅਤੇ ਅਣਗਿਣਤ ਥਾਂ, ਲੋਕ, ਖੰਡ, ਮੰਡਲ, ਵਰਭੰਡ, ਧਰਤੀਆਂ ਅਤੇ ਪਾਤਾਲ ਹਨ।[8] ਨਾ ਇਹ ਸਾਰੇ ਭਾਲੇ ਜਾ ਸਕਦੇ ਹਨ, ਅਤੇ ਨਾ ਹੀ ਇਨ੍ਹਾਂ ਦਾ ਹਿਸਾਬ ਲਗਾਇਆ ਜਾ ਸਕਦਾ ਹੈ। ਪਰ ਇਹ ਸਾਰੀ ਸ੍ਰਿਸ਼ਟੀ ਇੱਕੋ ਤੱਤ, ਨਾਮ ਰੂਪੀ ਪ੍ਰਭੂ, ਦੀ ਰਚੀ ਹੋਈ ਹੈ—ਇਸ ਦ੍ਰਿਸ਼ਟੀ ਤੋਂ ਸ੍ਰਿਸ਼ਟੀ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ :

ਜੇਤਾ ਕੀਤਾ ਤੇਤਾ ਨਾਉ ॥ (ਗੁਰੂ ਗ੍ਰੰਥ, ਪੰਨਾ 4)

ਸ੍ਰਿਸ਼ਟੀ ਸਤਿ ਹੈ, ਕਿਉਂਕਿ ਇਸਦਾ ਸਿਰਜਣਹਾਰ, ਬ੍ਰਹਮ, ਪਰਮਸਤਿ ਹੈ :

ਨਾਨਕ ਸਚੇ ਕੀ ਸਾਚੀ ਕਾਰ ॥ (ਗੁਰੂ ਗ੍ਰੰਥ, ਪੰਨਾ 7)

ਸ੍ਰਿਸ਼ਟੀ ਦਾ ਸੰਪੂਰਨ ਸੰਚਾਲਨ ਪ੍ਰਭੂ ਦੇ ਦੈਵੀ ਵਿਧਾਨ ਵੱਸ ਹੈ।[9] ਸਭ ਕੁਝ ਪ੍ਰਭੂ ਦੇ 'ਹੁਕਮ' ਅਨੁਸਾਰ ਹੁੰਦਾ ਹੈ; ਤੇ ਉਸੇ ਪ੍ਰਕਾਰ ਹੁੰਦਾ ਹੈ ਜਿਵੇਂ ਉਸਨੂੰ ਭਾਉਂਦਾ ਹੈ :

ਜਿਵ ਤਿਸੁ ਭਾਵੈ ਤਿਵੈਂ ਚਲਾਵੈ ਜਿਵ ਹੋਵੈ ਫੁਰਮਾਣੁ ॥
(ਗੁਰੂ ਗ੍ਰੰਥ, ਪੰਨਾ 7)

ਇਹ 'ਫੁਰਮਾਣੁ' ਨਿਯਮਾਂ ਅਨੁਸਾਰ ਹੁੰਦਾ ਹੈ। ਸ੍ਰਿਸ਼ਟੀ ਪ੍ਰਕ੍ਰਿਤਿਕ ਜਾਂ ਕੁਦਰਤੀ ਨਿਯਮਾਂ ਅਨੁਸਾਰ ਚੱਲ ਰਹੀ ਹੈ, ਅਤੇ ਮਨੁੱਖ ਕਰਮ ਦੇ ਨਿਯਮਾਂ ਅਧੀਨ ਚੱਲ ਰਹੇ ਹਨ।[10]

---

6. ਗੁਰੂ ਗ੍ਰੰਥ, ਪੰਨਾ 4.
7. ਉਹੀ, ਪੰਨਾ 5.
8. ਉਹੀ, ਪੰਨਾ 7.
9. ਹੁਕਮੀ ਹੋਵਨਿ ਆਕਾਰ...॥ (ਉਹੀ, ਪੰਨਾ 1)
10. ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ (ਉਹੀ, ਪੰਨਾ 6,7)

( ਗੁਰੂ ਨਾਨਕ ਧਰਤੀ ਨੂੰ ਇਕ 'ਧਰਮ ਸਾਲਾ' ਮੰਨਦੇ ਹਨ, ਜਿੱਥੇ ਸ੍ਰਿਸ਼ਟੀ ਦੇ ਦੈਵੀ ਤੱਤਾਂ, ਜਿਹਾ ਕਿ ਦਿਨ-ਰਾਤ, ਰੁੱਤਾਂ ਅਤੇ ਹੋਰਨਾਂ ਖੰਡ-ਬ੍ਰਹਮੰਡਾਂ ਵਿਚਕਾਰ ਜੀਵਾਂ ਨੂੰ ਆਪਣੇ ਸਰੀਰਿਕ-ਕਰਮਾਂ ਰਾਹੀਂ ਜੀਵਨ-ਕਰਮਾਂ (ਲੇਖਾਂ) ਨੂੰ ਸੰਵਾਰਨ ਦਾ ਦੁਰਲਭ ਅਵਸਰ ਪ੍ਰਾਪਤ ਹੁੰਦਾ ਹੈ।[11]) ਧਰਤੀ ਦੀ ਸਥਾਪਨਾ ਬਾਰੇ ਅੰਧ-ਵਿਸ਼ਵਾਸ ਕਿ ਉਹ ਬਲਦ ਦੇ ਸਿੰਙਾਂ ਉੱਪਰ ਟਿਕੀ ਹੋਈ ਹੈ, ਦੇ ਸੰਬੰਧ ਵਿਚ ਉਹ ਕਹਿੰਦੇ ਹਨ ਕਿ ਧਰਤੀ ਏਨੀ ਵਿਸ਼ਾਲ ਅਤੇ ਭਾਰੀ ਹੈ ਕਿ ਬਲਦ ਉਸ ਨੂੰ ਚੁੱਕ ਨਹੀਂ ਸਕਦਾ। ਧਰਤੀਆਂ ਵੀ ਤਾਂ ਕਈ ਹਨ। ਫੇਰ ਉਹ ਬਲਦ ਕਿਸ ਦੇ ਆਸਰੇ ਖੜਾ ਹੈ?[12] ਏਵੇਂ ਉਹ ਪਰਮਾਤਮਾ ਤੋਂ ਛੁੱਟ ਕਿਸੇ ਹੋਰ ਜੀਵ ਜਾਂ ਦੇਵ ਨੂੰ ਸ੍ਰਿਸ਼ਟੀ ਦਾ ਰਚਣਹਾਰ ਅਤੇ ਸੰਚਾਲਕ ਮੰਨਣ ਤੋਂ ਇਨਕਾਰ ਕਰਦੇ ਹਨ।

(ਅ) ਮਨੁੱਖ : ਮਨੁੱਖੀ ਸਰੀਰ ਦੀ ਉਤਪੱਤੀ ਅਤੇ ਹੋਰ ਸਰੀਰਕ ਵਿਸ਼ਿਆਂ ਉੱਤੇ ਜਪੁ ਜੀ ਵਿਚ ਕੋਈ ਵੱਖਰਾ ਉੱਲੇਖ ਨਹੀਂ ਮਿਲਦਾ, ਸਿਵਾਏ ਜਗਤ ਵਿਚ ਜੀਵਾਂ ਸੰਬੰਧੀ ਉੱਪਰ ਕਥਿਤ ਧਾਰਣਾ ਦੇ। ਸਰੀਰਕ ਦੁੱਖਾਂ-ਭੁੱਖਾਂ ਨੂੰ ਵੀ, ਇਕ ਪ੍ਰਸੰਗ ਵਿਚ, ਪ੍ਰਭੂ ਦੀ ਦਾਤ ਦੱਸਿਆ ਗਿਆ ਹੈ :

ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥

(ਗੁਰੂ ਗ੍ਰੰਥ, ਪੰਨਾ 5)

ਆਵਾਗੌਣ ਦੇ ਚੱਕਰ ਵਿਚ ਜਿੱਥੇ ਲੱਖਾਂ ਜੂਨਾਂ ਹਨ, ਉੱਥੇ ਮਨੁੱਖੀ ਸਰੀਰ ਪਿਛਲੇ ਕਰਮਾਂ ਦੇ ਲੇਖੇ, ਹਿਸਾਬ ਨਾਲ ਲਿਖੇ ਭਾਗਾਂ ਅਨੁਸਾਰ ਹੀ ਮਿਲਦੇ ਹਨ :

ਕਰਮੀ ਆਵੈ ਕਪੜਾ ... ॥ (ਗੁਰੂ ਗ੍ਰੰਥ, ਪੰਨਾ 2)

ਸਿਵਾਏ ਜਗਤ ਵਿਚ ਜੀਵਾਂ ਸੰਬੰਧੀ ਉਪਰੋਕਤ ਕਥਿਤ ਧਾਰਨਾ ਦੇ ਮਨੁੱਖੀ ਸਰੀਰ ਦੀ ਉਤਪੱਤੀ ਅਤੇ ਹੋਰ ਸਰੀਰਿਕ ਵਿਸ਼ਿਆਂ ਬਾਰੇ ਜਪੁ ਜੀ ਵਿਚ ਹੋਰ ਵੱਖਰਾ ਉਲੇਖ ਨਹੀਂ ਮਿਲਦਾ। ਸਰੀਰਿਕ ਦੁੱਖਾਂ ਆਦਿ ਨੂੰ ਵੀ ਇਕ ਪ੍ਰਸੰਗ ਵਿਚ ਪਰਮਾਤਮਾ ਦੀ ਦਾਤ ਹੀ ਮੰਨਿਆ ਗਿਆ ਹੈ। ਮਨੁੱਖੀ ਭਾਵਨਾਵਾਂ ਦਾ ਜਪੁ ਜੀ ਵਿਚ ਵਰਣਨ ਹੀ ਨਹੀਂ ਕੀਤਾ ਗਿਆ। ਆਰਥਿਕ ਕੀਮਤਾਂ ਨੂੰ ਪ੍ਰਤੱਖ-ਵਿਸ਼ਾ ਨਹੀਂ ਬਣਾਇਆ ਗਿਆ। ਸਿਰਫ਼ ਅਪ੍ਰਤੱਖ ਤੌਰ ਉੱਤੇ ਜ਼ਿਕਰ ਹੈ ਕਿ ਜਿਸ ਦਿਲ ਵਿਚ ਪਰਮਾਤਮਾ ਨਹੀਂ ਵੱਸਦਾ, ਉਹ ਸਮੁੰਦਰਾਂ ਅਤੇ ਪਹਾੜਾਂ ਜਿੰਨੀ ਦੌਲਤ ਹੁੰਦਿਆਂ ਹੋਇਆਂ ਵੀ ਕੀੜੀ ਦੇ ਸਮਾਨ ਤੁੱਛ ਹੈ।[13] ਸੱਤਵੀਂ ਪਉੜੀ ਵਿਚ ਚਰਚਾ ਹੈ ਕਿ ਜਿਸ ਆਦਮੀ ਪਾਸ ਅਧਿਆਤਮਿਕ ਗੁਣ ਨਹੀਂ, ਉਸ ਦੀ ਸਭ ਧਨ-ਦੌਲਤ ਵਿਅਰਥ ਹੈ :

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ (ਗੁਰੂ ਗ੍ਰੰਥ, ਪੰਨਾ 2)

---

11. ਗੁਰੂ ਗ੍ਰੰਥ, ਪੰਨਾ 7.
12. ਉਹੀ, ਪੰਨਾ 3.
13. ਉਹੀ, ਪੰਨਾ 5.

## 2. ਬੌਧਿਕ ਵਰਗ

ਗਿਆਨ ਖੰਡ ਵਿਚ ਗਿਆਨ ਸੰਬੰਧੀ ਵਿਚਾਰ ਮਿਲਦੇ ਹਨ।[14] ਉਸ ਤੋਂ ਇਲਾਵਾ ਵੀ ਜਪੁ ਜੀ ਵਿਚ ਬੌਧਿਕ ਵਿਸ਼ਿਆਂ ਦੀ ਕਿਤੇ ਕਿਤੇ ਚਰਚਾ ਹੈ। ਜਦੋਂ ਮਨੁੱਖ ਹੋਰਨਾਂ ਜੀਵਾਂ ਦੇ ਟਾਕਰੇ ਉੱਤੇ ਬੌਧਿਕ ਤੌਰ ਉੱਪਰ ਪ੍ਰਗਤੀ ਕਰਦਾ ਹੈ ਤਾਂ ਉਸ ਨੂੰ ਆਪਣੇ ਆਲੇ-ਦੁਆਲੇ ਦੀ ਸੋਝੀ ਹੋਣ ਲਗ ਪੈਂਦੀ ਹੈ। ਉਸ ਨੂੰ ਸ੍ਰਿਸ਼ਟੀ, ਭੌਤਿਕ ਜਗਤ, ਸਮਾਜ, ਦੇਵੀ-ਦੇਵਤਿਆਂ ਦੀ ਮਹੱਤਾ, ਬੇਅੰਤਤਾ ਤੇ ਸੁੰਦਰਤਾ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਹ ਆਮ ਜੀਵ ਦੇ ਭੌਤਿਕ ਜੀਵਨ ਵਿਚੋਂ ਨਿਕਲ ਕੇ ਬੌਧਿਕ ਜੀਵਨ ਦੇ ਰਾਗ-ਰੰਗ, ਤਮਾਸ਼ੇ, ਕੌਤਕਾਂ, ਆਦਿ ਦਾ ਆਨੰਦ ਮਾਣਦਾ ਹੈ।

ਵਿੱਦਿਆ ਦੇ ਪ੍ਰਕਾਸ਼ ਦੀ ਗੱਲ, ਗਿਆਨ ਦਾ ਹੀ ਭਾਗ ਹੈ। ਜਪੁ ਜੀ ਵਿਚ ਅੱਖਰ (ਭਾਸ਼ਾ, ਗਿਆਨ) ਨੂੰ ਬਹੁਤ ਮਹਤ੍ਵ ਦਿੱਤਾ ਗਿਆ ਹੈ :

> ਅਖਰੀ ਗਿਆਨੁ ਗੀਤ ਗੁਣ ਗਾਹ ॥
> ਅਖਰੀ ਲਿਖਣੁ ਬੋਲਣੁ ਬਾਣਿ ॥
> ਅਖਰਾ ਸਿਰਿ ਸੰਜੋਗੁ ਵਖਾਣਿ ॥ (ਗੁਰੂ ਗ੍ਰੰਥ, ਪੰਨਾ 4)

ਗਿਆਨ-ਪ੍ਰਾਪਤ ਮਨੁੱਖ ਸ੍ਰਿਸ਼ਟੀ ਦੇ ਸਿਰਜਣ ਤੇ ਸੰਚਾਲਨ ਦੇ ਰਹੱਸਾਂ ਨੂੰ ਸਮਝਣ ਦਾ ਜਤਨ ਕਰਦਾ ਹੈ, ਪਰ ਉਸ ਤੇ ਪਰਮਾਤਮਾ ਦੀ ਮਿਹਰ ਜ਼ਰੂਰੀ ਹੈ। ਜੋਗ-ਮਤ ਦਾ ਖੰਡਨ ਕਰਦੇ ਹੋਏ ਗੁਰੂ ਜੀ ਜਪੁ ਜੀ ਵਿਚ ਕਹਿੰਦੇ ਹਨ ਕਿ ਗਿਆਨ ਹੀ ਗੁਰਮੁਖ ਦਾ ਆਹਾਰ ਹੋਣਾ ਚਾਹੀਦਾ ਹੈ।[15]

ਗਿਆਨ ਦੇ ਮੂਲ ਤੱਤ ਸਤਿ ਦੇ ਸੰਦਰਭ ਵਿਚ ਜਪੁ ਜੀ ਵਿਚ ਸਿਰਫ਼ ਪਰਮਾਤਮਾ ਦੀ ਸੱਤਤਾ ਬਾਰੇ ਹੀ ਵਿਚਾਰ ਮਿਲਦੇ ਹਨ। ਬ੍ਰਹਮ ਆਰੰਭ ਤੋਂ, ਜੁਗਾਂ-ਜੁਗਾਂਤਰਾਂ ਤੋਂ, ਸਤਿ ਹੈ, ਹੁਣ ਵੀ ਸਤਿ ਹੈ ਅਤੇ ਸਦਾ ਸਤਿ ਰਹੇਗਾ।[16] ਭਾਵ ਉਸ ਦੀ ਹੋਂਦ ਸਤਿ ਅਤੇ ਸਦੀਵੀ ਹੈ, ਸੁਫ਼ਨਾ ਜਾਂ ਵਕਤੀ ਨਹੀਂ। ਉਹ ਆਪ ਵੀ ਸੱਚਾ, ਸੁਚਾ ਅਤੇ ਗੁਣਵੰਤ ਹੈ ਅਤੇ ਉਸ ਦੀ ਉਸਤਤਿ ਤੇ ਭਗਤੀ ਵੀ। ਉਸ ਦਾ ਘਰ; ਦਰਬਾਰ ਵੀ ਸੱਚਾ ਅਤੇ ਉੱਚਤਮ ਹੈ :

> ਸਚਾ ਆਪਿ ਸਚਾ ਦਰਬਾਰੁ ॥ (ਗੁਰੂ ਗ੍ਰੰਥ, ਪੰਨਾ 7)

ਇਸ ਪ੍ਰਕਾਰ ਜਪੁ ਜੀ ਵਿਚ ਸਤਿ ਨੂੰ ਸਦੀਵੀ ਮੰਨਿਆ ਹੈ ਅਤੇ ਉਸ ਦੇ ਗਿਆਨ ਨੂੰ ਆਵੱਸ਼ਕ ਅਤੇ ਮਹਤ੍ਵਪੂਰਨ।

## 3. ਸੁਹਜਾਤਮਕ ਵਰਗ

ਅਗਲਾ ਪੜਾਅ ਹੈ ਰਚਨਾ ਦੀ ਸੁੰਦਰਤਾ ਦਾ ਗਿਆਨ, ਜੋ ਜੀਵ ਦੇ ਦਿਲ ਵਿਚ ਰਚਣਹਾਰ ਬਾਰੇ ਵਿਸਮਾਦ, ਉਤਸੁਕਤਾ ਤੇ ਤਾਂਘ ਪੈਦਾ ਕਰਦਾ ਹੈ। ਆਤਮ-ਪ੍ਰਗਤੀ ਦੇ

---

14. ਗੁਰੂ ਗ੍ਰੰਥ, ਪੰਨਾ 7.
15. ਭੁਗਤਿ ਗਿਆਨੁ ਦਇਆ ਭੰਡਾਰਣਿ...॥ (ਉਹੀ, ਪੰਨਾ 6)
16. ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਉਹੀ, ਪੰਨਾ 1)

ਇਸ ਪੜਾਅ ਨੂੰ ਗੁਰੂ ਜੀ ਸਰਮ ਖੰਡ ਆਖਦੇ ਹਨ ।[17] ਸ੍ਰਿਸ਼ਟੀ ਦੀ ਰਚਨਾ, ਸੰਚਾਲਨ ਦੇ ਦੈਵੀ ਵਿਧਾਨ, ਇਸ ਦੇ ਸਿਰਜਣਹਾਰ, ਪਾਲਕ ਦੀ ਅਲੌਕਿਕ ਸੁੰਦਰਤਾ ਦੀ ਖਿੱਚ, ਅਤੇ ਆਤਮਾ ਦੇ ਮੁੜ ਪਰਮਾਤਮਾ ਨਾਲ ਮਿਲਾਪ ਦੀ ਤਾਂਘ, [ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦਾ ਧਿਆਨ ਪੈਦਾ ਕਰਦੀ ਹੈ । ਇਹ ਬੌਧਿਕਤਾ ਦੇ ਸਿਖ਼ਰ ਭਾਵ ਅਧਿਆਤਮਿਕ ਗਿਆਨ ਦੀ ਅਵਸਥਾ ਹੈ । ਇਸ ਅਵਸਥਾ ਵਿਚ ਮੁਕਤੀ ਪ੍ਰਾਪਤ ਕਰਨ ਯੋਗ ਆਤਮਾ ਤਿਆਰ ਹੁੰਦੀ ਹੈ, ਘੜੀ ਜਾਂਦੀ ਹੈ ਅਤੇ ਸੱਚੇ ਗੁਰੂ ਦਾ ਆਸਰਾ ਢੂੰਡਦੀ ਹੈ :

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ (ਗੁਰੂ ਗ੍ਰੰਥ, ਪੰਨਾ 8)

ਪਰਮਾਤਮਾ ਦੀ ਸੁੰਦਰਤਾ[18] ਅਤੇ ਆਨੰਦ-ਮਈ ਸਰੂਪ[19] ਦੀ ਚਰਚਾ ਜਪੁ ਜੀ ਵਿਚ ਵਾਰ ਵਾਰ ਮਿਲਦੀ ਹੈ । ਗੁਰੂ ਜੀ ਪਰਮਾਤਮਾ ਦੇ ਘਰ ਦੀ ਸੁੰਦਰਤਾ ਦੀ ਚਰਚਾ ਜਪੁ ਜੀ ਵਿਚ ਕਰਦੇ ਹੋਏ ਕਹਿੰਦੇ ਹਨ ਕਿ ਉਸ ਦਾ ਦਰ-ਘਰ ਬੜਾ ਹੀ ਅਸਚਰਜ-ਜਨਕ ਹੈ ਜਿਥੇ ਬੈਠਾ ਪਰਮਾਤਮਾ ਜੀਵਾਂ ਦੀ ਸੰਭਾਲ ਕਰਦਾ ਹੈ ।[20] ਪਰਮਾਤਮਾ ਦੀ ਰਚੀ ਹੋਈ ਕੁਦਰਤ ਅੰਦਰ ਜੀਵ ਵਲੋਂ ਪ੍ਰਭੂ-ਸਾਧਨਾ ਵਿਚ ਅਸੰਖ ਪ੍ਰਕਾਰ ਦੇ ਜਪੁ ਚਲਦੇ ਹਨ; ਅਸੰਖ ਭਾਵ, ਭਾਵਨਾਵਾਂ ਚਲਦੀਆਂ ਹਨ; ਅਨੇਕ ਪ੍ਰਕਾਰ ਦੀ ਪੂਜਾ ਚਲਦੀ ਹੈ; ਭਾਂਤ ਭਾਂਤ ਦੇ ਸੇਵਾ-ਕਾਰਜ ਕੀਤੇ ਜਾਂਦੇ ਹਨ; ਅਸੰਖ ਗ੍ਰੰਥਾਂ ਦਾ ਪਾਠ ਕੀਤਾ ਜਾਂਦਾ ਹੈ; ਅਸੰਖ ਜੋਗੀ ਹਨ, ਅਸੰਖ ਭਗਤ ਹਨ ਜੋ ਭਗਵਾਨ ਦਾ ਜਾਪ ਕਰਦੇ ਹਨ; ਅਸੰਖ ਸਤੀ ਅਤੇ ਅਸੰਖ ਦਾਨੀ ਹਨ; ਅਸੰਖ ਸੂਰਬੀਰ ਹਨ ਜੋ ਸਮਾਜ ਦੀ ਰੱਖਿਆ ਲਈ ਆਪਣਾ ਬਲੀਦਾਨ ਦੇਂਦੇ ਹਨ; ਅਸੰਖ ਮੋਨੀ ਇੰਦ੍ਰੀਆਂ, ਮਨ ਅਤੇ ਬੁੱਧੀ ਨੂੰ ਆਤਮਾ ਵਿਚ ਲੀਨ ਕਰਦੇ ਹਨ । ਇਸ ਪ੍ਰਕਾਰ ਸਾਧਕਾਂ ਅਤੇ ਸਾਧਨਾਂ ਦੀਆਂ ਅਨੇਕ ਕਿਸਮਾਂ ਹਨ ।[21]

ਸਮਾਜ ਅੰਦਰ ਅਨੇਕ ਪ੍ਰਕਾਰ ਦੇ ਦੁਰਾਚਾਰ ਚਲਦੇ ਹਨ; ਸਮਾਜ ਵਿਚ ਅਸੰਖ ਮੂਰਖ਼ ਘੋਰ ਅਗਿਆਨ ਦੇ ਸੰਘਣੇ ਹਨੇਰੇ ਵਿਚ ਪਏ ਹਨ; ਅਨੇਕ ਹਰਾਮ ਖਾਣ ਵਾਲੇ ਤੇ ਚੋਰ ਉਚੱਕੇ ਹਨ; ਅਨੇਕ ਲੋਕ ਪਰਜਾ ਦਾ ਸ਼ੋਸ਼ਣ ਕਰਦੇ ਹਨ ਅਤੇ ਕਈ ਲੋਕਾਂ ਦਾ ਗਲਾ ਵੱਢ ਕੇ ਧੰਨ ਕਮਾਉਂਦੇ ਹਨ, ਅਸੰਖ ਪਾਪੀ ਪਾਪ ਕਰਦੇ ਹਨ; ਅਸੰਖ ਲੋਕ ਝੂਠੇ ਹਨ । ਅਨੇਕ ਨਿੰਦਕ, ਚੋਰ ਤੇ ਹਰਾਮਖੋਰ ਹਨ ।[22]

ਜਿਸ ਪਰਮਾਤਮਾ ਦੀ ਰਚੀ ਸ੍ਰਿਸ਼ਟੀ ਵਿਚ ਚੰਗਿਆਈਆਂ ਅਤੇ ਬੁਰਿਆਈਆਂ ਦੋਵੇਂ ਹਨ, ਉਸ ਪਰਮਾਤਮਾ ਦੇ ਅਨੇਕ ਨਾਮ, ਅਨੇਕ ਥਾਂਵ ਅਤੇ ਅਨੇਕ ਲੋਕ ਹਨ । ਪਰ ਜੋ ਵੀ

---

17. ਗੁਰੂ ਗ੍ਰੰਥ, ਪੰਨਾ 8.
18. ਕੇਤਾ ਤਾਣੁ ਸੁਆਲਿਹੁ ਰੂਪੁ ॥ (ਉਹੀ, ਪੰਨਾ 3)
19. ਸਤਿ ਸੁਹਾਣੁ ਸਦਾ ਮਨਿ ਚਾਉ ॥ (ਉਹੀ, ਪੰਨਾ 4)
20. ਉਹੀ, ਪੰਨਾ 6.
21. ਉਹੀ, ਪੰਨਾ 3-4.
22. ਉਹੀ, ਪੰਨਾ 4.

ਹੈ ਸਭ ਉਸੇ ਦਾ ਨਾਮ ਹੀ ਨਾਮ ਹੈ,[23] ਉਸੇ ਦਾ ਹੀ ਰੂਪ ।

## 4. ਨੈਤਿਕ ਵਰਗ

ਨੈਤਿਕਤਾ ਜਪੁ ਜੀ ਦੇ ਕਰਮ ਖੰਡ ਦਾ ਵਿਸ਼ਾ ਹੈ ।[24] ਆਤਮ-ਪ੍ਰਗਤੀ ਦੇ ਇਸ ਪੜਾਅ ਦਾ ਦਰਸ਼ਨ ਹੈ ਜ਼ੋਰ, ਆਤਮ ਬਲ ਜਾਂ ਸਵੈ-ਸੰਜਮ । ਇਸਦੇ ਸਹਾਰੇ ਮਨੁੱਖ ਚੰਗੇ ਗੁਣ ਗ੍ਰਹਿਣ ਕਰ ਕੇ ਜੋਧਾ, ਮਹਾਬਲੀ, ਸੂਰਮਾ ਅਤੇ ਚੰਗਾ ਇਨਸਾਨ ਬਣਦਾ ਹੈ । ਉਸ ਦੇ ਇਹ ਗੁਣ ਸਮਾਜ ਦੇ ਭਲੇ ਲਈ ਕੰਮ ਆਉਂਦੇ ਹਨ । ਅਜਿਹੇ ਮਨੁਖ ਦੀ ਰੁਚੀ ਸਮਾਜ ਦੀ ਉੱਨਤੀ ਵਲ ਹੁੰਦੀ ਹੈ । ਉਹ ਪ੍ਰਭੂ ਭਗਤੀ ਵਿਚ ਲੀਨ ਰਹਿੰਦਾ ਹੈ ਪਰ ਸੰਸਾਰ ਤੋਂ ਉਦਾਸੀਨ ਨਹੀਂ ਹੁੰਦਾ । ਉਹ ਆਨੰਦ-ਮਈ ਅਵਸਥਾ ਵਿਚ ਰਹਿੰਦਾ ਹੈ, ਭਗਤੀ ਨੇਕ ਗੁਣ ਗ੍ਰਹਿਣ ਕੀਤੇ ਬਿਨਾ ਨਹੀਂ ਹੁੰਦੀ :

ਵਿਣੁ ਗੁਣ ਕੀਤੇ ਭਗਤਿ ਨ ਹੋਇ ॥ (ਗੁਰੂ ਗ੍ਰੰਥ, ਪੰਨਾ 4)

ਗੁਰੂ ਜੀ ਅਨੁਸਾਰ ਸਾਰੇ ਗੁਣਾ ਦਾ ਖ਼ਜ਼ਾਨਾ ਪਰਮਾਤਮਾ ਹੈ ।[25] ਸਾਰੇ ਗੁਣ ਪਰਮਾਤਮਾ ਵਿਚ ਹਨ, ਮਨੁੱਖ ਵਿਚ ਨਹੀਂ ।[26] ਮਨੁੱਖ ਲਈ ਪਰਮਾਤਮਾ ਆਦਰਸ਼ ਹੈ, ਇਸ ਕਾਰਨ ਮਨੁੱਖ ਪਰਮਾਤਮਾ ਤੋਂ ਹੀ ਸਾਰੇ ਗੁਣ ਪ੍ਰਾਪਤ ਕਰਦਾ ਹੈ । ਇਸ ਕੰਮ ਵਿਚ ਗੁਰੂ ਉਸ ਦੀ ਸਹਾਇਤਾ ਕਰਦਾ ਹੈ ।[27] ਅਰਥਾਤ ਗੁਰੂ, ਆਦਰਸ਼ ਤਕ ਪਹੁੰਚਾਉਣ ਵਾਲੇ ਮਾਰਗ ਦਾ ਮਾਰਗ-ਦਰਸ਼ਕ ਜਾਂ ਮਧਿਆਤਾ ਹੈ । ਇਨ੍ਹਾਂ ਦੇ ਦੱਸੇ ਮਾਰਗ ਉੱਤੇ ਚੱਲ ਕੇ ਇਨਸਾਨ ਜੋ ਕਰਮ ਕਰਦਾ ਹੈ, ਧਰਜ-ਰਾਜ ਉਨ੍ਹਾਂ ਦਾ ਲੇਖਾ ਜੋਖਾ ਰੱਖਦਾ ਹੈ ਅਤੇ ਅੰਤ ਵਿਚ ਮਨੱਖ ਦਾ ਉਨ੍ਹਾਂ ਅਨੁਸਾਰ ਹੀ ਨਬੇੜਾ ਹੁੰਦਾ ਹੈ ।[28] ਇਸ ਪ੍ਰਕਾਰ ਪੁੰਨ ਅਤੇ ਪਾਪ ਸਿਰਫ਼ ਆਖਣ ਨੂੰ ਹੀ ਨਹੀਂ ਹਨ ਬਲਕਿ ਉਨ੍ਹਾਂ ਅਨੁਸਾਰ ਹੀ ਮਨੁੱਖ ਦੇ ਭਾਗ ਲਿਖੇ ਜਾਂਦੇ ਹਨ । ਕਰਮਾਂ ਅਨੁਸਾਰ ਹੀ ਆਵਾਗੌਣ ਦਾ ਚੱਕਰ ਚਲਦਾ ਹੈ ।[29] ਮਨੁੱਖੀ ਜੂਨ ਵੀ ਚੰਗੇ ਕਰਮਾਂ ਦਾ ਹੀ ਫ਼ਲ ਹੈ । ਬਿਨਾਂ ਚੰਗੇ ਕਰਮਾਂ ਦੇ ਕੁਝ ਵੀ ਨਸੀਬ ਨਹੀਂ ਹੁੰਦਾ ।[30] ਕਰਮਾਂ ਅਨੁਸਾਰ ਹੀ ਆਤਮਾ ਪ੍ਰਭੂ ਦੇ ਦਰ ਤੋਂ ਨੇੜੇ ਜਾਂ ਦੂਰ ਹੁੰਦੀ ਹੈ :

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ (ਗੁਰੂ ਗ੍ਰੰਥ, ਪੰਨਾ 8)

ਧਰਮ ਦੇ ਵਿਸ਼ੇ ਦੇ ਸੰਦਰਭ ਵਿਚ ਧਾਰਮਿਕ ਕਰਮ-ਕਾਂਡਾਂ ਦੀ ਨਿੰਦਿਆ ਕੀਤੀ ਗਈ

---

23. ਗੁਰੂ ਗ੍ਰੰਥ, ਪੰਨਾ 4.
24. ਉਹੀ, ਪੰਨਾ 8.
25. ਨਾਨਕ ਗਾਵੀਐ ਗੁਣੀ ਨਿਧਾਨੁ ॥ (ਉਹੀ, ਪੰਨਾ 2)
26. ਸਭਿ ਗੁਣ ਤੇਰੇ ਮੈ ਨਾਹੀ ਕੋਇ ॥ (ਉਹੀ, ਪੰਨਾ 4)
27. ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ (ਉਹੀ, ਪੰਨਾ 2)
28. ਉਹੀ, ਪੰਨਾ 7.
29. ਉਹੀ, ਪੰਨਾ 4.
30. ਜੇਤੀ ਸਿਰਠਿ ਉਪਾਈ ਵੇਖਾ...॥ (ਉਹੀ, ਪੰਨਾ 2)

ਹੈ । ਤੀਰਥਾਂ, ਤਪਾਂ, ਦਾਨਾਂ,[31] ਰਸਮੀ ਇਸ਼ਨਾਨਾਂ,[32] ਆਦਿਕ ਦਾ ਖੰਡਨ ਕੀਤਾ ਗਿਆ ਹੈ । ਮੂਰਤੀ-ਪੂਜਾ ਦੀ ਵਿਅਰਥਤਾ ਨੂੰ ਦਰਸਾਉਣ ਲਈ ਕਿਹਾ ਹੈ ਕਿ ਪ੍ਰਭੂ ਕਿਸੇ ਹੋਰ ਦੇ ਹੱਥੀਂ ਨਾ ਹੀ ਸਿਰਜਿਆ ਜਾ ਸਕਦਾ ਹੈ ਨਾ ਹੀ ਥਾਪਿਆ ਜਾ ਸਕਦਾ ਹੈ :

ਥਾਪਿਆ ਨਾ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥ (ਗੁਰੂ ਗ੍ਰੰਥ, ਪੰਨਾ 2)

ਜਪੁ ਜੀ ਦੀਆਂ ਦੋ ਪ੍ਰਮੁੱਖ ਧਾਰਣਾਵਾਂ ਅਧਿਆਤਮਿਕਤਾ ਅਤੇ ਨੈਤਿਕਤਾ ਹਨ । ਅਧਿ-ਆਤਮਿਕ ਅਵਸਥਾ ਦੀ ਪ੍ਰਾਪਤੀ ਲਈ ਉੱਦਮ, ਨੈਤਿਕ ਕਰਮ ਹੈ । ਇਸ ਤਰ੍ਹਾਂ ਗੁਰੂ ਜੀ ਨੇ ਜਪੁ ਜੀ ਵਿਚ ਨੈਤਿਕਤਾ ਨੂੰ ਅਧਿਆਤਮਿਕ ਪ੍ਰਾਪਤੀ ਦਾ ਸਾਧਨ ਬਣਾਇਆ ਹੈ ।

## 5. ਅਧਿਆਤਮਿਕ ਵਰਗ

ਅਧਿਆਤਮਿਕਤਾ ਜਪੁ ਜੀ ਦਾ ਪ੍ਰਧਾਨ ਵਿਸ਼ਾ ਹੈ । ਇਸ ਲਈ ਸੁਭਾਵਿਕ ਤੌਰ ਉੱਤੇ ਪਰਮਾਤਮਾ ਦੇ ਸਰੂਪ, ਪ੍ਰਕਿਰਤੀ, ਗੁਣਾਂ, ਬੇਅੰਤਤਾ, ਉਸਤਤਿ, ਆਦਿਕ ਦਾ ਉੱਲੇਖ ਮਿਲਦਾ ਹੈ । ਉਸ ਨਾਲ ਮੇਲ, ਭਾਵ ਮੁਕਤੀ, ਮੁਕਤੀ ਦੇ ਸਾਧਨਾਂ, ਮੁਕਤੀ ਲਈ ਗੁਰੂ ਦੀ ਮਹੱਤਾ, ਮੁਕਤੀ ਵੱਲ ਆਤਮ-ਪ੍ਰਗਤੀ ਦੇ ਪੜਾਅ ਅਤੇ ਮੁਕਤੀ ਲਈ ਪਰਮਾਤਮਾ ਦੀ ਕਿਰਪਾ ਦੀ ਆਵੱਸ਼ਕਤਾ ਨਾਲ ਸੰਬੰਧਿਤ ਵਿਚਾਰ ਵੀ ਜਪੁ ਜੀ ਵਿਚ ਪ੍ਰਾਪਤ ਹਨ, ਪਰ ਆਤਮਾ ਦੀ ਪ੍ਰਕ੍ਰਿਤੀ, ਮਾਇਆ, ਸਿੱਖ ਧਰਮ ਦੀ ਰੂਪ-ਰੇਖਾ ਅਤੇ ਦੂਜੇ ਧਰਮਾਂ ਬਾਰੇ ਵੇਰਵੇ-ਸਹਿਤ ਟਿੱਪਣੀ ਨਹੀਂ ਮਿਲਦੀ ।

(ੳ) ਆਤਮਾ : ਆਤਮਾ ਦੀ ਪ੍ਰਕ੍ਰਿਤੀ, ਉਤਪੱਤੀ ਅਤੇ ਸੋਮੇ ਆਦਿਕ ਬਾਰੇ ਵਿਸਤ੍ਰਿਤ ਵੇਰਵਾ ਜਪੁ ਜੀ ਵਿਚ ਪ੍ਰਾਪਤ ਨਹੀਂ । ਇਹ ਕਿਹਾ ਗਿਆ ਹੈ ਕਿ ਜੀਵ-ਆਤਮਾ ਪਰਮਾਤਮਾ ਦਾ ਹੀ ਰੂਪ ਹੈ ।[33] ਆਤਮਾ ਪਰਮਾਤਮਾ ਦਾ ਹੀ ਅੰਗ ਹੈ ਪਰ ਦੋਹਾਂ ਵਿਚ ਮਾਇਆ[34] ਦਾ ਪਰਦਾ ਹੈ, ਜਿਸ ਕਾਰਨ ਪਰਮਾਤਮਾ ਨੂੰ ਤਾਂ ਆਤਮਾ ਦੀ ਸੋਝੀ ਰਹਿੰਦੀ ਹੈ ਪਰ ਆਤਮਾ ਨੂੰ ਪਰਮਾਤਮਾ ਦੀ ਨਹੀਂ ।[35] ਇਸ ਪਰਦੇ ਦਾ ਭੇਦ ਭਗਤੀ ਨਾਲ ਸਮਝ ਆਉਂਦਾ ਹੈ :

ਸੁਣਿਐ ਜੋਗ ਜੁਗਤਿ ਤਨਿ ਭੇਦ ॥ (ਗੁਰੂ ਗ੍ਰੰਥ, ਪੰਨਾ 2)

ਜਦੋਂ ਇਹ ਪਰਦਾ ਹਟਦਾ ਹੈ, ਮਨੁੱਖ ਗੁਰਮੁਖ ਮੰਨਿਆ ਜਾਂਦਾ ਹੈ ਅਤੇ ਆਤਮਾ

---

31. ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥ (ਗੁਰੂ ਗ੍ਰੰਥ, ਪੰਨਾ 4)
32. ਤੀਰਥਿ ਨਾਵਾ ਜੇ ਤਿਸੁ ਭਾਵਾ...॥ (ਉਹੀ, ਪੰਨਾ 2)
33. ਨਦੀਆ ਅਤੇ ਵਾਹ ਜਿਵੇਂ ਸਮੁੰਦਰ ਵਿਚ ਪੈਣ ਦੇ ਬਾਵਜੂਦ ਪੂਰੇ ਸਮੁੰਦਰ ਦੀ ਸਾਰ ਨਹੀਂ ਜਾਣਦੇ ਤਿਵੇਂ ਹੀ ਆਤਮਾ, ਪਰਮਾਤਮਾ ਵਿਚ ਹੀ ਜਾ ਮਿਲਦੀ ਹੈ ਪਰ ਉਸ ਦੀ ਸਾਰ ਨਹੀਂ ਜਾਣਦੀ । (ਉਹੀ, ਪੰਨਾ 5)
34. ਉਹੀ, ਪੰਨਾ 1.
35. ਉਹੀ, ਪੰਨਾ 7.

ਮੁਕਤੀ ਦੀ ਭਾਗੀ ਬਣਦੀ ਹੈ ।[36] ਆਤਮਾ ਲਈ ਮੁਕਤੀ ਦਾ ਅਰਥ ਹੈ ਬਾਰ ਬਾਰ ਦੇਹ ਧਾਰਣ ਕਰਨ ਭਾਵ ਆਵਾਗੌਣ ਜਾਂ ਪੁਨਰ ਜਨਮ ਤੋਂ ਛੁਟਕਾਰਾ । ਸਰੀਰ ਅਤੇ ਆਤਮਾ ਦਾ ਸੰਜੋਗ-ਵਿਜੋਗ ਹੀ ਸਾਰੀ ਲੀਲਾ ਦਾ ਤੱਤ ਹੈ, ਜੋ ਹਰ ਇਕ ਦੇ ਕਰਮਾਂ ਅਨੁਸਾਰ ਲਿਖੇ ਭਾਗਾਂ ਦੇ ਨਿਯੰਤ੍ਰਣ ਅਧੀਨ ਹੁੰਦਾ ਹੈ ।[37] ਇਸੇ ਆਧਾਰ ਉਤੇ ਪਰਮਾਤਮਾ ਆਪਣੇ ਹੁਕਮ (ਕਰਮਾਂ ਦੇ ਨਿਯਮ) ਅਨੁਸਾਰ ਕਈਆਂ ਨੂੰ ਆਵਾਗੌਣ ਤੋਂ ਮੁਕਤ ਕਰ ਦਿੰਦਾ ਹੈ ਅਤੇ ਕਈ ਇਸ ਚੱਕਰ ਵਿਚ ਭੌਂਦੇ ਹੀ ਰਹਿੰਦੇ ਹਨ ।[38]

ਜੋ ਭਾਗ ਜਾਂ ਲੇਖ ਪਰਮਾਤਮਾ ਦੀ ਕਲਮ ਦੁਆਰਾ ਲਿਖ ਦਿੱਤੇ ਜਾਂਦੇ ਹਨ, ਸ੍ਰਿਸ਼ਟੀ ਵਿਚ ਕਿਸੇ ਨੂੰ, ਉਨ੍ਹਾਂ ਤੋਂ ਇਲਾਵਾ ਕੁਝ ਪ੍ਰਾਪਤ ਨਹੀਂ ਹੁੰਦਾ ।[39] ਦੇਹ, ਸੰਜੋਗ, ਵਿਜੋਗ, ਜਨਮ-ਮਰਣ, ਸਭ ਇਨ੍ਹਾਂ ਹੀ ਕਰਮਾਂ ਜਾਂ ਭਾਗਾਂ ਅਨੁਸਾਰ ਹੁੰਦਾ ਹੈ ।

(ਅ) ਮੁਕਤੀ ਦੇ ਸਾਧਨ : ਭਾਣਾ ਮੰਨਣਾ : ਮੁਕਤੀ ਕੇਵਲ ਮਨੁੱਖੀ ਜਤਨਾਂ ਰਾਹੀਂ ਪ੍ਰਾਪਤ ਨਹੀਂ ਹੋ ਸਕਦੀ ।[40] ਆਵਾਗੌਣ ਪ੍ਰਭੂ ਦੇ ਹੁਕਮਾਂ ਰਾਹੀਂ ਹੁੰਦਾ ਹੈ ਅਤੇ ਉਸ ਦੇ ਹੁਕਮ ਨਾਲ ਹੀ ਟੁੱਟਦਾ ਹੈ ।[41] ਮੁਕਤੀ ਤਾਂ ਹੀ ਪ੍ਰਾਪਤ ਹੁੰਦੀ ਹੈ ਜੇਕਰ ਪ੍ਰਭੂ ਨੂੰ ਭਾਵੇ ਅਤੇ ਪ੍ਰਭੂ ਦੀ ਇੱਛਾ ਹੋਵੇ; ਸੋ ਉਸਦਾ ਭਾਣਾ ਮੰਨਣਾ ਹੀ ਉਚਿਤ ਹੈ :

ਬੰਦਿ ਖਲਾਸੀ ਭਾਣੈ ਹੋਇ ॥
ਹੋਰੁ ਆਖਿ ਨ ਸਕੈ ਕੋਇ ॥ (ਗੁਰੂ ਗ੍ਰੰਥ, ਪੰਨਾ 5)

ਗਿਆਨ ਤੇ ਨੈਤਿਕ ਕਰਮ : ਗਿਆਨ, ਖ਼ਾਸ ਕਰਕੇ ਬ੍ਰਹਮ-ਗਿਆਨ ਅਤੇ ਨੈਤਿਕ ਕਰਮ ਮੁਕਤੀ ਪ੍ਰਾਪਤੀ ਲਈ ਆਵਸ਼ਕ ਸਾਧਨ ਮੰਨੇ ਗਏ ਹਨ । ਇਨ੍ਹਾਂ ਲਈ ਲੋੜੀਂਦਾ ਗਿਆਨ, ਗੁਰੂ-ਸਿਖਿਆ ਰਾਹੀਂ ਹੀ ਪ੍ਰਾਪਤ ਹੁੰਦਾ ਮੰਨਿਆ ਗਿਆ ਹੈ[42] ਅਤੇ ਕਿਹਾ ਹੈ ਕਿ ਨੈਤਿਕ ਕਰਮ ਅਤੇ ਗੁਣ ਹੀ ਆਤਮਾ ਨੂੰ ਮੁਕਤੀ ਦੇ ਹੱਕਦਾਰ ਬਣਾਉਂਦੇ ਹਨ । ਦੇਵੀਆਂ-ਦੇਵਤੇ ਵੀ ਗੁਰੂ ਹਨ ਅਤੇ ਗੁਰੂ ਹੀ ਆਤਮਾ, ਪਰਮਾਤਮਾ ਦੀ ਸੋਝੀ ਦੇਂਦਾ ਹੈ ।[43] ਗੁਰੂ ਆਪ ਵੀ ਮੁਕਤੀ ਪ੍ਰਾਪਤ ਕਰਦਾ ਹੈ ਅਤੇ ਹੋਰਨਾਂ ਨੂੰ ਵੀ ਪ੍ਰਾਪਤ ਕਰਵਾਉਂਦਾ ਹੈ :

ਮੰਨੈ ਤਰੈ ਤਾਰੇ ਗੁਰੁ ਸਿਖ ॥ (ਗੁਰੂ ਗ੍ਰੰਥ, ਪੰਨਾ 3)

---

36. ਗੁਰੂ ਗ੍ਰੰਥ, ਪੰਨਾ 1.
37. ਉਹੀ, ਪੰਨਾ 7.
38. ਉਹੀ, ਪੰਨਾ 1 ਤੇ 4.
39. ਉਹੀ, ਪੰਨਾ 3.
40. ਜੋਰੁ ਨ ਜੁਗਤੀ ਛੁਟੈ ਸੰਸਾਰੁ ॥ (ਉਹੀ, ਪੰਨਾ 7)
41. ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ (ਉਹੀ, ਪੰਨਾ 1)
42. ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ (ਉਹੀ, ਪੰਨਾ 2)
43. ਉਹੀ, ਪੰਨਾ 2.

ਭਗਤੀ : ਮਨੁੱਖ ਪਾਸ ਚਾਹੇ ਲੱਖ ਦੌਲਤਾਂ ਹੋਣ ਪਰ ਫ਼ੇਰ ਵੀ ਉਸ ਦਾ ਜੀਵਨ ਪ੍ਰਭੂ-ਭਗਤੀ ਬਿਨਾ ਨਿਰਾਰਥਕ ਹੀ ਹੁੰਦਾ ਹੈ ।[44] ਕਰਮ-ਕਾਂਡੀ, ਤੀਰਥ-ਇਸ਼ਨਾਨ, ਜਪ-ਤਪ, ਦਾਨ-ਪੁੰਨ, ਆਦਿਕ ਰਾਹੀਂ ਵੀ ਮਾਣ ਪ੍ਰਾਪਤ ਨਹੀਂ ਕਰ ਸਕਦੇ ।[45] ਸਿਰਫ਼ ਪ੍ਰਭੂ ਭਗਤੀ ਰਾਹੀ ਹੀ ਮਨੁੱਖ ਸੱਚਾ ਮਾਣ ਪ੍ਰਾਪਤ ਕਰ ਸਕਦਾ ਹੈ ਅਤੇ ਇਵੇਂ ਦੁੱਖਾਂ ਦੇ ਨਾਸ ਅਤੇ ਸੁੱਖ ਦੇ ਵਰਤਾਰੇ ਰਾਹੀਂ ਜੀਵਨ ਮੁਕਤੀ ਪ੍ਰਾਪਤ ਕਰਦਾ ਹੈ ।[46] ਪ੍ਰਭੂ-ਭਗਤ ਹੀ ਜੀਵਨ ਮੁਕਤੀ ਪ੍ਰਾਪਤ ਕਰਦੇ ਹਨ ਅਤੇ ਸਦਾ ਖੁਸ਼ਹਾਲ ਰਹਿੰਦੇ ਹਨ ।[47] ਨਾਮ-ਭਗਤੀ, ਪਾਪ ਦੂਰ ਕਰ ਕੇ, ਆਤਮਾਵਾਂ ਨੂੰ ਸਾਫ਼ ਕਰ ਦੇਂਦੀ ਹੈ, ਜਿਵੇਂ ਤਨ ਦੇ ਕਪੜੇ ਧੋਣ ਨਾਲ ਸਾਫ਼ ਹੋ ਜਾਂਦੇ ਹਨ ।[48] ਜਪੁ ਜੀ ਵਿਚ ਭਗਤੀ ਦੇ ਅਸੰਖ ਢੰਗ, ਮੱਤ ਅਤੇ ਗ੍ਰੰਥ ਦੱਸੇ ਹਨ ।[49] ਪਰ ਸੱਚੇ ਕ੍ਰਿਪਾਲੂ ਬ੍ਰਹਮ ਦੀ ਸੋਝੀ ਅਤੇ ਮਿਹਰ ਪ੍ਰਾਪਤ ਕਰਨ ਲਈ ਸਭ ਤੋਂ ਉੱਤਮ ਭਗਤੀ, ਉਸ ਦੇ ਨਾਮ ਦਾ ਗਿਆਨ, ਧਿਆਨ ਅਤੇ ਜਾਪ ਹੀ ਹੈ ।[50]

ਨਾਮ ਸ਼ਬਦ ਜਪੁ ਜੀ ਵਿਚ ਤਿੰਨ ਭਾਵਾਂ ਵਿਚ ਵਰਤਿਆ ਗਿਆ ਹੈ । ਮੁੱਖ ਤੌਰ ਉੱਤੇ, ਭਗਤੀ ਦੇ ਅਰਥਾਂ ਵਿਚ, ਪਰ ਪ੍ਰਭੂ ਦੇ ਨਾਂਵ ਤੇ ਵਡਿਆਈ ਅਤੇ ਉਸ ਦੇ ਆਪੇ ਦੇ ਭਾਵ ਵਿਚ ਵੀ ਨਾਮ ਸ਼ਬਦ ਦੀ ਵਰਤੋਂ ਹੋਈ ਹੈ । ਪ੍ਰਭੂ ਅਸੰਖ ਨਾਵਾਂ ਤੋਂ ਜਾਣਿਆ ਜਾਂਦਾ ਹੈ ।[51] ਉਸਦਾ ਜਸ ਬਹੁਤ ਵੱਡਾ ਹੈ,[52] ਬਹੁਤ ਉੱਚਾ ਹੈ[53] ਅਤੇ ਸੱਚਾ-ਸੁੱਚਾ ਹੈ ।[54] ਪ੍ਰਭੂ-ਨਾਮ ਦੀ ਭਗਤੀ ਨਾਲ ਹੀ ਪ੍ਰਭੂ ਦਾ ਗਿਆਨ ਅਤੇ ਉਸ ਦੀ ਮਿਹਰ ਪ੍ਰਾਪਤ ਹੁੰਦੀ ਹੈ ।[55] ਨਾਮ-ਭਗਤੀ ਰਾਹੀਂ ਹੀ ਮਨੁੱਖ ਨੂੰ ਬ੍ਰਹਮ-ਗਿਆਨ ਹੁੰਦਾ ਹੈ ।[56] ਸਾਰੀ ਸ੍ਰਿਸ਼ਟੀ ਨਾਮ ਹੀ ਹੈ, ਅਰਥਾਤ ਪ੍ਰਭੂ ਦਾ ਹੀ ਰੂਪ ਹੈ । ਨਾਮ, ਭਾਵ ਪ੍ਰਭੂ ਬਿਨਾਂ ਕੁਝ ਨਹੀਂ ਹੈ ।[57] ਨਾਮ-ਭਗਤੀ ਦੇ ਜਪੁ ਜੀ ਵਿਚ ਤਿੰਨ ਸਾਧਨ ਪਰਵਾਨ ਕੀਤੇ ਗਏ ਹਨ—ਸ੍ਰਵਣ, ਮੰਨਣ ਅਤੇ ਨਿਧਿਆਸਨ (ਧਿਆਨ, ਭਾਉ ਜਾਂ ਪ੍ਰੇਮਾ-ਭਗਤੀ) :

44. ਗੁਰੂ ਗ੍ਰੰਥ, ਪੰਨਾ 5.
45. ਉਹੀ, ਪੰਨਾ 4.
46. ਉਹੀ, ਪੰਨਾ 2.
47. ਉਹੀ.
48. ਉਹੀ, ਪੰਨਾ 4.
49. ਉਹੀ, ਪੰਨਾ 3-4.
50. ਉਹੀ, ਪੰਨਾ 2.
51. ਅਸੰਖ ਨਾਵ...॥ (ਉਹੀ, ਪੰਨਾ 4)
52. ਵਡਾ ਸਾਹਿਬੁ ਵਡੀ ਨਾਈ...॥ (ਉਹੀ, ਪੰਨਾ 5)
53. ਊਚੇ ਊਪਰਿ ਊਚਾ ਨਾਉ ॥ (ਉਹੀ, ਪੰਨਾ 5)
54. ਉਹੀ, ਪੰਨਾ 6.
55. . . .ਸਚੁ ਨਾਉ ਵਡਿਆਈ ਵੀਚਾਰੁ ॥ (ਉਹੀ, ਪੰਨਾ 2)
56. ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ (ਉਹੀ, ਪੰਨਾ 3)
57. ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ (ਉਹੀ, ਪੰਨਾ 4)

ਸੁਣਿਆ ਮੰਨਿਆ ਮਨਿ ਕੀਤਾ ਭਾਉ ॥ (ਗੁਰੂ ਗ੍ਰੰਥ, ਪੰਨਾ 4)

ਨਾਮ-ਸ੍ਰਵਣ ਭਗਤੀ ਦਾ ਸਭ ਤੋਂ ਮੁੱਢਲਾ ਅਤੇ ਸੁਖਾਲਾ ਇੰਦ੍ਰੀਆਈ ਜਾਂ ਭੌਤਿਕ ਸਾਧਨ ਹੈ--ਭਾਵ ਪਰਮਾਤਮਾ ਦੀ ਉਸਤਤਿ ਤੇ ਵਡਿਆਈ ਗੁਰੂ ਪਾਸੋਂ ਸੁਣਨਾ ਜਾਂ ਗ੍ਰੰਥਾਂ ਵਿੱਚੋਂ ਪੜ੍ਹਨਾ। ਜਪੁ ਜੀ[58] ਅਨੁਸਾਰ ਨਾਮ ਸੁਣਨ ਨਾਲ ਭਗਤਾਂ ਦੇ ਸਭ ਦੁੱਖ ਤੇ ਪਾਪ ਕੱਟੇ ਜਾਂਦੇ ਹਨ ਤੇ ਉਹ ਖੁਸ਼ਹਾਲ ਰਹਿੰਦੇ ਹਨ। ਸ੍ਰਵਣ ਨਾਲ ਗੁਰਮੁਖ ਤੇ ਸੰਤ ਬਣਨ ਦੀ ਵਿਧੀ ਪ੍ਰਾਪਤ ਹੁੰਦੀ ਹੈ; ਸ੍ਰਿਸ਼ਟੀ ਦੀ ਸੋਝੀ ਪ੍ਰਾਪਤ ਹੁੰਦੀ ਹੈ; ਕਾਲ ਦੇ ਚੱਕਰ ਦਾ ਭੈ ਦੂਰ ਹੋ ਜਾਂਦਾ ਹੈ; ਆਤਮਾ-ਪਰਮਾਤਮਾ ਦੀ ਅਭੇਦਤਾ ਅਤੇ ਅਵਿਦਿਆ ਦੀ ਸੋਝੀ ਹੁੰਦੀ ਹੈ; ਧਰਮ ਗ੍ਰੰਥਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਭਾਵਨਾਵਾਂ ਦੇ ਸੰਜਮ ਅਤੇ ਵਿਵਸਥਾ ਰਾਹੀਂ ਮਨ ਅਤੇ ਹਿਰਦੇ ਨੂੰ ਨਿਰਮਲ ਕਰਨ ਦੀ ਵਿਧੀ ਪ੍ਰਾਪਤ ਹੁੰਦੀ ਹੈ। ਮਨੁੱਖ ਬ੍ਰਹਮ-ਗਿਆਨ ਰਾਹੀਂ ਮਾਣ ਅਤੇ ਇਜ਼ਤ ਪਾਉਂਦਾ ਹੈ ਅਤੇ ਪਰਮਾਤਮਾ ਦੀ ਭਗਤੀ ਵੱਲ ਰੁਚਿਤ ਹੁੰਦਾ ਹੈ। ਚੰਗੇ, ਮੰਦੇ ਦੀ ਸੰਪੂਰਨ ਸੋਝੀ ਹੁੰਦੀ ਹੈ, ਜਿਸ ਨਾਲ ਮਨੁੱਖ ਗੁਰਮੁਖ ਹੁੰਦਾ ਹੈ। ਬਿਲਕੁਲ ਮੂਰਖ ਅਤੇ ਅਗਿਆਨੀ ਨੂੰ ਵੀ ਸੱਚਾ ਰਾਹ ਦਿੱਸ ਪੈਂਦਾ ਹੈ ਅਤੇ ਉਹ ਸੰਸਾਰ-ਰੂਪੀ ਸਮੁੰਦਰ ਵਿੱਚੋਂ ਸਫ਼ਲਤਾ ਨਾਲ ਤਰ ਜਾਂਦਾ ਹੈ, ਅਰਥਾਤ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਨਾਮ-ਮੰਨਨ, ਭਗਤੀ ਦਾ ਦੂਜਾ ਸਾਧਨ ਹੈ। ਮੰਨਣ ਦਾ ਭਾਵ ਹੈ ਸੁਣੇ ਹੋਏ ਨਾਮ ਉੱਤੇ ਵਿਚਾਰ ਕਰਨਾ, ਇਸ ਕਾਰਣ ਇਹ ਬੌਧਿਕ ਸਾਧਨ ਹੈ। ਜਪੁ ਜੀ[59] ਅਨੁਸਾਰ ਨਾਮ ਮੰਨਣ ਵਾਲੇ ਦੀ ਉੱਚ-ਅਵਸਥਾ ਦਾ ਵਰਨਣ ਨਹੀਂ ਕੀਤਾ ਜਾ ਸਕਦਾ, ਕੇਵਲ ਇਸ ਅਵਸਥਾ ਨੂੰ ਪ੍ਰਾਪਤ ਕਰਨ ਵਾਲਾ ਹੀ ਇਸ ਬਾਰੇ ਜਾਣਦਾ ਹੈ। ਮੰਨਣ ਨਾਲ ਸੰਪੂਰਣ ਗਿਆਨ ਪ੍ਰਾਪਤ ਹੁੰਦਾ ਹੈ। ਮਨੁੱਖ ਨੂੰ ਸੰਸਾਰਿਕ ਜੀਵਨ ਵਿਚ ਤਾਂ ਸਫ਼ਲਤਾ ਮਿਲਦੀ ਹੀ ਹੈ ਪਰੰਤੂ ਉਹ ਮਰਨ ਤੋਂ ਬਾਦ ਵੀ ਨਰਕ ਵਿਚ ਨਹੀਂ ਜਾਂਦਾ। ਭਾਵ ਸਦੇਹ ਤੇ ਵਿਦੇਹ, ਦੋਹਾਂ ਪ੍ਰਕਾਰਾਂ ਦੀ ਮੁਕਤੀ ਪ੍ਰਾਪਤ ਹੁੰਦੀ ਹੈ। ਉਹ ਆਪ ਤਾਂ ਮੁਕਤ ਹੁੰਦਾ ਹੀ ਹੈ, ਆਪਣੀ ਸੰਗਤ ਨੂੰ ਵੀ ਸਿੱਧੇ ਰਾਹ ਪਾਉਂਦਾ ਹੈ। ਮੰਨਣ ਨਾਲ ਸਿੱਖਿਆ-ਦਾਤਾ ਗੁਰੂ ਵੀ ਮੁਕਤ ਹੁੰਦਾ ਹੈ ਅਤੇ ਉਸ ਦਾ ਚੇਲਾ ਵੀ।

ਨਾਮ-ਧਿਆਨ ਜਾਂ ਨਿਧਿਆਸਨ ਭਗਤੀ ਦਾ ਸਰਵੋਤਮ ਅਤੇ ਅੰਤਰਬੋਧੀ ਸਾਧਨ ਹੈ। ਪਾਰਬ੍ਰਹਮ ਦੇ ਵਿਸਮਾਦੀ ਸਰੂਪ ਦਾ ਧਿਆਨ, ਵਿਸ਼ਵਾਸ ਅਤੇ ਉਸਦੇ ਚਿੰਤਨ ਵਿਚ ਲਿਵ-ਲੀਨ ਰਹਿਣਾ, ਉਸ ਦੀ ਰਜ਼ਾ ਵਿਚ ਡੁਬ ਜਾਣਾ, ਪ੍ਰਭੂ-ਪ੍ਰੇਮ ਮਨ ਵਿਚ ਵਸਾਉਣਾ ਹੀ ਧਿਆਨ ਭਗਤੀ ਹੈ। ਪਰ ਜਪੁ ਜੀ ਵਿਚ ਨਾਲ ਹੀ ਕਿਹਾ ਗਿਆ ਹੈ ਕਿ ਕਿਸੇ ਵੀ ਬੁਧੀ ਵਿਚ ਏਨੀ ਤੀਬਰਤਾ ਨਹੀਂ, ਕਿਸੇ ਵੀ ਭਗਤੀ ਵਿਚ ਏਨੀ ਪਹੁੰਚ ਨਹੀਂ ਕਿ ਉਸ ਪ੍ਰਭੂ ਦੀ ਲੀਲ੍ਹਾ ਦੀ ਸੰਪੂਰਣ ਵਿਆਖਿਆ ਅਤੇ ਉਸਤਤਿ ਕਰ ਸਕੇ। ਸਚੇ ਭਗਤ-ਜਨ ਤਾਂ ਪ੍ਰਭੂ ਦੀ ਰਜ਼ਾ ਵਿਚ

58. ਗੁਰੂ ਗ੍ਰੰਥ, ਪੰਨਾ 2-3.
59. ਉਹੀ, ਪੰਨਾ 3.

ਅਰਪਿਤ ਹੋ ਕੇ ਇਹੋ ਹੀ ਕਹਿ ਸਕਦੇ ਹਨ ਕਿ ਪਾਰਬ੍ਰਹਮ ਹੀ ਇਕੋ ਮਾਤਰ ਸਚਾਈ ਹੈ[60] ਜੋ ਪ੍ਰਭੂ ਦੀ ਰਜ਼ਾ ਵਿਚ ਰਹਿੰਦੇ ਉਸ ਦੇ ਧਿਆਨ ਵਿਚ ਗ਼ਲਤਾਨ ਰਹਿੰਦੇ ਹਨ ਉਹ 'ਪੰਚ' ਹੀ ਪ੍ਰਵਾਨ, ਭਾਵ ਮੁਕਤ ਹੁੰਦੇ ਹਨ ।[61] ਪ੍ਰਭੂ ਨਾਮ ਦਾ ਧਿਆਨ ਅਤੇ ਗੁਣ ਗਾਇਨ ਭਾਵ ਪ੍ਰਭੂ-ਪ੍ਰੇਮ ਹੀ ਸਰਵ-ਸ੍ਰੇਸ਼ਟ ਭਗਤੀ ਹੈ ।

ਭਗਤ ਇਸ ਅਵਸਥਾ ਵਿਚ ਉਦੋਂ ਪਹੁੰਚਦੇ ਹਨ, ਜਦੋਂ ਉਹ ਪ੍ਰਭੂ ਦੇ ਪਸਾਰੇ ਦੀ ਅਸੀਮਤਾ ਅਤੇ ਉਸ ਦੇ ਵਿਵਸਥਿਤ ਅਤੇ ਸੰਤੁਲਿਤ ਸੰਚਾਲਨ ਦਾ ਚਿੰਤਨ ਕਰਦੇ ਹਨ ਕਿ ਬੇਹਿਸਾਬ ਸ਼ਕਤੀ, ਸੁੰਦਰਤਾ ਤੇ ਹੋਰ ਸਾਰੀਆਂ ਦਾਤਾਂ ਉਸ ਦੇ ਇੱਕੋ ਹੁਕਮ ਨਾਲ ਹੀ ਰਚੀਆਂ ਗਈਆਂ ਹਨ, ਜਿਸ ਵਿਚ ਬੇਅੰਤ ਭਗਤੀਆਂ, ਮਤ, ਸ੍ਰੋਤ-ਗਨ ਅਤੇ ਭਗਤਾਂ ਨਾਲ ਬੇਅੰਤ ਪਾਪੀ, ਅਧਰਮੀ ਅਤੇ ਮਨਮੁਖ ਵੀ ਰਚੇ ਗਏ ਹਨ । ਕੌਣ ਕਹਿ ਸਕਦਾ ਹੈ ਕਿ ਚੰਗਿਆਈ ਨਾਲ ਬੁਰਾਈ, ਪੁੰਨ ਨਾਲ ਪਾਪ, ਸੁਖ ਨਾਲ ਦੁਖ ਕਿਉਂ ਰਚੇ ਗਏ ਹਨ । ਪ੍ਰਮਾਤਮਾ ਦੇ ਬੇਅੰਤ ਵਾਸ ਹਨ, ਬੇਅੰਤ ਉਸ ਦੀਆਂ ਸਿਫ਼ਤਾਂ ਹਨ, ਸਭ ਉਸ ਦੇ ਹੁਕਮ ਨਾਲ ਚਲਦਾ ਹੈ, ਪਰ ਉਹ ਆਪ ਕਿਸੇ ਦਾ ਬੱਧਾ ਨਹੀਂ । ਜੋ ਕੁਝ ਉਸ ਰਚਿਆ, ਉਹ ਵੀ ਉਹ ਆਪ ਹੀ ਹੈ ਅਤੇ ਉਸ ਦੇ ਬਿਨਾਂ ਹੋਰ ਕੁਝ ਵੀ ਨਹੀਂ ਹੈ । ਇਹ ਵਿਚਾਰ ਅਤੇ ਗਿਆਨ ਸੱਚ-ਮੁੱਚ ਹੀ ਵਿਸਮਾਦੀ ਹੈ ਅਤੇ ਇਸ ਦਾ ਵਾਰ ਵਾਰ ਚਿੰਤਨ ਧਿਆਨ ਹੈ, ਜਿਸਦੇ ਰਾਹੀਂ ਮਨੁੱਖ ਨੂੰ ਪਰਮਾਤਮਾ ਉੱਤੇ ਸੰਪੂਰਨ ਵਿਸ਼ਵਾਸ ਹੋ ਕੇ ਉਸ ਵਿਚ ਲੀਨਤਾ ਪ੍ਰਾਪਤ ਹੁੰਦੀ ਹੈ ।

ਪ੍ਰਭੂ-ਮਿਹਰ : ਅੰਤਿਮ ਪਉੜੀ[62] ਵਿਚ ਮੁਕਤੀ ਦੇ ਤਿੰਨੋ ਮੁਖ ਸਾਧਨਾਂ—ਗਿਆਨ, ਭਗਤੀ ਅਤੇ ਨੈਤਿਕ-ਕਰਮਾਂ ਨੂੰ ਅਪਣਾਉਣ ਦੇ ਉਪਦੇਸ਼ ਉਪਰੰਤ ਲਿਖਿਆ ਹੈ ਕਿ ਇਹ ਪ੍ਰਭੂ-ਮਿਹਰ ਰਾਹੀਂ ਹੀ ਸੰਪੰਨ ਹੁੰਦੇ ਹਨ ਅਤੇ ਇਨ੍ਹਾਂ ਉਪਰੰਤ ਪ੍ਰਭੂ-ਕਿਰਪਾ ਹੋਵੇ ਤਾਂ ਹੀ ਮੁਕਤੀ ਪ੍ਰਾਪਤ ਹੁੰਦੀ ਹੈ ਨਿਰੇ ਸਾਧਨਾਂ ਦੇ ਫ਼ਲ ਕਰਕੇ ਨਹੀਂ । ਪ੍ਰਭੂ ਦੇ ਘਰ ਵਿਚ ਪਰਵਾਨ ਆਤਮਾਵਾਂ[63] ਨੂੰ ਵੀ ਪ੍ਰਭੂ ਦੀ ਮਿਹਰ ਰਾਹੀਂ ਹੀ ਮੁਕਤੀ ਮਿਲਦੀ ਹੈ :

.. ਨਦਰੀ ਮੋਖੁ ਦੁਆਰੁ ॥ (ਗੁਰੂ ਗ੍ਰੰਥ, ਪੰਨਾ 2)

(ੲ) ਮੁਕਤੀ ਅਤੇ ਮੁਕਤ ਜੀਵ : ਜਪੁ ਜੀ ਵਿਚ ਦੋਨੋ ਪ੍ਰਕਾਰ ਦੀ ਮੁਕਤੀ ਬਾਰੇ ਉੱਲੇਖ ਮਿਲਦੇ ਹਨ—ਸਦੇਹ ਜਾਂ ਜੀਵਨ-ਮੁਕਤੀ, ਅਤੇ ਵਿਦੇਹ ਜਾਂ ਨਿਰਵਾਣ ਮੁਕਤੀ, ਜਿਨ੍ਹਾਂ ਵਿਚੋਂ ਸਦੇਹ-ਮੁਕਤੀ ਨੂੰ ਜ਼ਿਆਦਾ ਮਹੱਤਤਾ ਦਿੱਤੀ ਗਈ ਹੈ । ਸਚਿਆਰ ਜੀਵਨ-ਮੁਕਤ ਹੈ, ਉਹੀ ਕਰਮ-ਖੰਡ ਦਾ ਵਾਸੀ ਹੈ, ਜੋਧਾ ਹੈ, ਭਗਤ ਹੈ ।

---

60. ਗੁਰੂ ਗ੍ਰੰਥ, ਪੰਨਾ 3-4.
61. ਉਹੀ, ਪੰਨਾ 3.
62. ਉਹੀ, ਪੰਨਾ 8.
63. ਤਿਥੈ ਸੋਹਨਿ ਪੰਚ ਪਰਵਾਣੁ ॥
    ਨਦਰੀ ਕਰਮਿ ਪਵੈ ਨੀਸਾਣੁ ॥ (ਉਹੀ, ਪੰਨਾ 7)

ਜੀਵਨ-ਮੁਕਤੀ ਦੇ ਦੋ ਪੱਖਾਂ ਦਾ ਜਪੁ ਜੀ ਵਿਚ ਉੱਲੇਖ ਮਿਲਦਾ ਹੈ, ਬ੍ਰਹਮ-ਗਿਆਨ ਅਤੇ ਆਨੰਦ ਦੀ ਪ੍ਰਾਪਤੀ। ਰਚਨਾ, ਦੈਵੀ ਵਿਧਾਨ, ਇਸ ਦੀ ਸੁੰਦਰਤਾ ਦਾ ਗਿਆਨ ਅਤੇ ਨੈਤਿਕ ਜੀਵਨ ਮਨੁੱਖ ਨੂੰ ਬ੍ਰਹਮ-ਗਿਆਨੀ, ਪੰਚ ਜਾਂ ਸਚਿਆਰਾ ਬਣਾਉਂਦਾ ਹੈ।[64] ਇਸ ਅਵਸਥਾ ਵਿਚ ਜੀਵ ਮਾਇਆ ਜਾਂ ਅਵਿਦਿਆ ਦਾ ਪਰਦਾ ਤੋੜ ਕੇ,[65] ਆਤਮਾ, ਪਰਮਾਤਮਾ, ਜਗਤ ਨੂੰ ਅਭੇਦ ਜਾਣ ਕੇ ਮੁਕਤੀ ਦੇ ਸਾਧਨਾਂ ਦਾ ਗਿਆਨ ਪ੍ਰਾਪਤ ਕਰਦਾ ਹੈ।[66] ਦੁੱਖ, ਪਾਪ ਅਤੇ ਹੋਰ ਸੰਸਾਰਿਕ ਝਮੇਲਿਆਂ ਦੇ ਬੰਧਨਾਂ ਦੇ ਵਿਨਾਸ਼ ਅਤੇ ਸੁਖ-ਸ਼ਾਂਤੀ ਦੀ ਪ੍ਰਾਪਤੀ ਨਾਲ ਜੀਵਨ-ਮੁਕਤ ਆਤਮਾ ਨੂੰ ਆਨੰਦ ਪ੍ਰਾਪਤ ਹੁੰਦਾ ਹੈ।[67] ਜੀਵਨ-ਮੁਕਤ ਆਤਮਾ ਵਿਚ ਸਦਾ ਪਰਮਾਤਮਾ ਦਾ ਨਾਮ ਸਮਾਇਆ ਰਹਿੰਦਾ ਹੈ ਅਤੇ ਉਹ ਕੁਰਾਹੇ ਨਹੀਂ ਪੈਂਦੀ ਸਗੋਂ ਸਦਾ ਖੁਸ਼ਹਾਲ ਰਹਿੰਦੀ ਹੈ।[68]

ਵਿਦੇਹ ਮੁਕਤੀ ਦੋ ਪ੍ਰਕਾਰ ਦੀ ਹੋ ਸਕਦੀ ਹੈ, ਸਗੁਣ ਅਤੇ ਨਿਰਗੁਣ। ਪਹਿਲੀ ਅਵਸਥਾ ਵਿਚ ਆਤਮਾ ਦੇਹ ਤਿਆਗਣ ਪਿਛੋਂ ਪਰਮਾਤਮਾ ਦੇ ਕਰੀਬ ਆਨੰਦ-ਮਈ ਅਵਸਥਾ ਵਿਚ ਵਾਸ ਕਰਦੀ ਹੈ ਅਤੇ ਦੂਜੀ ਅਵਸਥਾ ਵਿਚ ਪਰਮਾਤਮਾ ਵਿਚ ਹੀ ਲੀਨ ਹੋ ਜਾਂਦੀ ਹੈ,ਭਾਵ ਜੋਤੀ ਜੋਤ ਸਮਾ ਜਾਂਦੀ ਹੈ। ਜਪੁ ਜੀ ਵਿਚ ਆਤਮ-ਪ੍ਰਗਤੀ ਦੇ ਆਖ਼ਰੀ ਪੜਾਅ ਸੱਚ-ਖੰਡ ਵਿਚ ਸਿਰਫ਼ ਪਰਮਾਤਮਾ ਦਾ ਹੀ ਆਨੰਦ-ਮਈ ਵਾਸ ਰੂਪਿਤ ਕੀਤਾ ਹੈ। ਇਸ ਤੋਂ ਸਾਫ਼ ਇਸ਼ਾਰਾ ਮਿਲਦਾ ਹੈ ਕਿ ਮੁਕਤ ਆਤਮਾਵਾਂ ਪਰਮਾਤਮਾ ਵਿਚ ਹੀ ਸਮਾ ਜਾਂਦੀਆਂ ਹਨ। 32ਵੀਂ ਪਉੜੀ ਵਿਚ ਭਗਤੀ ਰਾਹੀਂ 'ਇਕੀਸ' ਹੋਣ ਦੀ ਅਵਸਥਾ ਦੇ ਵਰਨਣ ਤੋਂ ਵੀ ਇਸ ਵਿਚਾਰ ਦੀ ਪ੍ਰੌੜ੍ਹਤਾ ਹੋ ਜਾਂਦੀ ਹੈ। 23ਵੀਂ ਪਉੜੀ ਵਿਚ ਵੀ ਆਤਮਾ ਦੇ ਪਰਮਾਤਮਾ ਵਿਚ ਹੀ ਸਮਾਉਣ ਸੰਬੰਧੀ ਨਦੀਆਂ ਦੇ ਸਮੁੰਦਰ ਵਿਚ ਸਮਾਉਣ ਦਾ ਅਲੰਕਾਰ ਵਰਤਿਆ ਗਿਆ ਹੈ। ਪਰ ਜਪੁ ਜੀ ਵਿਚ ਸਗੁਣ ਮੁਕਤੀ ਦੀ ਝਲਕ ਵੀ ਮਿਲਦੀ ਹੈ, ਜਦੋਂ ਪਰਮਾਤਮਾ ਵਿਚ ਸਮਾਉਣ ਦੀ ਥਾਂ, ਪ੍ਰਭੂ-ਕ੍ਰਿਪਾ ਰਾਹੀਂ, ਸਿਰਫ਼ ਮੋਖ-ਦੁਆਰ ਦੀ ਪ੍ਰਾਪਤੀ ਦੀ ਚਰਚਾ ਮਿਲਦੀ ਹੈ;[69] ਜਾਂ ਸਲੋਕ ਵਿਚ ਜੀਵ ਆਤਮਾਵਾਂ ਦਾ ਆਪਣੇ ਕਰਮਾਂ ਅਨੁਸਾਰ ਪ੍ਰਭੂ ਤੋਂ ਨੇੜੇ ਜਾਂ ਦੂਰ ਰਹਿਣ[70] ਜਾਂ ਗੁਰਮੁਖ ਨੂੰ ਪ੍ਰਭੂ ਘਰ ਵਿਚ ਸਨਮਾਨ ਮਿਲਣ[71] ਸੰਬੰਧੀ ਉੱਲੇਖ ਮਿਲਦੇ ਹਨ। ਜੀਵਨ-ਮੁਕਤ ਆਤਮਾ ਨੂੰ ਜਪੁ ਜੀ ਵਿਚ ਗੁਰਮੁਖ ਕਿਹਾ ਗਿਆ ਹੈ। ਉਸ ਵਿਚ ਹੀ ਪਰਮਾਤਮਾ ਦਾ ਵਾਸ ਹੈ। ਉਸ ਤੋਂ ਹੀ ਦੂਜਿਆਂ

64. ਗੁਰੂ ਗ੍ਰੰਥ, ਪੰਨਾ 3.
65. ਉਹੀ, ਪੰਨਾ 1.
66. ਉਹੀ, ਪੰਨਾ 2-3.
67. ਉਹੀ, ਪੰਨਾ 2.
68. ਨਾ ਉਹਿ ਮਰਹਿ ਨ ਠਾਗੇ ਜਾਹਿ॥ (ਉਹੀ, ਪੰਨਾ 8)
69. ਉਹੀ, ਪੰਨਾ 3.
70. ਉਹੀ.
71. ਪੰਚੇ ਪਾਵਹਿ ਦਰਗਹਿ ਮਾਨੁ॥ (ਉਹੀ, ਪੰਨਾ 3)

ਨੂੰ ਗੁਰਮਤਿ ਅਤੇ ਮੁਕਤੀ ਮਾਰਗ ਪ੍ਰਾਪਤ ਹੁੰਦਾ ਹੈ।[72] ਇਹ ਅਵਸਥਾ ਪ੍ਰਭੂ ਦੇ ਹੁਕਮ ਅਨੁਸਾਰ ਜੀਵਨ ਬਤੀਤ ਕਰਨ[73] ਅਤੇ ਹਰ ਰੋਜ਼ ਸਵੇਰੇ ਉਸੇ ਦੇ ਨਾਮ ਦੀ ਭਗਤੀ ਕਰਨ ਨਾਲ ਪ੍ਰਾਪਤ ਹੁੰਦੀ ਹੈ,[74] ਕਰਮ-ਕਾਂਡੀ ਤਰੀਕਿਆਂ ਨਾਲ ਨਹੀਂ। ਮਨੁੱਖ ਗੁਰਮੁਖ ਕਿਵੇਂ ਬਣਦਾ ਹੈ ? ਮਨੁੱਖ ਨੂੰ ਆਪਣੇ ਸਰੀਰ ਉੱਤੇ ਸੰਜਮ, ਜੀਵਨ ਵਿਚ ਨੈਤਿਕਤਾ, ਬੁੱਧੀ ਵਿਚ ਗਿਆਨ ਅਤੇ ਆਤਮਾ ਵਿਚ ਭਗਤੀ ਦੀ ਘਾਲਣਾ ਰਚ ਕੇ ਹੀ ਗੁਰਮੁਖ ਅਵਸਥਾ ਪ੍ਰਾਪਤ ਹੋ ਸਕਦੀ ਹੈ। ਪਰ ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ ਪਰਮਾਤਮਾ ਦੀ ਮਿਹਰ ਵੀ ਹੋਵੇ।[75]

ਗੁਰਮੁਖਾਂ ਅਤੇ ਭਗਤਾਂ ਦੀਆਂ ਬੇਅੰਤ ਕਿਸਮਾਂ ਦਾ ਉੱਲੇਖ ਜਪੁ ਜੀ ਵਿਚ ਮਿਲਦਾ ਹੈ ਅਤੇ ਇਨ੍ਹਾਂ ਵਿਚ ਜਪੀਆਂ, ਪ੍ਰਭੂ-ਪ੍ਰੇਮੀਆਂ, ਪੂਜਕਾਂ, ਤਪੀਆਂ, ਗ੍ਰੰਥ ਪਾਠੀਆਂ, ਜੋਗੀਆਂ, ਵੈਰਾਗੀਆਂ, ਭਗਤਾਂ, ਗਿਆਨੀਆਂ, ਧਿਆਨੀਆਂ, ਸਚਿਆਰਿਆਂ ਅਤੇ ਮੋਨ ਵਰਤ ਰੱਖਣ ਵਾਲੇ ਯੋਗੀਆਂ ਦਾ ਸ਼ੁਮਾਰ ਕੀਤਾ ਗਿਆ ਹੈ।[76] ਮਨਮੁਖਾਂ ਵਿਚ ਜਪੁ ਜੀ ਅਨੁਸਾਰ ਅਗਿਆਨੀਆਂ, ਚੋਰਾਂ, ਹਰਾਮ ਖੋਰਾਂ, ਜਾਬਰ ਹੁਕਮਰਾਨਾਂ, ਕਾਤਲਾਂ, ਵਿਭਚਾਰੀਆਂ, ਝੂਠਿਆਂ, ਬੇਈਮਾਨਾਂ, ਬਦਨੀਅਤਾਂ, ਨਿੰਦਕਾਂ ਨੂੰ ਗਿਣਿਆ ਜਾ ਸਕਦਾ ਹੈ।

(ਸ) **ਪਰਮਾਤਮਾ** : ਤੀਹਵੀਂ ਪਉੜੀ ਵਿਚ ਬ੍ਰਹਮ ਨੂੰ ਸਿੱਧਾ ਹੀ 'ਏਕਾ' ਆਖਿਆ ਹੈ। ਮੂਲ ਮੰਤ੍ਰ ਅਨੁਸਾਰ ਇਹ ਨਿਰਗੁਣ ਬ੍ਰਹਮ ਕਿਸੇ ਨੇ ਬਣਾਇਆ ਜਾਂ ਥਾਪਿਆ ਨਹੀਂ ਹੈ, ਅਰਥਾਤ ਸ੍ਵਯਮ-ਭੂ ਹੈ। ਉਹ ਸ਼ੁਰੂ ਤੋਂ ਹੀ ਹੈ ਅਤੇ ਸਦਾ ਹੀ ਰਹੇਗਾ, ਭਾਵ ਨਿੱਤ ਹੈ, ਸਦੀਵੀ ਹੈ। ਉਹ ਬੇਲਾਗ ਅਤੇ ਪਵਿੱਤਰ ਹੈ। ਉਹ ਨਿਡਰ ਅਤੇ ਬੇਪਰਵਾਹ ਵੀ ਹੈ, ਕਿਉਂਕਿ ਉਸ ਤੋਂ ਵੱਡਾ ਅਤੇ ਤਾਕਤਵਰ ਕੋਈ ਨਹੀਂ। ਉਹ ਸਵਤੰਤਰ ਹੈ। ਉਸ ਤੋਂ ਜ਼ਬਰਦਸਤੀ ਕੁਝ ਨਹੀਂ ਕਰਵਾਇਆ ਜਾ ਸਕਦਾ—ਨਾ ਬੋਲ ਚਾਲ, ਨਾ ਜੰਮਣ-ਮਰਨ, ਨਾ ਲੈਣ-ਦੇਣ, ਨਾ ਰਾਜ-ਮਾਲ, ਨਾ ਹੀ ਮੁਕਤੀ ਦੀ ਪ੍ਰਾਪਤੀ। ਸਭ ਕੁਝ ਸਿਰਫ਼ ਉਸ ਦੀ ਮਿਹਰ ਨਾਲ ਹੀ ਹੁੰਦਾ ਹੈ।

ਪ੍ਰਭੂ ਗੁਣਾ ਦਾ ਸੋਮਾ ਹੈ। ਗੁਣਵੰਤਿਆਂ ਨੂੰ ਉਸ ਤੋਂ ਹੀ ਗੁਣ ਪ੍ਰਾਪਤ ਹੁੰਦੇ ਹਨ। ਉਹ ਮਿਹਰਬਾਨ ਅਤੇ ਕ੍ਰਿਪਾਲੂ ਹੈ, ਉਸ ਦੀ ਭਾਸ਼ਾ ਪ੍ਰੇਮ ਹੈ ਤੇ ਉਸ ਦੀਆਂ ਮਿਹਰਾਂ ਵੀ ਬੇਹਿਸਾਬ ਹਨ। ਉਹ ਲੈਂਦਾ ਕਿਸੇ ਤੋਂ ਨਹੀਂ, ਪਰ ਦੇਂਦਿਆਂ ਥੱਕਦਾ ਵੀ ਨਹੀਂ, ਲੋਕ ਲੈਂਦੇ ਲੈਂਦੇ ਥੱਕ ਜਾਂਦੇ ਹਨ। ਜੁਗਾਂ-ਜੁਗਾਂਤਰਾਂ ਤੋਂ ਲੋਕ ਉਸ ਦਾ ਦਿੱਤਾ ਮਾਣਦੇ ਆ ਰਹੇ ਹਨ।[77] ਮੂਰਖ ਜੀਵ ਬਿਨਾ ਵਿਚਾਰੇ ਹੀ ਉਸ ਦੀ ਬਖ਼ਸ਼ਿਸ਼ ਦਾ ਲਾਭ ਉਠਾਈ ਜਾ

72. ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ (ਗੁਰੂ ਗ੍ਰੰਥ, ਪੰਨਾ 2)
73. ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਉਹੀ, ਪੰਨਾ 1)
74. ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ (ਉਹੀ, ਪੰਨਾ 2)
75. ਉਹੀ, ਪੰਨਾ 8.
76. ਉਹੀ, ਪੰਨਾ 4.
77. ਉਹੀ, ਪੰਨਾ 2.

ਰਹੇ ਹਨ ਅਤੇ ਕਈ ਤਾਂ ਉਸ ਦੇ ਰਿਣੀ ਹੋਣ ਤੋਂ ਵੀ ਮੁਕਰ ਜਾਂਦੇ ਹਨ।[78] ਹਾਲਾਂਕਿ ਉਹ ਸਿਰਜਿਤ ਹੀ ਉਸ ਦੁਆਰਾ ਹੋਏ ਹਨ, ਕਿਉਂਕਿ ਸਾਰੀ ਸ੍ਰਿਸ਼ਟੀ ਹੀ ਉਸ ਦੀ ਰਚੀ ਹੋਈ ਹੈ ਤੇ ਉਸ ਦੀ ਮਿਹਰ ਕਰਕੇ ਹੀ ਚੱਲ ਰਹੀ ਹੈ :

ਕਰਿ ਕਰਿ ਵੇਖੈ ਨਦਰਿ ਨਿਹਾਲ ॥ (ਗੁਰੂ ਗ੍ਰੰਥ, ਪੰਨਾ 8)

ਪ੍ਰਭੂ ਦਾ ਪਸਾਰਾ ਬੇਅੰਤ ਅਤੇ ਬੇਹਿਸਾਬ ਹੈ, ਉਸ ਦੇ ਅਣਗਿਣਤ ਨਾਮ ਹਨ। ਅਨੇਕ ਲੋਕ, ਖੰਡ, ਮੰਡਲ ਅਤੇ ਵਰਭੰਡ ਹਨ।[79] ਉਸ ਦੀ ਰਚਨਾ ਬਾਰੇ ਉਸ ਤੋਂ ਸਿਵਾ ਹੋਣ ਕੋਈ ਵੀ ਪੂਰੀ ਤਰ੍ਹਾਂ ਨਹੀਂ ਜਾਣ ਸਕਦਾ। ਇਸ ਤਰ੍ਹਾਂ ਪਰਮਾਤਮਾ ਦੀ ਬੇਅੰਤਤਾ, ਉਸ ਦੇ ਗੁਣਾਂ ਬਾਰੇ ਕੁਝ ਜਾਣਨਾ ਜਾਂ ਕਹਿਣਾ ਅਸੰਭਵ ਹੈ।[80] ਪਰ ਭਗਤ ਜਨ ਆਪਣੇ ਆਪਣੇ ਤਜਰਬੇ ਅਤੇ ਸਮਝ ਅਨੁਸਾਰ ਉਸ ਦੀ ਉਸਤਤਿ ਰਾਤ ਦਿਨ ਗਾਉਂਦੇ ਹਨ।[81] ਹਰ ਗੁਰਸਿੱਖ ਨੂੰ ਉਸ ਦੀ ਉਸਤਤਿ ਕਰਨੀ ਚਾਹੀਦੀ ਹੈ, ਪਰ ਜੇ ਕੋਈ ਇਹ ਦਾਅਵਾ ਕਰੇ ਕਿ ਉਹ ਪ੍ਰਭੂ ਦੇ ਸੰਪੂਰਨ ਸਰੂਪ ਨੂੰ ਜਾਣਦਾ ਹੈ ਤਾਂ ਉਹ ਕੁਫ਼ਰ ਤੋਲਦਾ ਹੈ, ਜਿਸ ਦਾ ਹਿਸਾਬ ਉਸ ਨੂੰ ਧਰਮਰਾਜ ਪਾਸ ਚੁਕਾਉਣਾ ਪਵੇਗਾ।[82]

ਪ੍ਰਭੂ ਦਾ ਘਰ-ਦਰਬਾਰ ਸੱਚ ਖੰਡ ਵਿਚ ਹੈ ਜੋ ਬਹੁਤ ਉੱਚਾ ਅਤੇ ਸੁੱਚਾ ਹੈ। ਉਸ ਦੇ ਘਰ ਵਿਚ ਉਸ ਦੀ ਕ੍ਰਿਪਾ ਨਾਲ ਗੁਰਮੁਖ, ਮੁਕਤ ਆਤਮਾਵਾਂ ਨੂੰ ਨਿਵਾਸ ਮਿਲਦਾ ਹੈ, ਜਿਥੇ ਉਨ੍ਹਾਂ ਦੇ ਸੰਸਾਰਕ ਕਰਮਾਂ ਦੇ ਹਿਸਾਬ ਨਾਲ ਉਨ੍ਹਾਂ ਨੂੰ ਮਾਣ ਪ੍ਰਾਪਤ ਹੁੰਦਾ ਹੈ।[83]

ਉਪਰੋਕਤ ਅਧਿਐਨ ਅਨੁਸਾਰ ਜਪੁ ਜੀ ਦੇ ਦਾਰਸ਼ਨਿਕ ਅਤੇ ਅਧਿਆਤਮਿਕ ਤੱਤਾਂ ਦਾ ਪ੍ਰਮੁਖ ਪ੍ਰਕਾਰਜ ਮਾਨਵੀ-ਜੀਵਨ ਦਾ ਆਵਾਗੌਣ ਦੇ ਚਿਹਨ ਚੱਕਰ ਤੋਂ ਮੁਕਤ ਹੋਣਾ ਅਤੇ ਮਾਇਆਵੀ ਪਾਸਾਰ ਤੋਂ ਪਾਰਗਾਮੀ ਹੋ ਕੇ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਕਰਨਾ ਹੈ।

---

78. ਗੁਰੂ ਗ੍ਰੰਥ, ਪੰਨਾ 5.
79. ਉਹੀ, ਪੰਨਾ 4.
80. ਉਹੀ, ਪੰਨਾ 5.
81. ਉਹੀ, ਪੰਨਾ 2.
82. ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥ (ਉਹੀ, ਪੰਨਾ 5)
83. ਉਹੀ, ਪੰਨਾ 7.

ਅਧਿਆਇ-੩

# ਮਾਝ ਦੀ ਵਾਰ

ਮਾਝ ਦੀ ਵਾਰ ਵਿਚ ਪਰਮਾਤਮਾ, ਮਨੁੱਖ, ਗੁਰੂ, ਨਾਮ, ਸਦਾਚਾਰ ਆਦਿ ਪੱਖਾਂ ਨੂੰ ਛੋਹਿਆ ਗਿਆ ਹੈ। ਇਹ ਨਿਰਣਾ ਕਰਨਾ ਕਠਿਨ ਹੈ ਕਿ ਮਾਝ ਦੀ ਵਾਰ ਵਿਚ ਇਨ੍ਹਾਂ ਵਿਚੋਂ ਕਿਸ ਨੂੰ ਜ਼ਿਆਦਾ ਮਹਤ੍ਵ ਦਿੱਤਾ ਗਿਆ ਹੈ, ਪਰ ਇਹ ਸਪਸ਼ਟ ਹੈ ਕਿ ਸੱਚ ਉੱਤੇ ਜ਼ਿਆਦਾ ਜ਼ੋਰ ਹੈ। ਇੱਥੇ ਸੱਚ ਬੌਧਿਕ ਨਹੀਂ, ਵਿਸ਼ਵ-ਰਚਨਾ ਅਤੇ ਬੌਧਿਕ ਸ਼ਕਤੀ ਹੈ। ਮਾਝ ਦੀ ਵਾਰ ਵਿਚ ਅਧਿਆਤਮਿਕ ਵਿਸ਼ੇ ਦਾ ਵਰਣਨ ਹੈ। ਗੁਰੂ ਨਾਨਕ ਦੇਵ ਨੇ ਆਪਣੇ ਆਪ ਨੂੰ ਪ੍ਰਭੂ ਦਾ ਢਾਡੀ ਨਿਰੂਪਿਤ ਕਰ ਕੇ ਬ੍ਰਹਿਮੰਡ ਵਿਚਲੇ ਘੋਲ ਦਾ ਬਿਆਨ ਸਪਸ਼ਟਤਾ ਨਾਲ ਕੀਤਾ ਹੈ ਅਤੇ ਸੱਚ ਦੀ ਜਿੱਤ ਵਿਖਾਈ ਹੈ।

ਵਾਰ ਇਕ ਕਾਵਿ-ਰੂਪ ਹੈ ਜਿਸ ਵਿਚ ਗੁਰੂ ਨਾਨਕ ਤੋਂ ਪਹਿਲਾਂ ਤੋਂ ਪੰਜਾਬੀ ਵਿਚ ਜੋਧਿਆਂ, ਸੂਰਬੀਰਾਂ, ਰਾਜਿਆਂ, ਲੋਕ-ਨਾਇਕਾਂ, ਆਦਿਕ ਦੀ ਉਸਤਤ ਢਾਡੀ ਲੋਕ ਗਾਇਆ ਕਰਦੇ ਸਨ, ਖਾਸ ਕਰਕੇ ਉਨ੍ਹਾਂ ਦੀਆਂ ਅਦੁੱਤੀ ਜਿੱਤਾਂ ਬਾਰੇ। ਰਾਗ ਮਾਝ ਵਿਚ ਇਹ ਵਾਰ ਆਦਿ-ਗ੍ਰੰਥ ਵਿਚ ਸਮਲਿਤ ਵਖਰੇ ਵਖਰੇ ਰਚਨਹਾਰਾਂ ਦੀਆਂ ਕੁਲ 22 ਵਾਰਾਂ ਵਿਚੋਂ ਗੁਰੂ ਨਾਨਕ ਦੇਵ ਰਚਿਤ 3 ਵਾਰਾਂ ਵਿਚੋਂ ਪਹਿਲੀ ਹੈ ਅਤੇ ਇਸ ਨੂੰ ਮਲਕ ਮੁਰੀਦ ਅਤੇ ਚੰਦ੍ਰਹੜਾ ਸੋਹੀਆਂ ਦੀ ਪਰਚਲਤ ਵਾਰ ਦੀ ਧੁਨੀ ਤੇ ਗਾਉਣ ਦੀ ਹਦਾਇਤ ਹੈ। ਇਹ ਵਾਰ 27 ਪਉੜੀਆਂ ਅਤੇ 63 ਸ਼ਲੋਕਾਂ ਵਿਚ ਵੰਡੀ ਹੋਈ ਹੈ। ਹਰ ਪਉੜੀ ਦੀਆਂ 8 ਤੁਕਾਂ ਹਨ। ਗੁਰੂ ਨਾਨਕ ਦੇਵ ਜੀ ਦੇ 46 ਸਲੋਕਾਂ ਨਾਲ ਗੁਰੂ ਅੰਗਦ ਦੇਵ ਜੀ ਦੇ 11 ਸਲੋਕ ਅਤੇ ਗੁਰੂ ਅਮਰਦਾਸ ਜੀ ਦੇ 3 ਅਤੇ ਗੁਰੂ ਰਾਮਦਾਸ ਜੀ ਦੇ 2 ਸਲੋਕ ਸ਼ਾਮਿਲ ਹਨ ਜੋ ਵਿਸ਼ੇ-ਵਸਤੂ ਨਾਲ ਮੇਲ ਖਾਂਦੇ ਹਨ।

## 1. ਭੌਤਿਕ ਵਰਗ

(ੳ) ਸ੍ਰਿਸ਼ਟੀ : ਸ੍ਰਿਸ਼ਟੀ ਪਰਮਾਤਮਾ ਦੀ ਹੀ ਰਚੀ ਹੋਈ ਹੈ। ਸ੍ਰਿਸ਼ਟੀ ਜੋ ਪਰਮਾਤਮਾ ਤੋਂ ਵੱਖਰੀ ਨਜ਼ਰ ਆਉਂਦੀ ਹੈ ਉਹ ਉਸ ਦੀ ਆਪਣੀ ਰਚਨਾ ਹੈ। ਅਸਲ ਵਿਚ ਪਰਮਾਤਮਾ ਦੀ ਪਛਾਣ ਹੀ ਉਸ ਦੀ ਰਚੀ ਕੁਦਰਤ ਤੋਂ ਹੁੰਦੀ ਹੈ :

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥ (ਗੁਰੂ ਗ੍ਰੰਥ, ਪੰਨਾ 141)

ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਕਰ ਕੇ ਉਸ ਦੀ ਸੰਭਾਲ ਵੀ ਆਪ ਹੀ ਕਰਦਾ ਹੈ :

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ (ਗੁਰੂ ਗ੍ਰੰਥ, ਪੰਨਾ 143)

ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥ (ਗੁਰੂ ਗ੍ਰੰਥ, ਪੰਨਾ 149)

ਇਹ ਸ੍ਰਿਸ਼ਟੀ ਕਈ ਰੰਗਾਂ, ਕਈ ਕਿਸਮਾਂ ਦੀ ਹੈ। ਐਸੀ ਸ੍ਰਿਸ਼ਟੀ ਨੂੰ ਪਰਮਾਤਮਾ ਆਪਣੇ ਹੁਕਮ ਅਨੁਸਾਰ ਚਲਾ ਰਿਹਾ ਹੈ। ਉਹ ਸ੍ਰਿਸ਼ਟੀ ਨੂੰ ਆਪਣੇ ਹੁਕਮ ਅਧੀਨ ਹੀ ਪੈਦਾ ਕਰਦਾ ਹੈ ਅਤੇ ਆਪਣੇ ਹੁਕਮ ਅਧੀਨ ਹੀ ਰੱਖਦਾ ਹੈ।[1] ਇਹ ਹੁਕਮ ਇਕ ਤਰ੍ਹਾਂ ਦਾ ਨਿਯਮ ਹੈ। ਇਹ ਨਿਯਮ ਧੁਰ ਤੋਂ ਹੀ ਚਲਿਆ ਆ ਰਿਹਾ ਹੈ।

ਮਾਝ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਬਿਲਕੁਲ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਮੈਂ ਖੋਜਿਆ ਹੈ, ਢੂੰਡਿਆ ਹੈ ਅਤੇ ਦੇਖਿਆ ਹੈ, ਇਹ ਸੰਸਾਰ ਧੂਏਂ ਦਾ ਮੰਦਿਰ ਹੈ, ਸਥਿਰ ਰਹਿਣ ਵਾਲਾ ਨਹੀਂ ਹੈ।[2] ਸੰਸਾਰ ਭਰਮ ਹੈ ਕਿਉਂਕਿ ਭਰਮ ਵਿਚ ਪਏ ਜੀਵ ਜੰਮਦੇ-ਮਰਦੇ ਹਨ :

ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥

(ਗੁਰੂ ਗ੍ਰੰਥ, ਪੰਨਾ 138)

ਇਹ ਤਾਂ ਸੱਚ ਹੈ ਕਿ ਸ੍ਰਿਸ਼ਟੀ ਅਸਥਾਈ ਅਤੇ ਅਨਿੱਤ ਹੈ, ਫੇਰ ਵੀ ਉਸ ਦੀ ਮਹੱਤਾ ਹੈ। ਮਾਝ ਦੀ ਵਾਰ ਵਿਚ ਸ੍ਰਿਸ਼ਟੀ ਦੇ ਇਕ ਅੰਗ 'ਪਾਣੀ' ਦੇ ਮਹਤੂ ਉਤੇ ਬਹੁਤ ਪ੍ਰਕਾਸ਼ ਪਾਇਆ ਹੈ। ਜੈਨ ਧਰਮ ਦੀਆਂ ਕੁਰੀਤੀਆਂ ਦੀ ਚਰਚਾ ਕਰਦਿਆਂ ਗੁਰੂ ਜੀ ਨੇ ਪਾਣੀ ਦੀ ਮਹੱਤਾ ਦੀ ਚਰਚਾ ਕੀਤੀ ਹੈ। ਉਹ ਕਹਿੰਦੇ ਹਨ ਕਿ ਪਾਣੀ ਵਿਚੋਂ ਹੀ ਦੇਵਤਿਆਂ ਨੇ ਸੁਮੇਰ ਪਰਬਤ ਕੱਢਿਆ ਸੀ। ਦੇਵਤਿਆਂ ਨੇ ਹੀ ਅਠਾਹਠ ਤੀਰਥ ਥਾਪੇ, ਜਿਥੇ ਮੇਲੇ ਲਗਦੇ ਹਨ। ਬਿਨਾ ਇਸ਼ਨਾਨ ਦੇ ਨਾ ਕੋਈ ਪੂਜਾ ਹੁੰਦੀ ਹੈ ਅਤੇ ਨਾ ਹੀ ਕੋਈ ਨਮਾਜ਼ ਪੜ੍ਹੀ ਜਾਂਦੀ ਹੈ। ਜਨਮ-ਮਰਣ ਸਮੇਂ ਸਿਰ ਤੇ ਪਾਣੀ ਪਾਣ ਨਾਲ ਹੀ ਗਤਿ ਹੁੰਦੀ ਹੈ। ਸਭ ਜੀਵਾਂ ਦੀ ਜੀਵਨ-ਜੁਗਤੀ ਪਾਣੀ ਨਾਲ ਹੀ ਸੰਭਵ ਹੁੰਦੀ ਹੈ। ਮੀਂਹ ਪਿਆਂ ਅੰਨ ਪੈਦਾ ਹੁੰਦਾ ਹੈ, ਕਮਾਦ ਉੱਗਦਾ ਹੈ, ਕਪਾਹ ਉੱਗਦੀ ਹੈ, ਇਨ੍ਹਾਂ ਚੀਜ਼ਾਂ ਬਿਨਾ ਮਨੁੱਖ ਦਾ ਗੁਜ਼ਾਰਾ ਨਹੀਂ। ਘਾਹ ਉੱਗਦਾ ਹੈ, ਜਿਸ ਬਿਨਾ ਜਾਨਵਰ ਜ਼ਿੰਦਾ ਨਹੀਂ ਰਹਿ ਸਕਦੇ। ਇਸ ਪ੍ਰਕਾਰ ਪਾਣੀ ਬਹੁਤ ਕੀਮਤੀ ਵਸਤੂ ਹੈ।[3]

ਇਸ ਜਗਤ ਵਿਚ ਅਨੇਕਾਂ ਜੀਵ ਹਨ। ਕਈ ਜੰਮਦੇ ਹਨ, ਕਈ ਮਰਦੇ ਹਨ। ਪਰਮਾਤਮਾ ਜੀਵਾਂ ਬਾਰੇ ਹਰ ਗੱਲ ਜਾਣਦਾ ਹੈ। ਉਹ ਹੀ ਜੀਵਾਂ ਨੂੰ ਪੈਦਾ ਕਰ ਕੇ ਜੰਜਾਲਾਂ ਵਿਚ ਪਾਉਂਦਾ ਹੈ। ਪਰਮਾਤਮਾ ਜੀਵਾਂ ਨੂੰ ਮੋਹ ਦੀ ਠੱਗ-ਬੂਟੀ ਖੁਆ ਕੇ ਉਨ੍ਹਾਂ ਨੂੰ ਭੁਲਾਉਂਦਾ ਹੈ।[4] ਜੀਵ ਅੰਦਰ ਤ੍ਰਿਸ਼ਨਾ ਦੀ ਅਗਨੀ ਬਲ ਰਹੀ ਹੈ, ਇਸ ਲਈ ਉਹ ਸਦਾ

1. ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ॥ (ਗੁਰੂ ਗ੍ਰੰਥ, ਪੰਨਾ 139)
2. ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥ (ਉਹੀ, ਪੰਨਾ 138)
3. ਉਹੀ, ਪੰਨਾ 150.
4. ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥ (ਉਹੀ, ਪੰਨਾ 138)

ਭੁੱਖਾ ਤਿਹਾਇਆ ਰਹਿੰਦਾ ਹੈ, ਕਦੀ ਰੱਜਦਾ ਨਹੀਂ ।[5] ਇਨ੍ਹਾਂ ਪੁਆੜਿਆਂ ਨੂੰ ਕੇਵਲ ਪਰਮਾਤਮਾ ਹੀ ਮੁਕਾ ਸਕਦਾ ਹੈ, ਕਿਉਂਕਿ ਜੋ ਕਰਤਾ ਕਰਦਾ ਹੈ ਉਹੀ ਹੁੰਦਾ ਹੈ, ਹੋਰ ਕਿਸੇ ਦੀ ਨਹੀਂ ਚੱਲਦੀ ।[6]

(ਅ) ਮਨੁੱਖ : (1) **ਸਰੀਰ** : ਮਾਝ ਦੀ ਵਾਰ ਅਨੁਸਾਰ ਮਨੁੱਖ ਦੀ ਸਾਰੀ ਉਮਰ ਨੂੰ ਨੌਂ ਭਾਗਾਂ ਵਿਚ ਵੰਡਿਆ ਗਿਆ ਹੈ। ਦਸਾਂ ਸਾਲਾਂ ਤਕ ਦਾ ਮਨੁੱਖ ਬਾਲਪਣ ਵਿਚ ਹੁੰਦਾ ਹੈ। ਵੀਹਾਂ ਸਾਲਾਂ ਦਾ ਜਵਾਨੀ ਵਿਚ ਅਪੜਦਾ ਹੈ। ਤੀਹਾਂ ਦਾ ਸੁੰਦਰ ਅਖਵਾਉਂਦਾ ਹੈ। ਚਾਲ੍ਹੀ ਸਾਲ ਦਾ ਭਰ-ਜੁਆਨ ਹੁਦਾ ਹੈ। ਪੰਜਾਹ ਉੱਤੇ ਉਸ ਦਾ ਪੈਰ ਖਿਸਕਣ ਲਗ ਜਾਂਦਾ ਹੈ। ਸੱਠਾਂ ਸਾਲਾਂ ਉਤੇ ਬੁਢੇਪਾ ਆ ਜਾਂਦਾ ਹੈ। ਸੱਤਰਾਂ ਉੱਤੇ ਬੁੱਧੀ ਕੰਮ ਨਹੀਂ ਕਰਦੀ। ਅੱਸੀਆਂ ਦਾ ਉਹ ਕਿਸੇ ਕੰਮ-ਕਾਰ ਜੋਗਾ ਨਹੀਂ ਰਹਿੰਦਾ। ਨੱਵੇ ਦਾ ਹੋ ਕੇ ਮਨੁੱਖ ਮੰਜੇ ਉੱਤੇ ਹੀ ਆਸਣ ਲਾਈ ਰੱਖਦਾ ਹੈ। ਇਸ ਤਰ੍ਹਾਂ ਮਨੁੱਖੀ ਦੇਹ ਦਾ ਅੰਤ ਹੋ ਜਾਂਦਾ ਹੈ ।

ਸੋਹਣੀ ਬਨਾਵਟ ਬਣਾ ਕੇ ਪ੍ਰਭੂ ਨੇ ਮਨੁੱਖ ਦੇ ਸਰੀਰ ਨੂੰ ਸਜਾਇਆ ਹੈ ਅਤੇ ਇਸ ਅੰਦਰ ਆਤਮਾ ਪਾਈ ਹੈ। ਸਰੀਰ ਵਿਚ ਗਿਆਨ-ਇੰਦ੍ਰੀਆਂ ਅਤੇ ਕਰਮ-ਇੰਦ੍ਰੀਆਂ ਹਨ। ਜੀਵ, ਅੱਖਾਂ ਨਾਲ ਵੇਖਦਾ ਹੈ ਅਤੇ ਕੰਨਾਂ ਰਾਹੀਂ ਸੁਣ ਕੇ ਧਿਆਨ ਜੋੜਦਾ ਹੈ। ਪੈਰਾਂ ਨਾਲ ਚਲਦਾ, ਹੱਥਾਂ ਨਾਲ ਕੰਮ ਕਰਦਾ ਹੈ। ਪ੍ਰਭੂ ਦਾ ਦਿੱਤਾ ਖਾਂਦਾ, ਪਹਿਨਦਾ ਹੈ। ਪਰ ਇਕ ਵਾਰ ਨਸ਼ਟ ਹੋਏ ਸਰੀਰ ਨੂੰ ਦੁਬਾਰਾ ਨਹੀਂ ਬਣਾਇਆ ਜਾ ਸਕਦਾ ।[8]

ਚਾਹੇ ਸਰੀਰ ਨੂੰ ਗੰਦਾ ਰੱਖੋ, ਚਾਹੇ ਨਿੱਤ ਕੱਪੜੇ ਧੋ ਧੋ ਕੇ ਪਾਵੋ, ਸਰੀਰ ਨੂੰ ਧੋਵੋ, ਇਹ ਸਭ ਵਿਅਰਥ ਹੈ, ਇਸ ਨਾਲ ਮੁਕਤੀ ਨਹੀਂ ਮਿਲਦੀ। ਕੇਵਲ ਬਾਹਰੋਂ ਸਰੀਰ ਦੀ ਮੈਲ ਕੱਢਣ ਨਾਲ ਕੁਝ ਨਹੀਂ ਬਣਦਾ। ਅੰਦਰੋਂ ਮੈਲ ਧੋਣ, ਅਰਥਾਤ ਹਉਮੈ ਦੂਰ ਕੀਤਿਆਂ ਹੀ ਸੁਖ ਮਿਲਦਾ ਹੈ ।[9] ਫ਼ੇਰ ਵੀ ਸਰੀਰ ਦੀ ਸਫ਼ਾਈ ਦਾ ਧਿਆਨ ਰਖਣਾ ਜ਼ਰੂਰੀ ਹੈ। ਗੁਰੂ ਜੀ ਕਹਿੰਦੇ ਹਨ ਜੋ ਇਸ਼ਨਾਨ ਨਹੀਂ ਕਰਦੇ ਉਨ੍ਹਾਂ ਦੇ ਸਿਰ ਵਿਚ ਸੱਤ ਬੁੱਕਾਂ ਸੁਆਹ ਦੀਆਂ ਪੈਣ ।[10]

ਮਾਝ ਦੀ ਵਾਰ ਅਨੁਸਾਰ ਰਿਜ਼ਕ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਦੇ ਵੱਸ ਵਿਚ ਨਹੀਂ । ਸਾਰਿਆਂ ਲਈ ਪਰਮਾਤਮਾ ਦੀ ਹੀ ਆਸ ਕਾਫ਼ੀ ਹੈ ।[11] ਨਾਮ-ਹੀਣ ਦਾ ਖਾਣ-ਪੀਣ ਸਭ

---

5. ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥ (ਗੁਰੂ ਗ੍ਰੰਥ, ਪੰਨਾ 138)
6. ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥ (ਉਹੀ, ਪੰਨਾ 139-40)
7. ਉਹੀ, ਪੰਨਾ 138.
8. ਉਹੀ ।
9. ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ ॥ (ਉਹੀ, ਪੰਨਾ 139)
10. ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥ (ਉਹੀ, ਪੰਨਾ 150)
11. ਨ ਰਿਜਕੁ ਦਸਤ ਆ ਕਸੇ ॥
ਹਮਾਰਾ ਏਕੁ ਆਸ ਵਸੇ ॥ (ਉਹੀ, ਪੰਨਾ 144)

ਹਰਾਮ ਹੈ। ਐਸੇ ਖਾਣ-ਪੀਣ ਦਾ ਕੀ ਲਾਭ ?[12] ਨਾਮ-ਸਿਮਰਨ ਬਿਨ ਖਾਧਾ ਅਤੇ ਪਹਿਨਿਆ ਸਭ ਜ਼ਹਿਰ ਸਮਾਨ ਹੈ।[13] ਸੱਚੇ ਪ੍ਰਭੂ ਬਿਨਾਂ, ਸਭ ਖਾਧਾ-ਪਹਿਨਿਆ ਤ੍ਰਿਸ਼ਨਾ ਹੀ ਤ੍ਰਿਸ਼ਨਾ ਹੈ।[14]

(2) ਭਾਵਨਾਵਾਂ : ਕ੍ਰੋਧ, ਲੋਭ, ਮੋਹ ਨੂੰ ਅੱਗ ਦੀਆਂ ਨਦੀਆਂ ਕਿਹਾ ਹੈ।[15] ਜੀਵ ਕਾਮ-ਕ੍ਰੋਧ ਦੀ ਜ਼ਹਿਰ ਕਮਾ ਰਹੇ ਹਨ। ਉਹ ਪੜ੍ਹਿਆ ਹੋਇਆ ਮਨੁੱਖ ਵੀ ਮੂਰਖ ਹੈ ਜਿਸ ਦੇ ਅੰਦਰ ਚਸਕਾ, ਲੋਭ ਅਤੇ ਅਹੰਕਾਰ ਹਨ।[16] ਸਰੀਰ ਵਿਚ ਤ੍ਰਿਸ਼ਨਾ ਦੀ ਅੱਗ ਕੇਵਲ ਗੁਰੂ-ਸ਼ਬਦ ਦੁਆਰਾ ਹੀ ਬੁਝ ਸਕਦੀ ਹੈ।[17] ਬਾਕੀ ਕਰਮਾਂ ਨਾਲ ਮੋਹ ਦੂਰ ਨਹੀਂ ਹੁੰਦਾ, ਇਸ ਨੂੰ ਤਾਂ ਗੁਰੂ ਦਾ ਗਿਆਨ ਹੀ ਦੂਰ ਕਰ ਸਕਦਾ ਹੈ।[18] ਜੋ ਜੀਵ ਪਰਮਾਤਮਾ ਨੂੰ ਭਾਉਂਦੇ ਹਨ, ਉਹ ਪੁੱਤਰ, ਇਸਤ੍ਰੀ ਅਤੇ ਕੁਟੰਬ ਦੇ ਮੋਹ ਤੋਂ ਉੱਚੇ ਰਹਿੰਦੇ ਹਨ।[19]

ਜੋ ਜੀਵ ਪ੍ਰਭੂ ਦੇ ਡਰ ਤੋਂ ਖ਼ਾਲੀ ਹਨ, ਉਨ੍ਹਾਂ ਨੂੰ ਹੋਰ ਡਰ ਖਾਂਦੇ ਹਨ। ਉਹ ਹੰਕਾਰ ਵਿਚ ਪਏ ਗਲਦੇ ਹਨ।[20] ਅਸਲ ਵਿਚ ਤਾਂ ਲੋਭ, ਮੋਹ, ਆਦਿਕ ਸਭ ਦਾ ਕਾਰਣ ਹਉਮੈ ਹੀ ਹੈ।[21] ਹਉਮੈ ਓਦੋਂ ਪੈਦਾ ਹੁੰਦੀ ਹੈ ਜਦੋਂ ਆਤਮਾ ਸਰੀਰ ਨੂੰ ਆਪਣਾ ਸਮਝਣ ਲਗ ਜਾਂਦੀ ਹੈ। ਅਪਣੱਤ, ਅਰਥਾਤ ਹਉਮੈ ਵਿਚ ਦੁੱਖ ਹੈ।[22] ਜੇ ਗੁਰੂ ਦੇ ਉਪਦੇਸ਼ ਰਾਹੀਂ ਹਉਮੈ ਦਾ ਨਾਸ਼ ਹੋ ਜਾਵੇ ਤਾਂ ਮਨ ਸਿਮਰਨ ਵਿਚ ਲਗਦਾ ਹੈ।[23] ਇਸ ਤਰਾਂ ਆਪਾ-ਭਾਵ ਗਵਾ ਕੇ ਹੀ ਸਫ਼ਲ ਹੋਈਦਾ ਹੈ,[24] ਕਿਉਂਕਿ ਆਪਾ-ਭਾਵ ਗਵਾ ਕੇ ਹੀ ਸੱਚ ਦੀ ਸੋਝੀ ਹੁੰਦੀ ਹੈ।[25]

(3) ਅਰਥ : ਮਾਝ ਦੀ ਵਾਰ ਵਿਚ ਸਪਸ਼ਟ ਰੂਪ ਨਾਲ ਆਰਥਿਕ ਪ੍ਰਾਪਤੀਆਂ ਨੂੰ ਅਧਿਆਤਮਿਕ ਪ੍ਰਾਪਤੀਆਂ ਨਾਲੋਂ ਘੱਟ ਮਹਤ੍ਵ-ਪੂਰਣ ਦਰਸਾਇਆ ਹੈ। ਕਿਹਾ ਹੈ ਕਿ ਨਾਮ ਤੋਂ ਬਿਨਾ ਹੋਰ ਕੋਈ ਧਨ ਸੱਚਾ ਨਹੀਂ ਹੈ। ਹੋਰ ਸਭ ਮਾਇਕੀ ਧਨ ਸਵਾਹ ਸਮਾਨ

12. ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ ॥ (ਗੁਰੂ ਗ੍ਰੰਥ, ਪੰਨਾ 146)
13. ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥ (ਉਹੀ)
14. ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥ (ਉਹੀ)
15. ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅੰਗਿ ॥ (ਉਹੀ, ਪੰਨਾ 147)
16. ਪੜਿਆ ਮੂਰਖਿ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ (ਉਹੀ, ਪੰਨਾ 140)
17. ਤਨ ਮਹਿ ਤ੍ਰਿਸਨਾ ਅਗਿ ਸਬਦ ਬੁਝਾਈਐ ॥ (ਉਹੀ, ਪੰਨਾ 147)
18. ਬਿਨੁ ਸਤਿਗੁਰ ਮੋਹੁ ਨ ਤੁਟਈ ਸਭ ਥਕੇ ਕਰਮ ਕਮਾਇਆ ॥ (ਉਹੀ, ਪੰਨਾ 138)
19. ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥ (ਉਹੀ, ਪੰਨਾ 139)
20. ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ (ਉਹੀ, ਪੰਨਾ 149)
21. ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥ (ਉਹੀ, ਪੰਨਾ 139)
22. ਵਸਤੁ ਪਰਾਈ ਅਪੁਨੀ ਕਰ ਜਾਨੈ ਹਉਮੈ ਵਿਚਿ ਦੁਖੁ ਘਾਲੇ ॥ (ਉਹੀ)
23. ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥ (ਉਹੀ)
24. ਸਿਝੈ ਦਰਿ ਦੀਵਾਨਿ ਆਪੁ ਗਵਾਈਐ ॥ (ਉਹੀ, ਪੰਨਾ 142)
25. ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥ (ਉਹੀ, ਪੰਨਾ 144)

ਹਨ ।[26] ਮਨੁੱਖ ਪਾਸ ਜੇ ਸੋਨੇ-ਚਾਂਦੀ ਦਾ ਪਹਾੜ ਹੋਵੇ, ਜੋ ਹੀਰੇ ਅਤੇ ਲਾਲਾਂ ਨਾਲ ਜੜਿਆ ਹੋਵੇ, ਮਨੁੱਖ ਨੂੰ ਇਹ ਸਭ ਛੱਡ ਕੇ ਵੀ ਪ੍ਰਭੂ ਦੀ ਸਿਫ਼ਤ ਸਲਾਹ ਹੀ ਕਰਨੀ ਚਾਹੀਦੀ ਹੈ ।[27] ਸੋਹਣੇ ਕੱਪੜੇ ਪਾਉਣ, ਨਰਮ ਬਿਸਤਰਿਆਂ ਉੱਤੇ ਸੌਣ ਅਤੇ ਭੋਗ-ਬਿਲਾਸ ਕਰਨ ਦਾ ਕੋਈ ਲਾਭ ਨਹੀਂ ।[28] ਲਸ਼ਕਰ, ਨਾਇਬ ਅਤੇ ਨੌਕਰ ਸਭ ਨਾਸ਼ਵੰਤ ਹਨ । ਮਾਲ-ਦੌਲਤ ਨਾਸ਼ਵਾਨ ਪੂੰਜੀ ਹੈ । ਇਸ ਨਾਲ ਕੇਵਲ ਕੂੜ ਹੀ ਵਿਹਾਜੀਦਾ ਹੈ ।[29] ਚਾਹੇ ਸੋਨੇ ਦੇ ਸੁਮੇਰ ਪਰਬਤ ਉੱਤੇ ਗੁਫ਼ਾ ਬਣਾ ਲਈ ਜਾਵੇ, ਚਾਹੇ ਪਾਤਾਲ ਵਿਚ, ਇਸ ਨਾਲ ਹਉਮੈ ਦੂਰ ਨਹੀਂ ਹੁੰਦੀ । ਮਾਇਕੀ ਪਦਾਰਥ ਤਾਂ ਕੱਚ ਦੇ ਵਪਾਰ ਵਾਂਗ ਕੱਚੇ ਹਨ ।[30] ਧਨ ਦੇ ਭਰੇ ਖਜ਼ਾਨੇ ਇਕ ਪਲ ਵਿਚ ਖ਼ਾਲੀ ਹੋ ਜਾਂਦੇ ਹਨ । ਘੋੜੇ, ਹਾਥੀ, ਊਠ, ਬਾਗ, ਮੁਲਕ, ਘਰ-ਬਾਰ ਜਿਨ੍ਹਾਂ ਨੂੰ ਮਨੁੱਖ ਆਪਣਾ ਸਮਝਦਾ ਹੈ, ਸਭ ਚੱਲਣਹਾਰ ਹਨ । ਹੱਟ, ਸ਼ਹਿਰ, ਬਜ਼ਾਰ ਸਭ ਪਰਮਾਤਮਾ ਦੇ ਕਾਨੂੰਨ ਅਨੁਸਾਰ ਅੰਤ ਢਹਿ ਜਾਣਗੇ ।[31] ਸੋਹਣੇ, ਪੱਕੇ ਘਰ ਜਿਨ੍ਹਾਂ ਨੂੰ ਜੀਵ ਆਪਣਾ ਸਮਝਦਾ ਹੈ, ਸਭ ਸਮੇਂ ਨਾਲ ਨਾਸ਼ ਹੋ ਜਾਂਦੇ ਹਨ । ਗੁਰੂ ਜੀ ਨੇ ਤਾਂ ਏਥੋਂ ਤਕ ਕਹਿ ਦਿਤਾ ਹੈ ਕਿ ਜੋ ਰਾਜ ਜਾਂ ਮਾਲ ਦੇ ਪਿਆਰ ਵਿਚ ਮਸਤ ਹੈ, ਉਹ ਬੇਸ਼ਰਮ ਹੋ ਕੇ ਨੱਚ ਰਿਹਾ ਹੈ :

ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥ (ਗੁਰੂ ਗ੍ਰੰਥ, ਪੰਨਾ 142)

## 2. ਬੌਧਿਕ ਵਰਗ

ਬੁੱਧੀ ਲਈ 'ਮਤਿ' ਸ਼ਬਦ ਦਾ ਪ੍ਰਯੋਗ ਵੀ ਕੀਤਾ ਗਿਆ ਹੈ । ਕਿਹਾ ਗਿਆ ਹੈ ਕਿ ਬੁੱਧੀ ਪੰਛੀ ਦੀ ਤਰ੍ਹਾਂ ਹੈ । ਇਸ ਦਾ ਸੁਭਾ ਜੀਵ ਦੇ ਪਿਛਲੇ ਕਰਮਾਂ ਅਨੁਸਾਰ ਬਣਿਆ ਹੁੰਦਾ ਹੈ, ਇਸ ਕਰ ਕੇ ਇਹ ਕਦੀ ਉੱਤਮ ਅਤੇ ਕਦੇ ਨੀਚ ਕਰਮ ਕਰਦੀ ਹੈ । ਕਦੀ ਸੰਸਾਰ ਵਿਚ ਲਿਪਤ ਰਹਿੰਦੀ ਹੈ ਅਤੇ ਕਦੀ ਸੰਸਾਰ ਤੋਂ ਨਿਰਲੇਪ ਹੋ ਕੇ ਪ੍ਰਭੂ-ਪ੍ਰੀਤ ਵਿਚ ਲੀਨ ਹੋ ਜਾਂਦੀ ਹੈ ।[32] ਝੂਠ ਮੱਸਿਆ ਦੀ ਹਨੇਰੀ ਰਾਤ ਵਾਂਗ ਹੈ, ਅਤੇ ਸੱਚ ਚੰਦ੍ਰਮਾ ਵਾਂਗ, ਹਨੇਰੇ ਵਿਚ ਠੀਕ ਰਸਤਾ ਨਹੀਂ ਸੁੱਝਦਾ ।[33] ਪਰ ਉਹ ਪੜ੍ਹਿਆ ਹੋਇਆ ਵੀ ਮੂਰਖ ਹੈ ਜਿਸ

---

26. ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥ (ਗੁਰੂ ਗ੍ਰੰਥ, ਪੰਨਾ 141)
27. ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ ॥
ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨ ਚਾਉ ॥ (ਉਹੀ, ਪੰਨਾ 142)
28. ਪੁਰੁ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ ॥ (ਉਹੀ, ਪੰਨਾ 139)
29. ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥ (ਉਹੀ, ਪੰਨਾ 144)
30. ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ ॥ (ਉਹੀ, ਪੰਨਾ 139)
31. ਉਹੀ, ਪੰਨਾ 141.
32. ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ ॥
ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ ॥ (ਉਹੀ, ਪੰਨਾ 147-48)
33. ਕੂੜੁ ਅਮਾਵਸ ਸਚੁ ਚੰਦ੍ਰਮਾਂ ਦੀਸੈ ਨਾਹੀ ਕਹ ਚੜਿਆ ॥ (ਉਹੀ, ਪੰਨਾ 145)

ਅੰਦਰ ਤ੍ਰਿਸ਼ਨਾਵਾਂ ਹਨ ।[34]

## 3. ਸੁਹਜਾਤਮਕ ਵਰਗ

ਜੀਵ ਦਾ ਸਰੀਰ ਸੋਹਣਾ ਹੈ। ਸੋਹਣੇ ਪੱਕੇ ਅੰਗਾਂ ਨੂੰ ਜੀਵ ਆਪਣਾ ਸਮਝਦਾ ਹੈ। ਪਰ ਇਸ ਪ੍ਰਕਾਰ ਦੀ ਸੁੰਦਰਤਾ ਵਾਲੀਆਂ ਵਸਤੂਆਂ ਨਾਸ਼ਵਾਨ ਹਨ ।[35] ਸਵਰਗ ਦੀਆਂ ਸੋਹਣੀਆਂ ਵਸਤਾਂ ਵੀ ਨਾਸ਼ਵਾਨ ਹਨ ।[36] ਇਸ ਸੰਸਾਰ ਵਿਚ ਉਸ ਦੀ ਹੀ ਸੂਝ-ਬੂਝ ਸੁੰਦਰ ਹੈ ਜਿਸ ਨੇ ਪ੍ਰਭੂ ਨਾਲ ਲਗਨ ਲਾਈ ਹੈ ।[37] ਅਜਿਹੇ ਜੀਵਾਂ ਦੇ ਮੁੱਖ ਪ੍ਰਭੂ ਦੇ ਦਰ ਉੱਤੇ ਉਜਲੇ ਹੁੰਦੇ ਹਨ। ਸੱਚੇ ਸ਼ਬਦ ਦੁਆਰਾ ਉਹ ਸੋਹਣੇ ਲਗਦੇ ਹਨ ।[38]

## 4. ਨੈਤਿਕ ਵਰਗ

(ੳ) ਵਿਅਕਤੀਗਤ ਨੈਤਿਕਤਾ : ਮਾਝ ਦੀ ਵਾਰ ਵਿਚ ਨੈਤਿਕਤਾ ਉੱਤੇ ਬਹੁਤ ਜ਼ੋਰ ਹੈ। ਇਸ ਵਿਚ ਕਈ ਅਜਿਹੇ ਆਦਰਸ਼ ਦੱਸੇ ਹਨ, ਜੋ ਹਰ ਦੇਸ਼ ਕਾਲ ਵਿਚ ਸੱਚ ਹਨ। ਮਾਝ ਦੀ ਵਾਰ ਵਿਚ ਦੂਜੇ ਦਾ ਹੱਕ ਮਾਰਨ ਨੂੰ ਬਹੁਤ ਵੱਡੀ ਬੁਰਿਆਈ ਸਮਝਿਆ ਗਿਆ ਹੈ। ਉਦਾਹਰਣ ਨਾਲ ਸਮਝਾਇਆ ਹੈ ਕਿ ਜੇ ਜਾਮੇ ਨੂੰ ਲਹੂ ਲੱਗ ਜਾਵੇ ਤਾਂ ਜਾਮਾ ਅਪਵਿੱਤਰ ਹੋ ਜਾਂਦਾ ਹੈ, ਪਰ ਜੋ ਲੋਕ ਮਨੁੱਖਾਂ ਦਾ ਰੱਤ ਪੀ ਜਾਂਦੇ ਹਨ, ਉਨ੍ਹਾਂ ਦਾ ਦਿਲ ਕਿਵੇਂ ਪਵਿੱਤਰ ਹੋ ਸਕਦਾ ਹੈ ?[39] ਲੋਕ ਆਪ ਤਾਂ ਝੂਠ ਬੋਲ ਬੋਲ ਕੇ ਦੂਜਿਆਂ ਦੇ ਹੱਕ ਖਾਂਦੇ ਹਨ ਅਤੇ ਹੋਰਨਾਂ ਨੂੰ ਅਜਿਹਾ ਨਾ ਕਰਨ ਦਾ ਉਪਦੇਸ਼ ਦਿੰਦੇ ਹਨ ।[40] ਅਜਿਹਾ ਗੁਰੂ ਆਪ ਤਾਂ ਲੁਟਿਆ ਜਾਂਦਾ ਹੈ, ਹੋਰਨਾਂ ਨੂੰ ਵੀ ਲੁਟਾਉਂਦਾ ਹੈ ।[41] ਪਰਾਇਆ ਹੱਕ ਖਾਣਾ ਮੁਸਲਮਾਨ ਲਈ ਸੂਰ ਅਤੇ ਹਿੰਦੂ ਲਈ ਗਊ ਮਾਸ ਖਾਣ ਸਮਾਨ ਹੈ। ਪ੍ਰਭੂ ਦੀ ਦਰਗਾਹ ਵਿਚ ਕਿਸੇ ਦੀ ਸਿਫ਼ਾਰਿਸ਼ ਤਾਂ ਹੀ ਹੁੰਦੀ ਹੈ ਜੇ ਉਹ ਪਰਾਇਆ ਹੱਕ ਨਾ ਖਾਵੇ ।[42] ਹਰਾਮ ਦੀ ਕਮਾਈ, ਨਿਰੀਆਂ ਗੱਲਾਂ ਨਾਲ ਹਲਾਲ ਨਹੀਂ ਹੋ ਜਾਂਦੀ। ਨਿਰੀਆਂ ਗੱਲਾਂ

---

34. ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ (ਗੁਰੂ ਗ੍ਰੰਥ, ਪੰਨਾ 140)
35. ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥ (ਉਹੀ, ਪੰਨਾ 141)
36 ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ ॥ (ਉਹੀ, ਪੰਨਾ 142)
37. ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥ (ਉਹੀ, ਪੰਨਾ 145)
38. ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥ (ਉਹੀ, ਪੰਨਾ 139)
39. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
    ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ ॥ (ਉਹੀ, ਪੰਨਾ 140)
40. ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥ (ਉਹੀ)
41. ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥
    ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥ (ਉਹੀ)
42. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
    ਗੁਰ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (ਉਹੀ, ਪੰਨਾ 141)

ਨਾਲ ਕੋਈ ਸਵਰਗ ਵਿਚ ਨਹੀਂ ਪਹੁੰਚਦਾ। ਓਥੇ ਤਾਂ ਸੱਚ ਦੀ ਕਮਾਈ ਨਾਲ ਹੀ ਛੁਟਕਾਰਾ ਹੁੰਦਾ ਹੈ। ਕੂੜੀਆਂ ਗੱਲਾਂ ਨਾਲ ਕੂੜ ਹੀ ਪੱਲੇ ਪੈਂਦਾ ਹੈ।[43]

ਜੋ ਵਿਅਕਤੀ ਇਹ ਸੋਚਦਾ ਹੈ ਕਿ ਉਹ ਲੁੱਕ ਕੇ ਮੰਦੇ ਕੰਮ ਕਰਦਾ ਹੈ, ਉਸ ਦੇ ਕਰਮਾਂ ਬਾਰੇ ਕਿਸੇ ਨੂੰ ਪਤਾ ਨਹੀਂ, ਉਹ ਭੁੱਲ ਜਾਂਦਾ ਹੈ ਕਿ ਪਰਮਾਤਮਾ ਸਭ ਥਾਂ ਹਾਜ਼ਰ ਹੈ ਅਤੇ ਉਸ ਤੋਂ ਕੁਝ ਵੀ ਲੁਕਿਆ ਨਹੀਂ ਰਹਿ ਸਕਦਾ।[44] ਅਜਿਹੇ ਮਨੁੱਖ ਨੂੰ ਪਾਗਲ ਹੀ ਕਹਿਣਾ ਚਾਹੀਦਾ ਹੈ, ਕਿਉਂਕਿ ਉਸ ਨੂੰ ਆਪਣੇ ਸਰੂਪ ਦਾ ਵੀ ਪਤਾ ਨਹੀਂ।[45] ਸੰਸਾਰ ਵਿਚ ਬੁਰੇ ਕੰਮਾਂ ਦਾ ਫਲ ਬੁਰਾ ਹੀ ਨਿਕਲਦਾ ਹੈ। ਅਜਿਹਾ ਮਨੁੱਖ ਸੰਸਾਰਿਕ ਝਗੜਿਆਂ ਵਿਚ ਫ਼ੱਸਦਾ ਹੈ।[46] ਮੂਰਖ ਦੀ ਇਹੋ ਪਛਾਣ ਹੈ ਕਿ ਉਹ ਜਦੋਂ ਬੋਲਦਾ ਹੈ, ਉਸ ਵਿੱਚੋਂ ਖ਼ਰਾਬੀ ਹੀ ਨਿਕਲਦੀ ਹੈ।[47]

ਮਾਝ ਦੀ ਵਾਰ ਵਿਚ ਵਿਸਤਾਰ ਨਾਲ ਇਕ ਚੰਗੇ ਮੁਸਲਮਾਨ ਦੇ ਗੁਣ ਦੱਸੇ ਹਨ। ਗੁਰੂ ਨਾਨਕ ਦੇਵ ਜੀ ਜ਼ਾਤ-ਪਾਤ ਵਿਚ ਤਾਂ ਵਿਸ਼ਵਾਸ ਨਹੀਂ ਸਨ ਕਰਦੇ, ਸੋ ਉਨ੍ਹਾਂ ਨੇ ਇਕ ਆਦਰਸ਼ ਮੁਸਲਮਾਨ ਦੇ ਜੋ ਗੁਣ ਦੱਸੇ ਹਨ, ਉਹੀ ਗੁਣ ਇਕ ਆਦਰਸ਼ ਮਾਨਵ ਦੇ ਹਨ। ਉਨ੍ਹਾਂ ਅਨੁਸਾਰ ਮੁਸਲਮਾਨ ਨੂੰ ਪਹਿਲਾਂ ਨਬੀ ਦਾ ਦੱਸਿਆ ਧਰਮ ਭਾਉਣਾ ਚਾਹੀਦਾ ਹੈ। ਉਸ ਨੂੰ ਆਪਣਾ ਮਾਲ-ਧਨ ਲੋੜਵੰਦਾਂ ਵਿਚ ਵੰਡਣਾ ਚਾਹੀਦਾ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਗੁਰੂ ਦੀ ਆਗਿਆ ਵਿਚ ਚੱਲੇ ਅਤੇ ਇਸ ਪ੍ਰਕਾਰ ਮਰਣ-ਜੀਵਨ ਦਾ ਭ਼ਰਮ ਮੁਕਾ ਦੇਵੇ। ਉਹ ਪ੍ਰਭੂ ਨੂੰ ਰਚਣਹਾਰ ਮੰਨੇ ਅਤੇ ਆਪਣੀ ਹਉਮੈ ਤਿਆਗ ਦੇਵੇ, ਸਾਰੇ ਜੀਵਾਂ ਉੱਤੇ ਦਇਆ ਕਰੇ।[48] ਉਹ ਲੋਕ-ਤਰਸੀ ਨੂੰ ਮਸੀਤ ਬਣਾਏ ਅਤੇ ਨੇਕ ਕਮਾਈ ਨੂੰ ਕੁਰਾਨ, ਵਿਕਾਰਾਂ ਤੋਂ ਲੱਜਾ ਕਰਨ ਨੂੰ ਸੁੰਨਤ ਸਮਝੇ ਅਤੇ ਚੰਗੇ ਸੁਭਾ ਨੂੰ ਰੋਜ਼ਾ ਜਾਣੇ, ਉੱਚੀ ਕਰਣੀ ਨੂੰ ਕਾਬਾ ਥਾਪੇ, ਸੱਚ ਨੂੰ ਪੀਰ ਮੰਨੇ ਅਤੇ ਨੇਕ ਅਮਲਾਂ ਨੂੰ ਨਮਾਜ਼।[49] ਸੱਚੇ ਮੁਸਲਮਾਨ ਲਈ ਸੱਚੀਆਂ ਪੰਜ ਨਿਮਾਜ਼ਾਂ ਸੱਚੇ ਆਦਰਸ਼ ਹੋਣੇ ਚਾਹੀਦੇ ਹਨ। ਪਹਿਲਾ ਆਦਰਸ਼ ਸੱਚ ਉੱਤੇ ਦ੍ਰਿੜ ਰਹਿਣਾ, ਦੂਜਾ ਨੇਕ ਕਮਾਈ ਕਰਨੀ, ਤੀਜਾ ਰੱਬ ਤੋਂ ਸਭ ਦਾ ਭਲਾ ਮੰਗਣਾ, ਚੌਥਾ ਮਨ ਨੂੰ ਸਾਫ਼ ਰਖਣਾ ਅਤੇ ਪੰਜਵਾਂ ਪ੍ਰਭੂ ਦੀ ਸਿਫ਼ਤ-ਸਲਾਹ ਅਤੇ ਵਡਿਆਈ ਹੈ।[50]

---

43. ਗੁਰੂ ਗ੍ਰੰਥ, ਪੰਨਾ 141.
44, ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥ (ਉਹੀ, ਪੰਨਾ 142)
45. ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥ (ਉਹੀ)
46. ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥
ਕਲਰਿ ਬੁਰੀ ਸੰਸਾਰਿ ਵਾਦੇ ਖਪੀਐ ॥ (ਉਹੀ)
47. ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥ (ਉਹੀ, ਪੰਨਾ 143)
48. ਉਹੀ, ਪੰਨਾ 141.
49. ਉਹੀ, ਪੰਨਾ 140.
50. ਉਹੀ, ਪੰਨਾ 141.

(ਅ) ਸਮਾਜਿਕ ਨੈਤਿਕਤਾ : ਪ੍ਰਭੂ ਦੇ ਦਰ ਉੱਤੇ ਜ਼ਾਤ-ਪਾਤ ਦਾ ਕੋਈ ਲਿਹਾਜ਼ ਨਹੀਂ ਹੁੰਦਾ, ਉਥੇ ਕੇਵਲ ਸੱਚ ਦੀ ਪਰਖ ਹੁੰਦੀ ਹੈ :

ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥ (ਗੁਰੂ ਗ੍ਰੰਥ, ਪੰਨਾ 142)

ਪ੍ਰਭੂ ਦੀ ਦਰਗਾਹ ਵਿਚ ਉਹੀ ਸਰਦਾਰ ਹੈ ਜਿਸ ਨੇ ਉਸ ਦਾ ਹੁਕਮ ਮੰਨਿਆ ਹੈ, ਜ਼ਾਤ ਦੇ ਕਾਰਨ ਕੋਈ ਸਰਦਾਰੀ ਨਹੀਂ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਜ਼ਾਤ-ਪਾਤ ਦੇ ਭੇਦ-ਭਾਵ ਨੂੰ ਨਹੀਂ ਮੰਨਿਆ ਅਤੇ ਕਿਹਾ ਹੈ ਮਨੁੱਖ, ਜ਼ਾਤ ਨਾਲ ਵੱਡਾ-ਛੋਟਾ ਨਹੀਂ ਹੁੰਦਾ, ਆਪਣੇ ਕਰਮਾਂ ਨਾਲ ਹੁੰਦਾ ਹੈ।

(ੲ) ਰਾਜਨੀਤਿਕ ਨੈਤਿਕਤਾ : ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਭਾਰਤ ਦੀ ਸਮਾਜਿਕ ਤੇ ਰਾਜਨੀਤਿਕ ਸਥਿਤੀ ਚੰਗੀ ਨਹੀਂ ਸੀ, ਇਹ ਝਲਕ ਤਾਂ ਨਾਨਕ-ਬਾਣੀ ਵਿਚ ਸਾਫ਼ ਦਿਖਾਈ ਦੇਂਦੀ ਹੈ। ਮਾਝ ਦੀ ਵਾਰ ਵਿਚ ਹੀ ਕਿਹਾ ਗਿਆ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥

(ਗੁਰੂ ਗ੍ਰੰਥ, ਪੰਨਾ 145)

ਪਰ ਗੁਰੂ ਜੀ ਨੇ ਸਿਰਫ਼ ਉਸ ਸਮੇਂ ਦੇ ਸਮਾਜ ਦੀ ਆਲੋਚਨਾ ਹੀ ਨਹੀਂ ਕੀਤੀ ਸਗੋਂ ਇਕ ਆਦਰਸ਼ ਰਾਜ ਅਤੇ ਇਕ ਆਦਰਸ਼ ਰਾਜੇ ਦੇ ਗੁਣਾਂ ਦੀ ਵਿਆਖਿਆ ਵੀ ਕੀਤੀ ਹੈ। ਗੁਰੂ ਜੀ ਅਨੁਸਾਰ ਰਾਜਾ, ਪਰਜਾ, ਸਰਦਾਰ ਕੋਈ ਵੀ ਸਦਾ ਰਹਿਣ ਵਾਲਾ ਨਹੀਂ ਹੈ।[51] ਉਹ ਰਾਜਾ ਅਗਿਆਨੀ ਹੈ ਜੋ ਰਾਜ, ਮਾਲ ਜਾਂ ਹੋਰ ਕਿਸੇ ਪਿਆਰ ਵਿਚ ਮਸਤ ਹੈ।[52] ਹਮੇਸ਼ਾ ਰਹਿਣ ਵਾਲਾ ਰਾਜ ਤਾਂ ਸਿਰਫ਼ ਪਰਮਾਤਮਾ ਦਾ ਹੀ ਹੈ। ਜੇ ਰਾਜਾ ਤੇ ਪਰਜਾ ਦਾ ਵਿਗਾੜ ਹੋ ਜਾਵੇ ਤਾਂ ਕਰ ਦਿੱਤਿਆਂ ਰਾਜਾ ਤੇ ਪਰਜਾ ਦਾ ਮੇਲ ਹੋ ਜਾਂਦਾ ਹੈ,[53] ਪਰ ਆਮ ਤਜਰਬਾ ਇਹ ਹੈ ਕਿ ਰਾਜੇ ਕਦੇ ਰਾਜ ਕਰ ਕੇ ਰੱਜਦੇ ਨਹੀਂ।[54]

(ਸ) ਧਾਰਮਿਕ ਨੈਤਿਕਤਾ : ਗੁਰੂ ਜੀ ਨੇ ਮਾਝ ਦੀ ਵਾਰ ਵਿਚ ਵਾਰ ਵਾਰ ਦੋਹਰਾਇਆ ਹੈ ਕਿ ਪ੍ਰਭੂ-ਨਾਮ ਸਿਮਰਨ ਤੋਂ ਬਿਨਾਂ ਹੋਰ ਕਿਸੇ ਕਰਮ ਦਾ ਕੋਈ ਲਾਭ ਨਹੀਂ। ਉਨ੍ਹਾਂ ਅਨੁਸਾਰ ਕਰਮ-ਕਾਂਡੀ ਕਈ ਪ੍ਰਕਾਰ ਦੇ ਹੁੰਦੇ ਹਨ। ਕੋਈ ਜੰਗਲਾਂ ਵਿਚ ਰਹਿੰਦੇ ਹਨ ਤੇ ਭਗਵੇਂ ਕਪੜੇ ਪਾ ਕੇ ਜੋਗੀ-ਸੰਨਿਆਸੀ ਬਣੇ ਫਿਰਦੇ ਹਨ ਪਰ ਫ਼ੇਰ ਵੀ ਉਨ੍ਹਾਂ ਦੇ ਮਨ ਵਿਚ ਕਪੜੇ ਦੀ ਤ੍ਰਿਸ਼ਨਾ ਬਣੀ ਰਹਿੰਦੀ ਹੈ। ਇਵੇਂ ਉਨ੍ਹਾਂ ਦਾ ਜਨਮ ਨਿਸਫਲ ਜਾਂਦਾ ਹੈ। ਉਹ ਨਾ ਤਾਂ ਗ੍ਰਹਿਸਥੀ ਰਹਿ ਜਾਂਦੇ ਹਨ ਅਤੇ ਨਾ ਸੰਨਿਆਸੀ ਹੀ, ਕਿਉਂਕਿ ਉਨ੍ਹਾਂ ਦੇ ਅੰਦਰ ਤ੍ਰਿਗੁਣੀ ਮਾਇਆ ਦਾ ਲਾਲਚ ਵੱਸਿਆ ਹੁੰਦਾ ਹੈ, ਇਸੇ ਲਈ ਉਨ੍ਹਾਂ ਵਾਸਤੇ ਜਨਮ-ਮਰਣ ਦਾ ਚੱਕਰ ਬਣਿਆ ਰਹਿੰਦਾ ਹੈ।[55]

---

51. ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥ (ਗੁਰੂ ਗ੍ਰੰਥ, ਪੰਨਾ 141)
52. ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥ (ਉਹੀ, ਪੰਨਾ 142)
53. ਰਾਜਾ ਮੰਗੈ ਦਿਤੈ ਗੰਢੁ ਪਾਇ ॥ (ਉਹੀ, ਪੰਨਾ 143)
54. ਰਾਜਾ ਰਾਜ ਨ ਤ੍ਰਿਪਤਿਆ.. ॥ (ਉਹੀ, ਪੰਨਾ 148)
55. ਉਹੀ, ਪੰਨਾ 140.

ਕਈ ਲੋਕ ਗਾਉਣ-ਵਜਾਉਣ ਅਤੇ ਤੀਰਥਾਂ ਉੱਤੇ ਇਸ਼ਨਾਨ ਕਰਨ ਨੂੰ ਧਰਮ ਸਮਝਦੇ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਪਾਪ ਨਿਰੇ ਸਰੀਰ ਨੂੰ ਧੋਤਿਆਂ ਜਾਂ ਤੀਰਥਾਂ ਉੱਤੇ ਇਸ਼ਨਾਨ ਕੀਤਿਆਂ ਨਹੀਂ ਉਤਰ ਜਾਂਦੇ ।[56]

ਜੈਨੀ ਹਿੰਸਾ ਦੇ ਵਹਿਮ ਵਿਚ ਬੇਹੱਦ ਗੰਦੀ ਰਹਿਣੀ ਰਹਿੰਦੇ ਹਨ। ਉਹ ਸਿਰ ਦੇ ਵਾਲ ਭੇਡਾਂ ਵਾਂਗ ਪੁੱਟਦੇ ਹਨ, ਮੈਲਾ ਪਾਣੀ ਪੀਂਦੇ ਹਨ ਅਤੇ ਜੂਠੀ ਰੋਟੀ ਮੰਗ ਕੇ ਖਾਂਦੇ ਹਨ। ਆਪਣੇ ਵਿਸ਼ਟੇ ਨੂੰ ਫ਼ਰੋਲਦੇ ਹਨ ਤਾਂ ਜੋ ਕੋਈ ਜੀਵ ਮਰ ਨਾ ਜਾਵੇ। ਇਸ ਤਰਾਂ ਉਹ ਗੰਦੀ ਹਵਾੜ ਮੂੰਹ ਵਿਚ ਲੈਂਦੇ ਹਨ। ਪਾਣੀ ਵੇਖ ਕੇ ਸੰਗਦੇ ਹਨ। ਸਰੀਰ ਉੱਤੇ ਸੁਆਹ ਮਲ ਲੈਂਦੇ ਹਨ।[57] ਗੁਰੂ ਜੀ ਨੇ ਉਨ੍ਹਾਂ ਨੂੰ ਸਿਰ-ਖ਼ੁੱਥੇ ਸ਼ੈਤਾਨ ਕਿਹਾ ਹੈ। ਇਹ ਹਿੰਸਾ ਦੇ ਵਹਿਮ ਵਿਚ ਪੈ ਕੇ ਕਮਾਈ ਵੀ ਨਹੀਂ ਕਰਦੇ, ਇਸ ਲਈ ਦਾਨ ਕਿੱਥੋਂ ਦੇਣਾ ਹੋਇਆ।[58]

## 5. ਅਧਿਆਤਮਿਕ ਵਰਗ

(ੳ) ਆਤਮਾ : ਆਤਮਾ ਪ੍ਰਭੂ ਦੇ ਹੁਕਮ ਅਨੁਸਾਰ ਇਸ ਜਗਤ ਵਿਚ ਆਉਂਦੀ ਹੈ, ਅਤੇ ਉਸ ਦੇ ਹੁਕਮ ਵਿਚ ਹੀ ਕੰਮ ਕਰਦੀ ਹੈ।[59] ਜਿਸ ਆਤਮਾ ਦਾ ਪ੍ਰਭੂ ਨਾਲ ਮੇਲ ਹੋ ਜਾਂਦਾ ਹੈ, ਉਹ ਪ੍ਰੇਮ-ਸ਼ਿੰਗਾਰ ਨਾਲ ਸ਼ਿੰਗਾਰੀ ਜਾਂਦੀ ਹੈ। ਐਸੀਆਂ ਆਤਮਾਵਾਂ ਪ੍ਰਭੂ ਦੀ ਭਗਤੀ ਦਿਨ-ਰਾਤ ਕਰਦੀਆਂ ਹਨ।[60] ਗੁਰੂ ਸ਼ਬਦ ਦੁਆਰਾ ਸਵਾਰੀਆਂ ਹੋਣ ਕਾਰਨ ਉਨ੍ਹਾਂ ਨੂੰ ਪ੍ਰਭੂ-ਮਹਿਲਾਂ ਵਿਚ ਨਿਵਾਸ ਮਿਲਦਾ ਹੈ।[61] ਉਹ ਸੱਚ ਦੀ ਅਰਦਾਸ ਕਰਦੀਆਂ ਹਨ ਅਤੇ ਉਸ ਦੇ ਹੁਕਮ ਅਨੁਸਾਰ ਹੀ ਤੁਰ ਜਾਂਦੀਆਂ ਹਨ।[62] ਉਹ ਪ੍ਰਭੂ ਨੂੰ ਪਿਆਰ ਕਰਦੀਆਂ ਅਤੇ ਸਖ਼ੀ-ਭਾਵ ਨਾਲ ਉਸ ਅੱਗੇ ਅਰਦਾਸ ਕਰਦੀਆਂ ਹਨ।[63] ਪ੍ਰਭੂ ਆਪ ਹੀ ਆਤਮਾ ਅਤੇ ਸਰੀਰ ਦਾ ਮੇਲ ਕਰਾਉਂਦਾ ਹੈ ਅਤੇ ਆਪ ਹੀ ਉਨ੍ਹਾਂ ਵਿਚ ਵਿਛੋੜਾ ਪਾ ਦੇਂਦਾ ਹੈ। ਫੇਰ ਜੀਵ ਮਾਇਆ ਦੇ ਭੋਗ ਭੋਗਦਾ ਹੈਂ ਅਤੇ ਸਾਰੇ ਦੁਖ ਸਹੇੜਦਾ ਹੈ। ਭੋਗਾਂ ਦੀ ਖੁਸ਼ੀ ਤੋਂ ਸੋਗ, ਅਤੇ ਫ਼ੇਰ ਵਿਛੋੜਾ ਪੈਦਾ ਹੁੰਦੇ ਹਨ। ਇਸ ਤਰ੍ਹਾਂ ਪ੍ਰਭੂ ਜੀਵਾਂ ਨੂੰ ਪੈਦਾ ਕਰ ਕੇ ਉਨ੍ਹਾਂ ਨੂੰ ਖ਼ੁਆਰ ਕਰਦਾ ਹੈ। ਸਿਰਫ਼ ਪ੍ਰਭੂ ਹੀ ਇਸ

56. ਗੁਰੂ ਗ੍ਰੰਥ, ਪੰਨਾ 144-45.
57. ਉਹੀ, ਪੰਨਾ 149.
58. ਉਹੀ, ਪੰਨਾ 150.
59. ਫੁਰਮਾਨੀ ਹੈ ਕਾਰ ਖਸਮਿ ਪਠਾਇਆ ॥ (ਉਹੀ, ਪੰਨਾ 142)
60. ਨਾਰੀ ਪੁਰਖ ਪਿਆਰੁ ਪ੍ਰੇਮ ਸੀਗਾਰੀਆ ॥
ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ ॥ (ਉਹੀ, ਪੰਨਾ 148)
61. ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥ (ਉਹੀ)
62. ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆਂ ॥ (ਉਹੀ)
63. ਸਖੀ ਕਰਨਿ ਅਰਦਾਸਿ ਮਨਹੁ ਪਿਆਰੀਆ ॥ (ਉਹੀ)

ਪੁਆੜੇ ਨੂੰ ਮਿਟਾ ਸਕਦਾ ਹੈ, ਜੀਵਾਂ ਦੇ ਆਪਣੇ ਜ਼ੋਰ ਨਾਲ ਕੁਝ ਨਹੀਂ ਹੁੰਦਾ ।[64]

(ਅ) ਮੁਕਤੀ ਦੇ ਸਾਧਨ : (1) ਗੁਰੂ : ਮਾਝ ਦੀ ਵਾਰ ਵਿਚ ਵੀ ਮੁਕਤੀ-ਪ੍ਰਾਪਤੀ ਲਈ ਗੁਰੂ ਦੀ ਆਵੱਸ਼ਕਤਾ ਨੂੰ ਮੁੱਖ ਰਖਿਆ ਹੈ। ਮਾਝ ਦੀ ਵਾਰ, ਗੁਰੂ ਦੀ ਉਸਤਤਿ ਤੋਂ ਹੀ ਸ਼ੁਰੂ ਹੁੰਦੀ ਹੈ। ਗੁਰੂ ਹੀ ਦਾਤਾਂ ਦੇਣ ਵਾਲਾ ਹੈ, ਗੁਰੂ ਹੀ ਸ਼ਾਂਤੀ ਦਾ ਸੋਮਾ ਤੇ ਤਿੰਨਾਂ ਲੋਕਾਂ ਵਿਚ ਚਾਨਣ ਕਰਨ ਵਾਲਾ ਹੈ ।[65] ਗੁਰੂ ਦੀ ਸਿੱਖਿਆ ਤੋਂ ਬਿਨਾਂ ਸੰਸਾਰ ਝੂਠੇ ਪਿਆਰ ਵਿਚ ਫ਼ਸ ਕੇ ਨਸ਼ਟ ਹੋ ਜਾਂਦਾ ਹੈ।[66] ਹੋਰ ਚਾਹੇ ਕਿਨੇ ਵੀ ਕਰਮ ਕੀਤੇ ਜਾਣ, ਗੁਰੂ ਦੀ ਸਿੱਖਿਆ ਤੋਂ ਬਿਨਾਂ ਮੋਹ ਟੁੱਟਦਾ ਨਹੀਂ। ਗੁਰੂ ਤੋਂ ਬਿਨਾਂ ਕਿਸੇ ਨੂੰ ਵੀ ਖ਼ਜ਼ਾਨੇ ਨਹੀਂ ਲੱਭੇ; ਅਨਕਾਂ ਕੂੜਿਆਰ, ਅਗਿਆਨੀ ਵਿਲਕਦੇ ਮਰ ਗਏ ਹਨ। ਗੁਰੂ ਤੋਂ ਬੇਮੁੱਖ ਹੋਏ ਜੀਵ ਦ੍ਵੈਤ ਵਿਚ ਫ਼ਸੇ ਨਸ਼ਟ ਹੋ ਜਾਂਦੇ ਹਨ ।[67] ਗੁਰੂ ਤੋਂ ਬੇਮੁੱਖ ਹੋਣ ਨਾਲ ਕੂੜ ਤੇ ਅਗਿਆਨ ਹੀ ਪੱਲੇ ਪੈਂਦੇ ਹਨ ।[68]

ਗਿਆਨ-ਹੀਣ ਗੁਰੂ ਆਪ ਤਾਂ ਠੱਗਿਆ ਹੀ ਜਾਂਦਾ ਹੈ ਹੋਰਨਾਂ ਨੂੰ ਵੀ ਠਗਾਉਂਦਾ ਹੈ। ਜੋ ਆਪ ਅੰਨ੍ਹਾਂ ਹੈ ਉਹ ਹੋਰਨਾਂ ਨੂੰ ਰਾਹ ਕਿਵੇਂ ਦਿਖਾ ਸਕਦਾ ਹੈ ?[69] ਅਸਲੀ ਗੁਰੂ ਵਿਚ ਸੰਤੋਖ, ਧਰਮ, ਗਿਆਨ, ਪ੍ਰੇਮ ਆਦਿਕ ਗੁਣ ਹੁੰਦੇ ਹਨ ਅਤੇ ਉਸ ਉੱਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ।[70] ਇਸ ਪ੍ਰਕਾਰ ਦੇ ਉੱਤਮ ਗੁਰੂ ਦੁਆਰਾ ਹੀ ਭਗਤੀ ਦਾ ਸ੍ਰੇਸ਼ਟ ਫ਼ਲ ਪ੍ਰਾਪਤ ਕਰੀਦਾ ਹੈ ।[71]

(2) ਭਗਤੀ : ਜੋ ਜੀਵ ਭਗਤੀ ਦੁਆਰਾ ਨਾਮ-ਧਨ ਇਕੱਠਾ ਕਰਦਾ ਹੈ, ਉਸ ਦੇ ਭੰਡਾਰੇ ਭਗਤੀ ਨਾਲ ਭਰਪੂਰ ਰਹਿੰਦੇ ਹਨ। ਪਵਿਤਰ ਨਾਮ ਨੂੰ ਮੰਨ ਕੇ ਪ੍ਰਭੂ ਦੇ ਦਰ ਉੱਤੇ ਸੁਰਖ਼ਰੂ ਹੋ ਜਾਈਦਾ ਹੈ ।[72] ਪ੍ਰਭੂ ਦੇ ਦਰ ਤਕ ਪਹੁੰਚਣ ਲਈ ਸ਼ਬਦ ਹੀ ਨਿਸ਼ਾਨੀ ਹੈ ।[73] ਨਾਮ ਤੋਂ ਬਿਨਾ ਹੋਰ ਕੰਮਾਂ ਵਿਚ ਪੈਣ ਨਾਲ ਜੀਵਨ ਨਿਸਫ਼ਲ ਹੋ ਜਾਂਦਾ ਹੈ ।[74] ਸੱਚੇ ਨਾਮ ਦਾ ਸਿਮਰਨ ਕੀਤਿਆਂ ਸੱਚੇ ਪ੍ਰਭੂ ਦੇ ਮਹਿਲ ਅਰਥਾਤ ਦਰਗਾਹ ਵਿਚ ਸੱਦ ਲਿਆ ਜਾਂਦਾ

---

64. ਗੁਰੂ ਗ੍ਰੰਥ, ਪੰਨਾ 139.
65. ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰ ਦੀਪਕੁ ਤਿਹ ਲੋਇ ॥ (ਉਹੀ, ਪੰਨਾ 137)
66. ਬਿਨੁ ਸਤਿਗੁਰ ਮੋਹੁ ਨ ਤੁਟਈ...॥ (ਉਹੀ, ਪੰਨਾ 138)
67. ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੂਏ ਕੂੜਿਆਰਾ ॥
ਮਨਮੁਖਿ ਦੂਜੈ ਪਚਿ ਮੁਏ ਨ ਬੂਝਹਿ ਵੀਚਾਰਾ ॥ (ਉਹੀ, ਪੰਨਾ 141)
68. ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ ॥ (ਉਹੀ, ਪੰਨਾ 145)
69. ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥ (ਉਹੀ, ਪੰਨਾ 140)
70. ਉਹੀ, ਪੰਨਾ 147.
71. ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ ॥ (ਉਹੀ, ਪੰਨਾ 145)
72. ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥ (ਉਹੀ, ਪੰਨਾ 140)
73. ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ (ਉਹੀ, ਪੰਨਾ 144)
74. ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥ (ਉਹੀ, ਪੰਨਾ 147)

ਹੈ ।[75] ਜਿਸ ਦੇ ਪੱਲੇ ਇਹ ਸੱਚ ਹੈ, ਉਹ ਸਚਿਆਰ ਹੈ ਅਤੇ ਸੱਚ ਵਿਚ ਹੀ ਉਹ ਲੀਨ ਹੋ ਜਾਂਦਾ ਹੈ ।[76] ਨਾਮ ਜਪਣ ਦਾ ਸਭ ਤੋਂ ਉੱਤਮ ਵੇਲਾ ਅੰਮ੍ਰਿਤ ਵੇਲਾ ਹੈ, ਕਿਉਂਕਿ ਉਸ ਸਮੇਂ ਮਨ ਇਕਾਗਰ ਹੁੰਦਾ ਹੈ । ਦੂਜੇ ਪਹਿਰ ਵਿਚ ਮਨ ਦੀਆਂ ਬਿਰਤੀਆਂ ਖਿੱਲਰ ਜਾਂਦੀਆਂ ਹਨ ।[77] ਜਿਸ ਕਿਸੇ ਨੂੰ ਪ੍ਰਭੂ ਦੇ ਪ੍ਰੇਮ ਵਾਲਾ ਸੱਚਾ ਭੋਜਨ ਮਿਲਦਾ ਹੈ, ਉਹ ਪ੍ਰਭੂ ਵਿਚ ਟਿਕ ਕੇ ਪ੍ਰਸੰਨ ਰਹਿੰਦਾ ਹੈ ।[78]

ਸੱਚੇ ਨਾਮ ਬਿਨਾ ਸਭ ਕੁਝ ਕੂੜ ਹੈ । ਨਾਮ ਬਿਨਾ ਜੀਵ ਕੂੜਿਆਰ ਰਹਿੰਦਾ ਹੈ, ਜਮ ਉਸ ਨੂੰ ਬੰਨ੍ਹ ਕੇ ਲੈ ਜਾਂਦੇ ਹਨ । ਸੱਚੇ ਨਾਮ ਬਿਨਾ ਸਭ ਖਾਧਾ, ਪਹਿਨਿਆ ਤ੍ਰਿਸ਼ਨਾ ਹੀ ਤ੍ਰਿਸ਼ਨਾ ਹੈ ।[79]

ਪ੍ਰਸ਼ਨ ਹੋ ਸਕਦਾ ਹੈ ਕਿ ਨਾਮ ਮਿਲਦਾ ਕਿੱਥੋਂ ਹੈ ? ਗੁਰੂ ਜੀ ਅਨੁਸਾਰ ਜਦੋਂ ਸੱਚਾ ਗੁਰੂ ਅੰਦਰ ਗਿਆਨ ਦਾ ਦੀਵਾ ਬਾਲ ਦੇਂਦਾ ਹੈ, ਫੇਰ ਅੰਦਰੋਂ ਹੀ ਨਾਮ-ਰਤਨ ਮਿਲ ਜਾਂਦਾ ਹੈ ।[80] ਪਰ ਇਹ ਕੰਮ ਪਰਮਾਤਮਾ ਦੀ ਮਿਹਰ ਬਿਨਾ ਨਹੀਂ ਹੋ ਸਕਦਾ ।[81] ਜਿਸ ਉੱਤੇ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ ਉਹ ਨਾਮ ਜਪਦਿਆਂ, ਨਾਮ ਸਿਮਰਦਿਆਂ, ਸੁਖ ਵਿਚ ਹੀ ਸਮਾਇਆ ਰਹਿੰਦਾ ਹੈ । ਜਿਸ ਦੇ ਹਿਰਦੇ ਵਿਚ ਸੱਚਾ ਸ਼ਬਦ ਅਤੇ ਸੱਚ-ਸਰੂਪ ਪ੍ਰਭੂ ਵੱਸ ਜਾਂਦਾ ਹੈ, ਉਹ ਗ੍ਰਿਹਸਥ ਵਿਚ ਰਹਿੰਦਿਆਂ ਵੀ ਤਿਆਗੀ ਹੈ । ਜੋ ਜੀਵ ਇਸ ਪ੍ਰਕਾਰ ਰਹਿੰਦਾ ਹੈ, ਪਰਮਾਤਮਾ ਦੇ ਹੁਕਮ ਵਿਚ ਤੁਰਦਾ ਹੈ, ਉਹ ਸੰਸਾਰਿਕ ਆਸ਼ਾਵਾਂ ਤੋਂ ਉਪਰਾਮ ਹੋ ਜਾਂਦਾ ਹੈ ।[82]

(ੲ) ਮੁਕਤੀ ਅਤੇ ਮੁਕਤ ਜੀਵ : ਮੁਕਤ ਜੀਵ, ਸੰਸਾਰਿਕ ਤ੍ਰਿਸ਼ਨਾਵਾਂ ਨੂੰ ਛੱਡ ਦਿੰਦਾ ਹੈ । ਉਹ ਆਪਣੇ ਅਸਲ ਸਰੂਪ ਪ੍ਰਭੂ ਵਿਚ ਵੱਸਦਾ ਹੈ, ਉਹ ਪ੍ਰਭੂ ਵਰਗਾ ਹੀ ਹੋ ਜਾਂਦਾ ਹੈ ।[83]

(ਸ) ਪਰਮਾਤਮਾ : ਪ੍ਰਭੂ ਸਿਰਜਣਹਾਰ ਹੈ, ਸਰਬ-ਵਿਆਪਕ ਹੈ, ਫੇਰ ਵੀ ਪਹੁੰਚ

---

75. ਮੰਨੈ ਨਾਉ ਬਿਸੰਖ ਦਰਗਹ ਪਾਵਣਾ ॥ (ਗੁਰੂ ਗ੍ਰੰਥ, ਪੰਨਾ 148)
76. ਸਚੈ ਦੈ ਦਰਿ ਜਾਇ ਸਚੁ ਚਵਾਈਐ ॥
ਸਚੈ ਅੰਦਰਿ ਮਹਲਿ ਸਚਿ ਬੁਲਾਈਐ ॥ (ਉਹੀ, ਪੰਨਾ 145)
77. ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥ (ਉਹੀ)
78. ਸਚਾ ਭੋਜਨੁ ਭਾਉ ਸਤਿਗੁਰ ਦਸਿਆ ॥ (ਉਹੀ, ਪੰਨਾ 146)
79. ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥ (ਉਹੀ, ਪੰਨਾ 147)
80. ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ (ਉਹੀ, ਪੰਨਾ 149)
81. ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥ (ਉਹੀ)
82. ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ ॥ (ਉਹੀ, ਪੰਨਾ 140)
83. ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ (ਉਹੀ, ਪੰਨਾ 150)

ਤੋਂ ਪਰ੍ਹੇ ਹੈ;[84] ਉਸ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ;[85] ਉਹ ਜਗਤ ਦਾ ਰਚਣਹਾਰ ਹੈ; ਉਹ ਸਦਾ ਸਥਿਰ ਹੈ ਅਤੇ ਮਾਇਆ ਤੋਂ ਨਿਰਲੇਪ ਹੈ;[86] ਸਭ ਜੀਵਾਂ ਨੂੰ ਆਪ ਹੀ ਪੈਦਾ ਕਰਦਾ ਹੈ ਅਤੇ ਉਨ੍ਹਾਂ ਬਾਰੇ ਹਰ ਗੱਲ ਜਾਣਦਾ ਹੈ ।[87] ਉਹ ਰਚਣਹਾਰ, ਮਹਾਨ ਅਤੇ ਵੱਡਾ ਹੈ; ਉਸਨੂੰ ਗਿਣਤੀਆਂ ਮਿਣਤੀਆਂ ਨਾਲ ਕੋਈ ਨਹੀਂ ਪਾ ਸਕਿਆ ਕਿਉਂਕਿ ਉਹ ਅਲਖ ਅਤੇ ਅਪਾਰ ਹੈ । ਅਜਿਹਾ ਸਿਰਫ਼ ਇਕ ਪਰਮਾਤਮਾ ਹੀ ਹੈ । ਵੇਦਾਂ ਨੇ ਵੀ ਉਸ ਨੂੰ ਵਿਚਾਰਿਆ ਹੈ ਪਰ ਉਸ ਦਾ ਅੰਤ ਨਹੀਂ ਪਾ ਸਕੇ । ਨਿਰੀਆਂ ਪੁਸਤਕਾਂ ਪੜ੍ਹਨ ਨਾਲ ਉਸ ਬਾਰੇ ਕੁਝ ਪਤਾ ਨਹੀਂ ਲਗਦਾ ।[88] ਸੱਚਾ ਪ੍ਰਭੂ ਹੈ ਤਾਂ ਅਲੱਖ, ਪਰ ਗੁਰੂ ਦੀ ਸਿੱਖਿਆ ਨਾਲ ਉਹ ਸੋਹਣਾਂ ਲਗਣ ਲਗ ਪੈਂਦਾ ਹੈ ।[89]

---

84. ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ (ਗੁਰੂ ਗ੍ਰੰਥ, ਪੰਨਾ 140)
85. ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥ (ਉਹੀ, ਪੰਨਾ 138)
86. ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥ (ਉਹੀ, ਪੰਨਾ 150)
87. ਹੁਕਮੀ ਸਗਲ ਕਰੇ ਆਕਾਰ ॥
ਆਪੇ ਜਾਣੈ ਸਰਬ ਵੀਚਾਰੁ ॥ (ਉਹੀ)
88. ਵੇਦ ਕਹਹਿ ਵਖਿਆਣੁ ਅੰਤੁ ਨ ਪਾਵਣਾ ॥
ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ (ਉਹੀ, ਪੰਨਾ 148)
89. ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ ॥ (ਉਹੀ)

## ਅਧਿਆਇ-੪

# ਆਸਾ ਦੀ ਵਾਰ

ਗੁਰੂ ਨਾਨਕ ਦੇਵ ਜੀ ਦੀ ਇਸ ਲੰਮੀ ਬਾਣੀ ਨੂੰ ਸਮੁੱਚੀ ਗੁਰਬਾਣੀ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸ਼ਲੋਕ ਅਤੇ ਪਉੜੀਆਂ ਵਿਚ ਰਚੀ ਇਸ ਪ੍ਰੌੜ੍ਹ ਅਤੇ ਅਤਿ ਦਾਰਸ਼ਨਿਕ ਬਾਣੀ ਵਿਚ ਕੁਝ ਸਮ-ਅਰਥੀ ਸ਼ਲੋਕ ਗੁਰੂ ਅੰਗਦ ਦੇਵ ਜੀ ਦੇ ਵੀ ਗੁੰਦੇ ਹੋਏ ਹਨ। ਕਰਤਾਰ ਦੀ ਮਹਿਮਾ-ਭਰੀ ਇਸ ਬਾਣੀ ਦੇ ਅੰਮ੍ਰਿਤ ਵੇਲੇ ਕੀਰਤਨ ਦਾ ਪ੍ਰਚਾਰ ਗੁਰਮਤ ਵਿਚ ਬਹੁਤ ਪੁਰਾਣਾ ਹੈ। ਰਾਗ ਆਸਾ ਵਿਚ ਇਸ ਵਾਰ ਨੂੰ 'ਟੁੰਡੇ ਅਸਰਾਜੇ ਦੀ ਵਾਰ' ਦੀ ਧਨੀ ਉਤੇ ਗਾਉਣ ਦਾ ਆਦੇਸ਼ ਹੈ ਅਤੇ ਇਹ ਆਦਿ-ਗ੍ਰੰਥ ਵਿਚ ਸਮਿਲਿਤ ਗੁਰੂ ਨਾਨਕ ਦੀਆਂ ਤਿੰਨ ਵਾਰਾਂ ਵਿਚੋਂ, ਸਭ ਤੋਂ ਜ਼ਿਆਦਾ ਮਹੱਤਾ ਵਾਲੀ ਮੰਨੀ ਜਾਂਦੀ ਹੈ। ਇਸ ਵਿਚ ਗੁਰੂ ਨਾਨਕ ਨੇ ਆਪਣੇ ਆਪ ਨੂੰ ਪ੍ਰਭੂ ਦਾ ਢਾਡੀ ਆਖਿਆ ਹੈ। ਆਸਾ ਦੀ ਵਾਰ ਦੇ ਨਾਇਕ ਪਰਮਾਤਮਾ ਤੇ ਗੁਰਮੁਖ ਹਨ ਅਤੇ ਖਲ-ਨਾਇਕ ਮਾਇਆ ਤੇ ਹਉਮੈ। ਇਸ ਵਿਚ ਪਰਮਾਤਮਾ ਦੇ ਸਰੂਪ ਅਤੇ ਗੁਰੂ ਤੋਂ ਛੁੱਟ ਸ੍ਰਿਸ਼ਟੀ, ਸਮਾਜਿਕ ਕੁਰੀਤੀਆਂ, ਮੁਕਤੀ ਦੇ ਸ੍ਰੇਸ਼ਟ ਸਾਧਨਾ ਅਤੇ ਹੋਰਨਾਂ ਮੱਤਾਂ ਦੇ ਕਰਮ-ਕਾਂਡਾਂ ਦੇ ਵਿਚਾਰ ਬੜੇ ਵਿਸਤਾਰ ਵਿਚ ਮਿਲਦੇ ਹਨ। ਇਹ ਬਾਣੀ ਗੁਰੂ ਨਾਨਕ ਦੀ ਦਾਰਸ਼ਨਿਕ ਵਿਚਾਰਧਾਰਾ, ਖ਼ਾਸ ਕਰ ਕੇ ਸਮਾਜਿਕ ਨੈਤਿਕਤਾ ਦੇ ਸਿਧਾਂਤਾਂ ਦਾ ਸਭ ਤੋਂ ਵੱਡਾ ਸ੍ਰੋਤ ਹੈ।

### 1. ਭੌਤਿਕ ਵਰਗ

(ੳ) ਸ੍ਰਿਸ਼ਟੀ : ਇਹ ਸ੍ਰਿਸ਼ਟੀ ਨਿਰਗੁਣ ਪ੍ਰਭੂ ਦਾ ਹੀ ਦੂਜਾ ਤੇ ਸਗੁਣ ਰੂਪ ਹੈ ਜੋ ਸ੍ਵੈਂਭੂ ਪਰਮਾਤਮਾ ਨੇ ਆਪ ਆਪਣੇ ਵਿਨੋਦ ਲਈ ਰਚਿਆ ਹੈ ਅਤੇ ਇਸ ਵਿਚ ਪ੍ਰਭੂ ਆਪ ਹੀ ਵਿਆਪਕ ਹੁੰਦਾ ਹੈ।[1] ਸ੍ਰਿਸ਼ਟੀ ਦੀ ਰਚਨਾ, ਸੰਚਾਲਨ ਅਤੇ ਵਿਸਥਾਰ ਬਹੁਤ ਹੀ ਅਸਚਰਜ-ਜਨਕ ਹੈ ਅਤੇ ਸਿਰਫ਼ ਚੰਗੇ ਭਾਗਾਂ ਵਾਲੇ ਹੀ ਇਸ ਦੀ ਪੂਰੀ ਸੋਝੀ ਪ੍ਰਾਪਤ ਕਰ ਸਕਦੇ ਹਨ।[2] ਸਰਬੱਤ ਸ੍ਰਿਸ਼ਟੀ ਪ੍ਰਭੂ ਦੀ ਹੀ ਮਾਇਆ ਜਾਂ ਸ਼ਕਤੀ ਹੈ, ਉਹ ਹੀ ਇਸ ਦਾ ਸਿਰਜਨਹਾਰ ਤੇ ਸੰਚਾਲਕ ਹੈ ਅਤੇ ਉਹ ਆਪ ਹੀ ਇਸ ਵਿਚ ਵਰਤ ਰਿਹਾ ਹੈ; ਭਾਵ

---

1. ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
   ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਗੁਰੂ ਗ੍ਰੰਥ, ਪੰਨਾ 463)
2. ਵੇਖਿ ਵਿਡਾਣੁ ਰਹਿਆ ਵਿਸਮਾਦੁ ॥
   ਨਾਨਕ ਬੁਝਣੁ ਪੂਰੈ ਭਾਗਿ ॥ (ਉਹੀ, ਪੰਨਾ 464)

ਉਹ ਆਪ ਹੀ ਨਿਮਿੱਤ ਤੇ ਉਪਾਦਾਨ ਕਾਰਨ ਹੈ ।[3] ਸਾਰੀ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਜਾਂ ਦੈਵੀ ਵਿਧਾਨ ਦੇ ਨਿਯੰਤ੍ਰਣ ਵਿਚ ਹੈ, ਸਿਰਫ਼ ਇਕ ਨਿਰਗੁਣ ਪ੍ਰਭੂ ਹੀ ਖ਼ੁਦਮੁਖ਼ਤਾਰ ਹੈ :

ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ (ਗੁਰੂ ਗ੍ਰੰਥ, ਪੰਨਾ 464)

ਸ੍ਰਿਸ਼ਟੀ ਇਕੱਲਾ ਪ੍ਰਭੂ ਹੀ ਰਚਦਾ ਹੈ ਅਤੇ ਉਹ ਹੀ ਇਸ ਦੀਆਂ ਸਾਰੀਆਂ ਪ੍ਰਣਾਲੀਆਂ ਸੰਚਲਿਤ ਰੱਖਦਾ ਹੈ, ਪਾਰ ਪ੍ਰਭੂ ਇਸ ਮੰਤਵ ਲਈ ਆਪ ਤੋਂ ਬਾਹਰੀ ਕਿਸੇ ਸ਼ਕਤੀ ਦੀ ਸਹਾਇਤਾ ਨਹੀਂ ਲੈਂਦਾ ।[4] ਸਰਬੱਤ ਰਚਨਾ ਪ੍ਰਭੂ ਦੇ ਹੁਲਾਸ ਹਿਤ ਰਚੀ, ਉਸ ਦੀ ਆਪਣੀ ਹੀ ਰਾਸ-ਲੀਲ੍ਹਾ (ਨਾਟਕ) ਹੈ । ਘੜੀਆਂ ਮਾਨੋ ਗੋਪੀਆਂ ਹਨ ਅਤੇ ਪਹਰ ਗੋਪਾਲ, ਹਵਾ, ਪਾਣੀ ਤੇ ਅੱਗ ਮਾਨੋ ਗਹਿਣੇ ਹਨ ਤੇ ਚੰਦਰਮਾ ਤੇ ਸੂਰਜ ਅਵਤਾਰ; ਧਰਤੀ ਦੇ ਸਾਰੇ ਪਦਾਰਥ ਮਾਨੋ ਨਾਟਕ ਦਾ ਸਾਜ਼ ਹਨ ਤੇ ਸੰਸਾਰਕ ਧੰਦੇ ਨਾਟਕੀ ਘਟਨਾਵਾਂ :

ਘੜੀਆ ਸਭੇ ਗੋਪੀਆ ਪਹਰ ਕੰਨੁ ਗੋਪਾਲ ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥
(ਗੁਰੂ ਗ੍ਰੰਥ, ਪੰਨਾ 465)

ਸ੍ਰਿਸ਼ਟੀ, ਪ੍ਰਭੂ ਦੀ ਸਕਤੀ ਦੇ ਭਾਵ ਵਿਚ ਮਾਇਆ ਹੈ, ਭਰਮ ਦੇ ਭਾਵ ਵਿਚ ਨਹੀਂ । ਇਹ ਸੱਚੇ ਪ੍ਰਭੂ ਦੀ ਸੱਚੀ ਕਾਰ ਹੈ ਅਤੇ ਉਹ ਇਸ ਵਿਚ ਆਪ ਵਰਤਦਾ ਹੈ, ਇਸ ਲਈ ਇਹ ਸੱਚੀ ਹੈ,[5] ਪਰ ਪ੍ਰਭੂ ਵਰਗੀ ਸੱਚੀ ਵੀ ਨਹੀਂ ਕਿਉਂਕਿ ਪ੍ਰਭੂ ਤਾਂ ਅਨਾਦੀ ਅਤੇ ਜੁਗਾਦੀ ਹੈ, ਜਦੋਂ ਕਿ ਸ੍ਰਿਸ਼ਟੀ ਦਾ ਆਦਿ ਵੀ ਹੈ ਅਤੇ ਅੰਤ ਵੀ । ਇਹ ਚਲਾਇਮਾਨ ਅਤੇ ਨਾਸ਼ਵਾਨ ਹੈ, ਇਵੇਂ ਇਸ ਸੰਦਰਭ ਵਿਚ ਸਰਬਤ ਸੰਸਾਰ ਝੂਠਾ ਹੈ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ (ਗੁਰੂ ਗ੍ਰੰਥ, ਪੰਨਾ 468)

ਏਥੇ 'ਕੂੜੁ' ਦਾ ਅਰਥ ਹੈ 'ਨਾਸ਼ਵਾਨ' । ਅਗਲਾ ਹੀ ਵਾਕ 'ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ' ਇਸ ਗੱਲ ਨੂੰ ਬਿਲਕੁਲ ਸਪਸ਼ਟ ਕਰ ਦਿੰਦਾ ਹੈ ।

ਸ੍ਰਿਸ਼ਟੀ ਉਤੇ ਪ੍ਰਭੂ ਨੇ ਅਨੇਕਾਂ ਜੀਵ, ਜਲ-ਥਲ ਵਿਚ, ਅੰਡਿਆਂ, ਜ਼ੇਰ, ਧਰਤੀ ਅਤੇ ਹਵਾੜ

---

3. ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ (ਗੁਰੂ ਗ੍ਰੰਥ, ਪੰਨਾ 464)
4. ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ (ਉਹੀ, ਪੰਨਾ 473-74)
5. ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥ (ਉਹੀ, ਪੰਨਾ 463)

ਵਿਚੋਂ ਪੈਦਾ ਕੀਤੇ ਹਨ, ਜਿਨ੍ਹਾਂ ਦੀ ਗਿਣਤੀ ਬਸ ਉਹ ਆਪ ਹੀ ਜਾਣਦਾ ਹੈ ।[6] ਪਰਮਾਤਮਾ ਹੀ ਇਨ੍ਹਾਂ ਜੀਵਾਂ ਨੂੰ ਪੈਦਾ ਕਰਦਾ ਹੈ ਅਤੇ ਉਹ ਹੀ ਇਨ੍ਹਾਂ ਦੀ ਦੇਖ ਭਾਲ ਕਰਦਾ ਹੈ :

ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥
ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ (ਗੁਰੂ ਗ੍ਰੰਥ, ਪੰਨਾ 467)

(ਅ) ਮਨੁੱਖ : (1) ਮਨੁੱਖੀ ਦੇਹ ਅਤੇ ਇਸ ਵਿਚਲੀ ਜੀਵਨ-ਤਰੰਗ ਪ੍ਰਭੂ ਹੀ ਪ੍ਰਦਾਨ ਕਰਦਾ ਹੈ ਅਤੇ ਉਹ ਹੀ ਇਨ੍ਹਾਂ ਦੀ ਪਾਲਣਾ ਕਰਦਾ ਹੈ ।[7] ਮਨੁੱਖੀ ਸਰੀਰ ਵਿਚ ਜੀਵਾਤਮਾ ਪ੍ਰਭੂ ਦੀ ਹੀ ਜੋਤਿ ਹੈ ਅਤੇ ਉਸ ਦਾ ਹੀ ਅੰਸ਼ ਹੈ :

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥
(ਗੁਰੂ ਗ੍ਰੰਥ, ਪੰਨਾ 469)

8305

ਮਨੁੱਖੀ ਸਰੀਰ ਸਥਾਈ ਨਹੀਂ; ਉਮਰ ਨਾਲ ਬੁਢਾਪਾ ਆਉਂਦਾ ਹੈ ਜੋ ਬਣਾਵਟੀ ਸਾਧਨਾ ਨਾਲ ਰੋਕਿਆ ਤੇ ਲੁਕਾਇਆ ਨਹੀਂ ਜਾ ਸਕਦਾ ।[8] ਸਰੀਰ ਨੇ ਅੰਤ ਨਸ਼ਟ ਜ਼ਰੂਰ ਹੋਣਾ ਹੈ ਅਤੇ ਜੀਵਾਤਮਾ ਨੇ ਆਪਣੀ ਵਾਰੀ ਆਉਣ ਉਤੇ ਜਾਣਾ ਜ਼ਰੂਰ ਹੈ ।[9] ਜਨਮ-ਮਰਨ ਪ੍ਰਭੂ ਦੇ ਹੁਕਮ ਦੇ ਦੈਵੀ ਵਿਧਾਨ ਅਧੀਨ ਹੈ ਅਤੇ ਜੀਵਾਤਮਾ ਉਸੇ ਅਨੁਸਾਰ ਪ੍ਰਭੂ ਦੀ ਰਜ਼ਾ ਵਿਚ ਜਨਮਾਂ ਵਿਚ ਆਉਂਦੀ ਜਾਂਦੀ ਹੈ ।[10] ਸਭ ਕੁਝ ਪ੍ਰਦਾਨ ਕਰਨ ਵਾਲਾ ਰਚਣਹਾਰ ਪ੍ਰਭੂ, ਆਪ ਸਰਬ ਗਿਆਤਾ ਹੈ, ਆਪ ਹੀ ਜੀਵਨ ਦੇਂਦਾ ਹੈ ਅਤੇ ਆਪ ਹੀ ਲੈਂਦਾ ਹੈ :

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ (ਗੁਰੂ ਗ੍ਰੰਥ, ਪੰਨਾ 463)

ਸਰੀਰਕ ਇੰਦ੍ਰੀਆਂ ਦੀਆਂ ਤ੍ਰਿਸ਼ਨਾਵਾਂ ਅਤੇ ਅਮਲਾਂ ਉਪਰ ਜੇਕਰ ਨਿਯੰਤ੍ਰਣ ਨਾ ਕੀਤਾ ਜਾਵੇ ਤਾਂ ਮਨੁੱਖ ਬੇਇੱਜ਼ਤ ਹੁੰਦਾ ਹੈ ।[11] ਪਰ ਹੋਰਨਾਂ ਕਰਮ ਕਾਂਡੀ ਮਤਾਂ ਦੇ ਭਰਮਾਂ ਪਿੱਛੇ ਲੱਗ ਕੇ, ਪ੍ਰਭੂ-ਮਿਹਰ ਦੀ ਪ੍ਰਾਪਤੀ ਹਿਤ, ਇੰਦ੍ਰੀਆਂ ਦੇ ਸੰਜਮ ਦੇ ਨਾਮ ਹੇਠ ਸਰੀਰ ਨੂੰ ਤਸੀਹੇ ਦੇਣੇ ਵੀ ਯੋਗ ਨਹੀਂ ਹਨ, ਬਲਕਿ ਬੇਲੋੜਾ ਦੁੱਖ ਭੋਗਣਾ ਹੀ ਹੈ ।[12] ਭੁਖਿਆਂ,

---

6. ਅੰਡਜ ਜੇਰਜ ਉਤਭੁਜਾਂਖਾਣੀ ਸੇਤਜਾਂਹ ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥ (ਗੁਰੂ ਗ੍ਰੰਥ, ਪੰਨਾ 467)
7. ਜੀਉ ਪਿੰਡੁ ਸਭੁ ਤਿਸਦਾ ਦੇ ਖਾਜੈ ਆਖਿ ਗਵਾਈਐ ॥ (ਉਹੀ, ਪੰਨਾ 465)
8. ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਂਦੀ ਆਈਐ ॥ (ਉਹੀ, ਪੰਨਾ 465)
9. ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ (ਉਹੀ, ਪੰਨਾ 474)
10. ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ (ਉਹੀ, ਪੰਨਾ 472)
11. ਤਗੁ ਨ ਇੰਦ੍ਰੀ ਤਗੁ ਨ ਨਾਰੀ ॥
ਭਲਕੇ ਥੁਕ ਪਵੈ ਨਿਤ ਦਾੜੀ ॥ (ਉਹੀ, ਪੰਨਾ 471)
12. ਬਹੁ ਦੁਖੁ ਪਾਇਆ ਦੂਜਾ ਭਾਇਆ ॥ (ਉਹੀ, ਪੰਨਾ 467)

ਨੰਗਿਆਂ, ਜਾਗਦਿਆਂ, ਮੋਨ ਜਾਂ ਪੈਰੋਂ ਨੰਗਿਆਂ ਰਹਿਣਾ, ਗੰਦ-ਮੰਦ ਖਾਣਾ ਅਤੇ ਜੰਗਲਾਂ, ਮੜ੍ਹੀਆਂ, ਆਦਿਕ ਵਿਚ ਰਹਿਣਾ, ਸਿਵਾਏ ਸਰੀਰ ਨੂੰ ਕਸ਼ਟ ਦੇਣ ਜਾਂ ਖ਼ੁਆਰ ਕਰਨ ਦੇ, ਹੋਰ ਕੋਈ ਲਾਭ ਨਹੀ ਦੇਂਦੇ।[13] ਖਾਣਾ ਪੀਣਾ ਤਾਂ ਪ੍ਰਭੂ ਦੀ ਪਵਿੱਤਰ ਦਾਤ ਹੈ,[14] ਇਸ ਦੀ ਸੰਜਮ-ਮਈ ਵਰਤੋਂ ਕਰਨ ਵਾਲੇ ਹੀ ਮੁਕਤੀ ਪ੍ਰਾਪਤ ਕਰ ਸਕਦੇ ਹਨ :

ਓਨ੍ਹੀ ਦੁਨੀਆ ਤੋੜੇ ਬੰਦਨਾ ਅੰਨੁ ਪਾਣੀ ਥੋੜਾ ਖਾਇਆ ॥

(ਗੁਰੂ ਗ੍ਰੰਥ, ਪੰਨਾ 467)

ਇਵੇਂ ਹੀ ਸਰੀਰ ਨੂੰ ਸਾਫ਼ ਸੁਥਰਾ ਰਖਣਾ ਜ਼ਰੂਰੀ ਹੈ, ਪਰ ਇਸ ਬਾਰੇ ਬੇਲੋੜੇ ਭਰਮ ਕਰਨੇ ਵੀ ਯੋਗ ਨਹੀਂ ਹਨ। ਅਸਲੀ ਸਾਫ਼-ਸੁਥਰੇ ਉਹ ਹਨ, ਜਿਨ੍ਹਾਂ ਦੇ ਮਨ ਸਾਫ਼ ਸੁਥਰੇ ਹਨ :

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

(ਗੁਰੂ ਗ੍ਰੰਥ, ਪੰਨਾ 472)

(2) **ਭਾਵਨਾਵਾਂ** : ਮਾਨਸਿਕ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਆਦਿਕ ਦੇ ਗੁਲਾਮ ਮਨੁੱਖਾਂ ਦੀ ਨੀਚਤਾ, ਆਸਾ ਦੀ ਵਾਰ ਵਿਚ, ਦੁਰਾਚਾਰੀ ਸ਼ਾਸਨ ਨਾਲ ਤੁਲਨਾਈ ਗਈ ਹੈ।[15] ਇਨ੍ਹਾਂ ਵਿਕਾਰਾਂ ਨੂੰ ਗੁਰੂ ਨਾਨਕ ਨੇ ਸੂਤਕ ਦਾ ਦਰਜਾ ਦਿੱਤਾ ਹੈ, ਜਿਸ ਨਾਲ ਅਸਲ ਵਿਚ ਮਨੁੱਖ ਭ੍ਰਿਟਿਆ ਜਾਂਦਾ ਹੈ ਅਤੇ ਨਰਕ ਦਾ ਭਾਗੀ ਬਣਦਾ ਹੈ :

ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ। (ਗੁਰੂ ਗ੍ਰੰਥ, ਪੰਨਾ 472)

ਅਹੰਕਾਰ ਨੂੰ ਵਿਅਰਥ ਦੱਸਿਆ ਗਿਆ ਹੈ ਕਿਉਂ ਜੋ ਸੰਸਾਰਿਕ ਜੀਵਨ ਅਸਥਾਈ ਅਤੇ ਕਾਲ-ਬੱਧ ਹੈ।[16] ਹਉਮੈ ਸੰਬੰਧੀ, ਜਿਸ ਨੂੰ ਹੋਰਨਾਂ ਬਾਣੀਆਂ ਵਿਚ ਗੁਰੂ ਨਾਨਕ ਨੇ ਸਾਰੇ ਵਿਕਾਰਾਂ ਦੀ ਜੜ੍ਹ ਦਸਿਆ ਹੈ, ਇਸ ਬਾਣੀ ਵਿਚ ਵੀ ਚਰਚਾ ਹੈ। ਸਾਰੇ ਸੰਸਾਰਿਕ ਕਾਰਜ ਇਸੇ ਦੇ ਦ੍ਵੈਤ ਭਾਵ ਤੋਂ ਉਪਜੇ ਦੱਸੇ ਹਨ। ਹਉਮੈ ਦੇ ਕਾਰਨ ਹੀ ਮਾਇਆ ਤੇ ਹੋਰ ਭੁਲੇਖੇ ਹਨ, ਜਿਨ੍ਹਾਂ ਦੇ ਬੁਰੇ ਫ਼ਲਾਂ ਕਾਰਨ ਆਵਾਗੌਣ ਦਾ ਗੇੜ ਚਲਦਾ ਰਹਿੰਦਾ ਹੈ। ਮਨੁੱਖ ਹਉਮੈ ਨੂੰ ਪਛਾਣ ਕੇ ਖ਼ਤਮ ਕਰੇ ਤਾਂ ਮੁਕਤੀ ਦਾ ਰਾਹ ਲੱਭ ਸਕਦਾ ਹੈ।[17] ਹਉਮੈ ਅਤੇ ਤ੍ਰਿਸ਼ਨਾਵਾਂ ਗੁਰੂ-ਸ਼ਬਦ ਭਾਵ ਗਿਆਨ ਦੁਆਰਾ ਨਸ਼ਟ ਹੋ ਸਕਦੇ ਹਨ :

ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥ (ਗੁਰੂ ਗ੍ਰੰਥ, ਪੰਨਾ 468)

---

13. ਗੁਰੂ ਗ੍ਰੰਥ, ਪੰਨਾ 467.
14. ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ (ਉਹੀ, ਪੰਨਾ 472)
15. ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
    ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥ (ਉਹੀ, ਪੰਨਾ 468-69)
16. ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥ (ਉਹੀ, ਪੰਨਾ 473)
17. ਉਹੀ, ਪੰਨਾ 466.

(3) ਅਰਥ : ਆਰਥਿਕ ਪ੍ਰਾਪਤੀਆਂ ਮਨੁੱਖ ਨੂੰ ਉੱਚਤਮ ਪ੍ਰਾਪਤੀਆਂ ਤਕ ਨਹੀਂ ਪਹੁੰਚਾ ਸਕਦੀਆਂ। ਉਹ ਲੋਕ ਜਿਨ੍ਹਾਂ ਪਾਸ ਸ਼ਿੰਗਾਰੇ ਹੋਏ ਵਧੀਆ ਘੋੜੇ ਹਨ, ਸਜੇ ਸਜਾਏ ਮਹਿਲ ਹਨ, ਅਤੇ ਜੋ ਆਪ ਸ਼ਾਨਦਾਰ ਕੋਠੀਆਂ ਤੇ ਮੰਡਪਾਂ, ਮਾੜੀਆਂ ਵਿਚ ਪੱਸਰੇ ਬੈਠੇ ਹਨ, ਮੌਤ ਨੂੰ ਭੁੱਲ ਜਾਂਦੇ ਹਨ, ਪਰ ਅੰਤ ਉਨ੍ਹਾਂ ਦਾ ਵੀ ਆਉਂਦਾ ਹੈ।[18] ਸੋਨਾ, ਚਾਂਦੀ ਸਭ ਝੂਠੇ ਹਨ ਕਿਉਂਕਿ ਇਨ੍ਹਾਂ ਤੋਂ ਪ੍ਰਭੂ ਦਾ ਪ੍ਰੇਮ ਨਹੀਂ ਉਪਜਦਾ ਅਤੇ ਇਹ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਲਿਜਾਂਦੇ ਹਨ। ਇਸ ਲਈ ਮਾਇਕ ਪਦਾਰਥਾਂ ਦਾ ਕੂੜਾ ਲੋਭ ਤਿਆਗਣਾ ਚਾਹੀਦਾ ਹੈ ਅਤੇ ਇਕਾਗਰ-ਚਿੱਤ ਹੋ ਕੇ ਉਸ ਅਲਖ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ।[19]

## 2. ਬੌਧਿਕ ਵਰਗ

ਆਸਾ ਦੀ ਵਾਰ ਵਿਚ ਬ੍ਰਹਮ-ਗਿਆਨ ਦੀ ਹੀ ਚਰਚਾ ਪ੍ਰਾਪਤ ਹੁੰਦੀ ਹੈ। ਅਰੰਭ ਵਿਚ ਹੀ ਕਿਹਾ ਗਿਆ ਹੈ ਕਿ ਜੋ ਲੋਕ ਆਪਣੇ ਆਪ ਨੂੰ ਬਹੁਤ ਸਿਆਣੇ ਸਮਝਦੇ ਹਨ ਅਤੇ ਸੱਚੇ ਗੁਰੂ ਦਾ ਲੜ ਨਹੀਂ ਫੜਦੇ, ਉਹ ਸੰਸਾਰਿਕ ਵਿਹਾਰਾਂ ਵਿਚ ਭਾਵੇਂ ਕਿੰਨੇ ਵੀ ਸਫਲ ਕਿਉਂ ਨਾ ਹੋਣ, ਦਿਮਾਗੀ ਤੌਰ ਉੱਤੇ ਉਹ ਨਿਕੰਮੇ ਅਤੇ ਲਾਈ-ਲੱਗ ਹੁੰਦੇ ਹਨ ਅਤੇ ਚਤੁਰ ਪਖੰਡੀਆਂ ਤੇ ਭਰਮਾਂ-ਵਹਿਮਾਂ ਦੇ ਸ਼ਿਕਾਰ ਹੋ ਜਾਂਦੇ ਹਨ।[20] ਇਕੋ ਇਕ ਸਰਬ-ਵਿਆਪੀ ਪ੍ਰਭੂ ਨੂੰ ਛੱਡ ਕੇ ਹੋਰਨਾਂ ਮਤਾਂ ਪਿੱਛੇ ਲੱਗਣ ਵਾਲੇ ਨਸ਼ਟ ਹੁੰਦੇ ਹਨ। ਵਿਰਲੇ ਹੀ ਸੱਚੇ ਗੁਰੂ ਦੀ ਕੀਮਤ ਪਛਾਣ ਕੇ, ਉਸ ਦੇ ਗਿਆਨ ਰਾਹੀਂ ਆਤਮਾ-ਪਰਮਾਤਮਾ ਦੀ ਸੋਝੀ ਪ੍ਰਾਪਤ ਕਰ ਕੇ ਨਿਹਾਲ ਹੁੰਦੇ ਹਨ।[21]

ਪਰਮਾਤਮਾਂ ਤੋਂ ਮਾਇਆ ਕਾਰਨ ਵਿੱਛੜੀ ਆਤਮਾ, ਵਹਿਮਾਂ-ਭਰਮਾਂ ਵਿਚ ਡੁੱਬੀ, ਲੱਖ ਯਤਨ ਕਰੇ ਉਸ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਬ੍ਰਹਮ-ਗਿਆਨ ਬਿਨਾ ਹਉਮੈ ਦੀ ਦ੍ਵੈਤ ਦੂਰ ਨਹੀਂ ਹੁੰਦੀ ਅਤੇ ਮੁਕਤੀ ਦਾ ਰਾਹ ਨਹੀਂ ਦਿੱਸਦਾ।[22] ਮੁਕਤੀ ਲਈ ਅਗਿਆਨੀ ਮਨੁੱਖ, ਪਖੰਡੀ ਮਤਾਂ ਦਾ ਭੁਲਾਇਆ, ਸਰੀਰ ਨੂੰ ਕਈ ਤਸੀਹੇ ਦੇਂਦਾ ਹੈ, ਜੰਗਲਾਂ, ਮੜ੍ਹੀਆਂ, ਮਸਾਣਾਂ ਵਿਚ ਟੱਕਰਾਂ ਮਾਰਦਾ ਹੈ, ਪਰ ਤ੍ਰਿਸ਼ਨਾਵਾਂ, ਸੰਸਿਆਂ ਤੋਂ ਛੁਟਕਾਰਾ ਸਿਰਫ਼ ਗੁਰੂ-ਸਿਖਿਆ ਰਾਹੀਂ, ਮਨ ਵਿਚ ਪ੍ਰਭੂ ਦੇ ਨਾਮ ਦੀ ਟੇਕ ਅਤੇ ਹਉਮੈ ਦੇ ਵਿਨਾਸ਼ ਤੋਂ ਹੀ ਮਿਲਦਾ ਹੈ।[23]

ਕੋਰਾ ਗਿਆਨ, ਜੋ ਪ੍ਰਭੂ-ਮਿਲਾਪ ਦਾ ਰਸਤਾ ਨਾ ਵਿਖਾਵੇ, ਹਉਮੈ ਵਿਚ ਕੀਤੀ

18. ਗੁਰੂ ਗ੍ਰੰਥ, ਪੰਨਾ 472.
19. ਕੂੜਾ ਲਾਲਚੁ ਛਡੀਐ ਹੋਇ ਇਕਮਨਿ ਅਲਖੁ ਧਿਆਈਐ ॥ (ਉਹੀ, ਪੰਨਾ 468)
20. ਉਹੀ, ਪੰਨਾ 463.
21. ਉਹੀ, ਪੰਨਾ 470.
22. ਉਹੀ, ਪੰਨਾ 466.
23. ਉਹੀ, ਪੰਨਾ 467-68.

ਸਿਰ-ਖਪਾਈ ਹੀ ਹੈ ਭਾਵੇਂ ਕਿਨਾਂ ਵੀ ਕਿਉਂ ਨਾ ਹੋਵੇ।[24] ਮੁਕਤੀ ਵੀ ਸਿਰਫ਼ ਗਿਆਨ ਰਾਹੀਂ ਪ੍ਰਾਪਤ ਨਹੀਂ ਹੁੰਦੀ, ਸ਼ੁਭ ਕਰਮਾਂ ਦਾ ਮਹਤ੍ਵ ਜ਼ਿਆਦਾ ਹੈ। ਪ੍ਰਭੂ-ਘਰ ਵਿਚ ਮੰਦ-ਕਰਮੀ ਗਿਆਨੀ ਨਾਲੋਂ ਨੇਕ ਅਨਪੜ੍ਹ ਜ਼ਿਆਦਾ ਪਰਵਾਨ ਹੁੰਦਾ ਹੈ।[25]

## 3. ਸੁਹਜਾਤਮਕ ਵਰਗ

ਆਸਾ ਦੀ ਵਾਰ ਵਿਚ ਭੌਤਿਕ ਅਤੇ ਅਧਿਆਤਮਿਕ ਦੋ ਤਰ੍ਹਾਂ ਦੀ ਸੁੰਦਰਤਾ ਦਾ ਵਰਣਨ ਹੈ। ਭੌਤਿਕ ਸੁੰਦਰਤਾ ਨੂੰ ਨਾਸ਼ਵਾਨ ਕਿਹਾ ਗਿਆ ਹੈ :

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥

(ਗੁਰੂ ਗ੍ਰੰਥ, ਪੰਨਾ 470)

ਮਨੁੱਖ, ਸੁਹਣਾ ਕਪੜਾ ਤੇ ਸੁਹਣਾ ਰੂਪ ਇਸੇ ਸੰਸਾਰ ਵਿਚ ਛੱਡ ਜਾਂਦਾ ਹੈ। ਇਹ ਚੀਜ਼ਾਂ ਹਮੇਸ਼ਾਂ ਸਾਥ ਨਹੀਂ ਦੇਂਦੀਆਂ ਇਸ ਲਈ ਝੂਠੀਆਂ ਹਨ :

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥ (ਗੁਰੂ ਗ੍ਰੰਥ, ਪੰਨਾ 468)

ਸਿਰਫ਼ ਪਰਮਾਤਮਾਂ ਦੀ ਸੁੰਦਰਤਾ ਹੀ ਸਦੀਵੀ ਹੈ।

## 4. ਨੈਤਿਕ ਵਰਗ

(ੳ) **ਵਿਅਕਤੀਗਤ ਨੈਤਿਕਤਾ** : ਸ਼ੁਭ ਕਰਮ ਹੀ ਪਰਮਾਤਮਾਂ ਦੀ ਸਭ ਤੋਂ ਉੱਤਮ ਅਰਾਧਨਾ ਹੈ।[26] ਜੀਵਨ ਦੇ ਅੰਤ ਵਿਚ ਆਤਮਾ ਨਾਲ ਸਿਰਫ਼ ਉਸ ਦੇ ਕਰਮਾਂ ਦਾ ਲੇਖਾ ਹੀ ਜਾਂਦਾ ਹੈ, ਸੰਸਾਰਿਕ ਦੌਲਤਾਂ ਸਭ ਏਥੇ ਹੀ ਰਹਿ ਜਾਂਦੀਆਂ ਹਨ, ਪ੍ਰਭੂ-ਘਰ ਵਿਚ ਆਤਮਾ ਨੂੰ ਕਰਮਾਂ ਦੀਆਂ ਚੰਗਿਆਈਆਂ-ਬੁਰਾਈਆਂ ਅਨੁਸਾਰ ਫ਼ਲ ਭੋਗਣਾ ਪੈਂਦਾ ਹੈ। ਮਨ-ਮਾਨੀਆਂ ਕਰਨ ਵਾਲਿਆਂ ਦੇ ਜਦੋਂ ਭੇਦ ਖੁੱਲਦੇ ਹਨ ਤਾਂ ਸ਼ਰਮਿੰਦਗੀ ਵਿਚ ਆਪਣੇ ਕੁਕਰਮਾਂ ਤੋਂ ਪਛਤਾਉਂਦੇ ਹਨ।[27] ਦੁਨੀਆਂਦਾਰੀ ਅਤੇ ਭੋਗਵਿਲਾਸ ਵਿਚ ਜੀਵਨ ਬਿਤਾਉਣ ਵਾਲੀ ਆਤਮਾ ਨੂੰ ਜਦੋਂ ਧਰਮਰਾਜ ਦੇ ਲੇਖੇ-ਜੋਖੇ ਉਪਰੰਤ ਮੰਦੇ ਕਰਮਾਂ ਦਾ ਦੰਡ ਮਿਲਦਾ ਹੈ ਤਾਂ ਸਮਝ ਆਉਂਦੀ ਹੈ ਕਿ ਮਨ ਪਿਛੇ ਲੱਗ ਕੇ ਹੀਰੇ ਵਰਗਾ ਜਨਮ ਵਿਅਰਥ ਗਵਾ ਲਿਆ ਹੈ।[28]

ਸੂਝਵਾਨ ਮਨੁੱਖ ਪਹਿਲਾਂ ਹੀ ਵਿਚਾਰ ਕਰ ਲੈਂਦੇ ਹਨ ਕਿ ਜੇ ਆਪਣੇ ਕਰਮਾਂ ਦਾ ਫ਼ਲ ਹੀ ਭੋਗਣਾ ਹੈ ਤਾਂ ਬੁਰੇ ਕਰਮ ਕੀਤੇ ਹੀ ਕਿਉਂ ਜਾਣ ? ਉਹ ਦੀਰਘ ਦ੍ਰਿਸ਼ਟੀ ਰਾਹੀਂ ਭਾਂਪ ਲੈਂਦੇ ਹਨ ਕਿ ਮੰਦੇ ਕੰਮਾਂ ਨਾਲ ਪ੍ਰਭੂ-ਪ੍ਰੀਤ ਟੁੱਟਦੀ ਹੈ, ਇਸ ਲਈ ਉਹ

---

24. ਗੁਰੂ ਗ੍ਰੰਥ, ਪੰਨਾ 467.
25. ਉਹੀ, ਪੰਨਾ 469.
26. ਸੇਵਕ ਸੇਵਹਿ ਕਰਮ ਚੜਾਉ ॥ (ਉਹੀ, ਪੰਨਾ 465)
27. ਉਹੀ, ਪੰਨਾ 470-71.
28. ਉਹੀ, ਪੰਨਾ 464.

ਲਾਹੇਵੰਦੀ ਘਾਲਣਾ ਕਰਦੇ ਹਨ ।[29] ਸੁਭ ਕਰਮਾਂ ਵਾਲਿਆਂ ਦਾ ਅੰਤ ਧਰਮ-ਰਾਜ ਦੀ ਕਚਹਰੀ ਵਿਚ ਸੁਭ ਹੁੰਦਾ ਹੈ ਅਤੇ ਪ੍ਰਭੂ-ਰੰਗ ਵਿਚ ਰੰਗੇ ਜੀਵ ਪਰਵਾਨ ਹੁੰਦੇ ਹਨ, ਜਦੋਂ ਕਿ ਕਲੰਕਿਤ ਕੁਕਰਮੀ, ਛਾਂਟ ਛਾਂਟ ਕੇ ਨਰਕ ਵਿਚ ਸੁਟੇ ਜਾਂਦੇ ਹਨ ।[30]

ਨਿਮਰਤਾ, ਦਇਆ, ਪਤਿ, ਸੰਤੋਖ ਅਤੇ ਪੁੰਨ-ਦਾਨ ਮਹਤ੍ਵ-ਪੂਰਨ ਸਦਗੁਣ ਮੰਨੇ ਜਾਦੇ ਹਨ ਕਿਉਂਕਿ ਇਨ੍ਹਾਂ ਨਾਲ ਕਰਮ ਨੈਤਿਕ ਬਣਦੇ ਹਨ । ਨਿਮਰਤਾ ਗੁਣਾਂ ਦਾ ਸਾਰ ਹੈ ।[31] ਦਾਨ-ਪੁੰਨ ਕਰ ਕੇ ਸਰੂਰ ਦਾ ਨਹੀਂ, ਨਿਮਰਤਾ ਦਾ ਅਨੁਭਵ ਕਰਨਾ ਚਾਹੀਦਾ ਹੈ ।[32] ਗੁਰੂ ਨਾਨਕ ਨੇ ਆਪਣੇ ਆਪ ਨੂੰ ਨੀਚ ਢਾਡੀ ਕਹਿ ਕੇ ਨਿਮਰਤਾ ਦਾ ਮਹਾਤਮ ਦਰਸਾਇਆ ਹੈ :

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥

(ਗੁਰੂ ਗ੍ਰੰਥ, ਪੰਨਾ 468)

ਸੱਚ ਦੀ ਪ੍ਰਾਪਤੀ ਲਈ ਦਇਆ ਅਤੇ ਪੁੰਨ-ਦਾਨ ਵੀ ਜ਼ਰੂਰੀ ਦੱਸੇ ਗਏ ਹਨ ।[33] ਸੰਜਮ ਦੇ ਚਿੰਨ੍ਹ ਜਨੇਊ ਨੂੰ, ਗੁਰੂ ਨਾਨਕ ਉਸੇ ਹਾਲਤ ਵਿਚ ਪਰਵਾਨ ਕਰ ਸਕਦੇ ਹਨ, ਜੇ ਉਹ ਦਇਆ-ਰੂਪੀ ਕਪਾਹ, ਸੰਤੋਖ-ਰੂਪੀ ਸੂਤ, ਜਤ-ਰੂਪੀ ਗੰਢ ਅਤੇ ਸੱਚ-ਰੂਪੀ ਵੱਟ ਨਾਲ ਬਣਿਆ ਹੋਵੇ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (ਗੁਰੂ ਗ੍ਰੰਥ, ਪੰਨਾ 471)

(ਅ) **ਸਮਾਜਿਕ ਨੈਤਿਕਤਾ** : ਆਸਾ ਦੀ ਵਾਰ ਵਿਚ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਸਭਿਅਤਾ ਦੇ ਆਰੰਭ ਤੋਂ ਹੁਣ ਤੱਕ ਲੋਕਾਚਾਰ ਦੇ ਆਧਾਰ ਬਦਲਦੇ ਰਹੇ ਹਨ । ਸਤਜੁਗ ਵਿਚ ਮਨੁੱਖੀ ਜੀਵਨ ਦੀ ਟੇਕ ਜਾਂ ਸਹਾਰਾ ਸੰਤੋਖ ਸੀ ਅਤੇ ਪ੍ਰਸ਼ਾਸਕ ਧਰਮ, ਤ੍ਰੇਤੇ ਜੁਗ ਵਿਚ ਸੰਤੋਖ ਦੀ ਥਾਂ ਜਤ, ਇੰਦ੍ਰੀ-ਸੰਜਮ ਨੇ ਲੈ ਲਈ ਅਤੇ ਧਰਮ ਦੀ ਥਾਂ ਜ਼ੋਰ (ਸੂਰਬੀਰਤਾ) ਨੇ । ਦੁਆਪਰ ਵਿਚ ਜੀਵਨ ਦੀ ਟੇਕ ਤਪ (ਤਪੱਸਿਆ) ਬਣਿਆ ਅਤੇ ਪ੍ਰਸ਼ਾਸ਼ਕ, ਸਤਿ (ਦਾਨ)। ਕਲਜੁਗ ਵਿਚ ਟੇਕ ਤ੍ਰਿਸ਼ਨਾ ਰੂਪ ਅੱਗ ਦੀ ਹੈ ਅਤੇ ਪ੍ਰਸ਼ਾਸਕ ਝੂਠ ਹੈ ।[34] ਸੱਚ ਦਾ ਕਾਲ ਪੈ ਗਿਆ ਹੈ, ਫ਼ਰੇਬ ਹਰ ਪਾਸੇਂ ਵਰਤ ਗਿਆ ਹੈ ਅਤੇ ਕਲਯੁਗ ਦੇ ਲੋਕ ਪਾਪਾਂ ਦੀ ਕਾਲਖ ਨਾਲ ਰੱਤੇ ਭੂਤਨੇ ਪ੍ਰਤੀਤ ਹੁੰਦੇ ਹਨ :

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ (ਗੁਰੂ ਗ੍ਰੰਥ, ਪੰਨਾ 468)

---

29. ਗੁਰੂ ਗ੍ਰੰਥ, ਪੰਨਾ 474.
30. ਉਹੀ, ਪੰਨਾ 463.
31. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (ਉਹੀ, ਪੰਨਾ 470)
32. ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥ (ਉਹੀ, ਪੰਨਾ 465)
33. ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ ॥ (ਉਹੀ, ਪੰਨਾ 468)
34. ਉਹੀ, ਪੰਨਾ 470.

ਆਸਾ ਦੀ ਵਾਰ ਵਿਚ ਸਮਾਜਿਕ ਫ਼ਰੇਬੀਆਂ ਤੇ ਦੰਭੀਆਂ ਦੀ ਕਠੋਰ ਨਿੰਦਾ ਕੀਤੀ ਗਈ ਹੈ। ਕਿਹਾ ਗਿਆ ਹੈ ਕਿ ਮਨੁੱਖਤਾ ਦੇ ਵੈਰੀ ਹਾਕਮ ਨਿਮਾਜ਼ਾਂ ਪੜ੍ਹਦੇ ਹਨ ਤੇ ਲੋਕਾਂ ਨੂੰ ਮੁੰਨਣ ਵਾਲੇ ਧਨਾਢ ਜਨੇਊ ਪਾਉਂਦੇ ਹਨ। ਧਰਮ ਦੇ ਪਖੰਡੀ ਠੇਕੇਦਾਰਾਂ ਨੂੰ ਵੀ ਇਨ੍ਹਾਂ ਹੀ ਘਰਾਂ ਦੇ ਭੋਜਨ ਮਨ-ਭਾਉਂਦੇ ਹਨ। ਧਨ-ਦੌਲਤਾਂ, ਗੱਲਾਂ-ਬਾਤਾਂ, ਖਾਣਾਂ-ਪੀਣਾ ਸਭ ਫ਼ਰੇਬ ਭਰਿਆ ਹੈ, ਨੇਕੀ ਕਿਤ ਦਿੱਸਦੀ ਨਹੀਂ। ਲੋਕ ਵਿਖਾਵੇ ਲਈ ਧਾਰਮਿਕ ਬਾਣਾਂ ਪਾਉਂਦੇ ਹਨ ਪਰ ਕਰਮ ਬੇਈਮਾਨੀ ਦੇ ਕਰਦੇ ਹਨ। ਜਿਨ੍ਹਾਂ ਨੂੰ ਮਲੇਛ ਆਖਦੇ ਹਨ, ਉਨ੍ਹਾਂ ਦਾ ਹੀ ਦਿੱਤਾ ਖਾਂਦੇ ਹਨ ਤੇ ਫ਼ੇਰ ਚੌਂਕੇ ਵਿਚ ਕਿਸੇ ਨੂੰ ਆਉਣ ਨਹੀਂ ਦੇਂਦੇ ਕਿ ਭਿੱਟ ਨਾ ਜਾਵੇ। ਬੁਰੇ ਕਰਮਾਂ ਨਾਲ ਲੋਕਾਂ ਦੇ ਤਨ ਕਲੰਕਿਤ ਹਨ, ਮਨ ਵਿਚ ਭੈੜੇ ਵਿਚਾਰ ਹਨ, ਉਂਜ ਸੁੱਚ ਦੇ ਵਿਖਾਵੇ ਹਿਤ ਚੂਲੀ ਕਰਦੇ ਹਨ। ਗੁਰੂ ਨਾਨਕ ਕਹਿੰਦੇ ਹਨ, ਸੱਚੇ ਪ੍ਰਭੂ ਦੀ ਸੱਚੀ ਅਰਾਧਨਾ ਕਰੀਏ ਤਾਂ ਹੀ ਸੁੱਚੇ ਹੋਈਦਾ ਹੈ।[35]

ਗੁਰੂ ਸਾਹਿਬ ਨੇ ਸੂਤਕ ਦੇ ਪਰਹੇਜ਼ ਨੂੰ ਵਿਅਰਥ ਦੱਸਦੇ ਹੋਏ ਕਿਹਾ ਹੈ ਕਿ ਜੇਕਰ ਸੂਤਕ ਮੰਨੀਏ ਤਾਂ ਹਰ ਜਗ੍ਹਾ ਸੂਤਕ ਮੰਨਣਾ ਪਵੇਗਾ ਕਿਉਂਕਿ ਗੋਹੇ ਅਤੇ ਲਕੜੀ ਅੰਦਰ ਕੀੜੇ ਜੰਮਦੇ ਅਤੇ ਸੂਤਕ ਖਿਲਾਰਦੇ ਰਹਿੰਦੇ ਹਨ। ਅੰਨ ਦੇ ਦਾਣੇ ਵੀ ਜੀਵਾਂ ਤੋਂ ਬਿਨਾਂ ਨਹੀਂ ਹਨ। ਪਾਣੀ ਵੀ ਜੀਵ ਹੈ ਅਤੇ ਉਸ ਨਾਲ ਹਰ ਤਰ੍ਹਾਂ ਦਾ ਜੀਵ ਹਰਾ ਹੋ ਜਾਂਦਾ ਹੈ। ਇਸ ਤਰ੍ਹਾਂ ਸੂਤਕ ਰਸੋਈ ਘਰ ਵਿਚ ਆ ਵੜਦਾ ਹੈ।[36]

ਇਵੇਂ ਹੀ ਜ਼ਾਤ-ਪਾਤ ਦਾ ਖੰਡਨ ਕੀਤਾ ਹੈ ਕਿ ਪ੍ਰਭੂ ਘਰ ਵਿਚ ਤਾਂ ਨਬੇੜਾ ਅਮਲਾਂ ਉੱਤੇ ਹੋਣਾ ਹੈ, ਜ਼ਾਤ-ਪਾਤ ਕਿਸੇ ਪੁੱਛਣੀ ਨਹੀਂ :

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ (ਗੁਰੂ ਗ੍ਰੰਥ, ਪੰਨਾ 469)

ਆਸਾ ਦੀ ਵਾਰ ਵਿਚ ਉਸ ਸਮੇਂ ਦੇ ਸਮਾਜ ਵਿਚ ਇਸਤ੍ਰੀ ਦੀ ਲਿਤਾੜੀ ਹੋਈ ਦਸ਼ਾ ਦੇ ਵਿਰੁੱਧ ਵੀ ਜ਼ੋਰਦਾਰ ਅਵਾਜ਼ ਉਠਾਈ ਗਈ ਹੈ। ਇਸਤ੍ਰੀ ਨੂੰ ਮਨੁੱਖੀ ਜੀਵਨ, ਪਰਿਵਾਰ ਅਤੇ ਸਮਾਜ ਦਾ ਅਤਿ ਅਵੱਸ਼ਕ ਅਤੇ ਮਹੱਤ੍ਵ-ਪੂਰਨ ਅੰਗ ਅਤੇ ਹਰੇਕ ਮਨੁੱਖ, ਖ਼ਾਸ ਕਰ ਕੇ ਮਹਾਂਪੁਰਖਾਂ ਦੀ ਜਨਮ-ਦਾਤੀ ਦੱਸ ਕੇ, ਉਸ ਦੀ ਨਿਰਾਦਰੀ ਕਰਨ ਵਾਲਿਆਂ ਦੀ ਨਿੰਦਾ ਕੀਤੀ ਗਈ ਹੈ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਗੁਰੂ ਗ੍ਰੰਥ, ਪੰਨਾ 473)

(ਏ) ਰਾਜਨੀਤਿਕ ਨੈਤਿਕਤਾ : ਆਚਰਣ-ਹੀਣ ਪ੍ਰਸ਼ਾਸਕਾਂ ਵਿਚ ਪਾਪ, ਲੋਭ, ਮੋਹ ਦੇ ਵਾਧੇ ਅਤੇ ਗਿਆਨ-ਹੀਨ ਪਰਜਾ ਵਿਚ ਅਣਖ ਅਤੇ ਇੱਜ਼ਤ ਦੇ ਘਾਟੇ ਦੀ ਨਿੰਦਾ

35. ਗੁਰੂ ਗ੍ਰੰਥ, ਪੰਨਾ 471-72.
36. ਉਹੀ, ਪੰਨਾ 472.

ਕੀਤੀ ਗਈ ਹੈ ।[37] ਹਰ ਪਾਸੇ ਝੂਠ ਤੇ ਫ਼ਰੇਬ ਦੇ ਵਰਤਾਰੇ ਉੱਤੇ ਦੁੱਖ ਪ੍ਰਗਟ ਕੀਤਾ ਗਿਆ ਹੈ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ (ਗੁਰੂ ਗ੍ਰੰਥ, ਪੰਨਾ 468)

ਸਮੇਂ ਦੇ ਜ਼ਾਲਮ ਮੁਸਲਮਾਨ ਹਾਕਮਾਂ ਨਾਲ ਰਲ ਕੇ ਘਾਤ ਕਰਨ ਵਾਲੇ ਫ਼ਰੇਬੀ ਹਿੰਦੂ ਧਨਾਢਾਂ ਦੇ ਵਿਖਾਵੇ ਦਾ ਪੋਲ ਖੋਲ੍ਹਿਆ ਗਿਆ ਹੈ । ਇਕ ਪਾਸੇ ਉਹ ਗਊ ਉਪਰ ਕਰ ਲਾਉਂਦੇ ਹਨ ਅਤੇ ਦੂਜੇ ਬੰਨੇ ਉਸ ਦੇ ਗੋਹੇ ਨਾਲ ਚੌਕਾ ਸੁੱਚਾ ਕਰਦੇ ਹਨ ਜਿਵੇਂ ਇਸ ਗੋਹੇ ਨੇ ਹੀ ਉਨ੍ਹਾਂ ਨੂੰ ਤਾਰ ਦੇਣਾ ਹੋਵੇ । ਵੇਸ ਹਿੰਦੂਆਂ ਦਾ ਖਾਣਾ ਮੁਸਲਮਾਨਾਂ ਦਾ ਤੇ ਫ਼ੇਰ ਆਖਣਾ ਉਨ੍ਹਾਂ ਨੂੰ ਹੀ ਮਲੇਛ । ਅੰਦਰ ਲੁਕ ਕੇ ਹਿੰਦੂਆਂ ਵਾਲੀ ਪਾਠ ਪੂਜਾ ਕਰਨੀ, ਪਰ ਬਾਹਰ ਇਸਲਾਮੀ ਗੰਥ ਪੜ੍ਹਨੇ ਅਤੇ ਮੁਸਲਮਾਨੀ ਰਹਿਣੀ-ਬਹਿਣੀ ਰਖਣੀ । ਐਸੇ ਪਾਖੰਡ ਛਡ ਕੇ, ਪ੍ਰਭੂ ਦੀ ਨਾਮ-ਭਗਤੀ ਰਾਹੀਂ ਜਨਮ ਸੁਆਰਨ ਦਾ ਉਪਦੇਸ਼ ਦਿਤਾ ਗਿਆ ਹੈ ।[38]

(ਸ) ਧਾਰਮਿਕ ਨੈਤਿਕਤਾ : ਆਸਾ ਦੀ ਵਾਰ ਵਿਚ ਗੁਰੂ ਨਾਨਕ ਨੇ ਉਪਜੀਵਿਕਾ ਅਤੇ ਧਨ ਦੇ ਲੋਭ ਵਿਚ ਧਰਮ ਦੇ ਨਾਮ ਉੱਤੇ ਲੋਕਾਂ ਨੂੰ ਭਰਮਾਂ-ਭੁਲੇਖਿਆਂ ਤੇ ਅੰਧ-ਵਿਸ਼ਵਾਸਾਂ ਵਿਚ ਪਾਉਣ ਵਾਲਿਆਂ ਦੀ ਕਰੜੀ ਨਿੰਦਾ ਕੀਤੀ ਹੈ ।[39] ਇਹ ਵੀ ਕਿਹਾ ਹੈ ਕਿ ਸਰਬ-ਵਿਆਪੀ ਅਤੇ ਸਰਬ-ਸਮਰੱਥ ਪ੍ਰਭੂ ਦਾ ਰਾਹ ਛੱਡ ਕੇ, ਹੋਰਨਾਂ ਮੱਤਾਂ ਪਿਛੇ ਲੱਗ ਕੇ, ਮਨੁਖ ਆਪਣੀ ਇਸ ਗਲਤੀ ਦਾ ਮੰਦਾ ਫ਼ਲ ਪਾਉਂਦਾ ਹੈ ਅਤੇ ਸਿਵਾਏ ਸਰੀਰਕ ਕਸ਼ਟਾਂ ਅਤੇ ਮਾਨਸਿਕ ਦੁੱਖਾਂ ਦੇ ਕੁਝ ਪ੍ਰਾਪਤ ਨਹੀਂ ਕਰਦਾ । ਗ੍ਰੰਥਾਂ ਦੇ ਲਿਖਣ ਤੇ ਪੜ੍ਹਨ ਦੇ ਕੋਰੇ ਗਿਆਨ, ਤੀਰਥ-ਯਾਤਰਾਵਾਂ, ਭਾਂਤ-ਭਾਂਤ ਦੇ ਭੇਸ, ਉਪਵਾਸ, ਨੰਗੇ ਰਹਿਣਾ, ਜਗਰਾਤੇ ਕੱਟਣੇ, ਮੋਨ-ਵਰਤ ਅਤੇ ਜੰਗਲਾਂ, ਸ਼ਮਸ਼ਾਨਾਂ, ਮਸਾਣਾ ਵਿਚ ਰਹਿਣਾ, ਆਦਿਕ ਸਭ ਵਿਅਰਥ ਅੰਧ-ਵਿਸ਼ਵਾਸ ਦੱਸਿਆ ਗਿਆ ਹੈ, ਜਿਨ੍ਹਾਂ ਨਾਲ ਮਨੁੱਖ ਸਿਰਫ਼ ਖੱਜਲ-ਖੁਆਰ ਹੀ ਹੁੰਦਾ ਰਹਿੰਦਾ ਹੈ, ਮੁਕਤੀ ਨਹੀਂ ਪਾਉਂਦਾ ।[40]

ਗੁਰੂ ਨਾਨਕ, ਪ੍ਰਭੂ ਪ੍ਰਸ਼ੰਸਾ ਹਿਤ ਗਾਉਣ-ਵਜਾਉਣ. ਨੱਚਣ-ਕੁੱਦਣ, ਰਾਸ-ਤਮਾਸ਼ਿਆਂ, ਕਰਾਮਾਤਾਂ ਦੀ ਵੀ ਨਿੰਦਾ ਕਰਦੇ ਹਨ ।[41] ਇਵੇਂ ਹੀ ਧਰਮ-ਗ੍ਰੰਥਾਂ ਦੇ ਕੋਰੇ ਪਾਠ, ਮੂਰਤੀ-ਪੂਜਾ ਅਤੇ ਸਮਾਧੀ ਦਾ ਵਿਖਾਵਾ, ਮੂੰਹ ਨੂੰ ਲੋਹੇ ਦੇ ਸ਼ਸਤਰਾਂ ਨਾਲ ਵਿੰਨ੍ਹਣਾ, ਤਿੰਨ ਸਤਰਾਂ ਦੀ ਗਾਇਤ੍ਰੀ ਵਿਚਾਰਨੀ, ਗਲ ਮਾਲਾ ਤੇ ਮੱਥੇ ਤਿਲਕ, ਦੋ ਧੋਤੀਆਂ ਤੇ ਸਿਰ ਉੱਤੇ ਗਿੱਲਾ

---

37. ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ (ਗੁਰੂ ਗ੍ਰੰਥ, ਪੰਨਾ 468-69)

38. ਉਹੀ, ਪੰਨਾ 471.

39. ਉਹੀ, ਪੰਨਾ 465.

40. ਉਹੀ, ਪੰਨਾ 467.

41. ਉਹੀ, ਪੰਨਾ 465.

ਕੱਪੜਾ, ਸਭ ਵਿਖਾਵੇ ਹਨ, ਜੋ ਪ੍ਰਭੂ-ਭਾਉਂਦੇ ਕਰਮ ਨਹੀਂ ਹਨ।[42] ਇਵੇਂ ਹੀ ਗੁਰੂ ਨਾਨਕ ਜਨੇਊ ਦੀ ਪ੍ਰਥਾ ਦੀ ਨਿੰਦਾ ਕਰਦੇ ਦਸਦੇ ਹਨ ਕਿ ਨਾਂ ਤਾਂ ਇਹ ਮਨ ਅਤੇ ਇੰਦ੍ਰੀਆਂ ਉੱਤੇ ਕਾਬੂ ਪਾਉਂਦਾ ਹੈ ਤੇ ਨਾ ਹੀ ਅੱਗੇ ਨਾਲ ਹੀ ਜਾਂਦਾ ਹੈ, ਇਸ ਲਈ ਵਿਅਰਥ ਹੈ :

ਓਹੁ ਮੁਆ ਓਹੁ ਝੜਿ ਪਇਆ ਵੇ ਤਗਾ ਗਇਆ ॥

(ਗੁਰੂ ਗ੍ਰੰਥ, ਪੰਨਾ 471)

ਇਵੇਂ ਹੀ ਮੁਸਲਮਾਨਾਂ ਦੇ ਭੁਲੇਖੇ ਕਿ ਦਫ਼ਨਾਏ ਗਏ ਨੇਕ ਬੰਦਿਆਂ ਨੂੰ ਕਿਆਮਤ ਦੇ ਦਿਨ ਹਜ਼ਰਤ ਮੁਹੰਮਦ, ਮੁਰਦੇ ਤੋਂ ਉਠਾ ਕੇ, ਸਵਰਗ ਵਿਚ ਲੈ ਜਾਣਗੇ, ਦੀ ਵੀ ਭੁੱਲ ਦਰਸਾਈ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਦੇਹ ਮਿੱਟੀ ਦੀ ਹੈ, ਮਿੱਟੀ ਵਿਚ ਰਲ ਜਾਂਦੀ ਹੈ ਅਤੇ ਮਿੱਟੀ ਕਿਤੇ ਦੀ ਕਿਤੇ ਜਾ ਲਗਦੀ ਹੈ ਅਤੇ ਇਵੇਂ ਦੇਹ ਅਤੇ ਰੂਪ ਦਾ ਅਸਲ ਵਿਚ ਕੀ ਹਸ਼ਰ ਹੋਵੇਗਾ, ਸਿਰਫ਼ ਰਚਨਹਾਰ ਪ੍ਰਭੂ ਨੂੰ ਹੀ ਪਤਾ ਹੋ ਸਕਦਾ ਹੈ :

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥ (ਗੁਰੂ ਗ੍ਰੰਥ, ਪੰਨਾ 466)

ਆਸਾ ਦੀ ਵਾਰ ਵਿਚ ਉਸ ਸਮੇਂ ਦੇ ਪ੍ਰਮੁੱਖ ਮੱਤਾਂ ਦੇ ਮੁੱਖ ਵਿਚਾਰਾਂ ਦਾ ਵੀ ਸੰਕੇਤ ਮਿਲਦਾ ਹੈ। ਮੁਸਲਮਾਨ ਮੰਨਦੇ ਹਨ ਕਿ ਸ਼ਰੀਅਤ (ਧਾਰਮਿਕ ਨਿਯਮ) ਦਾ ਗਿਆਨ ਅਤੇ ਜੀਵਨ-ਕਰਮਾਂ ਵਿਚ ਉਸ ਦੀ ਕਠੋਰ ਪਾਬੰਦੀ ਹੀ ਪ੍ਰਭੂ ਦੇ ਦਰਸ਼ਨ ਕਰਵਾ ਸਕਦੇ ਹਨ। ਹਿੰਦੂ ਪ੍ਰਭੂ ਦੇ ਅਨੇਕ ਰੂਪਾਂ ਦੀਆਂ ਮੂਰਤੀਆਂ ਆਦਿਕ ਵਿਚ ਉਸ ਨੂੰ ਦੇਖਦੇ ਹਨ ਅਤੇ ਤੀਰਥ-ਇਸ਼ਨਾਨਾਂ ਅਤੇ ਅਗਰਬੱਤੀਆਂ, ਧੂਪਾਂ, ਆਦਿਕ ਦੀਆਂ ਖ਼ੁਸ਼ਬੂਆਂ ਨਾਲ ਉਸ ਦੀ ਪੂਜਾ ਕਰਨੀ ਉਚਿੱਤ ਮੰਨਦੇ ਹਨ। ਜੋਗੀ ਅਫ਼ੁਰ ਸਮਾਧੀ ਰਾਹੀਂ ਅਲੱਖ, ਅਕੱਥ ਪ੍ਰਭੂ ਨੂੰ ਧਿਆਉਂਦੇ ਹਨ ਜਿਸ ਨੂੰ ਉਹ ਨਿਰਗੁਣ ਅਤੇ ਮਾਇਆ ਰਹਿਤ ਦਸਦੇ ਹਨ, ਪਰ ਧਿਆਨ ਜੋੜਨ ਲਈ ਕੋਈ ਰੂਪ ਦੇ ਲੈਂਦੇ ਹਨ। ਸਤੀ, ਸੰਤੋਖ ਅਤੇ ਦਾਨ-ਪੁੰਨ ਕਰਨ ਵਿਚ ਵਿਸ਼ਵਾਸ ਰੱਖਦੇ ਹਨ ਪਰ ਪ੍ਰਭੂ ਪਾਸੋਂ ਦਿਤੇ ਦਾਨ ਨਾਲੋਂ ਕ੍ਰਿਤੇ ਵੱਧ ਧਨ ਦੀ ਅਭਿਲਾਸ਼ਾ ਕਰਦੇ ਹਨ। ਇਨ੍ਹਾਂ ਤੋਂ ਛੁੱਟ ਹੋਰ ਵੀ ਅਣਗਿਣਤ ਮਨ-ਮੱਤੀ ਲੋਕ ਹਨ, ਜੋ ਪਿਛਲੇ ਕਰਮਾਂ ਦੀ ਨੇਕ ਕਮਾਈ ਨਾਲ ਮਨੁੱਖੀ ਜੂਨ ਵਿਚ ਆਉਂਦੇ ਹਨ, ਪਰ ਇਸ ਸ਼ੁਭ ਅਵਸਰ ਨੂੰ ਵਿਨਾਸ਼, ਕੁਕਰਮਾਂ ਅਤੇ ਅਗਿਆਨ ਕਾਰਨ ਗਵਾ ਜਾਂਦੇ ਹਨ। ਸਭ ਤੋਂ ਉੱਤਮ ਉਹ ਲੋਕ ਹਨ ਜੋ ਸਦਗੁਣ ਗ੍ਰਹਿਣ ਕਰਦੇ ਹਨ ਅਤੇ ਸਿਰਫ਼ ਸੱਚੇ ਪ੍ਰਭੂ ਦੀ ਅਰਾਧਨਾ ਕਰਦੇ ਹਨ।[43]

## 5. ਅਧਿਆਤਮਿਕ ਵਰਗ

(ੳ) ਆਤਮਾ : ਆਤਮਾ ਪ੍ਰਭੂ ਦੀ ਹੀ ਦੇਣ ਹੈ।[44] ਆਤਮਾ ਵਿਚ ਪਰਮਾਤਮਾ ਹੀ ਹੈ, ਅਤੇ ਉਹ ਅੰਤ ਮੁੜ ਪਰਮਾਤਮਾ ਵਿਚ ਹੀ ਜਾ ਸਮਾਉਂਦੀ ਹੈ। ਪ੍ਰਭੂ ਦਾ ਇਹ ਬੜਾ

---

42. ਗੁਰੂ ਗ੍ਰੰਥ, ਪੰਨਾ 470.
43. ਉਹੀ, ਪੰਨਾ 465-66.
44. ਜੀਉ ਪਿੰਡੁ ਸਭੁ ਤਿਸਦਾ . . . ॥ (ਉਹੀ, ਪੰਨਾ 465)

ਅਸਚਰਜ ਜਨਕ ਕੌਤਕ ਹੈ ।[45] ਸਿਰਫ਼ ਉੱਚੀ ਤੇ ਸੁੱਚੀ ਆਤਮਾ ਹੀ ਪਰਮਾਤਮਾ ਵਿਚ ਸਮਾ ਕੇ ਮੁਕਤ ਹੁੰਦੀ ਹੈ, ਕੱਚੀ ਆਤਮਾ, ਆਵਾਗੌਣ ਦੇ ਗੇੜ ਵਿਚ ਪਈ ਰਹਿੰਦੀ ਹੈ ।[46]

ਮਾਇਆ ਪ੍ਰਭੂ ਦੀ ਸਿਰਜਨ-ਸ਼ਕਤੀ ਹੈ, ਜਿਸ ਰਾਹੀਂ ਸਾਰੀ ਸ੍ਰਿਸ਼ਟੀ ਰਚੀ ਜਾਂਦੀ ਹੈ ਅਤੇ ਇਸ ਵਿਚ ਵੀ ਪ੍ਰਭੂ ਦੀ ਹੀ ਹੋਂਦ ਹੁੰਦੀ ਹੈ ।[47] ਆਤਮਾ ਦੀ ਹਉਮੈ ਅਰਥਾਤ ਪਰਮਾਤਮਾ ਤੋਂ ਦ੍ਵੈਤ ਹੀ ਮਾਇਆ ਹੈ ।[48]

ਇਸ ਹਉਮੈ ਵਿਚ ਕੀਤੇ ਕੁਕਰਮਾ ਤੋਂ ਹੀ[49], ਪ੍ਰਭੂ ਦੇ ਹੁਕਮ ਕਾਰਨ[50] ਪਏ ਬੰਧਨਾਂ[51] ਅਧੀਨ ਆਵਾਗੌਣ ਦਾ ਚੱਕਰ ਜਨਮਾਂ-ਜਨਮਾਂਤਰਾਂ ਤਕ ਚਲਦਾ ਹੈ ।[52]

(ਅ) ਮੁਕਤੀ ਦੇ ਸਾਧਨ : (1) ਭਾਣਾਂ ਮੰਨਣਾ : ਭਗਤੀ-ਭਾਵਨਾਂ ਸਿਰਫ਼ ਉਨ੍ਹਾਂ ਹੀ ਮਨਾਂ ਵਿਚ ਉਪਜਦੀ ਹੈ ਜੋ ਪ੍ਰਭੂ ਦਾ ਭਾਣਾਂ ਮੰਨਦੇ ਹਨ ।[53] ਭਗਤੀ ਕਰਦਾ ਹੀ ਉਹੋ ਹੈ ਜਿਸ ਨੂੰ ਪ੍ਰਭੂ ਹੁਕਮ ਕਰੇ ਕਿਉਂਕਿ ਭਾਣਾ ਮੰਨਣ ਵਾਲਾ ਹੀ ਪ੍ਰਭੂ ਨੂੰ ਪਰਵਾਨ ਹੈ । ਭਾਣਾ ਮੰਨਣ ਵਾਲੇ ਮਨੁੱਖ ਦੀ ਮਨੋਕਾਮਨਾ ਪੂਰੀ ਹੁੰਦੀ ਹੈ ਅਤੇ ਉਹ ਮੁਕਤੀ ਪ੍ਰਾਪਤ ਕਰਦਾ ਹੈ ।[54]

(2) ਮਿਹਰ : ਪ੍ਰਭੂ ਮਿਹਰਬਾਨ ਹੈ[55] ਅਤੇ ਉਹ ਮਨੁੱਖ ਹੀ ਸੁੱਖ ਮਾਣਦੇ ਅਤੇ ਜਨਮ ਸਵਾਰਦੇ ਹਨ ਜਿਨ੍ਹਾਂ ਉੱਤੇ ਪ੍ਰਭੂ ਮਿਹਰ ਕਰੇ ।[56] ਪ੍ਰਭੂ ਜਿਸ ਉੱਤੇ ਮਿਹਰਬਾਨ ਹੁੰਦਾ ਹੈ ਉਸ ਨੂੰ ਮੁਕਤੀ ਦਾ ਰਾਹ ਵਿਖਾ ਦੇਂਦਾ ਹੈ ਤੇ ਦੂਜਿਆਂ ਨੂੰ ਕੁਰਾਹੇ ਪਾ ਦੇਂਦਾ ਹੈ । ਭਗਤੀ ਉਹੋ ਕਰਦੇ ਹਨ ਜਿਨ੍ਹਾਂ ਉੱਤੇ ਪ੍ਰਭੂ ਮਿਹਰ ਕਰੇ ਅਤੇ ਸੱਚੇ ਗੁਰੂ ਨਾਲ ਮੇਲ ਕਰਾਵੇ । ਸੱਚੇ ਗੁਰੂ ਤੋਂ ਪ੍ਰਾਪਤ ਬ੍ਰਹਮ-ਗਿਆਨ ਅਤੇ ਪ੍ਰਭੂ-ਮਿਹਰ ਨਾਲ ਮੁਕਤੀ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ ।[57]

---

45. ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥ (ਗੁਰੂ ਗ੍ਰੰਥ, ਪੰਨਾ 469)
46. ਨਾਨਕ ਸਚੁ ਧਿਆਇਨਿ ਸਚੁ ॥
    ਜੋ ਮਰਿ ਜੰਮੇ ਸੁ ਕਚੁ ਨਿਕਚੁ ॥ (ਓਹੀ, ਪੰਨਾ 463)
47. ਉਹੀ, ਪੰਨਾ 464.
48. ਹਉ ਵਿਚਿ ਮਾਇਆ . . . ॥ (ਉਹੀ, ਪੰਨਾ 466)
49. ਹਉ ਵਿਚਿ ਆਇਆ ਹਉ ਵਿਚਿ ਗਇਆ ॥ (ਉਹੀ)
50. ਜੰਮਣੁ ਮਰਣਾ ਹੁਕਮੁ ਹੈ . . . ॥ (ਉਹੀ, ਪੰਨਾ 472)
51. ਬੰਧਨ ਬੰਧਿ ਭਵਾਏ ਸੋਇ ॥ (ਉਹੀ, ਪੰਨਾ 465)
52. ਏਹੁ ਜੀਉ ਬਹੁਤੇ ਜਨਮ ਭਰੰਮਿਆ . . . ॥ (ਉਹੀ)
53. ਨਾਨਕ ਜਿਨੁ ਮਨਿ ਭਉ ਤਿਨ੍ਹਾ ਮਨਿ ਭਾਉ ॥ (ਉਹੀ)
54. ਉਹੀ, ਪੰਨਾ 471.
55. ਸੋ ਕਰਤਾ ਕਾਦਰ ਕਰੀਮੁ . . . ॥ (ਉਹੀ, ਪੰਨਾ 475)
56. ਉਹੀ.
57. ਉਹੀ, ਪੰਨਾ 469.

(3) ਗੁਰੂ : ਸੱਚਾ ਗੁਰੂ ਮਨੁੱਖ ਨੂੰ ਦੇਵਤਾ ਬਣਾ ਸਕਦਾ ਹੈ ।[58] ਸੱਚੇ ਗੁਰੂ ਤੋਂ ਪ੍ਰਭੂ-ਨਾਮ ਅਤੇ ਉਸ ਤੋਂ ਪ੍ਰਭੂ-ਮਿਹਰ ਮਿਲਦੀ ਹੈ ।[59] ਬੜੇ ਘੱਟ ਲੋਕਾਂ ਨੂੰ ਸਮਝ ਆਉਂਦੀ ਹੈ ਕਿ ਸੱਚਾ ਗੁਰੂ ਹੀ ਜੀਵਨ ਦਾ ਸੱਚਾ ਰਾਹ ਵਿਖਾਉਂਦਾ ਹੈ । ਗੁਰੂ, ਬ੍ਰਹਮ-ਗਿਆਨ ਰਾਹੀਂ ਅੰਧ-ਵਿਸ਼ਵਾਸਾਂ ਅਤੇ ਮਨ-ਮਤਾਂ ਤੋਂ ਮਨੁੱਖ ਦੀਆ ਅੱਖਾਂ ਖੋਲ੍ਹਦਾ ਹੈ ਅਤੇ ਪ੍ਰਭੂ ਨਾਲ ਮੇਲ ਕਰਵਾਉਂਦਾ ਹੈ ।[60] ਸੱਚੇ ਗੁਰੂ ਰਾਹੀਂ ਹੀ ਪ੍ਰਭੂ ਮਿਲਦਾ ਹੈ ।[61] ਸੱਚੇ ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੁੰਦੀ । ਗੁਰੂ ਤੋਂ ਪ੍ਰਾਪਤ ਬ੍ਰਹਮ-ਗਿਆਨ ਤੋਂ ਹੀ ਵਿਕਾਰ ਨਸ਼ਟ ਹੋ ਕੇ ਮੁਕਤੀ ਮਿਲਦੀ ਹੈ ।[62]

(4) ਭਗਤੀ : ਪ੍ਰਭੂ ਨੂੰ ਆਪਣੇ ਭਗਤ ਹੀ ਭਾਉਂਦੇ ਹਨ ਅਤੇ ਉਹ ਹੀ ਉਸ ਦੇ ਦਰਬਾਰ ਵਿਚ ਸ਼ੋਭਦੇ ਹਨ ।[63] ਪ੍ਰਭੂ-ਪ੍ਰੇਮ ਦੀ ਭਗਤੀ ਕਰਕੇ, ਅਹੰਕਾਰ ਨਾ ਕਰਨ ਵਾਲੇ ਮੁਕਤ ਹੁੰਦੇ ਹਨ ।[64] ਬ੍ਰਹਮ-ਗਿਅ.ਨ ਅਤੇ ਸ਼ੁਭ ਕਰਮਾਂ ਰਾਹੀਂ ਤਨ-ਮਨ ਸੁਥਰਾ ਹੋਵੇ ਤਾਂ ਪ੍ਰਭੂ-ਭਗਤੀ ਦੀ ਰੁਚੀ ਬਣਦੀ ਹੈ । ਪ੍ਰਭੂ ਨਾਮ ਦੀ ਭਗਤੀ ਰਾਹੀਂ ਮਨ ਵਿਚ ਆਨੰਦ ਰਹਿੰਦਾ ਹੈ ਅਤੇ ਮੁਕਤੀ ਪ੍ਰਾਪਤ ਹੁੰਦੀ ਹੈ ।[65] ਨਾਮ ਜਪਣ ਵਾਲੇ ਨਰਕ ਨਹੀਂ ਜਾਂਦੇ ।[66] ਪ੍ਰਭੂ-ਨਾਮ ਜਪਣ ਨਾਲ ਹੀ ਮੁਕਤੀ ਪ੍ਰਾਪਤ ਹੁੰਦੀ ਹੈ । [67]ਨਾਮ ਬਿਨਾਂ ਪ੍ਰਭੂ-ਦਰਗਾਹ ਵਿਚ ਥਾਂ ਨਹੀਂ ਮਿਲਦੀ ।[68] ਨਾਮ ਜਪਣ ਨਾਲ ਐਸੀ ਵਡਿਆਈ ਪ੍ਰਾਪਤ ਹੁੰਦੀ ਹੈ ਕਿ ਪ੍ਰਭੂ-ਘਰ ਵਿਚ ਵੀ ਸਾਥ ਦੇਂਦੀ ਹੈ ।[69] ਸੱਚੇ ਨਾਮ ਤੋਂ ਛੁੱਟ ਦੂਜੇ ਧਾਰਮਿਕ ਭੇਖ ਵਿਅਰਥ ਹਨ ।[70]

---

58. ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ (ਗੁਰੂ ਗ੍ਰੰਥ, ਪੰਨਾ 462-63)
59. ਸਤਿਗੁਰੁ ਭੇਟੇ ਸੋ ਸੁਖੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥ (ਉਹੀ, ਪੰਨਾ 467-68)
60. ਉਹੀ, ਪੰਨਾ 470.
61. ਸਤਿਗੁਰਿ ਮਿਲਿਐ ਸਚੁ ਪਾਇਆ . . . ॥ (ਉਹੀ, ਪੰਨਾ 467)
62. ਉਹੀ, ਪੰਨਾ 466.
63. ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ (ਉਹੀ, ਪੰਨਾ 468)
64. ਭਾਉ ਭਗਤਿ ਕਰਿ ਨੀਚੁ ਸਦਾਏ ॥
ਤਉ ਨਾਨਕ ਮੋਖੰਤਰੁ ਪਾਏ ॥ (ਉਹੀ, ਪੰਨਾ 470)
65. ਉਹੀ, ਪੰਨਾ 468.
66. ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥ (ਉਹੀ, ਪੰਨਾ 465)
67. ਵਿਣੁ ਨਾਵੈ ਕਿਛੁ ਥਾਇ ਨ ਪਾਈ ॥ (ਉਹੀ, ਪੰਨਾ 467)
68. ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ ॥ (ਉਹੀ, ਪੰਨਾ 469)
69. ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥ (ਉਹੀ, ਪੰਨਾ 471)
70. ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥ (ਉਹੀ, ਪੰਨਾ 467)

(ੲ) ਮੁਕਤੀ ਅਤੇ ਮੁਕਤ ਜੀਵ : ਆਸਾ ਦੀ ਵਾਰ ਵਿਚ ਮੁਕਤੀ ਦੀ ਕੋਈ ਸਪਸ਼ਟ ਪਰਿਭਾਸ਼ਾ ਨਹੀਂ ਮਿਲਦੀ। ਆਵਾਗੌਣ ਦਾ ਅੰਤ ਹੀ ਮੁਕਤੀ ਪਰਵਾਨ ਕੀਤਾ ਗਿਆ ਹੈ। ਵਿਦੇਹ ਮੁਕਤੀ ਦੇ ਸਾਰੇ ਹੀ ਪਰੰਪਰਾਗਤ ਭੇਦ ਪਰਵਾਨ ਕੀਤੇ ਪ੍ਰਤੀਤ ਹੁੰਦੇ— ਪ੍ਰਭੂ ਦੀ ਪ੍ਰਾਪਤੀ,[71] ਪ੍ਰਭੂ ਨਾਲ ਮਿਲਾਪ,[72] ਪ੍ਰਭੂ ਘਰ ਵਿਚ ਨਿਵਾਸ[73] ਅਤੇ ਪ੍ਰਭੂ ਵਿਚ ਸਮਾਉਣਾ।[74]

(ਸ) ਪਰਮਾਤਮਾ : ਪਰਮਾਤਮਾ ਸਰਬ ਸ੍ਰਿਸ਼ਟੀ ਦਾ ਰਚਣਹਾਰ, ਸੰਚਾਲਕ ਅਤੇ ਪਾਲਣਹਾਰ ਹੈ।[75] ਕੇਵਲ ਉਹ ਇਕੱਲਾ ਹੀ ਸੰਸਾਰ ਦਾ ਸੱਚਾ ਮਾਲਕ ਹੈ ਜਿਸ ਨੇ ਜਗਤ ਵਿਚ ਸੱਚ ਵਰਤਾਇਆ ਹੈ।[76] ਨਿਰਗੁਣ ਬ੍ਰਹਮ ਆਪਣੇ ਆਪ ਤੋਂ ਉਪਜਿਆ ਤੇ ਫਿਰ ਉਸ ਨੇ ਆਪਣੇ ਹੁਲਾਸ ਲਈ ਹੀ ਆਪਣਾ ਦੂਜਾ, ਸਗੁਣ ਰੂਪ, ਭਾਵ ਜਗਤ ਸਿਰਜਿਆ।[77] ਸ੍ਰਿਸ਼ਟੀ ਵਿਚ ਉਹ ਆਪ ਹੀ ਵਰਤਦਾ ਹੈ।[78] ਉਹ ਸਰਬ-ਵਿਆਪਕ[79] ਸਰਬ-ਸਮਰੱਥ[80] ਅਪਰਾਧੀਨ[81] ਅਤੇ ਸਰਬ-ਗਿਆਤਾ[82] ਹੈ। ਪਰਮਾਤਮਾਂ ਹੀ ਸੱਚ ਹੈ ਅਤੇ ਇਸ ਸੱਚ ਨੂੰ ਪਾਉਣਾ ਹੀ ਮਨੁੱਖੀ ਜੀਵਨ ਦਾ ਪਰਮ ਉੱਦੇਸ਼ ਹੈ।[83] ਪਰਮਾਤਮਾ ਮਿਹਰਬਾਨ ਹੈ, ਉਸ ਨੂੰ ਸਭ ਦਾ ਧਿਆਨ ਹੈ।[84] ਉਸ ਦੀ ਮਿਹਰ ਰਾਹੀਂ ਸਭ ਬਖਸ਼ਸ਼ਾਂ ਪ੍ਰਾਪਤ ਹੁੰਦੀਆਂ ਹਨ।[85] ਪ੍ਰਭੂ ਨਿਆਂ-ਕਾਰ ਹੈ, ਉਸ ਨੇ ਜੀਵਾਂ ਦੇ ਕਰਮਾਂ ਦੇ ਲੇਖਾਂ ਅਨੁਸਾਰ ਸੋਭਾ ਜਾਂ ਦੰਡ ਦੇਣ ਲਈ ਧਰਮ-ਰਾਜ ਨਿਯੁਕਤ ਕੀਤਾ ਹੈ।[86]

71. ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥ (ਗੁਰੂ ਗ੍ਰੰਥ, ਪੰਨਾ 472)
72. ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥ (ਉਹੀ, ਪੰਨਾ 469)
73. ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥ (ਉਹੀ, ਪੰਨਾ 473)
74. ਸਹਜੇ ਹੀ ਸਚਿ ਸਮਾਇਆ ॥ (ਉਹੀ, ਪੰਨਾ 469)
75. ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ (ਉਹੀ, ਪੰਨਾ 464)
76. ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥ (ਉਹੀ, ਪੰਨਾ 467)
77. ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਉਹੀ, ਪੰਨਾ 463)
78. ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ (ਉਹੀ)
79. ਬਲਿਹਾਰੀ ਕੁਦਰਤਿ ਵਸਿਆ ॥ (ਉਹੀ, ਪੰਨਾ 469)
80. ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ (ਉਹੀ, ਪੰਨਾ 473-74)
81. ਨਾਨਕ ਨਿਰਭਉ ਨਿਰੰਕਾਰੁ . . . ॥ (ਉਹੀ, ਪੰਨਾ 464)
82. ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ (ਉਹੀ, ਪੰਨਾ 463)
83. ਮੂਰਖ ਸਚੁ ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ ॥
ਵਿਚਿ ਦੁਨੀਆ ਕਾਹੇ ਆਇਆ ॥ (ਉਹੀ, ਪੰਨਾ 467)
84. ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥ (ਉਹੀ)
85. ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ (ਉਹੀ)
86. ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥ (ਉਹੀ, ਪੰਨਾ 463)

ਅਧਿਆਇ-੫

# ਦਖਣੀ ਓਅੰਕਾਰ

'ਓਅੰਕਾਰ' ਨੂੰ ਨਾਨਕ ਬਾਣੀ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸ ਰਚਨਾ ਵਿਚ 'ਓਅੰਕਾਰ' ਦੇ ਫ਼ਲਸਫ਼ੇ ਦਾ ਨਿਚੋੜ ਪੇਸ਼ ਕੀਤਾ ਗਿਆ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਰਚਨਾ ਗੁਰੂ ਨਾਨਕ ਸਾਹਿਬ ਦੀ ਦੂਜੀ ਉਦਾਸੀ ਸਮੇਂ ਨਰਬਦਾ ਨਦੀ ਵਿਚਲੇ ਦੀਪ ਉਤੇ ਸ਼ਿਵ ਜੀ ਦੇ ਪ੍ਰਸਿੱਧ 'ਓਅੰਕਾਰ' ਦੇ ਮੰਦਰ ਦੀ ਯਾਤਰਾ ਸਮੇਂ ਰਚੀ ਗਈ ਸੀ। ਇਸ ਵਿਚ ਮਨੁੱਖੀ ਜੀਵਨ ਦੇ ਬਹੁਤ ਸਾਰੇ ਵਿਸ਼ਿਆਂ ਦਾ ਵਰਣਨ ਹੈ ਜਿਨ੍ਹਾਂ ਨੂੰ ਪਰਸਪਰ ਸਬੰਧਤ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਤੌਰ ਤੇ ਪਰਮਾਤਮਾ, ਨਾਮ, ਗਿਆਨ, ਗੁਰੂ, ਆਦਿਕ ਵਿਸ਼ਿਆਂ ਉਤੇ ਚਰਚਾ ਹੋਈ ਹੈ।

ਓਅੰਕਾਰ ਅਤੇ ਸਿਧ ਗੋਸਟਿ ਰਾਮਕਲੀ ਰਾਗ ਵਿਚ ਹਨ। ਇਨ੍ਹਾਂ ਦੋਹਾਂ ਦੇ ਵਿਸ਼ਿਆਂ ਵਿਚ ਕੁਝ ਸਮਾਨਤਾ ਹੋਣ ਦੇ ਬਾਵਜੂਦ ਵਿਧੀ ਵਿਚ ਅੰਤਰ ਹੈ। ਸਿਧ ਗੋਸਟਿ ਭਾਰਤੀ ਸੂਨਯਵਾਦ ਦਾ ਅਧਿਐਨ ਹੈ ਅਤੇ ਓਅੰਕਾਰ ਭਾਰਤੀ ਆਸਤਿਕਤਾ ਦਾ। ਸਿਧ ਗੋਸਟਿ ਵਿਚ ਨਿਰਗੁਣ ਬ੍ਰਹਮ ਦੀ ਚਰਚਾ ਹੈ ਅਤੇ ਓਅੰਕਾਰ ਵਿਚ ਸਗੁਣ ਬ੍ਰਹਮ ਦੀ। ਸਿਧ ਗੋਸਟਿ ਵਿਚ ਆਦਰਸ਼ ਨਿਰਵਿਰਤੀ ਦਾ ਅਧਿਐਨ ਹੈ ਅਤੇ ਓਅੰਕਾਰ ਵਿਚ ਆਦਰਸ਼ ਪ੍ਰਵਿਰਤੀ ਦਾ। ਸਿਧ ਗੋਸਟਿ ਵਿਚ ਦਾਤੇ ਵਲੋਂ ਦਾਤਾਂ ਵੱਲ ਆਉਣ ਦਾ ਅਧਿਐਨ ਹੈ, ਜਦੋਂ ਕਿ ਓਅੰਕਾਰ ਵਿਚ ਦਾਤਾਂ ਵੱਲੋਂ ਦਾਤੇ ਵੱਲ ਆਉਣ ਦਾ।

ਓਅੰਕਾਰ ਦੇ ਕੁੱਲ 54 ਬੰਦ ਹਨ। ਹਰੇਕ ਬੰਦ ਵਿਚ ਤੁਕਾਂ ਦੀ ਗਿਣਤੀ ਭਿੰਨ ਭਿੰਨ ਹੈ। ਇਹ ਗਿਣਤੀ 4 ਤੋਂ 8 ਦੇ ਦਰਮਿਆਨ ਬਦਲਦੀ ਹੈ। ਇਸ ਬਾਣੀ ਦੇ ਵਿਸ਼ਲੇਸ਼ਣ ਤੋਂ ਇਸ ਵਿਚੋਂ ਉਪਲਬਧ ਵਿਚਾਰਾਂ ਦਾ ਹੇਠ ਅਨੁਸਾਰ ਵਰਗੀਕਰਣ ਕੀਤਾ ਜਾ ਸਕਦਾ ਹੈ :

## 1. ਭੌਤਿਕ ਵਰਗ

(ੳ) **ਸ੍ਰਿਸ਼ਟੀ :** ਇਹ ਸਾਰੀ ਸ੍ਰਿਸ਼ਟੀ ਪਰਮਾਤਮਾ ਦੀ ਹੀ ਰਚੀ ਹੋਈ ਹੈ। ਤਿੰਨਾਂ ਲੋਕਾਂ ਵਿਚ ਉਸ ਦੀ ਹੀ ਜੋਤ ਹੈ। ਇਹ ਜਗਤ ਪਰਮਾਤਮਾ ਦਾ ਆਪਣਾ ਘਰ ਮੰਦਿਰ ਅਤੇ ਧਰਮ-ਸਥਾਨ ਹੈ, ਪਰ ਇਸ ਜਗਤ ਵਿਚ ਸਭ ਕੁਝ ਚਲਾਇਮਾਨ ਹੈ। ਪਰਮਾਤਮਾ ਬਾਰ

1. ਪ੍ਰੋ. ਹਰਨਾਮ ਦਾਸ, 'ਗੁਰੂ ਨਾਨਕ ਜੀਵਨ, ਦਰਸ਼ਨ ਤੇ ਕਾਵਿ ਕਲਾ', ਪੰਨਾ 223.

ਬਾਰ ਜਗਤ ਦਾ ਨਾਸ਼ ਕਰਕੇ ਬਾਰ ਬਾਰ ਉਸ ਨੂੰ ਉਸਾਰਦਾ ਹੈ ।[2] ਸੋ ਇਹ ਨਾਸ਼ਵਾਨ ਹੈ :

ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤ ਕਰੇਉ ॥ (ਗੁਰੂ ਗ੍ਰੰਥ, ਪੰਨਾ 936)

ਸ੍ਰਿਸ਼ਟੀ ਰਚਨਾ ਦੇ ਕਾਲ ਸੰਬੰਧੀ ਵਿਸਤ੍ਰਿਤ ਚਰਚਾ ਓਅੰਕਾਰ ਵਿਚ ਪ੍ਰਾਪਤ ਨਹੀਂ ਹੈ। ਪਰ ਜਗਤ ਦੇ ਮਾਰਗ ਨੂੰ ਬਹੁਤ ਡਰਾਉਣਾ ਅਤੇ ਔਖਾ ਕਿਹਾ ਗਿਆ ਹੈ ਅਤੇ ਸੁਝਾ ਦਿੱਤਾ ਹੈ ਕਿ ਆਸ ਤੋਂ ਨਿਰਾਸ ਹੋ ਕੇ ਹੀ ਇਸ ਮਾਰਗ ਨੂੰ ਪਾਰ ਕੀਤਾ ਜਾ ਸਕਦਾ ਹੈ :

ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥

(ਗੁਰੂ ਗ੍ਰੰਥ, ਪੰਨਾ 935)

(ਅ) ਮਨੁੱਖ : (1) **ਸਰੀਰ** : ਸਾਰੇ ਜੀਵਾਂ ਵਿਚ ਪ੍ਰਮਾਤਮਾ ਹੀ ਵਰਤ ਰਿਹਾ ਹੈ। ਚਾਰੇ ਜੁਗਾਂ ਅੰਦਰ ਜੀਵ ਜੰਮਦੇ ਅਤੇ ਮਰਦੇ ਹਨ। ਪਰਮਾਤਮਾ ਹੀ ਜੀਵ ਨੂੰ ਸਰੀਰ ਦੇਂਦਾ ਹੈ। ਸਰੀਰ ਇਕ ਰੁੱਖ ਸਮਾਨ ਹੈ, ਜਿਸ ਉਤੇ ਮਨ ਅਤੇ ਗਿਆਨ-ਇੰਦ੍ਰੀਆਂ ਦੇ ਪੰਛੀ ਬੈਠੇ ਹਨ।[3] ਰਾਜੇ, ਰੰਕ ਕਿਸੇ ਦਾ ਵੀ ਸਰੀਰ ਸਦੀਵੀ ਨਹੀਂ ਹੈ।[4] ਆਪਣੀ ਆਪਣੀ ਵਾਰੀ ਸਭ ਤੁਰ ਜਾਂਦੇ ਹਨ। ਜਵਾਨੀ ਮੁਕ ਜਾਂਦੀ ਹੈ, ਬੁਢੇਪਾ ਆ ਜਾਂਦਾ ਹੈ, ਸਰੀਰ ਟੁੱਟ ਜਾਂਦਾ ਹੈ, ਪਾਣੀ ਦੇ ਜਾਲੇ ਵਾਂਗ ਢਿੱਲਾ ਪੈ ਜਾਂਦਾ ਹੈ ! ਜਦੋਂ ਸਰੀਰ ਟੁਟਦਾ ਹੈ ਤਾਂ ਸਰੀਰਕ ਅੰਗਾਂ ਦੀ ਗੰਢ ਖੁਲ੍ਹ ਜਾਂਦੀ ਹੈ :

ਛੀਜੈ ਦੇਹ ਖੁਲੈ ਇਕ ਗੰਢਿ ॥
ਛੇਆ ਨਿਤ ਦੇਖਹੁ ਜਗਿ ਹੰਢਿ ॥ (ਗੁਰੂ ਗ੍ਰੰਥ, ਪੰਨਾ 932)

(2) **ਭਾਵਨਾਵਾਂ** : ਓਅੰਕਾਰ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਆਦਿਕ ਨੂੰ ਪਾਪ ਕਿਹਾ ਹੈ। ਸਪਸ਼ਟ ਕਿਹਾ ਹੈ ਕਿ ਜਿਸ ਤਰ੍ਹਾਂ ਸੋਨੇ ਵਿਚੋਂ ਖੋਟ ਕੱਢਣ ਲਈ, ਉਸ ਵਿਚ ਖਾਰ ਪਾ ਕੇ ਉਸ ਨੂੰ ਗਾਲਿਆ ਜਾਂਦਾ ਹੈ, ਉਸੇ ਤਰ੍ਹਾਂ ਸਰੀਰ ਵਿਚੋਂ ਇਹ ਵਿਕਾਰ ਕੱਢਣ ਲਈ ਸਰੀਰ ਨੂੰ ਗੁਰਮਤਿ ਦੁਆਰਾ ਨਿਰਮਲ ਕਰ ਕੇ ਸੋਧਣਾ ਪੈਂਦਾ ਹੈ :

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ (ਗੁਰੂ ਗ੍ਰੰਥ, ਪੰਨਾ 932)

ਇਹ ਵੀ ਕਿਹਾ ਹੈ ਕਿ "ਲਬੁ ਲੋਭੁ ਬੁਰਾ ਅਹੰਕਾਰੁ", (ਗੁਰੂ ਗ੍ਰੰਥ, ਪੰਨਾ 931) ਲੋਭ ਵਿਚ ਫ਼ਸ ਕੇ ਜੀਵ ਦਾ ਨਾਸ਼ ਹੋ ਜਾਂਦਾ ਹੈ, ਅਤੇ ਉਹ ਸਦਾ ਹੀ ਪਛਤਾਉਂਦਾ ਰਹਿੰਦਾ ਹੈ। ਲੋਭ ਦਾ ਕਾਰਨ ਤ੍ਰਿਸ਼ਨਾ ਹੈ ਜੋ ਨਾਮ ਦੁਆਰਾ ਹੀ ਦੂਰ ਹੁੰਦੀ ਹੈ :

ਤਿਖਾ ਨਿਵਾਰੀ ਸਬਦੁ ਮੰਨਿ ਅੰਮ੍ਰਿਤੁ ਪੀਆ ਭਰਪੂਰਿ ॥

(ਗੁਰੂ ਗ੍ਰੰਥ, ਪੰਨਾ 933)

---

2. ਭਨਿ ਭਨਿ ਘੜੀਐ ਘੜਿ ਘੜਿ ਭਜੈ ॥
ਢਾਹਿ ਉਸਾਰੈ ਉਸਰੇ ਢਾਹੈ ॥ (ਗੁਰੂ ਗ੍ਰੰਥ, ਪੰਨਾ 935)
3. ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥ (ਉਹੀ, ਪੰਨਾ 934)
4. ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ (ਉਹੀ, ਪੰਨਾ 936)

ਤ੍ਰਿਸ਼ਨਾ ਦਾ ਕਾਰਨ ਹੈ ਹਉਮੈ ਜਾਂ ਦ੍ਵੈਤ-ਭਾਵ। ਗੁਰੂ ਗਿਆਨ ਤੋਂ ਬਿਨਾ ਜੀਵ ਨੂੰ ਦ੍ਵੈਤ-ਭਾਵ ਚੰਗਾ ਲਗਦਾ ਹੈ। ਉਸ ਅਵਸਥਾ ਵਿਚ ਉਸ ਨੂੰ ਗੁਰੂ ਦੀ ਬਾਣੀ ਤੇ ਬਚਨ ਚੰਗੇ ਨਹੀਂ ਲਗਦੇ ਸਗੋਂ ਉਹ ਮਾਇਆ ਦਾ ਜ਼ਹਿਰ ਖਾਂਦਾ ਹੈ। ਇਹ ਅਹੰਕਾਰ ਹੀ ਜੀਵ ਦੇ ਕਾਲ ਦਾ ਕਾਰਨ ਹੈ। ਇਸ ਲਈ ਓਅੰਕਾਰ ਵਿਚ ਹਉਮੈ ਨੂੰ ਕਸਾਈ ਕਿਹਾ ਹੈ ਅਤੇ ਉਸ ਦੇ ਮਾਰਨ ਉਤੇ ਜ਼ੋਰ ਦਿੱਤਾ ਹੈ ਅਤੇ ਕਿਹਾ ਹੈ ਕਿ ਵਾਹਿਗੁਰੂ ਤੋਂ ਬਿਨਾ ਦੂਜੀ ਚੀਜ਼ ਹੀ ਵਿਕਾਰ ਹੈ :

ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ ॥ (ਗੁਰੂ ਗ੍ਰੰਥ, ਪੰਨਾ 937)

ਹਉਮੈ ਦਾ ਨਾਸ ਗਿਆਨ ਦੁਆਰਾ ਹੀ ਹੋ ਸਕਦਾ ਹੈ :

ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥
(ਗੁਰੂ ਗ੍ਰੰਥ, ਪੰਨਾ 937)

(3) ਅਰਥ : ਮਾਇਆ ਦੇ ਦੀਵਾਨੇ ਜੀਵ ਠੱਗੇ ਜਾ ਰਹੇ ਹਨ। ਉਹ ਸਦਾ ਪਛਤਾਉਂਦੇ ਰਹਿੰਦੇ ਹਨ। ਓਅੰਕਾਰ ਵਿਚ ਕਿਹਾ ਹੈ ਕਿ ਇਸ ਜਗਤ ਵਿਚ ਧਨ ਨੂੰ ਬਹੁਤ ਮਹੱਤਾ ਦਿੱਤੀ ਜਾਂਦੀ ਹੈ। ਇਥੋਂ ਤਕ ਕਿ ਜੇ ਨੀਚ ਦੇ ਘਰ ਮਾਇਆ ਹੋਵੇ ਤਾਂ ਸਭ ਅਮੀਰ ਗਰੀਬ ਉਸ ਅੱਗੇ ਝੁਕਦੇ ਹਨ ਅਤੇ ਸੰਸਾਰ ਵਿਚ ਮੂਰਖ ਧਨਵਾਨ ਨੂੰ ਵੀ ਸਿਆਣਾ ਸਮਝਿਆ ਜਾਂਦਾ ਹੈ,[5] ਪਰ ਜੀਵ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਧਨ ਇਕੱਤਰ ਕਰਦੇ ਕਰਦੇ ਲੋਕ ਮਰ ਜਾਂਦੇ ਹਨ, ਪਰ ਮਾਇਆ ਏਥੇ ਹੀ ਛੱਡਣੀ ਪੈਂਦੀ ਹੈ। ਧਨ ਖਾਤਰ ਲੋਕ ਕਈ ਪਾਪੜ ਵੇਲਦੇ ਹਨ, ਚੋਰ ਬਣਦੇ ਹਨ, ਪਰਮਾਤਮਾ ਨੂੰ ਧਿਆਉਂਦੇ ਹਨ, ਪਰ ਧਨ ਤਾਂ ਪੂਰਬਲੇ ਜਨਮ ਦੇ ਲੇਖਾਂ ਅਨੁਸਾਰ ਹੀ ਮਿਲਦਾ ਹੈ :

ਸੰਪੈ ਪੂਰਬਿ ਲਿਖੇ ਕੀ ਪਾਈਐ ॥ (ਗੁਰੂ ਗ੍ਰੰਥ, ਪੰਨਾ 937)

ਜੇ ਧਨ ਚਲਿਆ ਜਾਵੇ ਤਾਂ ਜੀਵ ਝੂਰਦਾ ਹੈ, ਪਰ ਗੁਰੂ ਜੀ ਅਨੁਸਾਰ ਮਾਇਆ ਕੇਂਦ੍ਰਿਤ ਮਨੁੱਖ ਨਿਰਾ ਗਵਾਰ ਹੁੰਦਾ ਹੈ।[6] ਸੱਚਾ ਵਪਾਰ ਤਾਂ ਨਾਮ-ਧਨ ਇਕੱਠਾ ਕਰਨਾ ਹੈ, ਕਿਉਂਕਿ ਨਾਮ-ਧਨ ਹੀ ਸੱਚਾ ਅਤੇ ਅਮੋਲਕ ਹੈ :

ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥ (ਗੁਰੂ ਗ੍ਰੰਥ, ਪੰਨਾ 937)

## 2. ਬੋਧਿਕ ਵਰਗ

ਓਅੰਕਾਰ ਅਨੁਸਾਰ ਅਗਿਆਨੀ ਮਤ ਤੋਂ ਸੱਖਣਾ ਹੁੰਦਾ ਹੈ। ਗੁਰੂ ਬਿਨਾ ਗਿਆਨ

---

5. ਆਥਿ ਸੈਲ ਨੀਚ ਘਰਿ ਹੋਇ ॥
ਆਥਿ ਦੇਖਿ ਨਿਵੈ ਜਿਸੁ ਦੋਇ ॥
ਆਥਿ ਹੋਇ ਤਾ ਮੁਗਧੁ ਸਿਆਨਾ ॥
ਭਗਤਿ ਬਿਹੂਨਾ ਜਗੁ ਬਉਰਾਨਾ ॥ (ਗੁਰੂ ਗ੍ਰੰਥ, ਪੰਨਾ 931)

6. ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ ॥ (ਉਹੀ, ਪੰਨਾ 934)

ਪ੍ਰਾਪਤ ਨਹੀਂ ਹੋ ਸਕਦਾ।[7] ਗਿਆਨੀ ਉਹੀ ਹੈ ਜੋ ਪ੍ਰਭੂ ਦੇ ਗੁਣਾ ਨੂੰ ਵਿਚਾਰਦਾ ਹੈ। ਪ੍ਰਭੂ ਦੇ ਗੁਣਾਂ ਦੀ ਡੂੰਘਾਈ ਵਿਚ ਜਾ ਕੇ ਹੀ ਗਿਆਨ ਪ੍ਰਾਪਤ ਹੁੰਦਾ ਹੈ :

ਗੁਣ ਵੀਚਾਰੇ ਗਿਆਨੀ ਸੋਇ ॥
ਗੁਣ ਮਹਿ ਗਿਆਨੁ ਪਰਾਪਤਿ ਹੋਇ ॥ (ਗੁਰੂ ਗ੍ਰੰਥ, ਪੰਨਾ 931)

ਪਰ ਅਜਿਹਾ ਕੋਈ ਵਿਰਲਾ ਹੀ ਹੁੰਦਾ ਹੈ ਜੋ ਇਸ ਤਰ੍ਹਾਂ ਗਿਆਨੀ ਬਣ ਜਾਵੇ। ਜੋ ਪਰਮਾਤਮਾ ਨੂੰ ਜਾਣ ਲੈਂਦਾ ਹੈ, ਉਸ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ, ਉਹ ਉਸ ਵਰਗਾ ਹੋ ਜਾਂਦਾ ਹੈ ਅਤੇ ਉਸ ਦਾ ਜੀਵਨ ਸਫਲ ਹੋ ਜਾਂਦਾ ਹੈ :

ਜਿਨਿ ਜਾਤਾ ਸੋ ਤਿਸ ਹੀ ਜੇਹਾ ॥
ਅਤਿ ਨਿਰਮਾਇਲੁ ਸੀਝਸਿ ਦੇਹਾ ॥ (ਗੁਰੂ ਗ੍ਰੰਥ, ਪੰਨਾ 931)

ਗਿਆਨ ਦਾ ਸੂਰਜ ਹੀ ਪਾਪਾਂ ਦੇ ਦੈਂਤ ਦਾ ਸੰਘਾਰ ਕਰਦਾ ਹੈ :

ਉਘਵੈ ਸੂਰੁ ਅਸੁਰ ਸੰਘਾਰੈ ॥ (ਗੁਰੂ ਗ੍ਰੰਥ, ਪੰਨਾ 930)

ਓਅੰਕਾਰ ਵਿਚ ਇਹ ਗੱਲ ਬਾਰ ਬਾਰ ਕਹੀ ਗਈ ਹੈ ਕਿ ਸੱਚੀ ਵਿਦਿਆ ਉਹ ਹੈ ਜੋ ਸੱਚ, ਗਿਆਨ, ਵਿਚਾਰ, ਅਨੁਭਵ ਅਤੇ ਧਰਮ ਨਾਲ ਸੰਬੰਧਤ ਹੋਵੇ, ਉਸ ਦਾ ਹੀ ਜੀਵਨ ਉਪਯੋਗੀ ਹੈ ਜੋ ਇਸ ਅਨੁਸਾਰ ਜੀਵਨ ਨੂੰ ਚਲਾਉਂਦਾ ਹੋਵੇ। ਕੋਰਾ ਸਿਧਾਂਤਕ ਗਿਆਨ ਕਿਸੇ ਕੰਮ ਦਾ ਨਹੀਂ। ਜੋ ਗਿਆਨ ਵੇਚਦਾ ਹੈ, ਉਹ ਮਨਮੁਖ ਹੈ। ਸੱਚਾ ਅਧਿਆਪਕ ਗੁਰਮੁਖਿ ਹੁੰਦਾ ਹੈ। ਵਿਦਿਆ ਪ੍ਰਾਪਤੀ ਲਈ ਵਿਦਿਆਰਥੀ ਦਾ ਮਨ ਵੀ ਸੱਚਾ ਹੋਣਾ ਚਾਹੀਦਾ ਹੈ।

## 3. ਸੁਹਜਾਤਮਕ ਵਰਗ

ਓਅੰਕਾਰ ਵਿਚ ਭੌਤਿਕ ਸੁੰਦਰਤਾ ਦੇ ਪੱਖ ਨੂੰ ਸਿਰਫ਼ ਥੋੜਾ ਜਿਹਾ ਸਾਹਮਣੇ ਲਿਆ ਕੇ ਇਹ ਦੱਸਿਆ ਹੈ ਕਿ ਇਸ ਦੀ ਕੋਈ ਕੀਮਤ ਨਹੀਂ ਹੈ। ਨਿਰੇ ਦੁਨਿਆਵੀ ਹਾਰ ਸ਼ਿੰਗਾਰ ਆਦਿਕ ਨਾਲ ਪਰਮਾਤਮਾ ਨਹੀਂ ਰੀਝਦਾ, ਉਹ ਤਾਂ ਗੁਣ-ਰੂਪੀ ਹਾਰ ਨੂੰ ਧਾਰਨ ਕਰਨ ਨਾਲ ਹੀ ਮਿਲਦਾ ਹੈ।[8] ਇਥੇ ਸਪਸ਼ਟ ਤੌਰ ਉੱਤੇ ਭੌਤਿਕ ਸੁੰਦਰਤਾ ਨਾਲੋਂ ਸ਼ੁਭ ਗੁਣਾਂ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਓਅੰਕਾਰ ਵਿਚ ਪ੍ਰਭੂ ਦੀ ਸੁੰਦਰਤਾ ਦੀ ਵੀ ਕੁਝ ਚਰਚਾ ਮਿਲਦੀ ਹੈ। ਪਰਮਾਤਮਾ ਨੂੰ ਸੁੰਦਰ ਅਤੇ ਸੋਹਣੇ ਸਰੂਪ ਵਾਲਾ ਕਿਹਾ ਗਿਆ ਹੈ :

ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ ॥ (ਗੁਰੂ ਗ੍ਰੰਥ, ਪੰਨਾ 936)

ਪਰਮਾਤਮਾ ਸੁੰਦਰ ਹੈ, ਇਹ ਕਹਿਣ ਨਾਲ ਹੀ ਗੱਲ ਪੂਰੀ ਨਹੀਂ ਹੁੰਦੀ। ਗੁਰੂ ਨਾਨਕ ਪੂਰੇ ਦਾਅਵੇ ਨਾਲ ਕਹਿੰਦੇ ਹਨ ਕਿ ਕੇਵਲ ਪਰਮਾਤਮਾ ਹੀ ਸੁੰਦਰ ਹੈ :

ਙਾੜੈ ਰੂੜਾ ਹਰਿ ਜੀਉ ਸੋਈ ॥ (ਗੁਰੂ ਗ੍ਰੰਥ, ਪੰਨਾ 936)

7. ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥ (ਗੁਰੂ ਗ੍ਰੰਥ, ਪੰਨਾ 934)
8. ਹਾਰ ਡੋਰ ਕੰਕਨ ਘਣੇ ਕਰਿ ਥਾਕੀ ਸੀਗਾਰੁ ॥ (ਉਹੀ, ਪੰਨਾ 937)

ਪਰਮਾਤਮਾ ਦੀ ਸੁੰਦਰਤਾ ਦੇ ਸੰਬੰਧ ਵਿਚ ਕਿਹਾ ਗਿਆ ਹੈ ਕਿ ਉਹ ਏਨਾ ਸੁੰਦਰ ਹੈ ਕਿ ਉਸ ਦੀ ਸੁੰਦਰਤਾ ਵੇਖ ਕੇ ਹੈਰਾਨੀ ਹੁੰਦੀ ਹੈ, ਵਿਸਮਾਦ ਹੁੰਦਾ ਹੈ।[9]

## 4. ਨੈਤਿਕ ਵਰਗ

(ੳ) ਵਿਅਕਤੀਗਤ ਨੈਤਿਕਤਾ : ਜੀਵ ਵਿਚ ਗੁਣ ਅਤੇ ਅਵਗੁਣ ਇਕੱਠੇ ਰਹਿੰਦੇ ਹਨ। ਗੁਣਾਂ ਦਾ ਗਿਆਨ ਗੁਰੂ ਤੋਂ ਹੀ ਮਿਲਦਾ ਹੈ, ਜਦੋਂ ਉਸ ਦੇ ਸ਼ਬਦ ਉੱਤੇ ਵਿਚਾਰ ਕੀਤੀ ਜਾਂਦੀ ਹੈ। ਬੁਰਾਈਆਂ ਨੂੰ ਦੂਰ ਕਰਨ ਅਤੇ ਸ਼ੁਭ ਗੁਣਾਂ ਨੂੰ ਉਨ੍ਹਾਂ ਦਾ ਸਥਾਨ ਦੇਣ ਉੱਤੇ ਨਾਨਕ-ਬਾਣੀ ਵਿਚ ਬਹੁਤ ਜ਼ੋਰ ਦਿੱਤਾ ਹੈ। ਓਅੰਕਾਰ ਵਿਚ ਇਥੋਂ ਤਕ ਕਿਹਾ ਗਿਆ ਹੈ ਕਿ ਜੇ ਮਨ ਪਾਸ ਸ਼ੁਭ ਗੁਣ ਹੋਣ ਤਾਂ ਮਨ ਸੁੱਤੇ ਸਿਧ ਹੀ ਸੰਸਾਰਿਕ ਇਛਾਵਾਂ ਤੋਂ ਛੁੱਟ ਜਾਂਦਾ ਹੈ।[10] ਔਗੁਣਾਂ ਕਰ ਕੇ ਲੋਕ ਆਪਸ ਵਿਚ ਟਕਰਾ ਟਕਰਾ ਕੇ ਮਰ ਜਾਂਦੇ ਹਨ।[11] ਲਾਈ-ਚਾਈ ਅਤੇ ਚੁਗਲੀ ਵੀ ਅਵਗੁਣ ਹਨ।[12] ਬੁਰੇ ਬਚਨ ਬੋਲਣ ਨਾਲ ਪ੍ਰੀਤ ਟੁਟ ਜਾਂਦੀ ਹੈ। ਬੁਰੇ ਬਚਨ ਬੋਲਣ ਵਾਲੀ ਇਸਤ੍ਰੀ ਨੂੰ ਤਾਂ ਉਸ ਦਾ ਪਤੀ ਵੀ ਛੱਡ ਦੇਂਦਾ ਹੈ।[13] ਜਦੋਂ ਤਕ ਝੂਠ-ਰੂਪੀ ਕਾਲ ਅੰਦਰ ਮੌਜੂਦ ਹੈ ਉਦੋਂ ਤਕ ਜਨਮ-ਮਰਨ ਮੁਕ ਨਹੀਂ ਸਕਦਾ। ਖ਼ਿਮਾ-ਹੀਣ ਹੋਣ ਕਾਰਨ ਹੀ ਕਈ ਜੀਵਾਂ ਦਾ ਨਾਸ ਹੋ ਗਿਆ ਹੈ। ਖ਼ਿਮਾ ਗ੍ਰਹਿਣ ਕਰਨ ਨਾਲ ਅੰਮ੍ਰਿਤ ਮਿਲਦਾ ਹੈ :

ਖੋਜਤ ਖੋਜਤ ਅੰਮ੍ਰਿਤੁ ਪੀਆ ॥
ਖਿਮਾ ਗਹੀ ਮਨ ਸਤਗੁਰਿ ਦੀਆ ॥ (ਗੁਰੂ ਗ੍ਰੰਥ, ਪੰਨਾ 932)

ਆਪਸੀ ਝਗੜਿਆਂ ਵਿਚ ਪੈਣ ਨੂੰ ਓਅੰਕਾਰ ਵਿਚ ਪਾਗਲਪਨ ਕਿਹਾ ਹੈ। ਜਦੋਂ ਜੀਵ ਨੂੰ ਇਸ ਪਾਗਲਪਨ ਦਾ ਪਤਾ ਲਗਦਾ ਹੈਂ ਤਾਂ ਉਹ ਝੂਰ ਝੂਰ ਕੇ ਮਰਦਾ ਹੈ :

ਝਖਿ ਬੋਲਣੁ ਕਿਆ ਜਗ ਸਿਉ ਵਾਦਿ ॥
ਝੂਰਿ ਮਰੈ ਦੇਖੈ ਪਰਮਾਦੁ ॥ (ਗੁਰੂ ਗ੍ਰੰਥ, ਪੰਨਾ 933)

ਇਸ ਤਰ੍ਹਾਂ ਜੀਵ ਨੂੰ ਚਾਹੀਦਾ ਹੈ ਕਿ ਅਵਗੁਣਾਂ ਬਾਬਤ ਝੂਰਨਾ ਬੰਦ ਕਰ ਕੇ ਸਤਿਗੁਰੂ ਦੀ ਸਹਾਇਤਾ ਨਾਲ ਆਪਣੇ ਅੰਦਰਲੇ ਗੁਣਾਂ ਦੀ ਖੋਜ ਕਰੇ ਅਤੇ ਪ੍ਰੇਮ ਅਤੇ ਸੱਤ ਦਾ ਪੂਰਨ ਅਭਿਆਸ ਕਰੇ।

(ਅ) ਸਮਾਜਿਕ ਨੈਤਿਕਤਾ : ਓਅੰਕਾਰ ਵਿਚ ਵੀ ਜ਼ਾਤ-ਪਾਤ ਦੇ ਭੇਦ-ਭਾਵ ਨੂੰ ਅਪਰਵਾਨ ਕੀਤਾ ਗਿਆ ਹੈ। ਮੰਨਿਆ ਹੈ ਕਿ ਸਭ ਮਨੁੱਖਾਂ ਵਿਚ ਪਰਮਾਤਮਾ ਹੀ ਸਮਾਇਆ

---

9. ਹੇਰਤ ਹੇਰਤ ਹੇ ਸਖੀ ਹੋਇ ਹੋਇ ਰਹੀ ਹੈਰਾਨੁ ॥ (ਗੁਰੂ ਗ੍ਰੰਥ, ਪੰਨਾ 937)
10. ਮਨ ਮਹਿ ਮਨੂ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥ (ਉਹੀ, ਪੰਨਾ 935-36)
11. ਠਹਿਕ ਮੁਈ ਅਵਗੁਣਿ ਪਛੁਤਾਇ ॥ (ਉਹੀ, ਪੰਨਾ 933)
12. ਲਾੜੀ ਚਾੜੀ ਲਾਇਤਬਾਰੁ ॥ (ਉਹੀ, ਪੰਨਾ 931)
13. ਟੂਟਿ ਪਰੀਤਿ ਗਈ ਬੁਰ ਬੋਲਿ ॥
ਦੁਰਮਤਿ ਪਰਹਰਿ ਛਾਡੀ ਢੋਲਿ ॥ (ਉਹੀ, ਪੰਨਾ 933)

ਹੋਇਆ ਹੈ, ਇਸ ਲਈ ਸਭ ਮਨੁੱਖ ਬਰਾਬਰ ਹਨ ।

ਗੁਰਮਤਿ ਸਾਰੁ ਹੋਰ ਨਾਮ ਬਿਹੂਨੀ ॥ (ਗੁਰੂ ਗ੍ਰੰਥ, ਪੰਨਾ 932)

ਇਹੋ ਕਾਰਨ ਹੈ ਕਿ ਓਅੰਕਾਰ ਵਿਚ ਹੋਰ ਧਰਮਾਂ ਨੂੰ ਗੁਰਮਤ ਦੇ ਬਰਾਬਰ ਸਥਾਨ ਪ੍ਰਾਪਤ ਨਹੀਂ ਹੈ ।

## 5. ਅਧਿਆਤਮਿਕ ਵਰਗ

(ੳ) ਆਤਮਾ : ਆਤਮਾ ਦਾ ਬਹੁਤ ਹੀ ਸਪਸ਼ਟ ਅਤੇ ਵਿਸਤ੍ਰਿਤ ਵਰਣਨ ਓਅੰਕਾਰ ਵਿਚ ਮਿਲਦਾ ਹੈ । ਇਹਦੇ ਲਈ 'ਹੰਸ', 'ਬੀਰ', 'ਜੀਵ', 'ਨਾਰੀ', ' ਕਾਮਣੀ', ਆਦਿਕ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ । ਆਤਮਾ ਜਗਤ ਦੇ ਰਾਹ ਉੱਤੇ ਚੱਲਣ ਵਾਲੀ ਰਾਹੀ ਹੈ, ਇਹ ਕਿਸੇ ਮੁਸਾਫ਼ਰ ਦੀ ਤਰ੍ਹਾਂ ਜਗਤ ਉੱਤੇ ਆਉਂਦੀ ਤੇ ਚਲੀ ਜਾਂਦੀ ਹੈ ।[14] ਸੰਸਾਰ ਆਤਮਾ ਲਈ ਪੇਕਿਆਂ ਸਮਾਨ ਹੈ, ਜਿਥੇ ਕੁਝ ਦਿਨ ਹੀ ਰਹਿਣਾ ਹੈ ।[15] ਆਤਮਾ ਅਸਲ ਵਿਚ ਅਧਿਆਤਮਿਕ ਵਪਾਰੀ ਹੈ । ਇਸ ਦਾ ਅਸਲੀ ਕੰਮ ਨਾਮ ਦਾ ਵਣਜ ਕਰਨਾ ਹੈ ।

ਵਣਜੁ ਵਾਪਾਰੁ ਵਣਜੈ ਵਾਪਾਰੀ ॥
ਵਿਣੁ ਨਾਵੈ ਕੈਸੀ ਪਤਿ ਸਾਰੀ ॥ (ਗੁਰੂ ਗ੍ਰੰਥ, ਪੰਨਾ 931)

ਨਾਮ ਤੋਂ ਬਿਨਾਂ ਆਤਮਾ ਨੂੰ ਸਭ ਜਗਹ ਘਾਟਾ ਹੀ ਘਾਟਾ ਹੈ, ਇਹ ਕਈ ਜਨਮਾਂ ਵਿਚ ਫ਼ਿਰਦੀ ਥੱਕ ਜਾਂਦੀ ਹੈ । ਕਈ ਉਸ ਦੇ ਮਾਤਾ-ਪਿਤਾ ਅਤੇ ਪੁੱਤਰ ਬਣਦੇ ਹਨ । ਕਈ ਉਸ ਦੇ ਗੁਰੂ ਬਣਦੇ ਹਨ ਅਤੇ ਕਈਆਂ ਦੀ ਉਹ ਗੁਰੂ ਬਣਦੀ ਹੈ ।[16] ਪਰ ਇਹ ਸਭ ਰਿਸ਼ਤੇ ਝੂਠੇ ਹਨ । ਜੇ ਜੀਵ-ਇਸਤ੍ਰੀ ਆਪਣੇ ਪ੍ਰਭੂ-ਪਤੀ ਨੂੰ ਮਿਲਣਾ ਚਾਹੁੰਦੀ ਹੈ ਤਾਂ ਉਸ ਨੂੰ ਪਰਮਾਤਮਾ ਦੀ ਸੇਵਾ ਕਰਨੀ ਚਾਹੀਦੀ ਹੈ । ਪਰਮਾਤਮਾ ਪਤੀ ਹੈ ਅਤੇ ਆਤਮਾ ਇਸਤ੍ਰੀ ਹੈ । ਪਰਮਾਤਮਾ, ਆਤਮਾ ਦੀ ਉਸ ਤਰ੍ਹਾਂ ਹੀ ਭਾਲ ਕਰਦਾ ਹੈ, ਜਿਸ ਤਰ੍ਹਾਂ ਪਤੀ ਪਤਨੀ ਦੀ ।[17] ਪਰਮਾਤਮਾ ਆਪ ਹੀ ਆਤਮਾ ਨੂੰ ਆਪਣੇ ਨਾਲੋਂ ਵਿਛੋੜਦਾ ਹੈ ਅਤੇ ਆਪ ਹੀ ਉਸ ਨੂੰ ਮਿਲਾ ਲੈਂਦਾ ਹੈ । ਜੀਵ ਦਾ ਲਕਸ਼ ਹੀ ਪਰਮਾਤਮਾ ਨਾਲ ਇਕ-ਸੁਰ ਹੋਣਾ ਹੈ । ਜਿਹੜੀ ਆਤਮਾ, ਪਰਮਾਤਮਾ ਦੀ ਬਾਣੀ ਦਾ ਵਿਚਾਰ ਕਰਦਿਆਂ ਹੋਇਆਂ ਉਸ ਨੂੰ ਪ੍ਰਾਪਤ ਕਰ ਲੈਂਦੀ ਹੈ, ਉਹ ਹਉਮੈ ਤੋਂ ਸੁਤੰਤਰ ਹੋ ਕੇ, ਦੁੱਖਾਂ ਤੋਂ ਆਜ਼ਾਦ ਹੋ ਕੇ, ਪ੍ਰਭੂ ਨੂੰ ਆਪਣਾ ਪਤੀ ਬਣਾ ਲੈਂਦੀ ਹੈ । ਅਸਲ ਵਿਚ ਤਾਂ ਜਿਸ ਪਰਮਾਤਮਾ ਨੂੰ ਆਤਮਾ ਢੂੰਢਦੀ ਹੈ, ਉਹ

---

14. ਵਾਟ ਵਟਾਊ ਆਵੈ ਜਾਇ ॥ (ਗੁਰੂ ਗ੍ਰੰਥ, ਪੰਨਾ 931)
15 ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥ (ਉਹੀ, ਪੰਨਾ 935)
16. ਕੇਤੇ ਮਾਤ ਪਿਤਾ ਸੁਤ ਧੀਆ ॥
ਕੇਤੇ ਗੁਰ ਚੇਲੇ ਫੁਨਿ ਹੂਆ ॥ (ਉਹੀ, ਪੰਨਾ 932)
17. ਕੇਤੀ ਨਾਰਿ ਵਰੁ ਏਕੁ ਸਮਾਲਿ ॥ (ਉਹੀ)

ਉਸ ਦੇ ਆਪਣੇ ਅੰਦਰ ਹੀ ਹੈ ।[18]

ਆਤਮਿਕ ਵਿਵਾਹ ਕਰਕੇ ਹੀ ਆਤਮਾ ਪਰਮਾਤਮਾ ਨਾਲ ਮਿਲਦੀ ਹੈ। ਆਤਮਾ ਜਦ ਪਰਮਾਤਮਾ ਵਰਗੀ ਹੋ ਜਾਂਦੀ ਹੈ, ਅਰਥਾਤ ਉਸ ਵਰਗੇ ਗੁਣ ਗ੍ਰਹਿਣ ਕਰ ਲੈਂਦੀ ਹੈ, ਉਦੋਂ ਉਹ ਪਰਮਾਤਮਾ ਵਿਚ ਮਿਲ ਜਾਂਦੀ ਹੈ ।[19] ਆਤਮਾ ਸਰੀਰ ਦੀ ਪਰਵਾਹ ਨਹੀਂ ਕਰਦੀ; ਉਸ ਨੂੰ ਛੱਡ ਕੇ ਚਲੀ ਜਾਂਦੀ ਹੈ ਅਤੇ ਆਤਮਾ-ਵਿਹੂਣਾ ਸਰੀਰ ਜਲਾ ਦਿੱਤਾ ਜਾਂਦਾ ਹੈ ।[20]

(ਅ) **ਮੁਕਤੀ ਦੇ ਸਾਧਨ** : (1) **ਗਿਆਨ** : ਓਅੰਕਾਰ ਵਿਚ ਗੁਰੂ ਨੂੰ ਬਹੁਤ ਮਹੱਤਾ ਦਿਤੀ ਗਈ ਹੈ । ਉਲੇਖ ਹੈ ਕਿ :

ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ ॥ (ਗੁਰੂ ਗ੍ਰੰਥ, ਪੰਨਾ 930)

ਅਰਥਾਤ ਜਿਸ ਮਨੁੱਖ ਦੇ ਮੱਥੇ ਉੱਤੇ ਗੁਰੂ ਚਰਨ ਦੀ ਧੂੜ ਵੀ ਪੈ ਜਾਵੇ, ਉਹ ਨਿਕੰਮੇ ਲੋਹੇ ਵਰਗੇ ਮਨੁੱਖ ਨੂੰ ਵੀ ਸੋਨਾ ਕਰ ਦੇਂਦੀ ਹੈ । ਕਿਉਂਕਿ ਗੁਰੂ ਦੀ ਸਿੱਖਿਆ ਨਾਲ ਹੀ ਪਰਮਾਤਮਾ ਮਿਲਦਾ ਹੈ, ਇਸ ਲਈ ਜਿਸ ਦੇ ਅੰਦਰ ਗੁਰੂ ਦਾ ਕਿਹਾ ਸਮਾ ਜਾਂਦਾ ਹੈ, ਉਹ ਨਿਰਮਲ ਅਤੇ ਸੁੱਚਾ ਹੋ ਕੇ ਪ੍ਰਭੂ ਨੂੰ ਭਾਉਂਦਾ ਹੈ ।[21] ਗੁਰੂ ਸਾਗਰ ਹੈ ਜਿਸ ਦੇ ਅੰਦਰ ਰਤਨਾਂ ਦੀ ਥੁੜ ਨਹੀਂ । ਉਸ ਵਿਚ ਸੱਚ ਹੈ, ਜੋ ਅਮੁਲ ਲਾਲ ਪਦਾਰਥ ਹੈ ।[22] ਗੁਰੂ ਰਾਹੀਂ ਹੀ ਨਾਮ ਪਦਾਰਥ ਪਾਈਦਾ ਹੈ । ਗੁਰੂ ਤੋਂ ਬਿਨਾਂ ਇਸ ਫ਼ਾਹੀ ਤੋਂ ਛੁਟਕਾਰਾ ਨਹੀਂ ਮਿਲ ਦਾ :

ਵਿਣੁ ਗੁਰ ਦਾਤੇ ਮੁਕਤਿ ਨ ਭਾਲਿ ॥ (ਗੁਰੂ ਗ੍ਰੰਥ, ਪੰਨਾ 935)

ਗੁਰੂ ਦੀ ਕ੍ਰਿਪਾ ਨਾਲ ਆਪਣੇ ਆਪ ਨੂੰ ਪਛਾਣ ਲਈਦਾ ਹੈ ਅਤੇ ਇਸ ਤਰ੍ਹਾਂ ਜੀਵਤ ਭਾਵ ਤੋਂ ਮਰ ਜਾਈਦਾ ਹੈ ।

(2) **ਭਗਤੀ** : ਆਵਾਗੋਂਣ ਦੇ ਦੁੱਖ ਕੱਟਣ ਲਈ ਇਕ ਰਾਮ ਨਾਮ ਹੀ ਐਸਾ ਹੈ ਜਿਸ ਦਾ ਅਸਰ ਰੋਕਿਆ ਨਹੀਂ ਜਾ ਸਕਦਾ । ਨਾਮ ਤੋਂ ਬਿਨਾਂ ਮੁਕਤੀ ਨਹੀਂ ਮਿਲ ਸਕਦੀ :

ਨਾਮ ਵਿਹੂਣਾ ਮੁਕਤਿ ਕਿਵ ਹੋਈ ॥ (ਗੁਰੂ ਗ੍ਰੰਥ, ਪੰਨਾ 931)

ਹਰੀ ਨਾਮ ਜਪ ਕੇ ਜੀਵ ਜੂਨਾਂ ਤੋਂ ਬਚ ਜਾਂਦਾ ਹੈ ।[23] ਨਾਮ ਜਪਣ ਨਾਲ ਨੌ-

---

18. ਦਹਦਿਸ ਢੂਢਿ ਘਰੈ ਮਹਿ ਪਾਇਆ ॥ (ਗੁਰੂ ਗ੍ਰੰਥ, ਪੰਨਾ 932)
19. ਜਿਨਿ ਜਾਤਾ ਸੋ ਤਿਸ ਹੀ ਜੇਹਾ ॥ (ਉਹੀ, ਪੰਨਾ 931)
20. ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥
ਬੀਰ ਚਲੇ ਘਰਿ ਆਪਣੇ ਬਹਿਣ ਬਿਰਹਿ ਜਲਿ ਜਾਇ ॥ (ਉਹੀ, ਪੰਨਾ 935)
21. ਗੁਰ ਕਾ ਕਹਿਆ ਅੰਕਿ ਸਮਾਵੈ ॥
ਨਿਰਮਲ ਸੂਚੇ ਸਾਚੋ ਭਾਵੈ ॥ (ਉਹੀ, ਪੰਨਾ 933)
22. ਗੁਰੁ ਸਾਗਰੁ ਰਤਨੀ ਨਹੀ ਤੋਟ ॥
ਲਾਲ ਪਦਾਰਥ ਸਾਚੁ ਅਖੋਟ ॥ (ਉਹੀ)
23. ਹਰਿਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥ ਉਹੀ, ਪੰਨਾ 932)

ਨਿੱਧਾਂ ਪ੍ਰਾਪਤ ਹੁੰਦੀਆਂ ਹਨ ।[24] ਇਸ ਤੋਂ ਉਲਟ ਨਾਮ-ਵਿਹੂਣੇ ਜੀਵ ਇਸ ਤਰ੍ਹਾਂ ਡਿਗਦੇ ਹਨ, ਜਿਵੇਂ ਕੱਲਰ ਦੀ ਕੰਧ ਡਿੱਗਦੀ ਹੈ ।[25] ਨਾਮ ਤੋਂ ਬਿਨਾਂ ਕੋਈ ਬਚ ਨਹੀਂ ਸਕਦਾ । ਜੋ ਨਾਮ ਨਹੀਂ ਜਪਦਾ ਅਤੇ ਨਿਰੇ ਕਰਮਾਂ ਦਾ ਆਸਰਾ ਲੈਂਦਾ ਹੈ, ਉਸ ਨੂੰ ਨਾਂ ਇਸ ਸੰਸਾਰ ਵਿਚ ਅਤੇ ਨਾ ਪਰਲੋਕ ਵਿਚ ਹੀ ਢੋਈ ਮਿਲਦੀ ਹੈ, ਉਸ ਨੂੰ ਨਾ ਸਹੀ ਗਿਆਨ ਹੀ ਪ੍ਰਾਪਤ ਹੁੰਦਾ ਹੈ, ਨਾ ਧਿਆਨ । ਨਿਰੇ ਕਰਮਾਂ ਨਾਲ ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ ।[26] ਨਾਮ ਬਿਨਾਂ ਜੀਵ ਪਾਪਾਂ ਵਿਚ ਗਲਦੇ, ਸੜਦੇ, ਦੁਖੀ ਹੁੰਦੇ ਹਨ ।[27] ਨਾਮ ਨਾਲ ਇਸ ਤਰ੍ਹਾਂ ਫ਼ਾਹੀ ਤੋਂ ਛੁੱਟੀਦਾ ਹੈ ਕਿ ਫ਼ਿਰ ਇਹ ਫ਼ਾਹੀ ਕਦੀ ਵੀ ਗਲ ਨਹੀਂ ਪੈਂਦੀ ।[28] ਜੋ ਪ੍ਰੇਮ ਨਾਲ ਇਕ ਹਰੀ ਨੂੰ ਹਿਰਦੇ ਵਿਚ ਵਸਾਉਂਦਾ ਹੈ, ਉਹ ਖਿੜਿਆ ਰਹਿੰਦਾ ਹੈ ।[29] ਨਾਮ-ਧਨ, ਪ੍ਰਭੂ ਦੇ ਪ੍ਰੇਮ ਵਿਚ ਜੁੜਿਆਂ ਹੀ ਮਿਲਦਾ ਹੈ । ਇਹ ਪ੍ਰੇਮ ਬਹੁਤ ਮਹਤਵ-ਪੂਰਨ ਹੈ । ਇਸ ਪ੍ਰੇਮ ਲਈ ਜੇ ਮਨ ਅਤੇ ਸਿਰ ਵੀ ਦੇਣਾ ਪਵੇ ਤਾਂ ਪਰਵਾਹ ਨਹੀਂ ਕਰਨੀ ਚਾਹੀਦੀ ।[30]

(3) ਮਿਹਰ : ਪ੍ਰਭੂ ਪ੍ਰਾਪਤੀ ਲਈ ਗੁਰੂ ਅਤੇ ਨਾਮ ਦੀ ਵੱਡੀ ਮਹੱਤਾ ਹੈ, ਪਰ ਪ੍ਰਭੂ-ਕ੍ਰਿਪਾ ਜਾਂ ਮਿਹਰ ਬਿਨਾਂ ਸਭ ਯਤਨ ਵਿਅਰਥ ਹਨ । ਮੁਕਤੀ-ਪ੍ਰਾਪਤੀ ਲਈ ਧਰਮਾਤਮਾ ਦੀ ਮਿਹਰ ਦੀ ਲੋੜ ਹੁੰਦੀ ਹੈ :

ਗੁਰਪਰਸਾਦੀ ਛੁਟੀਐ ਕਿਰਪਾ ਆਪਿ ਕਰੇਇ ॥ (ਗੁਰੂ ਗ੍ਰੰਥ, ਪੰਨਾ 934)

ਇਸ ਤਰ੍ਹਾਂ ਜੋ ਜੀਵ ਨਾਮ ਜਪਦਿਆਂ ਪਰਮਾਤਮਾ ਨੂੰ ਅੰਦਰ ਬਾਹਰ ਹਾਜ਼ਰ ਜਾਣਦਾ ਹੈ, ਉਹ ਪਰਮਾਤਮਾ ਨੂੰ ਪਾ ਲੈਂਦਾ ਹੈ ।[31] ਜੋ ਸੁਖ-ਦੁਖ ਨੂੰ ਬਰਾਬਰ ਜਾਣਦਾ ਹੈ, ਉਸ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਉਹ ਮੁਕਤੀ ਪ੍ਰਾਪਤ ਕਰਦਾ ਹੈ :

ਧੂਪਛਾਵ ਜੇ ਸਮ ਕਰਿ ਜਾਣੈ ॥
ਬੰਧਨ ਕਾਟਿ ਮੁਕਤਿ ਘਰਿ ਆਣੈ ॥ (ਗੁਰੂ ਗ੍ਰੰਥ, ਪੰਨਾ 932)

(ੲ) ਮੁਕਤੀ ਅਤੇ ਮੁਕਤ ਜੀਵ : ਜਦੋਂ ਮਨੁੱਖ ਆਪਣੇ ਅਸਲੀ ਸਰੂਪ ਨੂੰ ਪਛਾਣ ਲੈਂਦਾ ਹੈ ਤਾਂ ਮੁਕਤ ਹੁੰਦਾ ਹੈ । ਓਅੰਕਾਰ ਅਨੁਸਾਰ ਇਸ ਅਵਸਥਾ ਵਿਚ ਜੀਵ, ਪ੍ਰਭੂ ਵਾਂਗ ਗੰਭੀਰ ਹੋ ਜਾਂਦਾ ਹੈ । ਉਹ ਪਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ, ਉਸ

24. ਪਾਈ ਨਵਨਿਧਿ ਹਰਿ ਕੈ ਨਾਇ ॥ (ਗੁਰੂ ਗ੍ਰੰਥ, ਪੰਨਾ 933)
25. ਨਾਮ ਵਿਹੂਣੇ ਆਦਮੀ ਕਲਰਕੰਧ ਗਿਰੰਤਿ ॥ (ਉਹੀ, ਪੰਨਾ 934)
26. ਉਹੀ, ਪੰਨਾ 934-34.
27. ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥ (ਉਹੀ, ਪੰਨਾ 935)
28. ਇਕ ਰੰਗਿ ਰਚੇ ਰਹੈ ਲਿਵ ਲਾਇ ॥
ਇਵ ਛੂਟੇ ਫਿਰਿ ਫਾਸ ਨ ਪਾਇ ॥ (ਉਹੀ)
29. ਰਹਸੀ ਰਾਮੁ ਰਿਦੈ ਇਕ ਭਾਇ ॥ (ਉਹੀ, ਪੰਨਾ 931)
30. ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ ॥ (ਉਹੀ, ਪੰਨਾ 934)
31. ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥ (ਉਹੀ, ਪੰਨਾ 930)

ਦਾ ਨਿਵਾਸ ਸਹਿਜ-ਸੁੱਖ ਵਿਚ ਹੁੰਦਾ ਹੈ ।[32] ਉਹ ਜਨਮ ਮਰਨ ਤੋਂ ਉਤਾਂਹ ਹੋ ਜਾਂਦਾ ਹੈ । ਐਸੇ ਜੀਵ ਦਾ ਜੀਵਨ ਸ਼ੰਕਾ-ਰਹਿਤ ਹੋ ਜਾਂਦਾ ਹੈ । ਉਸਦਾ ਜੀਵਨ ਸਹਿਜੇ ਹੀ ਪੱਕੇ ਵਿਸ਼ਵਾਸਾਂ ਅਨੁਸਾਰ ਚੱਲਦਾ ਹੈ ।[33] ਉਸ ਦੇ ਸਾਰੇ ਦੋਸ਼ ਦੂਰ ਹੋ ਜਾਂਦੇ ਹਨ । ਅਜਿਹੇ ਪੁਰਖ ਦੇ ਦਰਸ਼ਨ, ਗਰੰਥਾਂ ਅਤੇ ਵੇਦਾਂ ਦੇ ਦਰਸ਼ਨ ਸਮਾਨ ਹਨ ।[34] ਉਹ ਹਰ ਤਰ੍ਹਾਂ ਪਰਮਾਤਮਾ ਦੇ ਸਮਾਨ ਹੈ । ਸਗੁਣ ਸਰੂਪ ਪ੍ਰਭੂ ਵਿਚ ਚਿੱਤ ਜੋੜ ਕੇ ਜੀਵ ਅਡੋਲ ਚਿੱਤ ਹੋ ਜਾਂਦਾ ਹੈ ।

(ਸ) **ਪਰਮਾਤਮਾ** : ਪਰਮਾਤਮਾ ਓਅੰਕਾਰ ਹੈ । ਉਸ ਨੇ ਹੀ ਬ੍ਰਹਮਾ, ਸ੍ਰਿਸ਼ਟੀ, ਵੇਦਾਂ ਅਤੇ ਜੀਵਾਂ ਦੀ ਰਚਨਾ ਕੀਤੀ ਹੈ । ਉਹ ਹੀ ਤਿੰਨ ਲੋਕਾਂ ਦਾ ਤੱਤ ਹੈ । ਜੀਵ ਅਤੇ ਪ੍ਰਕ੍ਰਿਤੀ ਉਸ ਦੇ ਹੀ ਸਰੂਪ ਹਨ । ਪਰਮਾਤਮਾ ਨੇੜੇ ਹੈ, ਦੂਰ ਨਹੀਂ । ਉਹ ਸਾਰੀ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ । ਜਲ, ਥਲ ਅਤੇ ਤਿੰਨਾਂ ਭਵਨਾਂ ਵਿਚ ਉਹ ਹੀ ਵਿਆਪਕ ਹੈ । ਪਰਮਾਤਮਾ ਵਿਚ ਛਿਨ ਵਿਚ ਪ੍ਰਿਥਵੀ ਨੂੰ ਢਾਹੁਣ ਅਤੇ ਛਿਨ ਵਿਚ ਉਸ ਨੂੰ ਉਸਾਰਨ ਦੀ ਸਮਰੱਥਾ ਹੈ ।[35] ਉਹ ਹੀ ਜੀਵਾਂ ਨੂੰ ਧੰਦਿਆਂ ਵਿਚ ਲਾਉਂਦਾ ਹੈ । ਇਸ ਪ੍ਰਕਾਰ ਪਰਮਾਤਮਾ ਏਨਾ ਵਿਆਪਕ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ ।[36]

ਪਰਮਾਤਮਾ ਪੂਰਨ ਹੈ । ਸਿਰਫ ਗਿਆਨਵਾਨ ਮਨੁੱਖ ਨੂੰ ਹੀ ਇਹ ਪਤਾ ਲਗਦਾ ਹੈ ਕਿ ਕੇਵਲ ਪਰਮਾਤਮਾ ਹੀ ਸੱਚਾ ਹੈ, ਅਤੇ ਸਭ ਦੇ ਅੰਦਰ ਹੈ ।

ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ ॥

(ਗੁਰੂ ਗ੍ਰੰਥ, ਪੰਨਾ 930)

ਸੱਚ ਸਰੂਪ ਪਰਮਾਤਮਾ ਸਰਬ-ਵਿਆਪੀ ਹੈ ।[37] ਉਸ ਤੋਂ ਛੁੱਟ ਸਾਰਾ ਜਗਤ ਕੱਚਾ ਹੈ ।[38] ਪਰਮਾਤਮਾ ਨੂੰ ਬੁੱਧੀ ਨਾਲ ਨਹੀਂ ਜਾਣਿਆ ਜਾ ਸਕਦਾ ਅਤੇ ਨਾ ਹੀ ਬੁੱਧੀ ਨਾਲ ਉਸ ਦੀ ਕੀਮਤ ਪਾਈ ਜਾ ਸਕਦੀ ਹੈ । ਪ੍ਰਭੂ ਸੰਸਾਰ ਨੂੰ ਥਾਪ ਕੇ, ਆਪ ਨਿਰਵੈਰ ਹੈ ।[39] ਉਹ ਆਪ ਜਨਮ-ਮਰਣ ਦੇ ਗੇੜ ਜਾਂ ਧੰਧਿਆਂ ਵਿਚ ਨਹੀਂ ਫ਼ਸਦਾ । ਪ੍ਰਭੂ ਮਨ, ਇੰਦ੍ਰੀਆਂ ਤੋਂ ਪਰੇ ਹੈ, ਇਸ ਲਈ ਉਸ ਨੂੰ ਜਾਣਿਆ ਨਹੀਂ ਜਾ ਸਕਦਾ ।[40]

---

32. ਗਗਨ ਗੰਭੀਰੁ ਗਗਨੰਤਰਿ ਵਾਸੁ ॥
    ਗੁਣ ਗਾਵੈ ਸੁਖ ਸਹਜਿ ਨਿਵਾਸੁ ॥ (ਗੁਰੂ ਗ੍ਰੰਥ, ਪੰਨਾ 932)
33. ਗੁਰਮੁਖਿ ਆਵੈ ਜਾਇ ਨਿਸੰਗੁ ॥ (ਉਹੀ)
34. ਗੁਰਮੁਖਿ ਨਾਦ ਬੇਦ ਬੀਚਾਰੁ ॥ (ਉਹੀ)
35. ਉਹੀ, ਪੰਨਾ 931.
36. . . . ਅਫਰਿਓ ਤੁਲਿਓ ਨ ਜਾਈ ॥ (ਉਹੀ, ਪੰਨਾ 930)
37. ਜਹ ਦੇਖਾ ਤਹ ਏਕੁ ਤੂ . . . ॥ (ਉਹੀ, ਪੰਨਾ 934)
38. . . . ਬਿਨੁ ਸਾਚੇ ਜਗੁ ਕਾਚਾ ॥ (ਉਹੀ, ਪੰਨਾ 930)
39. ਜੁਗਿ ਜੁਗਿ ਥਾਪਿ ਸਦਾ ਨਿਰਵੈਰੁ ॥
    ਜਨਮਿ ਮਰਣਿ ਨਹੀਂ ਧੰਧਾ ਧੈਰੁ ॥ (ਉਹੀ, ਪੰਨਾ 931)
40. ਅਗਮ ਅਗੋਚਰੁ ਕੀਮਤਿ ਨਹੀ ਪਾਇ ॥ (ਉਹੀ, ਪੰਨਾ 932)

ਅਧਿਆਇ–੬

# ਸਿਧ ਗੋਸਟਿ

'ਸਿਧ ਗੋਸਟਿ', ਰਾਗ ਰਾਮਕਲੀ ਵਿਚ 73 ਪਦਾਂ ਦੀ ਬਾਣੀ ਹੈ ਜੋ ਗੁਰੂ ਨਾਨਕ ਨੇ, ਜਨਮ-ਸਾਖ਼ੀ ਮਿਹਰਬਾਨ ਅਨੁਸਾਰ ਸੁਮੇਰ ਪਰਬਤ ਉੱਤੇ[1], ਪੁਰਾਤਨ ਜਨਮ-ਸਾਖ਼ੀ ਅਨੁਸਾਰ ਗੋਰਖ-ਹਟੜੀ ਵਿਖੇ[2], ਪਰ ਭਾਈ ਗੁਰਦਾਸ ਅਨੁਸਾਰ ਅਚਲ ਵਟਾਲਾ ਵਿਚ ਰਚੀ ।[3] ਇਹ ਸਿਧਾਂ ਨਾਲ ਹੋਈ ਗਿਆਨ-ਚਰਚਾ ਹੈ, ਦਾਰਸ਼ਨਿਕ ਭਾਵਾਂ ਵਾਲੀ ਹੋਣ ਕਰ ਕੇ ਬੁੱਧੀ ਤੇ ਜੁਗਤੀ ਪ੍ਰਧਾਨ ਹੈ ਅਤੇ ਪ੍ਰਸ਼ਨੋਤਰੀ ਢੰਗ ਵਿਚ ਰਚੀ ਗਈ ਹੈ ।

ਸੰਸਾਰ ਦਾ ਬਹੁਤ ਸਾਰਾ ਪ੍ਰਾਚੀਨ ਸਾਹਿੱਤ ਇਸੇ ਸ਼ੈਲੀ ਦੇ ਮਾਧਿਅਮ ਰਾਹੀਂ ਰਚਿਆ ਗਿਆ । ਪੱਛਮ ਵਿਚ ਸੁਕਰਾਤ ਅਤੇ ਪਲੈਟੋ ਦੀਆਂ ਗੋਸ਼ਟਾਂ, ਭਾਰਤ ਵਿਚ ਮਹਾਤਮਾ ਬੁੱਧ ਅਤੇ ਉਸ ਦੇ ਚੇਲਿਆਂ ਦੀਆਂ, ਸ਼ੰਕਰਾਚਾਰੀਆ ਅਤੇ ਬੋਧੀ ਭਿਖਸ਼ੂਆਂ ਦੀਆਂ ਗੋਸ਼ਟਾਂ, ਆਦਿਕ । ਪੰਜਾਬੀ ਵਿਚ ਗੋਸ਼ਟਾਂ ਲਿਖਣ ਦੀ ਲੀਹ ਗੁਰੂ ਨਾਨਕ ਤੋਂ ਪਹਿਲਾਂ ਹੀ ਪੈ ਚੁੱਕੀ ਪ੍ਰਤੀਤ ਹੁੰਦੀ ਹੈ ਜਿਵੇਂ ਗੋਰਖ-ਗਣੇਸ਼ ਗੋਸ਼ਟੀ, ਮਹਾਦੇਵ–ਗੋਰਖ ਗੋਸ਼ਟੀ, 'ਗੋਸ਼ਟ ਗੁਸਾਈਂ ਕਬੀਰ ਜੀਓ ਦੀ', 'ਗੋਸ਼ਟ ਸ੍ਰੀ ਨਾਮੇ ਤ੍ਰਿਲੋਚਣ ਕੀ', ਆਦਿਕ । ਮੁੱਖ ਪਾਤਰ ਦੁਆਰਾ ਰਚਿਤ ਹੋਣ ਕਾਰਨ ਸਿਧ ਗੋਸਟਿ, ਪੰਜਾਬੀ ਦੀ ਪਹਿਲੀ ਪ੍ਰਮਾਣਿਕ ਗ਼ੋਸ਼ਟ ਹੈ । ਇਹ ਜਨ-ਸਾਧਾਰਣ ਦੇ ਪੱਧਰ ਤੋਂ ਉੱਚੇਰੀ ਰਚਨਾ ਹੈ ਅਤੇ ਧਾਰਮਿਕ ਆਗੂਆਂ, ਖ਼ਾਸ ਕਰ ਕੇ ਯੋਗੀਆਂ ਨੂੰ ਸਮਝਾਉਣ ਲਈ ਰਚੀ ਗਈ ਪ੍ਰਤੀਤ ਹੁੰਦੀ ਹੈ ।[4] ਪੰਜਾਬੀ ਸਾਹਿੱਤ ਵਿਚ ਇੰਨੇ ਗੰਭੀਰ ਵਿਸ਼ਿਆਂ ਅਤੇ ਗੰਭੀਰਤਾ-ਪੂਰਨ ਵਿਚਾਰ-ਧਾਰਾ ਵਾਲੀ ਇਸ ਗੋਸ਼ਟ ਤੋਂ ਚੰਗੇਰੀ ਹੋਰ ਕੋਈ ਰਚਨਾ ਨਹੀਂ ਹੈ ।[5] ਗੁਰਮਤਿ ਦੀ ਵਿਆਖਿਆ ਵਿਚ ਇਸ ਦਾ ਸਥਾਨ ਬੜਾ ਅਦੁੱਤੀ ਤੇ ਪ੍ਰਮਾਣਿਤ ਹੈ, ਅਰਥਾਤ ਇਸ ਦੇ ਗਿਆਨ ਤੋਂ ਬਿਨਾ ਗੁਰਮਤਿ ਦੇ ਬੁਨਿਆਦੀ ਨੁਕਤੇ ਸਪਸ਼ਟ ਨਹੀਂ ਹੋ ਸਕਦੇ ।[6]

---

1. ਗੁਰੂ ਗ੍ਰੰਥ, ਪੰਨਾ 392.
2. ਉਹੀ, ਪੰਨਾ 191.
3. ਭਾਈ ਗੁਰਦਾਸ ਦੀ ਵਾਰ 1, ਪਉੜੀਆਂ 39-44.
4. ਮਨਮੋਹਨ ਸਿੰਘ, ਗੁਰੂ ਨਾਨਕ ਦੇ ਕਾਵਿ-ਰੂਪ, 'ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਾਰ', ਪੰਨਾ 313-14.
5. ਤਾਰਨ ਸਿੰਘ, 'ਗੁਰੂ ਨਾਨਕ ਚਿੰਤਨ ਤੇ ਕਲਾ', ਪੰਨਾ 111.
6. 'ਸ਼ਬਦਾਰਥ ਬਾਣੀ ਗੁਰੂ ਨਾਨਕ ਦੇਵ ਜੀ', ਸੰਪਾਦਿਤ ਕਪੂਰ ਸਿੰਘ ਘੁਮਣ ਆਦਿਕ, ਪੰਨਾ 25.

ਸਿਧ ਗੋਸਟਿ ਗੁਰੂ ਨਾਨਕ ਦੀਆਂ ਦੂਜੀਆਂ ਰਚਨਾਵਾਂ ਨਾਲੋਂ ਵਧੇਰੇ ਗੂੜ੍ਹ, ਪਕੇਰੀ, ਸੂਤ੍ਰਿਕ ਅਤੇ ਸੰਕੇਤਿਕ ਹੈ। ਇਸ ਵਿਚ ਭਾਰਤੀ ਸ਼ੂਨਯਵਾਦ ਤੇ ਨਾਸਤਿਕਤਾ ਦਾ ਅਧਿਐਨ ਹੈ। ਇਸ ਵਿਚ ਆਪੇਖ, ਅਪ੍ਰਗਟ, ਸ਼ੂਨਯ, ਕਾਰਨ, ਅਰੂਪ ਤੇ ਨਿਰਾਕਾਰ ਬ੍ਰਹਮ ਦੀ ਚਰਚਾ ਹੈ। ਦਾਤੇ ਵੱਲੋਂ ਦਾਤਾਂ ਵੱਲ ਆਉਣ ਦਾ ਅਧਿਐਨ ਹੈ, ਆਦਰਸ਼ ਨਿਰਵਰਤੀ ਦਾ ਅਧਿਐਨ ਹੈ। ਇਸ ਲਈ, ਇਸ ਵਿਚ ਸ੍ਰਿਸ਼ਟੀ, ਬ੍ਰਹਮ, ਕਰਮ-ਕਾਂਡ ਆਦਿਕ ਵਿਸ਼ਿਆਂ ਉੱਤੇ ਕਾਫ਼ੀ ਵਿਚਾਰ ਪ੍ਰਾਪਤ ਹੁੰਦੇ ਹਨ, ਪਰ ਬਹੁਤੇ ਵਿਸਤਾਰ ਨਾਲ ਮਨਮੁੱਖ, ਗੁਰਮੁੱਖ ਦੇ ਸਰੂਪ ਦਾ ਵਰਣਨ ਹੀ ਹੈ; 26 ਤੋਂ 52 ਬੰਦਾਂ ਵਿਚ। ਇਥੇ ਗੁਰਮੁੱਖ ਅਤੇ ਮਨਮੁੱਖ ਦਾ ਤੁਲਨਾਤਮਕ ਅਧਿਐਨ ਵੀ ਕੀਤਾ ਗਿਆ ਹੈ। ਇਸ ਬਾਣੀ ਵਿਚ ਪ੍ਰਾਪਤ ਦਾਰਸ਼ਨਿਕ ਵਿਚਾਰਾਂ ਨੂੰ ਹੇਠਾਂ ਵਿਵਸਥਿਤ ਰੂਪ ਦੇਣ ਦਾ ਯਤਨ ਕੀਤਾ ਗਿਆ ਹੈ :

## 1. ਭੌਤਿਕ ਵਰਗ

(ੳ) ਸ੍ਰਿਸ਼ਟੀ : ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਪਰਮਾਤਮਾ ਅਦ੍ਰਿਸ਼ਟ ਸ਼ੂਨ ਅਵਸਥਾ ਵਿਚ ਲਗਾਤਾਰ ਵਿਦਮਾਨ ਸੀ, ਜਿਸ ਅਸਚਰਜ-ਜਨਕ ਸਥਿਤੀ ਦਾ ਅਤੇ ਉਸ ਦੇ ਕਾਲ ਦਾ ਬਿਆਨ ਕਠਨ ਹੈ :

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥
(ਗੁਰੂ ਗ੍ਰੰਥ, ਪੰਨਾ 940)

ਨਿਰਗੁਣ ਪ੍ਰਭੂ ਤੋਂ ਸਗੁਣ ਪ੍ਰਭੂ ਉਪਜਿਆ ਅਤੇ ਜਗਤ-ਰਚਨਾ ਕਰ ਕੇ ਉਸ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ :

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥
(ਗੁਰੂ ਗ੍ਰੰਥ, ਪੰਨਾ 940)

(ਅ) ਮਨੁੱਖ : (1) ਸਰੀਰ : ਉਡੈ ਨਾ ਹੰਸਾ ਪੜੈ ਨਾ ਕਧੁ (ਗੁਰੂ ਗ੍ਰੰਥ, ਪੰਨਾ 939) ਦੇ ਵਿਚਾਰ ਤੋਂ ਸਪਸ਼ਟ ਹੈ ਕਿ ਸਰੀਰਾਂ ਵਿਚ ਆਤਮਾ ਭੌਂਦੀ ਮੰਨੀ ਗਈ ਹੈ, ਜੋ ਪ੍ਰਭੂ ਦਾ ਹੀ ਰੂਪ ਹੈ :

ਘਟਿ ਘਟਿ ਗੁਪਤਾ...॥ (ਗੁਰੂ ਗ੍ਰੰਥ, ਪੰਨਾ 939)

ਸਰੀਰ, ਮਨ ਦਾ ਨਿਵਾਸ ਹੈ ਅਤੇ ਉਸ ਦੀ ਚੰਗੀ-ਮੰਦੀ ਅਵਸਥਾ ਅਨੁਸਾਰ ਕਾਰਜ ਚਲਾਉਂਦਾ ਹੈ :

ਤਨੁ ਹਟੜੀ ਇਹੁ ਮਨੁ ਵਣਜਾਰਾ ॥
ਨਾਨਕ ਸਹਜੇ ਸਚੁ ਵਾਪਾਰਾ ॥ (ਗੁਰੂ ਗ੍ਰੰਥ, ਪੰਨਾ 942)

ਸਰੀਰ ਲਈ ਖਾਣ-ਪੀਣ ਅਤੇ ਆਰਾਮ ਦੇ ਸੰਜਮ ਦਾ ਉਪਦੇਸ਼ ਦਿੱਤਾ ਗਿਆ ਹੈ।

ਖੰਡਿਤ ਨਿਦ੍ਰਾ ਅਲਪ ਅਹਾਰੰ...॥ (ਗੁਰੂ ਗ੍ਰੰਥ, ਪੰਨਾ 939)

(2) ਭਾਵਨਾਵਾਂ : ਪ੍ਰਭੂ-ਧਿਆਨ ਬਿਨਾ ਮਨ ਸੰਭਲਦਾ ਨਹੀਂ ਅਤੇ ਤ੍ਰਿਸ਼ਨਾਵਾਂ ਸ਼ਾਂਤ ਨਹੀਂ ਹੁੰਦੀਆਂ।[7] ਇਹ ਆਸਾਂਵਾਂ, ਮਨਸਾਵਾਂ, ਸ਼ਬਦ ਦੁਆਰਾ ਨਸ਼ਟ ਕੀਤੀਆਂ ਜਾ ਸਕਦੀਆਂ ਹਨ।[8] ਕਾਮ, ਕ੍ਰੋਧ ਅਤੇ ਅਹੰਕਾਰ ਆਦਿਕ ਮਾਨਸਿਕ ਵਿਕਾਰਾਂ ਨੂੰ ਜ਼ਹਿਰੀਲੇ ਅਤੇ ਸਾੜਨ ਵਾਲੇ ਕਿਹਾ ਗਿਆ ਹੈ।[9] ਇਹ ਸਾਰੇ ਸੰਸਾਰਿਕ ਦੁੱਖ ਅਤੇ ਝੰਝਟ ਹਉਮੈ ਤੋਂ ਉਪਜੇ, ਆਤਮਾ-ਪਰਮਾਤਮਾ ਦੇ ਦ੍ਵੈਤ ਤੋਂ ਹੀ ਮੰਨੇ ਗਏ ਹਨ।[10] ਹਉਮੈ, ਸਹਿਜ ਅਤੇ ਸੰਤੋਖ, ਭਾਵ ਮਾਨਸਿਕ ਸ਼ਾਂਤੀ ਦਾ ਵੈਰੀ ਹੈ।[11] ਗੁਰ-ਸਿਖਿਆ ਤੇ ਸ਼ਬਦ ਦੁਆਰਾ ਹਉਮੈ ਦਾ ਵਿਨਾਸ਼ ਹੋ ਸਕਦਾ ਹੈ।[12] ਮਨੁੱਖ ਆਪਣੇ ਅੰਦਰ ਅਤੇ ਸ੍ਰਿਸ਼ਟੀ ਵਿਚ ਹਰ ਥਾਂ ਪ੍ਰਭੂ ਨੂੰ ਹੀ ਵਿਆਪਕ ਸਮਝ ਕੇ, ਆਪਣਾ ਧਿਆਨ ਉਸ ਦੀ ਭਗਤੀ ਵਿਚ ਲਾਵੇ ਤਾਂ ਹੀ ਹਉਮੈ ਦੀ ਦ੍ਵੈਤ ਮਰਦੀ ਹੈ, ਮਨੁੱਖੀ ਤਨ-ਮਨ ਸ਼ਾਂਤ ਹੁੰਦਾ ਹੈ ਅਤੇ ਪ੍ਰਭੂ ਦੀ ਰਜ਼ਾ ਵਿਚ ਰਹਿਣ ਕਾਰਨ ਪ੍ਰਭੂ-ਕ੍ਰਿਪਾ ਦੀ ਪ੍ਰਾਪਤੀ ਹੁੰਦੀ ਹੈ।[13]

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸ਼ਬਦਿ ਸੁ ਸਮਝ ਪਰੀ ॥
(ਗੁਰੂ ਗ੍ਰੰਥ, ਪੰਨਾ 939)

## 2. ਬੌਧਿਕ ਵਰਗ

ਸਿਧ ਗੋਸਟਿ ਵਿਚ ਗੁਰੂ ਜੀ ਨੇ ਸਿੱਧਾਂ ਨੂੰ ਗਿਆਨ ਦਾ ਮਹੱਤਵ ਸਮਝਾਉਂਦਿਆਂ ਕਿਹਾ ਹੈ ਕਿ ਜਿਹੜਾ ਘਰ ਬਾਹਰ ਰਹਿੰਦਿਆਂ ਹੋਇਆਂ ਵੀ ਆਪਣੇ ਸਰੂਪ ਵਿਚ ਐਸਾ ਟਿਕੇ ਕਿ ਆਪਣੇ ਮਨ ਨੂੰ ਡੋਲਣ ਨਾ ਦੇਵੇ ਉਹੀ ਅਸਲੀ ਤੱਤ-ਗਿਆਨੀ ਹੈ। ਗੁਰੂ ਦੁਆਰਾ ਦੱਸੇ ਗਿਆਨ ਨੂੰ ਵਿਚਾਰਨਾ ਗਿਆਨ-ਪ੍ਰਾਪਤੀ ਦਾ ਸਭ ਤੋਂ ਉੱਤਮ ਸਾਧਨ ਹੈ।[14] ਮਨੁੱਖ ਅਗਿਆਨ ਕਾਰਨ ਮਾਨੋਂ ਉਜਾੜ ਜੰਗਲਾਂ ਵਿਚ ਭਟਕਦਾ ਹੈ। ਗਿਆਨ ਹੋਣ ਨਾਲ ਸਭ ਸਿੱਧੀਆਂ, ਬੁੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ।

## 3. ਨੈਤਿਕ ਵਰਗ

(ੳ) ਵਿਅਕਤੀਗਤ : ਆਦਮੀ ਨੂੰ ਸਤਿ, ਸੰਤੋਖ ਅਤੇ ਸੰਜਮ ਦੇ ਗੁਣ

7. ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥ (ਗੁਰੂ ਗ੍ਰੰਥ, ਪੰਨਾ 939)
8. ਮਨਸਾ ਆਸਾ ਸਬਦਿ ਜਲਾਈ ॥ (ਉਹੀ, ਪੰਨਾ 940)
9. ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ (ਉਹੀ, ਪੰਨਾ 943)
10. ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ (ਉਹੀ, ਪੰਨਾ 946)
11. ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ ॥ (ਉਹੀ, ਪੰਨਾ 940)
12. ਏਕੁ ਸਬਦੁ ਜਿਤੁ ਕਥਾ ਵੀਚਾਰੀ ॥
ਗੁਰਮੁਖਿ ਹਉਮੈ ਅਗਨਿ ਨਿਵਾਰੀ ॥ (ਉਹੀ, ਪੰਨਾ 943)
13. ਉਹੀ.
14. ਅਕਲਪਤ ਮੁਦ੍ਰਾ ਗੁਰਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥ (ਉਹੀ, ਪੰਨਾ 940)

ਅਪਣਾਉਣੇ ਚਾਹੀਦੇ ਹਨ ।[15] ਜੀਵ ਨੂੰ ਚਾਹੀਦਾ ਹੈ ਕਿ ਉਹ ਦੁਨੀਆ ਵਿਚ ਰਹਿੰਦਿਆਂ ਕੰਮ, ਕਾਜ ਕਰਦਿਆਂ ਆਤਮਿਕ ਜੀਵਨ ਤੋਂ ਅਵੇਸਲਾ ਨਾ ਹੋਵੇ । ਪਰਾਏ ਧਨ ਅਤੇ ਪਰਾਈ ਇਸਤ੍ਰੀ ਵਿਚ ਚਿੱਤ ਨਾ ਲਾਵੇ ।

(ਅ) ਸਮਾਜਿਕ : ਉਸ ਵਿਅਕਤੀ ਨੂੰ ਵਡਿਆਈ ਮਿਲਦੀ ਹੈ ਜੋ ਆਪਣੇ ਆਪ ਨੂੰ ਸਭ ਜੀਵਾਂ ਵਿਚ ਜਾਣਦਾ ਹੈ । ਜੋ ਸਭ ਜੀਵਾਂ ਨੂੰ ਆਪਣੇ ਬਰਾਬਰ ਸਮਝਦਾ ਹੈ, ਉਸ ਵਿਚ ਸਮਾਨਤਾ ਦੀ ਭਾਵਨਾ ਹੈ ।[16] ਗੁਰੂ ਜੀ ਨੇ ਸਮਾਜ ਨੂੰ ਛੱਡ ਕੇ, ਸਨਿਆਸ ਧਾਰਨ ਕਰਨ ਦੀ ਸਿਫ਼ਾਰਿਸ਼ ਨਹੀਂ ਕੀਤੀ ।

(ੲ) ਧਾਰਮਿਕ : ਸਿੱਧ ਲੋਹਾਰੀਪਾ ਅਨੁਸਾਰ ਜੋਗੀ ਹਾਟਾਂ ਅਤੇ ਰਾਹਾਂ ਦੇ ਪਾਂਧੀ ਹਨ, ਜੰਗਲਾਂ ਵਿਚ ਰਹਿੰਦੇ ਅਤੇ ਕੰਦ-ਮੂਲ ਖਾਂਦੇ ਹਨ ਅਤੇ ਤੀਰਥਾਂ ਤੇ ਇਸ਼ਨਾਨ ਕਰਕੇ ਸੁੱਖ ਮਾਣਦੇ ਹਨ । ਗੁਰੂ ਨਾਨਕ ਧਾਰਮਿਕ ਭੇਖਾਂ ਦਾ ਖੰਡਨ ਕਰਦੇ ਤੇ ਆਪਣੇ ਸਿੱਖਾਂ ਨੂੰ ਸਦਗੁਣ ਦਾ ਬਾਣਾ ਪਾਉਣ ਦਾ ਉਪਦੇਸ਼ ਦੇਂਦੇ ਹੋਏ ਕਹਿੰਦੇ ਹਨ : ਜੀਵ ਨੂੰ ਸ਼ਬਦ ਅਤੇ ਨਾਮ ਦੇ ਵਾਸ ਨੂੰ ਮੁੰਦ੍ਰਾ ਬਣਾਉਣਾ ਚਾਹੀਦਾ ਹੈ; ਪਰਮਾਤਮਾ ਵਿਚ ਪੂਰਨ ਵਿਸ਼ਵਾਸ ਨੂੰ ਝੋਲੀ; ਸੰਸਾਰਿਕ ਕਾਮਨਾਵਾਂ ਤੋਂ ਬਿਰਤੀ ਨੂੰ ਹਟਾਉਣਾ ਖੱਪਰ; ਪੰਜਾਂ ਤੱਤਾਂ ਨਾਲ ਦੈਵੀ ਗੁਣਾਂ ਨੂੰ ਗ੍ਰਹਿਣ ਕਰਨਾ ਟੋਪੀ; ਸਰੀਰ ਨੂੰ ਕੁਸ਼ਾਸਨ (ਕੁਸ਼ ਘਾਹ—ਦਭ ਦੀ ਚਟਾਈ); ਮਨ ਨੂੰ ਲੰਗੋਟੀ; ਤੇ ਸਤਿ, ਸੰਤੋਖ ਅਤੇ ਸੰਜਮ ਨੂੰ ਸਾਥੀ ਜਾਂ ਸ਼ਿੱਸ਼ ਬਣਾਉਣਾ ਹੀ ਅਸਲ ਯੋਗ ਹੈ ।[17] ਸਾਧਕਾਂ ਨੂੰ ਵੱਖਰੇ ਵੱਖਰੇ ਸੰਪ੍ਰਦਾਵਾਂ ਵਿਚ ਵੰਡਣਾ ਵੀ ਗੁਰੂ ਨਾਨਕ ਨੂੰ ਪਰਵਾਨ ਨਹੀਂ । ਉਨ੍ਹਾਂ ਅਨੁਸਾਰ ਜੋਗੀ ਆਪਣੇ ਬਾਰਾਂ ਫ਼ਿਰਕਿਆਂ ਅਤੇ ਸਨਿਆਸੀ ਦਸ ਫ਼ਿਰਕਿਆਂ ਵਿਚ ਭਰਮਦੇ ਫਿਰਦੇ ਹਨ,[18] ਪਰ ਨਿਰੰਜਨ ਨੂੰ ਲੱਭਣ ਲਈ, ਕਰਮ-ਕਾਂਡ ਛੱਡ ਕੇ, ਗੁਰ-ਸ਼ਬਦ ਅਨੁਸਾਰ ਕਮਾਈ ਕਰਨੀ ਜ਼ਰੂਰੀ ਹੈ ।[19] ਉੱਤਮ ਧਰਮ ਉਹ ਹੈ ਜੋ ਸਭ ਵਿਤਕਰੇ ਕੱਟ ਕੇ ਮਨੁੱਖ ਇਕ ਨਿਰੰਕਾਰ ਨਾਲ ਜੋੜਦਾ ਹੈ । ਹਮੇਸ਼ਾ ਪਰਮਾਤਮਾ ਨੂੰ ਯਾਦ ਕਰੋ, ਅਤੇ ਉਸ ਨੂੰ ਸਭ ਜਗਹ ਵਿਆਪਕ ਜਾਣੋ, ਇਹੀ ਸੱਚਾ ਧਰਮ ਹੈ । ਵਾਹਿਗੁਰੂ ਨੂੰ ਹੀ ਸਭ ਫ਼ਲਸਫ਼ਿਆਂ ਦਾ ਸ੍ਰੋਤ ਅਤੇ ਸਾਰ ਸਮਝਣਾ ਹੀ ਧਰਮ ਦਾ ਅਸਲੀ ਤੱਤ ਹੈ ।[20]

## 4. ਅਧਿਆਤਮਿਕ ਵਰਗ

(ੳ) ਆਤਮਾ : ਗੁਰੂ ਜੀ ਅਨੁਸਾਰ ਸਭ ਆਤਮਾਵਾਂ ਪ੍ਰਭੂ ਦੇ ਹੁਕਮ ਅਨੁਸਾਰ ਹੀ ਇਸ ਜਗਤ ਵਿਚ ਆਉਂਦੀਆਂ ਹਨ ਅਤੇ ਉਸ ਦੇ ਹੁਕਮ ਵਿਚ ਹੀ ਇਥੋਂ ਚਲੀਆਂ

15. ਸਤੁ ਸੰਤੋਖੁ ਸੰਜਮੁ ਹੈ ਨਾਲਿ ॥ (ਗੁਰੂ ਗ੍ਰੰਥ, ਪੰਨਾ 939)
16. ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥ (ਉਹੀ, ਪੰਨਾ 940)
17. ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ . . . ॥ (ਉਹੀ, ਪੰਨ 939)
18. ਬਾਹਰ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ (ਉਹੀ, ਪੰਨਾ 941)
19. ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥ (ਉਹੀ, ਪੰਨਾ 940)
20. ਬਾਹਰ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ॥ (ਉਹੀ, ਪੰਨਾ 939)

ਜਾਂਦੀਆਂ ਹਨ। ਇਸ ਪ੍ਰਕਾਰ ਹਰ ਆਤਮਾ ਉਸ ਦੇ ਹੁਕਮ ਅਨੁਸਾਰ ਹੀ ਭੌਂਦੀ ਹੈ।[21] ਆਵਾਗੌਣ ਦਾ ਇਹ ਚੱਕਰ, ਨਿਰਗੁਣ ਬ੍ਰਹਮ ਨਾਲ ਨਾਤਾ ਜੋੜ ਕੇ ਤੋੜਿਆ ਜਾ ਸਕਦਾ ਹੈ।[22] ਆਤਮਾ ਇਸ ਜਗਤ ਵਿਚ ਆ ਕੇ, ਦੈਵੀ ਵਿਧਾਨ ਦੇ ਭੌਤਿਕੀ ਚੱਕਰ ਵਿਚ ਪਈ, ਭੈੜੀ ਮੱਤ ਦੀ ਬੱਧੀ ਹੋਈ, ਮਾਇਆ-ਜਾਲ ਵਿਚ ਫ਼ਸ ਜਾਂਦੀ ਹੈ ਅਤੇ ਇਸ ਪ੍ਰਕਾਰ, ਮਨ ਦੇ ਪਿੱਛੇ ਲਗ ਕੇ ਜੀਵਨ ਦਾ ਲਾਹਾ ਗਵਾ ਲੈਂਦੀ ਹੈ।[23] ਜਦੋਂ, ਗੁਰੂ ਜੀ ਅਨੁਸਾਰ, ਹਿਰਦਾ ਅਤੇ ਦੇਹ ਨਹੀਂ ਹੁੰਦੇ ਤਾਂ ਉਸ ਅਵਸਥਾ ਵਿਚ ਆਤਮਾ ਪਰਮਾਤਮਾ ਵਿਚ ਹੀ ਹੁੰਦੀ ਹੈ, ਪਰ ਸ੍ਰਿਸ਼ਟੀ ਵਿਚ ਆਤਮਾ ਹਉਮੈ ਕਾਰਨ ਆਪਣੇ ਆਪ ਨੂੰ ਪਰਮਾਤਮਾ ਨਾਲੋਂ ਅਲੱਗ ਸਮਝਣ ਲਗ ਜਾਂਦੀ ਹੈ। ਆਪਾ ਪਛਾਣਨ ਨਾਲ ਇਹ ਦ੍ਵੈਤ-ਭਾਵ ਮਿਟ ਜਾਂਦਾ ਹੈ, ਤਾਂ ਆਤਮਾ-ਪਰਮਾਤਮਾ ਇਕ ਹੋ ਜਾਂਦੇ ਹਨ। ਅੰਦਰੋਂ ਹਉਮੈ ਦੂਰ ਕਰਨ ਤੇ ਜੀਵ ਸਹਜ ਅਵਸਥਾ ਵਿਚ ਅੱਪੜ ਜਾਂਦਾ ਹੈ ਅਤੇ ਆਪਣੇ ਅਸਲੇ ਵਿਚ ਟਿਕ ਜਾਂਦਾ ਹੈ।[24]

(ਅ) **ਮੁਕਤੀ ਦੇ ਸਾਧਨ :** ਸਿਧ ਗੋਸਟਿ ਵਿਚ ਮੁਕਤੀ ਪ੍ਰਾਪਤੀ ਦੇ ਸਾਧਨਾਂ ਦੀ ਵਿਸਤਾਰ ਨਾਲ ਚਰਚਾ ਹੈ। ਮੁੱਖ ਰੂਪ ਵਿਚ ਪ੍ਰਭੂ ਦੀ ਰਜ਼ਾ ਵਿਚ ਰਹਿਣ ਅਤੇ ਨਾਮ-ਸਿਮਰਨ ਜਾਂ ਸ਼ਬਦ-ਪ੍ਰਾਪਤੀ ਉਤੇ ਬਹੁਤ ਜ਼ੋਰ ਹੈ। ਉਨ੍ਹਾਂ ਦੀ ਸਾਰਥਿਕਤਾ ਦੱਸਣ ਵਾਲੇ ਦੇ ਰੂਪ ਵਿਚ 'ਗੁਰੂ' ਨੂੰ ਵੀ ਵਿਸ਼ੇਸ਼ ਮਹੱਤਾ ਦਿੱਤੀ ਗਈ ਹੈ। ਕਿਹਾ ਹੈ ਮੁਕਤੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਜੀਵ ਨੂੰ ਪ੍ਰਭੂ-ਹੁਕਮ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ, ਤ੍ਰਿਸ਼ਨਾਵਾਂ ਉਤੇ ਕਾਬੂ ਪਾਉਣਾ ਚਾਹੀਦਾ ਹੈ, ਫ਼ੇਰ ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜ ਕੇ ਨਾਮ ਜਪਣ ਨਾਲ ਸੰਸਾਰ ਵਿਚ ਰਹਿੰਦਿਆਂ ਵੀ ਇਸ ਨੂੰ ਤਰ ਜਾਈਦਾ ਹੈ।

(1) **ਭਾਣਾ ਮੰਨਣਾ :** ਮਨੁੱਖ ਦਾ ਜਨਮ-ਮਰਣ ਅਤੇ ਸਮੁੱਚਾ ਜੀਵਨ ਪ੍ਰਭੂ-ਹੁਕਮ ਦੇ ਅਧੀਨ ਹੀ ਚੱਲਦਾ ਹੈ।[25] ਹੁਕਮ ਦਾ ਸਿੱਧਾਂਤ ਬੜਾ ਅਸਚਰਜ-ਜਨਕ ਹੈ, ਪਰ ਜਿਹੜਾ ਮਨੁੱਖ ਪ੍ਰਭੂ-ਹੁਕਮ ਵਿਚ ਚੱਲ ਕੇ ਇਸ ਦੈਵੀ ਵਿਧਾਨ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਉਹ ਆਦਰਸ਼ ਜੀਵਨ-ਜਾਚ ਸਿੱਖ ਲੈਂਦਾ ਹੈ। ਇਵੇਂ ਆਪਾ-ਭਾਵ ਮਿਟਾਉਣ ਵਾਲਾ ਤਿਆਗੀ ਹੀ ਸੱਚੇ ਮਾਰਗ ਉਤੇ ਤੁਰ ਕੇ ਮੁਕਤ ਹੁੰਦਾ ਹੈ।[26] ਪ੍ਰਭੂ ਹੁਕਮ ਨੂੰ ਸਮਝਣ ਵਾਲਾ ਸਦਗੁਣ ਗ੍ਰਹਿਣ ਕਰ ਕੇ ਬ੍ਰਹਮ-ਗਿਆਨ ਪ੍ਰਾਪਤ ਕਰਦਾ ਹੈ ਅਤੇ ਇਵੇਂ ਮੁਕਤੀ ਦਾ ਭਾਗੀ ਬਣਦਾ

---

21. ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥ (ਗੁਰੂ ਗ੍ਰੰਥ, ਪੰਨਾ 940)
22. ਸੁੰਨ ਨਿਰੰਤਰਿ ਦੀਜੈ ਬੰਧੁ ॥
    ਉਡੈ ਨਾ ਹੰਸਾ ਪੜੈ ਨ ਕੰਧੁ ॥ (ਉਹੀ, ਪੰਨਾ 939)
23. ਦੁਰਮਤਿ ਬਾਧਾ ਸਰਪਨਿ ਖਾਧਾ ॥
    ਮਨਮੁਖਿ ਖੋਇਆ ਗੁਰਮੁਖਿ ਲਾਧਾ ॥ (ਉਹੀ)
24. ਗੁਰਮਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਿਜ ਸਮਾਵੈ ॥ (ਉਹੀ, ਪੰਨਾ 945)
25. ਹੁਕਮੇ ਆਵੈ ਹੁਕਮੈ ਜਾਵੈ ਹੁਕਮੇ ਰਹੈ ਸਮਾਈ ॥ (ਉਹੀ, ਪੰਨਾ 940)
26. ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਿਜ ਸਮਾਵੈ ॥ (ਉਹੀ, ਪੰਨਾ 945)

ਹੈ ।[27] ਪ੍ਰਭੂ ਨੂੰ ਸਰਬ-ਵਿਆਪਕ ਅਤੇ ਸਰਬ-ਸਮਰੱਥ ਜਾਣਨ ਅਤੇ ਉਸ ਦੀ ਰਜ਼ਾ ਵਿਚ ਚੱਲਣ ਵਾਲੇ ਮਨੁੱਖ ਦੀਆਂ ਸਰਬੱਤ ਭੁੱਖਾਂ-ਤ੍ਰਿਸ਼ਨਾਵਾਂ ਦੀ ਅੱਗ ਸ਼ਾਂਤ ਹੁੰਦੀ ਹੈ,[28] ਕਿਉਂਕਿ ਜੋ ਸੱਚੇ ਪ੍ਰਭੂ ਦੇ ਭਾਣੇ ਵਿਚ ਰੱਤਾ ਹੈ, ਉਸ ਦੀ ਹਉਮੈ ਮਰ ਜਾਂਦੀ ਹੈ; ਆਤਮਾ-ਪਰਮਾਤਮਾ ਦੀ ਦ੍ਵੈਤ ਮੁੱਕ ਜਾਂਦੀ ਹੈ । ਐਸੇ ਮਨੁੱਖ ਦੇ ਮਨ ਵਿਚ ਸ਼ਬਦ ਅਤੇ ਪ੍ਰਭੂ-ਪ੍ਰੇਮ ਦਾ ਵਾਸਾ ਹੋਣ ਕਾਰਨ ਕਾਮ, ਕ੍ਰੋਧ, ਆਦਿਕ ਵਿਕਾਰਾਂ ਦੀ ਅੱਗ ਠੰਡੀ ਪੈਂਦੀ ਹੈ ਅਤੇ ਉਸ ਉਤੇ ਪਰਮ-ਕ੍ਰਿਪਾਲੂ ਪ੍ਰਭੂ ਦੀ ਮਿਹਰ ਹੁੰਦੀ ਹੈ, ਭਾਵ ਮੁਕਤੀ ਪ੍ਰਾਪਤ ਹੁੰਦੀ ਹੈ ।[29]

(2) ਗਿਆਨ : ਸਿਧ ਗੋਸਟਿ ਵਿਚ ਮੁਕਤੀ ਪ੍ਰਾਪਤੀ ਲਈ ਗਿਆਨ ਦੀ ਮਹੱਤਾ ਤੇ ਬਹੁਤ ਜ਼ੋਰ ਹੈ । ਗੁਰੂ ਜੀ ਅਨੁਸਾਰ ਮੁਕਤੀ-ਪ੍ਰਾਪਤੀ ਲਈ ਬਾਹਰ ਭੌਣ ਦੀ ਲੋੜ ਨਹੀਂ । ਗੁਰੂ ਦੇ ਸੱਚੇ ਸ਼ਬਦ ਨਾਲ ਹਰ ਕੋਈ, ਹਰ ਥਾਂ ਗਿਆਨ ਪ੍ਰਾਪਤ ਕਰ ਕੇ ਮੁਕਤੀ ਦਾ ਭਾਗੀ ਬਣ ਸਕਦਾ ਹੈ । ਗੁਰੂ ਮਿਲਿਆਂ ਹੀ ਅਗਿਆਨ ਮਿਟਦਾ ਹੈ[30] ਤੇ ਇਵੇਂ ਗੁਰੂ ਦੇ ਸੱਚੇ ਸ਼ਬਦ ਬਿਨਾਂ ਮੁਕਤੀ ਨਹੀਂ ਮਿਲਦੀ ।[31] ਗੁਰੂ ਤੋਂ ਹੀ ਨਾਮ ਅਤੇ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ,[32] ਜਿਸ ਦੁਆਰਾ ਮਨੁੱਖ ਅੰਦਰੋਂ ਤ੍ਰਿਸ਼ਨਾਵਾਂ ਦੀ ਅਗਨੀ ਦੂਰ ਹੁੰਦੀ ਹੈ,[33] ਤੇ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ । ਗੁਰੂ ਦੁਆਰਾ ਦਰਸਾਏ ਗਿਆਨ ਨੂੰ ਵਿਚਾਰਨਾ ਹੀ ਅਸਲੀ ਗਿਆਨ ਹੈ । ਨਿਰੰਜਨ ਨੂੰ ਲੱਭਣ ਲਈ ਹੋਰ ਕਰਮ-ਕਾਂਡ ਛੱਡਕੇ, ਸੱਚਾ ਸਿੱਖ, ਗੁਰ-ਸ਼ਬਦ ਅਨੁਸਾਰ ਕਮਾਈ ਕਰਦਾ ਹੈ । ਇਵੇਂ ਉਹ ਪਰਮਾਤਮਾ ਨੂੰ ਲੱਭ ਲੈਂਦਾ ਹੈ । ਸੱਚਾ ਜੋਗੀ ਉਹ ਹੈ ਜੋ ਗੁਰ-ਸ਼ਬਦ ਨੂੰ ਪਛਾਣਦਾ ਹੈ ।[34] ਆਵਾਗੌਣਾਂ ਦਾ ਚੱਕਰ ਗੁਰ-ਸ਼ਬਦ ਦੁਆਰਾ ਹੀ ਮਿਟਦਾ ਹੈ ।[35] ਗੁਰੂ-ਸ਼ਬਦ ਦੁਆਰਾ ਜੀਵ ਮੁਕਤ ਹੋ ਜਾਂਦਾ ਹੈ ।[36] ਸਤਿਗੁਰ ਦੇ ਮਿਲਾਪ ਤੋਂ ਬਿਨਾਂ ਕੋਈ ਵੀ ਮੁਕਤ ਨਹੀਂ ਹੋ ਸਕਦਾ,[37] ਕਿਉਂਕਿ ਗੁਰੂ ਦੁਆਰਾ ਹੀ ਮੁਕਤੀ ਦਾ ਦੁਆਰ ਖੁੱਲ੍ਹਦਾ ਹੈ ।[38]

---

27. ਮਾਨੈ ਹੁਕਮੁ ਸਭੇ ਗੁਣ ਗਿਆਨ ॥
    ਨਾਨਕ ਦਰਗਹ ਪਾਵੈ ਮਾਨੁ ॥ (ਗੁਰੂ ਗ੍ਰੰਥ, ਪੰਨਾ 944)
28. ਅੰਤਰਿ ਬਾਹਰਿ ਏਕੋ ਜਾਣੈ ॥
    ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥ (ਉਹੀ, ਪੰਨਾ 943)
2 . ਉਹੀ.
30. ਸਤਿਗੁਰੁ ਮਿਲੈ ਅੰਧੇਰਾ ਜਾਇ ॥ (ਉਹੀ, ਪੰਨਾ 939)
31. ਸਾਚ ਸਬਦ ਬਿਨੁ ਮੁਕਤਿ ਨ ਕੋਇ ॥ (ਉਹੀ, ਪੰਨਾ 938)
32. ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ (ਉਹੀ, ਪੰਨਾ 946)
33. ਗੁਰ ਵੀਚਾਰੀ ਅਗਨਿ ਨਿਵਾਰੀ ॥ (ਉਹੀ, ਪੰਨਾ 945)
34. ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥ (ਉਹੀ, ਪੰਨਾ 940)
35. ਆਵਾਗਉਣੁ ਮਿਟੈ ਗੁਰ ਸਬਦੀ . . . ॥ (ਉਹੀ)
36. ਸਬਦਿ ਗੁਰੂ ਭਵ ਸਾਗਰੁ ਤਰੀਐ . . . ॥ (ਉਹੀ, ਪੰਨਾ 944)
37. ਸਤਿਗੁਰੁ ਭੇਟੈ ਮੋਖ ਦੁਆਰ ॥ (ਉਹੀ)
38. ਨਾਨਕ ਗੁਰਮੁਖਿ ਮੁਕਤਿ ਦੁਆਰੁ ॥ (ਉਹੀ, ਪੰਨਾ 941)

ਇਸ ਪ੍ਰਕਾਰ ਗੁਰੂ ਦੁਆਰਾ ਹੀ ਮਨ ਦੀ ਨਿਸ਼ਾ ਹੁੰਦੀ ਹੈ। ਗੁਰੂ ਦਾ ਗਿਆਨ ਸਭ ਵੇਦਾਂ-ਸ਼ਾਸਤ੍ਰਾਂ ਦਾ ਗਿਆਨ ਕਰਾ ਦੇਂਦਾ ਹੈ। ਗੁਰੂ ਦੁਆਰਾ ਮਨ ਦੀ ਨਿਸ਼ਾ ਹੋ ਜਾਣ ਉਤੇ ਸੰਸਾਟ-ਸਾਗਰ ਤਰ ਜਾਈਦਾ ਹੈ, ਕਿਉਂਕਿ ਆਪਣੀ ਅੰਦਰਲੀ ਹਾਲਤ ਨੂੰ ਜਾਣ ਲਈਦਾ ਹੈ। ਗੁਰੂ ਦੁਆਰਾ ਅਲੱਖ ਤੇ ਅਪਾਰ ਪ੍ਰਭੂ ਮਿਲ ਪੈਂਦਾ ਹੈ। ਇਸ ਲਈ ਉਹ ਮਨੁੱਖ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਗੁਰੂ ਮਿਲ ਜਾਂਦਾ ਹੈ। ਗੁਰੂ ਜੀਵ ਦੇ ਅਵਗੁਣ ਦੂਰ ਕਰ ਕੇ, ਮਨੁੱਖ ਨੂੰ ਗੁਣ ਦੇ ਕੇ ਤਾਰ ਦੇਂਦਾ ਹੈ। ਗੁਰ-ਸ਼ਬਦ ਨੂੰ ਵਿਚਾਰ ਕੇ ਮੁਕਤੀ ਦਾ ਮਹਾਨ ਸੁੱਖ ਮਿਲਦਾ ਹੈ।[39]

(3) ਭਗਤੀ : ਨਾਮ-ਭਗਤੀ ਨੂੰ ਹੀ ਸਰਵ-ਉੱਤਮ ਪਰਵਾਨ ਕਰਦੇ ਹੋਏ, ਗੁਰੂ ਨਾਨਕ ਮੰਨਦੇ ਹਨ ਕਿ ਜੇ ਨਾਮ ਨੂੰ ਆਧਾਰ ਬਣਾਇਆ ਜਾਵੇ ਤਾਂ ਇਹ ਚੰਚਲ ਮਨ ਆਪਣੇ ਘਰ ਵਿਚ ਟਿਕ ਕੇ ਬਹਿ ਜਾਂਦਾ ਹੈ।[40] ਨਾਮ ਤੋਂ ਬਿਨਾ ਮਨ ਟਿਕ ਨਹੀਂ ਸਕਦਾ ਅਤੇ ਇਸ ਦੀ ਤ੍ਰਿਸ਼ਨਾ ਵੀ ਨਹੀਂ ਜਾਂਦੀ।[41] ਇਸ ਲਈ ਨਾਮ ਤੋਂ ਬਿਨਾਂ ਪ੍ਰਭੂ ਵਿਚ ਨਹੀਂ ਸਮਾਇਆ ਜਾ ਸਕਦਾ, ਅਰਥਾਤ ਮੁਕਤੀ ਪ੍ਰਾਪਤ ਨਹੀਂ ਹੁੰਦੀ।[42] ਨਾਮ ਵਿਚ ਲੱਗਣ ਨਾਲ ਹੀ ਹਉਮੈ ਜਾਂਦੀ ਹੈ, ਨਾਮ ਵਿਚ ਲੱਗੇ ਮਨੁੱਖ ਹੀ ਸੱਚ ਵਿਚ ਸਮਾਉਂਦੇ ਹਨ; ਨਾਮ ਵਿਚ ਲੱਗਣ ਨਾਲ ਹੀ ਤਿੰਨਾਂ ਭਵਨਾਂ ਦੀ ਸੋਝੀ ਪ੍ਰਾਪਤ ਹੁੰਦੀ ਹੈ; ਨਾਮ ਵਿਚ ਰੱਤੇ ਰਹਿਣ ਨਾਲ ਹੀ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ।[43] ਨਾਮ ਬਿਨਾ ਮੁਕਤੀ ਨਹੀਂ ਹੋ ਸਕਦੀ,[44] ਇਸ ਲਈ ਨਾਮ ਤੋਂ ਛੁੱਟ ਹੋਰ ਬੋਲਿਆ ਸਭ ਬੇਕਾਰ ਹੈ।

(ੲ) ਮੁਕਤੀ ਅਤੇ ਮੁਕਤ ਜੀਵ : ਸਿਧ ਗੋਸਟਿ ਵਿਚ ਮੁਕਤੀ-ਪ੍ਰਾਪਤ ਜੀਵ ਨੂੰ ਹੀ ਗੁਰਮੁਖ ਕਿਹਾ ਹੈ।[45] ਗੁਰਮੁਖ ਨੂੰ ਇਕ ਆਦਰਸ਼ ਜੀਵ ਪਰਵਾਨ ਕਰ ਕੇ ਉਸ ਦੇ ਲੱਛਣ ਦਿੱਤੇ ਹਨ। ਕਿਹਾ ਗਿਆ ਹੈ ਕਿ ਗੁਰਮੁਖ ਸੱਚ ਤੋਂ ਹੀ ਉਪਜਦਾ ਹੈ ਅਤੇ ਸੱਚ ਵਿਚ ਹੀ ਜੁੜਿਆ ਰਹਿੰਦਾ ਹੈ। ਜੋ ਸੱਚ ਦੁਆਰਾ ਸੱਚੇ ਹੋਏ ਹਨ ਉਹ ਪ੍ਰਭੂ ਨਾਲ ਇਕਮਿਕ ਹੋ ਜਾਂਦੇ ਹਨ,[46] ਉਹ ਘਰ-ਪਰਿਵਾਰ ਵਿਚ ਰਹਿੰਦਿਆਂ ਹੀ ਪੁਗ ਜਾਂਦੇ ਹਨ;[47] ਉਹ ਉੱਚੀ ਪਦਵੀ ਪ੍ਰਾਪਤ ਕਰਦੇ ਹਨ। ਗੁਰਮੁਖ ਨੂੰ ਸਾਰੀਆਂ ਸਿੱਧੀਆਂ ਅਤੇ ਬੁੱਧੀਆਂ ਪ੍ਰਾਪਤ ਹੋ

39. ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ ॥ (ਗੁਰੂ ਗ੍ਰੰਥ, ਪੰਨਾ 942)
40. ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥ (ਉਹੀ, ਪੰਨਾ 938)
41. ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥ (ਉਹੀ, ਪੰਨਾ 939)
42. ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥ (ਉਹੀ, ਪੰਨਾ 941)
43. ਨਾਮਿ ਰਤੇ ਪਾਵਹਿ ਮੋਖ ਦੁਆਰੁ ॥ (ਉਹੀ)
44. ...ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥ (ਉਹੀ, ਪੰਨਾ 945)
45. . ਗੁਰਮੁਖਿ ਮੁਕਤਾ ॥ (ਉਹੀ, ਪੰਨਾ 939)
46. ਸਾਚੇ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥ (ਉਹੀ, ਪੰਨਾ 940)
47. ਗੁਰਮੁਖਿ ਨਿਬਹੈ ਸਪਰਵਾਰਿ ॥ (ਉਹੀ, ਪੰਨਾ 941)

ਜਾਂਦੀਆਂ ਹਨ।[48] ਉਸ ਨੂੰ ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ।[49] ਉਹ ਚੰਗੇ ਮੰਦੇ ਸਮੇਂ ਦੀ ਹਾਲਤ ਜਾਣ ਲੈਂਦਾ ਹੈ।[50] ਉਹ ਆਪ ਤਾਂ ਤਰਦਾ ਹੀ ਹੈ, ਹੋਰਨਾਂ ਨੂੰ ਵੀ ਤਾਰਦਾ ਹੈ।[51] ਉਹ ਵੇਦਾਂ ਸ਼ਾਸਤ੍ਰਾਂ ਆਦਿ ਤੋਂ ਪ੍ਰੇਰਣਾ ਲੈਂਦਾ ਹੈ। ਉਹ ਕਿਸੇ ਨਾਲ ਵੈਰ ਵਿਰੋਧ ਨਹੀਂ ਕਰਦਾ।

ਗੁਰਮੁਖ ਜੂਨਾਂ ਤੋਂ ਰਹਿਤ ਹੋ ਜਾਂਦਾ ਹੈ ਅਤੇ ਉਹ ਪ੍ਰਭੂ ਦੀ ਦਰਗਾਹ ਵਿਚ ਮਾਣ ਪਾਉਂਦਾ ਹੈ। ਉਸ ਦੀ ਸੁਰਤਿ ਸਹਿਜ ਵਿਚ ਜੁੜੀ ਰਹਿੰਦੀ ਹੈ। ਉਸ ਦਾ ਆਪਣੇ ਅਸਲ ਸਰੂਪ ਵਿਚ ਵਾਸਾ ਰਹਿੰਦਾ ਹੈ।[52] ਪ੍ਰਭੂ ਨੂੰ ਮਨ ਵਿਚ ਵਸਾ ਕੇ ਏਕਾਂਤ ਰਹਿਣਾ, ਸੰਸਾਰ ਵਿਚ ਨਾ ਖੁਭਣਾ ਅਤੇ ਆਸਾਂ ਵਿਚ ਨਿਰਾਸ ਰਹਿਣਾ ਹੀ ਉਸ ਦਾ ਆਦਰਸ਼ ਹੁੰਦਾ ਹੈ।[53] ਉਹ ਸੰਸਾਰ ਸਾਗਰ ਵਿਚ, ਜਲ ਵਿਚ ਕਮਲ ਜਾਂ ਮੁਰਗਾਬੀ ਸਮਾਨ ਅਭਿੱਜ ਰਹਿੰਦਾ ਹੈ।[54] ਇਸ ਪ੍ਰਕਾਰ ਸਿਧ ਗੋਸਟਿ ਵਿਚ ਵੀ ਜੀਵਨ-ਮੁਕਤ ਜਾਂ ਗੁਰਮੁਖ ਨੂੰ ਸਰਬੋਤਮ ਮਨੁੱਖ ਮੰਨਿਆ ਗਿਆ ਹੈ। ਇਸ ਅਵਸਥਾ ਨੂੰ ਪ੍ਰਾਪਤ ਕਰਨਾ ਹੀ ਮਨੁੱਖ ਦਾ ਉਦੇਸ਼ ਦੱਸਿਆ ਗਿਆ ਹੈ।

(ਸ) ਪਰਮਾਤਮਾ : ਪਰਮਾਤਮਾ ਇਕ,[55] ਅਗਮ ਅਤੇ ਅਗੋਚਰ ਹੈ।[56] ਸ੍ਰਿਸ਼ਟੀ ਰਚਨਾਂ ਤੋਂ ਪਹਿਲਾਂ ਉਹ ਗੁਪਤ ਅਵਸਥਾ ਵਿਚ ਸੀ; ਜਦੋਂ ਪ੍ਰਭੂ ਨੂੰ ਨਿਰਗੁਣ ਜਾਂ ਸੁੰਨ ਰੂਪ ਮੰਨਿਆ ਜਾਂਦਾ ਹੈ। ਪਰ ਪ੍ਰਭੂ ਕੇਵਲ ਨਿਰਗੁਣ ਰੂਪ ਹੀ ਨਹੀਂ, ਸਰਬ-ਵਿਆਪੀ ਵੀ ਹੈ, ਸਭ ਸ੍ਰਿਸ਼ਟੀ ਉਸਦਾ ਹੀ ਸਗੁਣ ਰੂਪ ਹੈ। ਪ੍ਰਭੂ ਹੀ ਮਨੁੱਖ ਦੇ ਅੰਦਰ ਹੈ, ਪ੍ਰਭੂ ਹੀ ਬਾਹਰ ਹੈ। ਤਿੰਨਾਂ ਭਵਨਾਂ ਵਿਚ ਹੀ ਪ੍ਰਭੂ ਹੈ। ਪ੍ਰਭੂ ਸਭ ਜਗਾ ਵਿਆਪਕ ਹੈ। ਚੌਥੇ ਪਦ ਵਿਚ ਅੱਪੜ ਕੇ ਜੋ ਨਰ ਬ੍ਰਹਮ ਨੂੰ ਵੇਖ-ਸਮਝ ਲੈਂਦਾ ਹੈ, ਉਹ ਪਾਪ ਪੁੰਨ ਤੋਂ ਉਪਰ ਹੋ ਜਾਂਦਾ ਹੈ।[57] ਜੋ ਮਨੁੱਖ ਘਟਿ ਘਟਿ ਵਿਚ ਵਿਆਪਕ ਬ੍ਰਹਮ ਦਾ ਭੇਦ ਜਾਣ ਲੈਂਦਾ ਹੈ, ਉਹ ਆਦਿ-ਪੁਰਖ ਨਿਰੰਜਨ ਹਰੀ ਦਾ ਰੂਪ ਹੋ ਜਾਂਦਾ ਹੈ।[58] ਸਭ ਕੁਝ ਪਰਮਾਤਮਾ ਤੋਂ ਹੀ ਉਪਜਿਆ

---

48. ਗੁਰਮੁਖਿ ਅਸਟਸਿਧੀ ਸਭਿ ਬੁਧੀ ॥ (ਗੁਰੂ ਗ੍ਰੰਥ, ਪੰਨਾ 941)
49. ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥ (ਉਹੀ, ਪੰਨਾ 942)
50. ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ (ਉਹੀ, ਪੰਨਾ 941)
51. ਗੁਰਮੁਖਿ ਤਾਰੇ ਪਾਰਿ ਉਤਾਰੇ ॥ (ਉਹੀ)
52. ਗੁਰਮੁਖਿ ਨਿਜ ਘਰਿ ਵਾਸਾ ਹੋਇ ॥ (ਉਹੀ, ਪੰਨਾ 946)
53. ਰਹਹਿ ਏਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥ (ਉਹੀ, ਪੰਨਾ 938)
54. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥ (ਉਹੀ)
55. ਰਹਹਿ ਏਕਾਂਤਿ ਏਕੋ ਮਨਿ ਵਸਿਆ...॥ (ਉਹੀ)
56. ਅਗਮੁ ਅਗੋਚਰੁ ਦੇਖਿ ਦਿਖਾਏ...॥ (ਉਹੀ)
57. ਅੰਤਰਿ ਸੁੰਨ ਬਾਹਰਿ ਸੁੰਨੰ ਤ੍ਰਿਭਵਣ ਸੁੰਨਮ ਸੁੰਨੰ ॥
    ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥ (ਉਹੀ, ਪੰਨਾ 943)
58. ਘਟਿ ਘਟਿ ਸੁੰਨ ਕਾ ਜਾਣੈ ਭੇਉ ॥
    ਆਦਿ ਪੁਰਖੁ ਨਿਰੰਜਨ ਦੇਉ ॥ (ਉਹੀ)

ਹੈ, ਉਸ ਤੋਂ ਬਿਨਾਂ ਕੋਈ ਸਦੀਵੀ ਨਹੀਂ । ਸੱਚੇ ਹਰੀ ਨੂੰ, ਜੋ ਕਿ ਅਕੱਥ ਹੈ, ਪ੍ਰਾਪਤ ਕਰਨ ਤੋਂ ਬਿਨਾਂ ਕੋਈ ਸੁੱਚਾ ਨਹੀਂ ਹੈ ।[59] ਉਹ ਹਰ ਸਰੀਰ ਵਿਚ ਵਸਿਆ ਹੋਇਆ ਵੀ ਗੁਪਤ ਹੈ ।[60]

59. ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥ (ਗੁਰੂ ਗ੍ਰੰਥ, ਪੰਨਾ 946)

60. ਘਟਿ ਘਟਿ ਗੁਪਤਾ...॥ (ਉਹੀ, ਪੰਨਾ 939)

ਅਧਿਆਇ-੭

# ਮਾਰੂ ਸੋਲਹੇ

'ਮਹਾਨ ਕੋਸ਼' ਅਨੁਸਾਰ ਮਾਰੂ ਰਾਗ ਯੁੱਧ ਅਤੇ ਚਲਾਣੇ ਦੇ ਸਮੇਂ ਦਾ ਰਾਗ ਹੈ, ਦਿਨ ਦੇ ਤੀਜੇ ਪਹਿਰ ਸਾਧਾਰਣ ਰੀਤਿ ਅਨੁਸਾਰ ਗਾਇਆ ਜਾਂਦਾ ਹੈ। ਸੋਲਾਂ ਪਦਿਆਂ ਜਾਂ ਬੰਦਾਂ ਦੀ ਕਾਵਿ-ਰਚਨਾ 'ਸੋਲਹੇ' ਆਦਿ-ਗ੍ਰੰਥ ਵਿਚ ਸਿਰਫ਼ ਮਾਰੂ ਰਾਗ ਵਿਚ ਹੀ ਹੋਈ ਹੈ। ਗੁਰੂ ਨਾਨਕ ਨੇ ਇਸ ਰਾਗ ਵਿਚ 22 ਸਲੋਕਾਂ ਉੱਤੇ ਆਧਾਰਿਤ ਬਾਣੀ ਵਿਚ ਆਪਣੇ ਵਿਸ਼ਵ-ਸਿੱਧਾਂਤ ਨੂੰ ਵਧੇਰੇ ਸਪਸ਼ਟ ਕੀਤਾ ਹੈ। ਇਸ ਵਿਚ ਸ੍ਰਿਸ਼ਟੀ, ਨੈਤਿਕਤਾ ਅਤੇ 'ਸੱਚ' ਸੰਬੰਧੀ ਵਿਚਾਰ ਵਧੇਰੇ ਪ੍ਰਾਪਤ ਹਨ। ਅਸੀਂ ਇਸ ਬਾਣੀ ਦੇ ਦਾਰਸ਼ਨਿਕ ਤੱਤਾਂ ਨੂੰ ਇਥੇ ਵਿਵਸਥਿਤ ਰੂਪ ਦੇਣ ਦਾ ਪ੍ਰਯਾਸ ਕਰਦੇ ਹਾਂ :

## 1. ਭੌਤਿਕ ਵਰਗ

(ੳ) **ਸ੍ਰਿਸ਼ਟੀ** : (1) **ਉਤਪਤੀ** : ਇਹ ਸ੍ਰਿਸ਼ਟੀ ਪਰਮਾਤਮਾ ਦੀ ਰਚੀ ਹੋਈ ਹੈ। ਪਹਿਲਾਂ ਕੁਝ ਨਹੀਂ ਸੀ, ਚਾਰ ਚੁਫੇਰੇ ਅੰਧਕਾਰ ਹੀ ਅੰਧਕਾਰ ਸੀ। ਉਸ ਸਮੇਂ ਪਰਮਾਤਮਾ ਸਮਾਧੀ-ਸਰੂਪ ਨਿਰਗੁਣ ਬ੍ਰਹਮ ਸੀ।[1] ਫੇਰ ਉਹ ਨਿਰਗੁਣ ਤੋਂ ਸਗੁਣ ਹੋ ਕੇ ਸ੍ਰਿਸ਼ਟੀ ਦੇ ਰੂਪ ਵਿਚ ਪ੍ਰਗਟਿਆ। ਪਰਮਾਤਮਾ ਹੀ ਇਸ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ ਅਤੇ ਅੰਤ ਇਹ ਉਸੇ ਵਿਚ ਹੀ ਸਮਾ ਜਾਂਦੀ ਹੈ :

ਸੁੰਨਹੁ ਉਪਜੀ ਸੁੰਨਿ ਸਮਾਣੀ ॥ (ਗੁਰੂ ਗ੍ਰੰਥ, ਪੰਨਾ 1037)

ਏਥੇ 'ਸੁੰਨ' ਸ਼ਬਦ ਦਾ ਪ੍ਰਯੋਗ ਨਿਰਗੁਣ-ਸਰੂਪ ਪਰਮਾਤਮਾ ਲਈ ਹੀ ਕੀਤਾ ਗਿਆ ਹੈ। ਉਹ ਆਪ ਹੀ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ ਅਤੇ ਆਪ ਹੀ ਉਸ ਦਾ ਨਾਸ਼ ਕਰਦਾ ਹੈ। ਸਭ ਸ੍ਰਿਸ਼ਟੀ ਉਸ ਨਿਰਗੁਣ ਤੋਂ ਹੀ ਪੈਦਾ ਹੁੰਦੀ ਹੈ ਅਤੇ ਉਸੇ ਵਿਚ ਹੀ ਸਮਾ ਜਾਂਦੀ ਹੈ।[2]

(2) **ਵਿਸਤਾਰ** : ਕਰਤਾਰ ਨੇ ਪਹਿਲਾਂ ਉਤਭੁਜ ਪੈਦਾ ਕੀਤੇ ਅਤੇ ਆਪਣੇ ਹੁਕਮ ਦੁਆਰਾ ਇਹ ਕੌਤਕ ਵਰਤਾ ਦਿਤਾ। ਉਸ ਨੇ ਆਪਣੇ ਨਿਰਗੁਣ ਰੂਪ ਵਿਚੋਂ ਹੀ ਰਾਤ ਅਤੇ

---

1. ਕੇਤੜਿਆ ਜੁਗ ਧੁੰਧੂਕਾਰੈ ॥
   ਤਾੜੀ ਲਾਈ ਸਿਰਜਣਹਾਰੈ ॥ (ਗੁਰੂ ਗ੍ਰੰਥ, ਪੰਨਾ 1023)
2. ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥ (ਉਹੀ, ਪੰਨਾ 1035)

ਦਿਨ ਬਣਾਏ ਤੇ ਸਮੁੰਦਰ, ਚੰਦ੍ਰਮਾਂ, ਸੂਰਜ, ਧਰਤੀ, ਅਕਾਸ਼ ਆਦਿ ਸ੍ਰਿਸ਼ਟੀ ਦੇ ਸਭ ਅੰਗ ਸਾਜੇ ਹਨ । ਉਸ ਨੇ ਆਪ ਹੀ ਸ੍ਰਿਸ਼ਟੀ ਦਾ ਸਭ ਪਸਾਰਾ ਬਣਾਇਆ ਹੈ । ਇਸ ਸ੍ਰਿਸ਼ਟੀ ਵਿਚ ਸਤੋ, ਰਜੋ ਅਤੇ ਤਮੋ ਗੁਣ ਹਨ । ਇਸ ਸ੍ਰਿਸ਼ਟੀ ਦੀ ਅਸੀਮਤਾ ਦਾ ਅੰਦਾਜ਼ਾ ਜੀਵ ਨਹੀਂ ਲਾ ਸਕਦਾ ।[3] ਅਣਗਿਣਤ ਖੰਡ, ਮੰਡਲ, ਬ੍ਰਹਿਮੰਡ, ਸਭ ਪਰਮਾਤਮਾ ਦੇ ਰਚੇ ਹੋਏ ਹਨ ।[4]

(3) **ਸੰਚਾਲਨ :** ਇਸ ਸ੍ਰਿਸ਼ਟੀ ਦਾ ਸੰਚਾਲਨ ਪਰਮਾਤਮਾ ਖ਼ੁਦ ਕਰ ਰਿਹਾ ਹੈ । ਪਰਮਾਤਮਾ ਨੇ ਹੀ ਸ੍ਰਿਸ਼ਟੀ ਬਣਾਈ ਹੈ ਅਤੇ ਉਹੋ ਹੀ ਇਸ ਨੂੰ ਚਲਾ ਰਿਹਾ ਹੈ ।[5] ਉਹ ਨਿਰਗੁਣ ਆਪ ਹੀ ਰਚਨਾ ਕਰਦਾ ਹੈ ਅਤੇ ਆਪ ਹੀ ਉਸ ਦੀ ਸੰਭਾਲ ਕਰਦਾ ਹੈ । ਜਦੋਂ ਚਾਹੇ ਉਹ ਆਪਣੀ ਰਚਨਾ ਨੂੰ ਸਮਾਪਤ ਵੀ ਕਰ ਦੇਂਦਾ ਹੈ।[6] ਹਰ ਜੀਵ ਉਸ ਦਾ ਹੀ ਪ੍ਰੇਰਿਆ ਕਰਮ ਕਰ ਰਿਹਾ ਹੈ । ਦੁਨੀਆ ਦੀ ਹਰ ਸ਼ੈ ਉਸ ਦੇ ਹੁਕਮ ਵਿਚ ਚਲ ਰਹੀ ਹੈ ।[7] ਇਸ ਹੁਕਮ ਨੂੰ ਹੀ ਦੂਜੇ ਸ਼ਬਦਾਂ ਵਿਚ ਅਸੀਂ ਭੌਤਿਕ ਨਿਯਮ ਜਾਂ ਦੈਵੀ ਵਿਧਾਨ ਵੀ ਕਹਿ ਸਕਦੇ ਹਾਂ । ਇਹ ਨਿਯਮ ਦੁਨੀਆ ਨੂੰ ਵਿਵਸਥਿਤ ਅਤੇ ਸੁਚਾਰੂ ਰੂਪ ਵਿਚ ਚਲਾਉਂਦਾ ਹੈ ।

ਇਸ ਜਗਤ ਨੂੰ ਪ੍ਰਭੂ ਨੇ ਜਦੋਂ ਚਾਹਿਆ ਰਚਿਆ ਅਤੇ ਬਿਨਾ ਕਿਸੇ ਜ਼ਾਹਰੀ ਭੌਤਿਕੀ ਕਲਾ ਦੇ ਇਸ ਦੇ ਪਸਾਰੇ ਨੂੰ ਸਹਾਰਾ ਦਿਤਾ ।[8] ਸਾਰੀ ਬਨਸਪਤੀ, ਪੌਣ, ਪਾਣੀ, ਆਦਿ ਪ੍ਰਭੂ ਦੇ ਹੀ ਰਚੇ ਹੋਏ ਹਨ । ਪ੍ਰਭੂ ਨੇ ਧਰਤੀ ਨੂੰ ਕਰਮ ਕਮਾਉਣ ਦੀ ਥਾਂ ਬਣਾਇਆ ਹੈ, ਜਿੱਥੇ ਜੀਵ ਪ੍ਰਭੂ ਦੇ ਹੁਕਮ ਦੇ ਦੈਵੀ ਵਿਧਾਨ ਅੰਦਰ ਆਪਣੇ ਭੌਤਿਕੀ ਫ਼ਰਜ਼ ਨਿਭਾਉਂਦੇ ਹੋਏ ਆਪਣੇ ਕਰਮਾਂ ਰਾਹੀਂ ਆਪਣਾ ਅੱਗਾ ਸਫ਼ਲ ਜਾਂ ਅਸਫ਼ਲ ਕਰਦੇ ਹਨ[9] ਪਰ ਇਸ ਜਗਤ ਨੂੰ ਪਰਮਾਤਮਾ ਦੀ ਤਰ੍ਹਾਂ ਸਦੀਵੀ ਸਮਝ ਲੈਣਾ ਅਗਿਆਨਤਾ ਹੈ । ਇਸ ਦ੍ਰਿਸ਼ਟੀ ਤੋਂ ਇਹ ਜਗਤ ਖੇਲ-ਤਮਾਸ਼ੇ ਦੀ ਤਰ੍ਹਾਂ ਅਤੇ ਸੁਪਨੇ ਸਮਾਨ ਥੋੜ੍ਹ-ਚਿਰਾ ਹੈ ।[10]

(4) **ਜੀਵ** : 'ਚੌਰਾਸੀ ਲੱਖ' ਜੂਨਾਂ ਦੇ ਜੀਵ ਪ੍ਰਭੂ ਨੇ ਪੈਦਾ ਕੀਤੇ ਹਨ ਜੋ ਉਸ ਦੇ ਹੁਕਮ ਵਿਚ ਹੀ ਜੀਉਂਦੇ ਹਨ ।[11] ਪ੍ਰਭੂ ਆਪ ਹੀ ਤਰ੍ਹਾਂ ਤਰ੍ਹਾਂ ਦੇ ਜੀਵ ਪੈਦਾ ਕਰਦਾ ਹੈ, ਆਪ ਹੀ ਨਾਸ਼ ਕਰਦਾ ਹੈ, ਆਪੇ ਹਰ ਇਕ ਨੂੰ ਧੰਦੇ ਲਾਉਂਦਾ ਹੈ, ਅਤੇ ਆਪ ਹੀ ਉਨ੍ਹਾਂ ਦੇ

---

3. ਤਾ ਕਾ ਅੰਤੁ ਨ ਜਾਣੈ ਕੋਈ ॥ (ਗੁਰੂ ਗ੍ਰੰਥ, ਪੰਨਾ 1036)
4. ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥ (ਉਹੀ)
5. ਆਪੇ ਸਤਿਗੁਰੁ ਆਪੇ ਸੇਵਕੁ, ਆਪੇ ਸ੍ਰਿਸਟਿ ਉਪਾਈ ਹੇ ॥ (ਉਹੀ, ਪੰਨਾ 1025)
6. ਉਤਪਤਿ ਪਰਲਉ ਆਪਿ ਨਿਰਾਲਾ ॥ (ਉਹੀ, ਪੰਨਾ 1033)
7. ਕਰਿ ਕਰਿ ਦੇਖੈ ਹੁਕਮੁ ਸਬਾਇਆ ॥ (ਉਹੀ, ਪੰਨਾ 1036)
8. ਬਾਝੁ ਕਲਾ ਆਡਾਣੁ ਰਹਾਇਆ ॥ (ਉਹੀ)
9. ਧਰਤਿ ਉਪਾਇ ਧਰੀ ਧਰਮਸਾਲਾ ॥ (ਉਹੀ, ਪੰਨਾ 1037)
10. ਐਥੈ ਗੋਇਲੜਾ ਦਿਨ ਚਾਰੇ ॥ (ਉਹੀ, ਪੰਨਾ 1023)
11. ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥ (ਉਹੀ, ਪੰਨਾ 1034)

ਕਰਮਾਂ ਦਾ ਮੁਲੰਕਣ ਕਰਦਾ ਹੈ।[12] ਉਹ ਆਪ ਹੀ ਉਨ੍ਹਾਂ ਨੂੰ ਗੁਣ ਦੇਂਦਾ ਹੈ ਅਤੇ ਆਪ ਹੀ ਰਸਤੇ ਪਾਉਂਦਾ ਹੈ। ਇਸ ਪ੍ਰਕਾਰ ਉਹ ਆਪ ਹੀ ਜੀਵ ਪੈਦਾ ਕਰ ਕੇ ਉਨ੍ਹਾਂ ਨੂੰ ਪਾਲਦਾ ਤੇ ਸੰਭਾਲਦਾ ਹੈ।

(ਅ) ਮਨੁੱਖ : (1) ਸਰੀਰ : ਪਿਤਾ ਦੇ ਵੀਰਜ ਅਤੇ ਮਾਂ ਦੇ ਰਕਤ ਦੇ ਮੇਲ ਤੋਂ ਸਰੀਰ ਬਣਦਾ ਹੈ।[4] ਸਰੀਰ ਪੰਜਾਂ ਤੱਤਾਂ ਦਾ ਬਣਿਆ ਹੈ। ਇਹ ਪੰਜ ਤੱਤ ਪਰਮਾਤਮਾ ਦੇ ਨਿਰਗੁਣ ਰੂਪ ਤੋਂ ਪੈਦਾ ਹੋਏ ਹਨ। ਸੰਯੋਗ ਦੇ ਨਿਯਮ ਅਨੁਸਾਰ ਮਨੁਖ ਇਨ੍ਹਾਂ ਪੰਜਾਂ ਤੱਤਾਂ ਦੀ ਬਣੀ ਹੋਈ ਦੇਹ ਪ੍ਰਾਪਤ ਕਰਦਾ ਹੈ ਅਤੇ ਕਰਮਾਂ ਦੀ ਕਿਰਤ ਕਰਦਾ ਹੈ।[15] ਕਿਉਂਕਿ ਸਰੀਰ ਪਰਮਾਤਮਾ ਦੀ ਹੀ ਦਾਤ ਹੈ, ਇਸ ਲਈ ਇਸ ਨੂੰ ਵਿਅਰਥ ਨਹੀਂ ਸਮਝਣਾ ਚਾਹੀਦਾ। ਸਰੀਰ ਅਤੇ ਹਿਰਦਾ ਦੋਵੇਂ ਹੀ ਸੱਚੇ ਹਨ।[16] ਇਸ ਦੇਹ ਰੂਪੀ ਨਗਰ ਦੇ ਨੌ ਦਰਵਾਜ਼ੇ ਹਨ ਅਤੇ ਦਸਵੇਂ ਦੁਆਰ ਵਿਚ ਪ੍ਰਭੂ ਆਪ ਵਸਦਾ ਹੈ।[17] ਸਰੀਰ ਨਿੱਤ ਨਹੀਂ ਹੈ, ਨਾਸ਼ਵਾਨ ਹੈ।[18]

(2) ਭਾਵਨਾਵਾਂ : ਮਾਰੂ ਸੋਲਹੇ ਵਿਚ ਕਾਮ, ਕ੍ਰੋਧ, ਆਦਿਕ ਨੂੰ ਚੋਰ ਕਿਹਾ ਗਿਆ ਹੈ, ਜੋ ਚਿੱਤ ਨੂੰ ਡੁਲਾਉਂਦੇ ਹਨ। ਇਹ ਪਰਾਏ ਘਰ ਨੂੰ ਤੱਕਦੇ ਅਤੇ ਨਿੱਜ ਘਰ ਨੂੰ ਨਹੀਂ ਲੱਭਦੇ।[19] ਇਨ੍ਹਾਂ ਨੂੰ ਅੱਗ ਦੀਆਂ ਭਿਆਨਕ ਨਦੀਆਂ ਵੀ ਕਿਹਾ ਗਿਆ ਹੈ।[20] ਕਾਮ, ਕ੍ਰੋਧ, ਬੁਰਾ ਹੈ, ਇਸ ਦੀ ਚੋਲੀ ਕੱਚੀ ਹੈ।[21] ਜਿਹੜੀ ਇਸਤ੍ਰੀ ਇਹ ਚੋਲੀ ਪਾਉਂਦੀ ਹੈ ਛੇਤੀ ਨਸ਼ਟ ਹੋ ਜਾਂਦੀ ਹੈ। ਕਾਮਾਦਿ ਮਨੁੱਖ ਦੇ ਅੰਦਰ ਸ਼ੋਰ ਪਾਉਣ ਵਾਲੇ ਭਿਆਨਕ ਅਤੇ ਡਰਾਉਣੇ ਵੈਰੀ ਹਨੇ। ਇਹ ਭੂਤਨੇ, ਝਗੜਾ ਅਤੇ ਖਿੱਚਾ-ਖਿੱਚੀ ਕਰਦੇ ਹਨ। ਕਾਮਾਦਿਕ ਦੂਤਾਂ ਦੀ ਸੰਗਤ ਵਿਚ ਮਿਲ ਕੇ ਮਨ ਡੋਲਦਾ ਰਹਿੰਦਾ ਹੈ ਅਤੇ ਆਪਣੇ ਕੀਤੇ ਕਰਮਾਂ ਦਾ ਫ਼ਲ ਪਾਉਂਦਾ ਹੈ, ਇਸ ਲਈ ਇਨ੍ਹਾਂ ਨੂੰ ਛੱਡਣ ਉਤੇ ਜ਼ੋਰ ਹੈ।[22] ਕਾਮ-ਕ੍ਰੋਧ ਦੀ ਤਰ੍ਹਾਂ ਲੋਭ-ਮੋਹ ਵੀ ਬੁਰੇ

12. ਆਪਿ ਉਪਾਏ ਆਪਿ ਖਪਾਏ ॥
ਆਪੇ ਸਿਰਿ ਸਿਰਿ ਧੰਧੈ ਲਾਏ ॥ (ਗੁਰੂ ਗ੍ਰੰਥ, ਪੰਨਾ 1020)
13. ਸਰਬ ਜੀਆ ਪ੍ਰਤਿਪਾਲਿ ਸਮਾਲੇ . . . . ॥ (ਉਹੀ, ਪੰਨਾ 1027)
14. ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥ (ਉਹੀ, ਪੰਨਾ 1022)
15. ਪੰਚ ਤਤੁ ਸੁੰਨਹੁ ਪਰਗਾਸਾ ॥
ਦੇਹ ਸੰਜੋਗੀ ਕਰਮ ਅਭਿਆਸਾ ॥ (ਉਹੀ, ਪੰਨਾ 1038)
16. ਦੇਹੀ ਨਗਰੀ ਊਤਮ ਥਾਨਾ ॥ (ਉਹੀ, ਪੰਨਾ 1039)
17. ਸਾਚੀ ਨਗਰੀ ਤਖਤੁ ਸਚਾਵਾ ॥ (ਉਹੀ, ਪੰਨਾ 1023)
18. ਕਾਇਆ ਨਗਰੁ ਢਹੈ ਢਹਿ ਢੇਰੀ . . . ॥ (ਉਹੀ, ਪੰਨਾ 1021)
19. ਪੰਚ ਚੋਰ ਚੰਚਲ ਚਿਤੁ ਚਾਲਹਿ ॥
ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥ (ਉਹੀ)
20. ਚਾਰਿ ਨਦੀ ਅਗਨੀ ਅਸਰਾਲਾ ॥ (ਉਹੀ, ਪੰਨਾ 1031)
21. ਕਾਮ ਕ੍ਰੋਧ ਕੀ ਕਚੀ ਚੋਲੀ ॥ (ਉਹੀ, ਪੰਨਾ 1022)
22. ਛੋਡਹੁ ਕਾਮ ਕ੍ਰੋਧ ਬੁਰਿਆਈ ॥ (ਉਹੀ, ਪੰਨਾ 1026)

ਹਨ। ਮਨਸਾ ਦਾ ਚੰਦਰਾ ਰੋਗ ਉਨ੍ਹਾਂ ਨੂੰ ਵੀ ਚੰਬੜਿਆ ਹੋਇਆ ਹੈ। ਮੋਹ ਹਰ ਤਰ੍ਹਾਂ ਬੁਰਾ ਹੈ, ਚਾਹੇ ਉਹ ਧਨ ਨਾਲ ਹੋਵੇ, ਚਾਹੇ ਪਰਿਵਾਰ ਨਾਲ। ਜੋ ਮੋਹ ਕਾਰਨ ਖ਼ੁਆਰ ਹੁੰਦੇ ਹਨ ਉਹ ਫਿਟਕਾਰ-ਯੋਗ ਹਨ।[23] ਪਦਾਰਥਾਂ ਦੇ ਮੋਹ-ਪਸਾਰੇ ਸੰਗੀ-ਸਾਥੀ ਨਹੀਂ ਬਣਦੇ, ਇਸ ਲਈ ਇਨ੍ਹਾਂ ਨੂੰ ਤਿਆਗਣਾ ਹੀ ਚਾਹੀਦਾ ਹੈ।

ਸਭ ਵਿਕਾਰਾਂ ਦੀ ਜੜ੍ਹ ਤ੍ਰਿਸ਼ਨਾ ਹੈ। ਜਦੋਂ ਤ੍ਰਿਸ਼ਨਾ ਦਾ ਸੂਰਜ ਬਲਦਾ ਹੈ ਤਾਂ ਲਾਂਬੂ ਨਿਕਲਦੇ ਹਨ। ਇਹ ਅਗਨੀ ਘਟਦੀ ਨਹੀਂ ਵਧਦੀ ਹੀ ਹੈ।[24] ਤ੍ਰਿਸ਼ਨਾ ਦਾ ਕਾਰਨ ਹਉਮੈ ਹੈ। ਹਉਮੈ-ਰੂਪੀ ਚੋਰ ਸਰੀਰ-ਰੂਪੀ ਮੰਦਿਰ ਨੂੰ ਲੁੱਟਦਾ ਹੈ।[25] ਪਰ ਮਾਇਆਧਾਰੀ ਨੂੰ ਇਸ ਵੈਰੀ ਦਾ ਪਤਾ ਨਹੀਂ ਲਗਦਾ। ਇਹੀ ਕਾਰਨ ਹੈ ਕਿ ਗੁਰੂ ਜੀ ਇਸ ਵੈਰੀ ਨੂੰ ਵੱਸ ਕਰਨ ਉੱਤੇ ਬਹੁਤ ਜ਼ੋਰ ਦੇਂਦੇ ਹਨ।[26]

(3) ਅਰਥ : ਮਾਇਆ ਦੇ ਲੋਭੀ, ਮਾਇਆ ਲਈ ਦੌੜਦੇ ਹਨ।[27] ਇਸ ਮਨ ਨੂੰ ਮਾਇਆ ਦਾ ਬਹੁਤ ਮੋਹ ਹੈ। ਜੋ ਮਨੁੱਖ ਮਾਇਆ ਦੇ ਲੋਭ-ਵੱਸ ਹੋ ਕੇ ਕੂੜ ਕਮਾਉਂਦਾ ਹੈ ਉਸ ਨੂੰ ਆਸ਼ਾ, ਤ੍ਰਿਸ਼ਨਾ, ਹਉਮੈ, ਭਰਮ ਆਦਿਕ ਹੀ ਰਹਿੰਦੇ ਹਨ। ਪਰ ਇਹ ਸੋਝੀ ਕਿਸੇ ਗਿਆਨੀ ਨੂੰ ਹੀ ਆਉਂਦੀ ਹੈ।[28] ਇਹ ਸੱਚ ਹੈ ਕਿ ਮਾਇਆ ਨੂੰ ਛੱਡਣਾ ਬਹੁਤ ਮੁਸ਼ਕਲ ਹੈ। ਮੈਂ-ਮੇਰੀ ਅਤੇ ਮਾਇਆ ਦਾ ਤਿਆਗ ਸੌਖਾ ਨਹੀਂ, ਕੇਵਲ ਉਹ ਮਨੁੱਖ ਹੀ ਇਨ੍ਹਾਂ ਤੋਂ ਛੁੱਟਦੇ ਹਨ ਜੋ ਸੱਚ ਦੀ ਕਮਾਈ ਕਰਦੇ ਹਨ।[29]

## 2. ਬੌਧਿਕ ਵਰਗ

ਮਾਰੂ ਸੋਲਹੇ ਵਿਚ ਬੌਧਿਕ ਗਿਆਨ ਬਾਰੇ ਖ਼ਾਸ ਵਿਚਾਰ ਨਹੀਂ ਮਿਲਦੇ, ਅੰਤਰਬੋਧੀ ਗਿਆਨ ਦਾ ਵਰਣਨ ਹੀ ਮਿਲਦਾ ਹੈ। ਆਤਮ-ਬੋਧ ਜਾਂ ਆਪਣੇ ਆਪ ਨੂੰ ਜਾਣਨਾ ਹੀ ਸੱਚਾ ਗਿਆਨ ਪਰਵਾਨ ਕੀਤਾ ਗਿਆ ਹੈ।[30] ਆਤਮ-ਗਿਆਨ ਹੀ ਉਹ ਸਾਧਨ ਮੰਨਿਆ

---

23. ਮੇਰਾ ਮੇਰਾ ਕਰਿ ਰੋਵੀਜੈ॥
    ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗ ਜੀਵਣੁ ਸੰਸਾਰਾ ਹੇ॥ (ਗੁਰੂ ਗ੍ਰੰਥ, ਪੰਨਾ 1027)
24. ਸੂਰਜੁ ਤਪੈ ਅਗਨਿ ਬਿਖੁ ਝਾਲਾ॥ (ਉਹੀ, ਪੰਨਾ 1029)
25. ਅੰਤਰਿ ਚੋਰੁ ਮੁਹੈ ਘਰੁ ਮੰਦਰੁ . . .॥ (ਉਹੀ, ਪੰਨਾ 1031)
26. ਹਉਮੈ ਧੰਧੁ ਛੋਡਹੁ ਲੰਪਟਾਈ॥ (ਉਹੀ, ਪੰਨਾ 1026)
27. ਸਾਕਤ ਮਾਇਆ ਕਉ ਬਹੁ ਧਾਵਹਿ॥ (ਉਹੀ, ਪੰਨਾ 1029)
28. ਇਸੁ ਮਨ ਮਾਇਆ ਕਉ ਨੇਹੁ ਘਨੇਰਾ॥
    ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ॥ (ਉਹੀ, ਪੰਨਾ 1038)
29. ਮਾਇਆ ਮਮਤਾ ਛੋਡੀ ਨ ਜਾਈ॥
    ਸੇ ਛੂਟੇ ਸਚੁ ਕਾਰ ਕਮਾਈ॥ (ਉਹੀ, ਪੰਨਾ 1024)
30. ਆਪੁ ਵੀਚਾਰੇ ਗਿਆਨੀ ਸੋਈ॥ (ਉਹੀ, ਪੰਨਾ 1040)

ਗਿਆ ਹੈ ਜੋ ਮਨ ਨੂੰ ਕਾਬੂ ਕਰ ਕੇ, ਵਿਕਾਰਾਂ ਦੀ ਗ਼ੁਲਾਮੀ ਤੋਂ ਮੁਕਤੀ ਦੁਆ ਸਕਦਾ ਹੈ ।[31] ਬੌਧਿਕ ਜਾਂ ਸੰਸਾਰਿਕ ਗਿਆਨ ਨਾਲ ਮਾਇਆ ਦਾ ਪਰਦਾ ਦੂਰ ਨਹੀਂ ਹੁੰਦਾ, ਇਸ ਲਈ ਸੱਚੇ ਗੁਰੂ ਦੀ ਲੋੜ ਹੁੰਦੀ ਹੈ ।[32] ਬ੍ਰਹਮ-ਗਿਆਨ, ਜਿਸ ਤੋਂ ਪ੍ਰਭੂ ਦੀ ਸੋਝੀ ਹੁੰਦੀ ਹੈ, ਉੱਤਮ ਹੈ ।[33]

## 3. ਸੁਹਜਾਤਮਕ ਵਰਗ

ਅਧਿਆਤਮਿਕ ਸੁਹਜ ਇਸ ਬਾਣੀ ਦਾ ਦੂਜਾ ਮੁੱਖ ਵਿਸ਼ਾ ਹੈ, ਭੌਤਿਕ ਸੁਹਜ ਨੂੰ ਮਹੱਤਾ ਨਹੀਂ ਦਿਤੀ ਗਈ । ਪ੍ਰਭੂ ਅਤੇ ਉਸ ਦੀ ਸ੍ਰਿਸ਼ਟੀ ਦੀ ਅਲੌਕਿਕ, ਅਥਾਹ, ਅਸੀਮ ਅਤੇ ਅਕਥ ਸੁੰਦਰਤਾ ਦਾ ਬੜਾ ਹੀ ਵਿਸਤ੍ਰਿਤ ਤੇ ਵਿਸਮਾਦ-ਪੂਰਨ ਵਰਣਨ ਪ੍ਰਾਪਤ ਹੈ । ਮਨੁੱਖ ਅੰਦਰ ਪਰਮਾਤਮਾ ਦੀ ਜੋਤ ਆਤਮਾ, ਬੜੀ ਅਮੋਲਕ ਅਤੇ ਸੁਹਣੀ ਵਸਤੂ ਹੈ ।[34] ਰਚਣਹਾਰ ਪ੍ਰਭੂ ਬੇਅੰਤ ਹੈ, ਆਨੰਦ-ਸਰੂਪ ਹੈ, ਸੁੰਦਰ ਅਤੇ ਅਨੂਪ ਹੈ ।[35] ਸੱਚੇ ਗੁਰੂ ਤੋਂ ਪ੍ਰਾਪਤ ਬ੍ਰਹਮ-ਗਿਆਨ ਤੋਂ ਵਿਸਮਾਦ ਉਪਜਦਾ ਹੈ ਅਤੇ ਗੁਰਮੁਖ ਮਨੁੱਖ ਪ੍ਰਭੂ-ਭਗਤ ਹੋ ਜਾਂਦੇ ਹਨ ।[36] ਪਰਮਾਤਮਾ ਖ਼ੁਦ ਹੀ ਨਿਪੁੰਨ, ਸੁੰਦਰ ਅਤੇ ਸਿਆਣਾ ਹੈ ।[37] ਉਹ ਆਪ ਵੀ ਸੁੰਦਰ ਹੈ ਅਤੇ ਉਸ ਦੀ ਰਚੀ ਸ੍ਰਿਸ਼ਟੀ ਅਤੇ ਜੀਵ ਵੀ ।[38]

## 4. ਨੈਤਿਕ ਵਰਗ

ਮਾਰੂ ਸੋਲਹੇ ਵਿਚ ਕਰਮਾਂ ਅਤੇ ਕਰਮ-ਫ਼ਲ ਉੱਤੇ ਬਹੁਤ ਜ਼ੋਰ ਦੇਂਦਿਆਂ ਕਿਹਾ ਗਿਆ ਹੈ ਕਿ ਪਰਮਾਤਮਾ ਕਰਮਾਂ ਦਾ ਲੇਖਾ ਬੜੇ ਹੀ ਧਿਆਨ ਨਾਲ ਰੱਖਦਾ ਹੈ ਅਤੇ ਉਨ੍ਹਾਂ ਦਾ ਫ਼ਲ ਬੜੇ ਧਿਆਨ ਨਾਲ ਦੇਂਦਾ ਹੈ । ਪਰਮਾਤਮਾ ਦੇ ਦਰਬਾਰ ਵਿਚ ਕਰਮਾਂ ਦਾ ਲੇਖ਼ਾ ਇੰਜ ਲਿਆ ਜਾਂਦਾ ਹੈ ਜਿਵੇਂ ਕੋਹਲੂ ਵਿਚ ਤਿਲ ਪੀੜੇ ਜਾਂਦੇ ਹਨ ।[39] ਕਰਮਾਂ ਅਨੁਸਾਰ ਹੀ

---

31. ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥ (ਗੁਰੂ ਗ੍ਰੰਥ, ਪੰਨਾ 1022)
32. ਅਜਗਰ ਕਪਟੁ ਕਹਹੁ ਕਿਉ ਖੁਲੈ ਬਿਨੁ ਸਤਿਗੁਰ ਤਤੁ ਨ ਪਾਇਆ ।! (ਉਹੀ, ਪੰਨਾ 1043)
33. ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ (ਉਹੀ, ਪੰਨਾ 1032)
34. ਅੰਤਰਿ ਵਸਤੁ ਅਨੂਪ ਨਿਰਮੋਲਕ ਗੁਰਿ ਮਿਲਿਐ ਹਰਿ ਧਨੁ ਪਾਇਆ ॥ (ਉਹੀ, ਪੰਨਾ 1039)
35. ਕੁਦਰਤਿ ਕਰਨੈਹਾਰ ਅਪਾਰਾ ॥ (ਉਹੀ, ਪੰਨਾ 1042)
36. ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥ (ਉਹੀ, ਪੰਨਾ 1036)
37. ਆਪੇ ਸੁਘੜੁ ਸਰੂਪੁ ਸਿਆਣਾ ॥ (ਉਹੀ, ਪੰਨਾ 1021)
38. ਮੂਰਤਿ ਸੂਰਤਿ ਕਰਿ ਅਪਾਰਾ ॥ (ਉਹੀ, ਪੰਨਾ 1022)
39. ਲੇਖਾ ਲੀਜੈ ਤਿਲ ਜਿਉ ਪੀੜੀ ॥ (ਉਹੀ, ਪੰਨਾ 1028)

ਪਰਮਾਤਮਾ ਹੁਕਮ ਕਰਦਾ ਹੈ । ਇਨ੍ਹਾਂ ਅਰਥਾਂ ਵਿਚ ਹੀ, ਆਵਾਗੌਣ ਪਰਮਾਤਮਾ ਦਾ ਹੁਕਮ ਹੀ ਹੈ ।[40] ਇਹੀ ਕਾਰਨ ਹੈ ਕਿ ਗੁਰੂ ਜੀ ਮਨੁੱਖ ਨੂੰ ਚੰਗੇ ਕਰਮ ਕਰਨ ਅਤੇ ਬੁਰੇ ਕਰਮ ਛੱਡਣ ਦੀ ਪ੍ਰੇਰਣਾ ਦੇਂਦੇ ਹਨ । ਮਾਰੂ ਸੋਲਹੇ ਵਿਚ ਮਾਨਵੀ ਸੁਭਾ ਦੀਆਂ ਨੈਤਿਕ ਬੁਰਾਈਆਂ ਵੱਲ ਸੰਕੇਤ ਹੈ ਅਤੇ ਉਨ੍ਹਾਂ ਨੂੰ ਦੂਰ ਕਰ ਕੇ, ਆਦਰਸ਼ ਜੀਵਨ ਬਣਾਉਣ ਲਈ ਕੁਝ ਉੱਪਦੇਸ਼ ਵੀ ਮਿਲਦੇ ਹਨ। ਇਨ੍ਹਾਂ ਨੂੰ ਹੀ ਨਾਨਕ-ਬਾਣੀ ਦੇ ਨੈਤਿਕ ਸਿਧਾਂਤ ਦਾ ਅੰਸ਼ ਕਿਹਾ ਜਾ ਸਕਦਾ ਹੈ ।

ਗੁਰੂ ਨਾਨਕ ਅਨੁਸਾਰ ਮਾਇਆਧਾਰੀ ਜੀਵ ਬੁਰਾਈਆਂ ਅਤੇ ਕਪਟ ਵਿਚ ਮਸਤ ਹੈ ਅਤੇ ਰਾਤ ਦਿਨ ਲੋਕਾਂ ਦੀ ਨਿੰਦਾ ਕਰਦਾ ਹੈ । ਪਰ ਨਿੰਦਕ ਮਨੁੱਖ ਆਜ਼ਾਦ ਨਹੀਂ ਹਨ, ਉਹ ਬੰਨ੍ਹੇ ਹੋਏ ਹਨ, ਇਸੇ ਕਾਰਨ ਹੀ ਉਹ ਨਸ਼ਟ ਹੁੰਦੇ ਹਨ ।[41] ਇਸ ਨਾਸ਼ ਤੋਂ ਬਚਣ ਲਈ ਹਉਮੈ ਦੇ ਸਥਾਨ ਤੇ ਸ਼ਬਦ ਨੂੰ ਵਸਾਣਾ ਚਾਹੀਦਾ ਹੈ । ਜਿੰਨਾ ਚਿਰ ਮਨੁੱਖ ਹਉਮੈ ਨਹੀਂ ਛੱਡਦਾ ਉਹ ਆਪਣੇ ਅਸਲੀ ਸਰੂਪ ਨੂੰ ਨਹੀਂ ਪਛਾਣ ਸਕਦਾ ।[42] ਜੋ ਮੱਨੁਖ ਸਤਿ, ਸੰਤੋਖ ਧਾਰਣ ਕਰਦਾ ਹੈ ਉਹ ਸ਼ਾਂਤ ਹੋ ਜਾਂਦਾ ਹੈ, ਉਸ ਦੀ ਲਿਵ ਪ੍ਰਭੂ ਚਰਣਾ ਵਿਚ ਲੱਗ ਜਾਂਦੀ ਹੈ ।[43] ਸਤਿ, ਸੰਤੋਖ ਦੇ ਨਾਲ, ਮਾਰੂ ਸੋਲਹੇ ਵਿਚ ਖਿਮਾ ਧਾਰਨ ਉੱਤੇ ਵੀ ਜ਼ੋਰ ਦਿੱਤਾ ਹੈ । ਗੁਰੂ ਜੀ ਕਹਿੰਦੇ ਹਨ ਜਿਸ ਦੇ ਅੰਦਰ ਸਤਿ, ਸੰਤੋਖ ਅਤੇ ਸੰਜਮ ਵੱਸਦੇ ਹਨ ਉਹ ਪ੍ਰਭੂ ਦੀ ਸ਼ਰਣ ਵਿਚ ਰਹਿੰਦਾ ਹੈ ।[44] ਉਸਨੂੰ ਪ੍ਰਭੂ ਸਹਿਜੇ ਹੀ ਮਿਲ ਜਾਂਦਾ ਹੈ । ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਪੰਜ ਚੋਰਾਂ-ਵਿਕਾਰਾਂ ਨੂੰ ਮਾਰਣ ਲਈ, ਪੰਜ ਬਾਣ ਦੱਸੇ ਹਨ—ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ । ਇਹ ਸ਼ੁਭ ਗੁਣ ਹੀ ਮਨਮੁੱਖ ਨੂੰ ਗੁਰਮੁੱਖ ਬਣਾਉਂਦੇ ਹਨ ।

ਕਰਮ-ਕਾਂਡੀ ਧਾਰਮਿਕ ਵਿਚਾਰਾਂ ਦਾ ਖੰਡਨ ਵੀ ਇਸ ਬਾਣੀ ਵਿਚ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਸਿਰਫ ਧਾਰਮਿਕ ਪੁਸਤਕਾਂ ਦੇ ਪੜ੍ਹਨ ਜਾਂ ਸੁਣਨ ਨਾਲ ਮੁਕਤੀ ਨਹੀਂ ਮਿਲਦੀ; ਗ੍ਰੰਥਾਂ ਦੇ ਗਿਆਨ ਉੱਤੇ ਵਿਚਾਰ ਕਰਨਾ ਅਤੇ ਉਨ੍ਹਾਂ ਅਨੁਸਾਰ ਚੱਲਣਾ ਵੀ ਜ਼ਰੂਰੀ ਹੈ । ਜਗਤ ਨੂੰ ਤਿਆਗ ਕੇ ਭੁੱਖੇ ਨੰਗੇ ਰਹਿਣਾ, ਥਾਂ ਥਾਂ ਉੱਤੇ ਭੌਣਾਂ, ਤੀਰਥ ਇਸ਼ਨਾਨ ਕਰਨੇ, ਧੂਣੀਆਂ ਤਪਾਉਣੀਆਂ ਅਤੇ ਸਰੀਰ ਨੂੰ ਕਸ਼ਟ ਦੇਣਾ ਵੀ ਅਸਲੀ

---

40. ਹੁਕਮੇ ਆਵੈ ਹੁਕਮੇ ਜਾਵੈ ॥ (ਗੁਰੂ ਗ੍ਰੰਥ, ਪੰਨਾ 1025)
41. ਸਾਕਤ ਕੂੜ ਕਪਟ ਮਹਿ ਟੇਕਾ ॥
ਅਹਿਨਿਸਿ ਨਿੰਦਾ ਕਰਹਿ ਅਨੇਕਾ ॥ (ਉਹੀ, ਪੰਨਾ 1030)
42. ਹਉਮੈ ਮੇਟਿ ਸਬਦਿ ਸੁਖੁ ਹੋਈ ॥
ਆਪੁ ਵੀਚਾਰੇ ਗਿਆਨੀ ਸੋਈ ॥ (ਉਹੀ, ਪੰਨਾ 1040)
43. ਸਤ ਸੰਤੋਖਿ ਸਬਦਿ ਅਤਿ ਸੀਤਲੁ ਸਹਜ ਭਾਇ ਲਿਵ ਲਾਇਆ ॥ (ਉਹੀ, ਪੰਨਾ 1038)
44. ਸਤੁ ਸੰਤੋਖੁ ਨਗਰ ਮਹਿ ਕਾਰੀ ॥
ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥ (ਉਹੀ, ਪੰਨਾ 1037)

ਧਰਮ ਦੇ ਲੱਛਣ ਨਹੀਂ ਹਨ। ਪੁੰਨ, ਦਾਨ, ਆਦਿਕ ਧਾਰਮਿਕ ਕਰਮ-ਕਾਂਡ ਵੀ ਵਿਅਰਥ ਹਨ, ਕਿਉਂਕਿ ਇਨ੍ਹਾਂ ਨਾਲ ਕਾਮ, ਕ੍ਰੋਧ ਅਤੇ ਹਉਮੈ ਨਹੀਂ ਮਿਟਦੀ।[45]

## 5. ਅਧਿਆਤਮਿਕ ਵਰਗ

(ੳ) ਆਤਮਾ : ਪੰਜ-ਤੱਤੀ ਸਰੀਰ ਵਿਚ ਆਤਮਾ ਦਾ ਵਾਸ ਹੈ।[46] ਹੰਸ-ਰੂਪੀ ਜੀਵਾਤਮਾ ਕਾਇਆ-ਰੂਪ ਨਾਰ ਨਾਲ ਪ੍ਰੀਤ ਬਣਾ ਲੈਂਦਾ ਹੈ। ਜੀਵਾਤਮਾ ਜੋਗੀ ਹੈ, ਜੋ ਫ਼ੇਰਾ ਪਾ ਕੇ ਚਲਿਆ ਜਾਂਦਾ ਹੈ ਅਤੇ ਦੇਹ, ਸੁੰਦਰ ਇਸਤ੍ਰੀ ਵਾਂਗ ਹੈ ਜੋ ਉਸ ਨਾਲ ਪ੍ਰੇਮ ਪਾ ਕੇ ਪਿਛੋਂ ਖੁਆਰ ਹੁੰਦੀ ਹੈ। ਜੀਵਾਤਮਾ ਰੰਗ-ਰਲੀਆਂ ਮਾਨਣ ਵਾਲਾ ਬਣ ਕੇ ਰਾਤ-ਦਿਨ ਦੇਹ ਨੂੰ ਭੋਗਦਾ ਹੈ ਪਰ ਤੁਰਨ ਲਗਿਆਂ ਉਸ ਨੂੰ ਪੁਛਦਾ ਵੀ ਨਹੀਂ, ਅਰਥਾਤ ਦੇਹ ਅਤੇ ਆਤਮਾ ਦੇ ਸੰਬੰਧ ਸਦੀਵੀ ਨਹੀਂ ਹਨ। ਵਿਨਾਸ਼ ਦੇਹ ਦਾ ਹੁੰਦਾ ਹੈ, ਆਤਮਾ ਦਾ ਨਹੀਂ।

(ਅ) ਮੁਕਤੀ ਦੇ ਸਾਧਨ : ਹੁਣ ਪ੍ਰਸ਼ਨ ਉਠਦਾ ਹੈ ਕਿ ਦੇਹ ਆਵਾਗੌਣ ਦੇ ਚੱਕਰ ਤੋਂ ਕਿਸ ਪ੍ਰਕਾਰ ਬਚ ਸਕਦੀ ਹੈ ਜਾਂ ਮੁਕਤੀ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ ? ਮਾਰੂ ਸੋਲਹੇ ਅਨੁਸਾਰ ਜੇ ਕੋਈ ਸ਼ੁਭ ਗੁਣ ਧਾਰਣ ਕਰਦਾ ਹੈ, ਉਹ ਮੁਕਤੀ ਪ੍ਰਾਪਤ ਕਰ ਸਕਦਾ ਹੈ, ਪਰ ਇਸ ਦੇ ਨਾਲ ਹਉਮੈ ਨੂੰ ਮਾਰਨਾ ਵੀ ਬਹੁਤ ਜ਼ਰੂਰੀ ਹੈ। ਹਉਮੈ ਮਾਰਨ ਨਾਲ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ,[47] ਪਰ ਇਹ ਸਭ ਕੁਝ ਤਾਂ ਹੀ ਹੁੰਦਾ ਹੈ ਜੇ ਪਰਮਾਤਮਾ ਦੀ ਮਿਹਰ ਹੋਵੇ।[48]

ਸ਼ਬਦ ਦੀ ਪ੍ਰਾਪਤੀ ਲਈ ਗੁਰੂ ਦਾ ਬਹੁਤ ਮਹਤ੍ਵ ਹੈ। ਸੰਸਾਰ-ਸਾਗਰ ਤਰਨ ਲਈ ਵੀ ਗੁਰੂ ਹੀ ਜਹਾਜ਼ ਹੈ, ਉਹ ਹੀ ਬੇੜੀ ਦਾ ਤੁਲਹਾ ਹੈ ਜੋ ਹਰੀ ਨਾਮ ਦੇ ਜਾਪ ਦੁਆਰਾ ਜੀਵਾਂ ਨੂੰ ਸੰਸਾਰ-ਸਾਗਰ ਪਾਰ ਕਰਾਉਂਦਾ ਹੈ।[49] ਇਸ ਪ੍ਰਕਾਰ, ਨਾਮ ਬਿਨਾਂ ਮੁਕਤੀ ਨਹੀਂ ਮਿਲ ਸਕਦੀ।[50] ਜਿਸ ਦੇ ਪੱਲੇ ਨਾਮ ਹੈ ਉਸ ਨੂੰ ਕੋਈ ਚੋਰ ਨਹੀਂ ਲੱਗਦਾ।[51] ਇਸ ਲਈ ਹੀ ਗੁਰੂ ਜੀ ਨੇ ਮਾਰੂ ਸੋਲਹੇ ਵਿਚ ਬਾਕੀ ਸਾਰੇ ਸਾਧਨਾਂ ਨਾਲੋਂ ਨਾਮ-ਭਗਤੀ ਨੂੰ ਵਧੇਰੇ ਮਹਤ੍ਵ ਦੇਂਦਿਆਂ ਕਿਹਾ ਹੈ ਕਿ ਜੇ ਇਸ ਲਈ ਮਨ, ਤਨ ਅਤੇ ਧਨ ਦਾ ਤਿਆਗ ਵੀ ਕਰਨਾ ਪਵੇ ਤਾਂ ਕਰ ਦੇਣਾ ਚਾਹੀਦਾ ਹੈ।[52] ਅਤੇ ਕਿਉਂਕਿ ਗੁਰੂ ਹੀ ਇਸ ਸੁਚੱਜੇ ਮਾਰਗ ਉੱਤੇ ਚੱਲਣ

---

45. ਕਰਹਿ ਬਿਭੂਤਿ ਲਗਾਵਹਿ ਭਸਮੈ ॥
ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥ (ਗੁਰੂ ਗ੍ਰੰਥ, ਪੰਨਾ 1013)
46. ਤਿਸੁ ਮਹਿ ਪੰਚ ਤਤੁ ਘਰਿ ਵਾਸਾ ॥ (ਉਹੀ, ਪੰਨਾ 1031)
47. ਹਉਮੈ ਮੇਟਿ ਸਬਦਿ ਸੁਖੁ ਹੋਈ ॥ (ਉਹੀ, ਪੰਨਾ 1040)
48. ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ ॥ (ਉਹੀ, ਪੰਨਾ 1032)
49. ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥ (ਉਹੀ, ਪੰਨਾ 1040)
50. ਰਾਮਨਾਮ ਬਿਨੁ ਮੁਕਤਿ ਨ ਹੋਇ . . . ॥ (ਉਹੀ, ਪੰਨਾ 1025)
51. ਤਸਕਰੁ ਚੋਰ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥ (ਉਹੀ, ਪੰਨਾ 1039)
52. ਮਨ ਤਨ ਧਨ ਤੇ ਨਾਮੁ ਪਿਆਰਾ ॥ (ਉਹੀ, ਪੰਨਾ 1042-43)

ਦਾ ਉੱਪਦੇਸ਼ ਦੇਂਦਾ ਹੈ, ਇਸ ਲਈ ਉਸ ਦੀ ਬਾਣੀ ਨੂੰ ਸੱਚਾ ਮੰਨ ਕੇ ਚੱਲਣਾ ਚਾਹੀਦਾ ਹੈ ।[53]

**(ੲ) ਮੁਕਤੀ ਅਤੇ ਮੁਕਤ ਜੀਵ** : ਆਵਾਗੌਣ ਤੋਂ ਛੁਟਕਾਰਾ ਜਾਂ ਗਰਭ-ਜੂਨ ਵਿਚ ਨਾ ਆਉਣਾ ਹੀ ਮੁਕਤੀ ਹੈ ।[54] ਪ੍ਰਸ਼ਨ ਹੈ ਕਿ ਜਦ ਆਤਮਾ ਨੂੰ ਇਸ ਆਉਣ-ਜਾਣ ਦੇ ਚੱਕਰ ਤੋਂ ਮੁਕਤੀ ਮਿਲ ਜਾਂਦੀ ਹੈ ਤਾਂ ਫ਼ੇਰ ਉਸ ਦੀ ਕੀ ਅਵੱਸਥਾ ਹੁੰਦੀ ਹੈ, ਉਹ ਕਿੱਥੇ ਰਹਿੰਦੀ ਹੈ ? ਮਾਰੂ ਸੋਲਹੇ ਵਿਚ ਇਸ ਨੂੰ ਬਹੁਤ ਚੰਗੇ ਢੰਗ ਨਾਲ ਸਮਝਾਇਆ ਗਿਆ ਹੈ । ਮੁਕਤ ਆਤਮਾ ਪਰਮਾਤਮਾ ਵਿਚ ਉਸ ਪ੍ਰਕਾਰ ਹੀ ਮਿਲ ਜਾਂਦੀ ਹੈ ਜਿਵੇਂ ਪਾਣੀ ਪਾਣੀ ਵਿਚ ਮਿਲ ਜਾਂਦਾ ਹੈ । ਉਨ੍ਹਾਂ ਦਾ ਏਕਾਕਾਰ ਹੋ ਜਾਂਦਾ ਹੈ । ਇਹ ਵਿਦੇਹ ਮੁਕਤੀ ਦਾ ਸਰਵ-ਸ੍ਰੇਸ਼ਟ ਸਰੂਪ ਹੈ ।

**(ਸ) ਪਰਮਾਤਮਾ** : ਮਾਰੂ ਸੋਲਹੇ ਦੇ ਸ਼ੁਰੂ ਵਿਚ ਹੀ ਗੁਰੂ ਜੀ ਨੇ 'ਸੱਚ' ਸ਼ਬਦ ਦੀ ਵਿਆਖਿਆ ਕੀਤੀ ਹੈ । ਕੇਵਲ ਪ੍ਰਭੂ ਨੂੰ ਹੀ ਸੱਚਾ ਕਿਹਾ ਗਿਆ ਹੈ ਕਿਉਂਕਿ ਉਹ ਹੀ ਸਥਿਰ ਤੇ ਸਦੀਵੀ ਹੈ । ਬਾਕੀ ਸਭ ਕੁਝ ਨਾਸ਼ਵਾਨ ਹੈ । ਸੱਤ ਹੀ ਅਸਲੀ ਪੂੰਜੀ ਹੈ, ਸੱਚ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ ਹੈ ।[56] ਯੁਗਾਂ-ਯੁਗਾਂਤਰਾਂ ਵਿਚ ਉਹ ਹੀ ਸੱਚਾ ਹੈ; ਹੁਣ ਵੀ ਸੱਚਾ ਹੈ ਅਤੇ ਅਗੋਂ ਵੀ ਸੱਚਾ ਹੀ ਰਹੇਗਾ ।[57] ਸੱਚ ਤੋਂ ਉਤਾਂਹ ਕੋਈ ਨਹੀਂ ਹੈ । ਉਹ ਹੀ ਸਭ ਦਾ ਮਾਲਿਕ ਹੈ ।[58] ਉਹ ਆਪ ਤਾਂ ਸੱਚਾ ਹੈ ਹੀ, ਜੋ ਜੀਵ ਵੀ ਸੱਚੇ ਹੋ ਜਾਂਦੇ ਹਨ, ਉਹ ਵੀ ਉਸ ਪਾਸ ਅਮਰਪੁਰੀ ਹੀ ਰਹਿੰਦੇ ਹਨ—ਇਹੋ ਉਨ੍ਹਾਂ ਦੀ ਵਡਿਆਈ ਹੈ ।[59]

---

53. ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ . . . ॥ (ਗੁਰੂ ਗ੍ਰੰਥ, ਪੰਨਾ 1028)
54. ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥ (ਉਹੀ, ਪੰਨਾ 1040)
55. . . . ਸਲਲੈ ਸਲਲ ਮਿਲਾਤਾ ਹੇ ॥ (ਉਹੀ, ਪੰਨਾ 1031-32)
56. ਸਾਚੀ ਕੀਰਤਿ ਸਾਚੀ ਬਾਣੀ ॥ ਹੋਰ ਨ ਦੀਸੈ ਬੇਦ ਪੁਰਾਣੀ ॥
    ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ ॥ (ਉਹੀ, ਪੰਨਾ 1022)
57. ਆਦਿ ਜੁਗਾਦਿ ਹੈ ਭੀ ਹੋਸੀ . . . ॥ (ਉਹੀ, ਪੰਨਾ 1039)
58. ਸਚੇ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥ (ਉਹੀ, ਪੰਨਾ 1023)
59. ਸਚਾ ਅਮਰੁ ਸਚੇ ਅਮਰਾਪੁਰਿ ਸੋ ਸਚੁ ਮਿਲੈ ਵਡਾਈ ਹੇ ॥ (ਉਹੀ, ਪੰਨਾ 1002))

ਅਧਿਆਇ-੮

# ਬਾਰਹਮਾਹਾ ਤੁਖਾਰੀ

ਤੁਖਾਰੀ ਰਾਗ ਵਿਚ ਗੁਰੂ ਨਾਨਕ ਸਾਹਿਬ ਨੇ ਕੇਵਲ ਛੰਤ ਹੀ ਰਚੇ ਹਨ। ਪਹਿਲੇ 17 ਬੰਦਾਂ ਦੇ ਛੰਤਾਂ ਵਿਚ ਆਪ ਨੇ ਲੋਕ-ਕਾਵਿ ਦੇ ਰੂਪ ਬਾਰਹਮਾਹਾ ਅਤੇ ਛੰਤ ਵਾਲੇ ਕਾਵਿ-ਰੂਪ ਨੂੰ ਮਿਲਾ ਦਿਤਾ ਹੈ। ਬਾਰਹਮਾਹਾ ਵਿਯੋਗ ਦੀ ਸ਼ਿੰਗਾਰ ਰਚਨਾ ਹੁੰਦੀ ਹੈ ਅਤੇ ਛੰਤ ਸੰਜੋਗ ਦੀ। ਤੁਖਾਰੀ ਦਾ ਰੂਪ ਸਰਦੀ ਜਾਂ ਵਿਛੋੜੇ ਵਿਚ ਮੁਰਝਾਈ ਆਤਮਾ ਹੈ, ਛੰਤ ਦਾ ਭਾਵ ਵਿਵਾਹ ਦਾ ਗੀਤ ਜਾਂ ਮਿਲਾਪ ਹੈ।

ਪੁਰਾਤਨ ਜਨਮ ਸਾਖ਼ੀ ਅਨੁਸਾਰ ਬਾਰਹਮਾਹਾ ਗੁਰੂ ਨਾਨਕ ਦੇਵ ਜੀ ਦੀ ਅੰਤਿਮ ਰਚਨਾ ਕਹੀ ਜਾਂਦੀ ਹੈ।[1] ਡਾ. ਤਾਰਨ ਸਿੰਘ ਦਾ ਵੀ ਵਿਚਾਰ ਹੈ ਕਿ ਇਸ ਰਚਨਾ ਵਿਚਲੇ ਚਿਤ੍ਰਾਂ ਨੂੰ ਵਿਚਾਰਨ ਤੋਂ ਪਤਾ ਲਗਦਾ ਹੈ ਕਿ ਇਹ ਰਚਨਾ ਜੀਵਨ ਦੇ ਅੰਤਲੇ ਸਮੇਂ ਵਿਚ ਹੋਈ ਹੋਵੇਗੀ। ਰੁੱਤਾਂ ਦੀ ਤਬਦੀਲੀ ਤੇ ਇਸਤ੍ਰੀ ਮਨ ਦੇ ਭਾਵਾਂ ਦਾ ਵਰਣਨ ਬੜੀ ਹੀ ਡੂੰਘੀ ਸੂਝ ਨਾਲ ਕੀਤਾ ਹੈ, ਜੋ ਜੀਵਨ ਦੇ ਪ੍ਰੌੜ੍ਹ ਸਮੇਂ ਵਿਚ ਹੀ ਪ੍ਰਾਪਤ ਹੋ ਸਕਦਾ ਹੈ।[2]

ਬਾਰਹਮਾਹਾ ਤੁਖਾਰੀ ਨੂੰ ਤਿੰਨ ਪੱਖਾਂ ਤੋਂ ਦੇਖਿਆ ਜਾ ਸਕਦਾ ਹੈ। (1) ਸੁਹਜਾਤਮਕ ਪੱਖ—ਪ੍ਰਕ੍ਰਿਤੀ ਚਿਤ੍ਰਣ, (2) ਸਮਾਜਿਕ ਪੱਖ—ਉਸ ਸਮੇਂ ਦੇ ਸਮਾਜ ਵਿਚ ਇਸਤ੍ਰੀ-ਪੁਰਸ਼ ਦੇ ਸੰਬੰਧਾਂ ਦਾ ਚਿਤ੍ਰਣ, ਅਤੇ (3) ਅਧਿਆਤਮਿਕ ਪੱਖ। ਭੌਤਿਕ ਅਤੇ ਨੈਤਿਕ ਵਿਚਾਰਾਂ ਦੇ ਤੱਤ ਨਾਮ ਮਾਤਰ ਹੀ ਪ੍ਰਗਟ ਹੁੰਦੇ ਹਨ। ਇਵੇਂ ਇਸ ਰਚਨਾ ਨੂੰ ਭਿੰਨ-ਭਿੰਨ ਪੱਖਾਂ ਤੋਂ ਵੇਖ ਕੇ ਅਸੀਂ ਭਿੰਨ-ਭਿੰਨ ਸੰਕਲਪਾਂ ਨੂੰ ਭਾਲ ਸਕਦੇ ਹਾਂ, ਪਰ ਇਹ ਗੱਲ ਧਿਆਨ ਰੱਖਣ ਯੋਗ ਹੈ ਕਿ ਅਲੱਗ-ਅਲੱਗ ਸੰਕਲਪ ਇਸ ਦੇ ਭਾਗ ਨਹੀਂ, ਪੱਖ ਹਨ।

## 1. ਸੁਹਜਾਤਮਕ ਵਰਗ

ਗੁਰੂ ਜੀ ਨੇ ਚਰਚਾ ਕੀਤੀ ਹੈ ਕਿ ਸਰੀਰਿਕ ਸੁੰਦਰਤਾ ਸਦੀਵੀ ਨਹੀਂ ਹੈ। ਸਮੇਂ ਦੇ ਨਾਲ ਬੁਢਾਪਾ ਆ ਜਾਂਦਾ ਹੈ, ਜਵਾਨੀ ਚਲੀ ਜਾਂਦੀ ਹੈ।[3]

ਸੁੰਦਰਤਾ ਦੇ ਦ੍ਰਿਸ਼ਟੀ-ਕੋਣ ਤੋਂ ਬਾਰਹਮਾਹਾ ਵਿਚ ਪ੍ਰਕ੍ਰਿਤੀ ਦੇ ਰੂਪ ਦੇ ਚਿਤ੍ਰਣ

1. ਗੁਰੂ ਗ੍ਰੰਥ, ਪੰਨਾ 203
2. 'ਗੁਰੂ ਨਾਨਕ ਚਿੰਤਨ ਤੇ ਕਲਾ', ਪੰਨਾ 155.
3. ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥ (ਗੁਰੂ ਗ੍ਰੰਥ, ਪੰਨਾ 1109)

ਉੱਤੇ ਵਧੇਰੇ ਜ਼ੋਰ ਹੈ। ਇਸ ਵਿਚ ਖ਼ਾਸ ਗੱਲ ਇਹ ਹੈ ਕਿ ਗੁਰੂ ਜੀ ਬਦਲ ਰਹੀਆਂ ਰੁੱਤਾਂ-ਥਿੱਤਾਂ ਨੂੰ ਇੰਜ ਗਹੁ ਨਾਲ ਪਰਖ਼ਦੇ ਹਨ ਕਿ ਉਨ੍ਹਾਂ ਦੇ ਵਰਣਨ ਵਿਚ ਬਦਲ ਰਹੀ ਕੁਦਰਤ ਵੀ ਸਾਕਾਰ ਹੋ ਉੱਠਦੀ ਹੈ।

ਗੁਰੂ ਜੀ ਅਨੁਸਾਰ ਚੇਤ ਦਾ ਮਹੀਨਾ, ਬਸੰਤ ਦਾ ਮੌਸਮ ਬੜਾ ਸੁਹਣਾ ਲਗਦਾ ਹੈ। ਫ਼ੁੱਲਾਂ ਉੱਤੇ ਸੋਹਣੇ ਭੌਰੇ ਬੈਠੇ ਹਨ। ਖੁੱਲੀ ਜੂਹ ਵਿਚ ਬਨਸਪਤੀ ਫ਼ੁੱਲ ਪਈ ਹੈ। ਕੋਇਲ ਅੰਬ ਦੇ ਰੁੱਖ ਉੱਤੇ ਮਿੱਠੇ ਬੋਲ ਬੋਲਦੀ ਹੈ। ਭੌਰਾ ਫ਼ੁੱਲਾਂ ਅਤੇ ਸ਼ਾਖਾਂ ਉੱਤੇ ਭੌਂ ਰਿਹਾ ਹੈ। ਪਰ ਇਹ ਸਭ ਸੁਹਪਣ ਅਤੇ ਰਸ ਜੀਵ-ਇਸਤ੍ਰੀ ਦੇ ਮਨ ਵਿਚ ਪ੍ਰਭੂ-ਪਿਆਰ ਦਾ ਉਲ੍ਹਾਸ ਉਤਪੰਨ ਕਰਦੇ ਹਨ।

ਵੈਸਾਖ ਦੇ ਮਹੀਨੇ ਵਿਚ ਸ਼ਾਖਾਵਾਂ ਨਵੇਂ ਪੱਤਿਆਂ ਦਾ ਸ਼ਿੰਗਾਰ ਕਰਦੀਆਂ ਹਨ। ਵੈਸਾਖ ਦੀ ਸੁਹਾਵਣੀ ਰੁਤ ਵਿਚ ਉਹ ਜੀਵ-ਇਸਤ੍ਰੀ ਪ੍ਰਭੂ-ਪਤੀ ਨੂੰ ਪ੍ਰਾਪਤ ਕਰ ਲੈਂਦੀ ਹੈ, ਜਿਸ ਦੀ ਸੁਰਤਿ ਸ਼ਬਦ ਵਿਚ ਜੁੜੀ ਹੈ।

ਜੇਠ ਵਿਚ ਥਲ, ਭੱਠ ਵਾਂਗ ਤੱਪਦੇ ਹਨ। ਹਾੜ ਵਿਚ ਸੂਰਜ ਅਕਾਸ਼ ਵਿਚ ਤਪਦਾ ਹੈ। ਧਰਤੀ ਦੁਖ ਸਹਿੰਦੀ ਹੈ, ਸੁੱਕਦੀ ਜਾਂਦੀ ਹੈ, ਮਾਨੋਂ ਉਸ ਦੇ ਅੰਦਰ ਬਿਰਹੋਂ ਦੀ ਅੱਗ ਭੱਖ ਰਹੀ ਹੈ। ਸੂਰਜ ਦੀ ਅਗਨੀ ਪਾਣੀ ਨੂੰ ਸੁਕਾਂਦੀ ਹੈ। ਸੂਰਜ ਦਾ ਰਥ ਅਕਾਸ਼ ਵਿਚ ਭੌਂਦਾ ਹੈ। ਜੀਵ-ਇਸਤ੍ਰੀ ਗਰਮੀ ਤੋਂ ਬੱਚਣ ਲਈ ਥਾਂ ਤੱਕਦੀ ਹੈ। ਬੀਂਡਾ ਵੀ ਜੂਹ ਵਿਚ ਟੀਂ ਟੀਂ ਕਰਦਾ ਹੈ। ਪਰ ਗਰਮੀ ਦਾ ਦੁੱਖ ਉਸੇ ਜੀਵ-ਇਸਤ੍ਰੀ ਲਈ ਹੀ ਹੈ ਜੋ ਔਗੁਣਾਂ ਦੀ ਪੰਡ ਬੰਨ੍ਹ ਕੇ ਚਲਦੀ ਹੈ। ਜੋ ਸੱਚ ਨੂੰ ਸੰਭਾਲਦੀ ਹੈ, ਉਹ ਸੁੱਖੀ ਰਹਿੰਦੀ ਹੈ।

ਸਾਵਣ ਦੇ ਮਹੀਨੇ ਵਿਚ ਬੱਦਲ ਵੱਸਦੇ ਹਨ। ਬਰਖਾ ਰੁਤ ਆ ਗਈ ਹੈ। ਬਿਜਲੀ ਚਮਕਦੀ ਹੈ, ਪਰ ਜੋ ਜੀਵ ਇਸਤ੍ਰੀ, ਪ੍ਰਭੂ-ਪਤੀ ਤੋਂ ਦੂਰ ਹੈ, ਉਹ ਦੁਖੀ ਹੈ। ਸੁਹਾਗਣ ਪ੍ਰਭੂ-ਪਤੀ ਦੇ ਅੰਗਾਂ ਨਾਲ ਸਮਾਈ ਰਹਿੰਦੀ ਹੈ।

ਭਾਦਰੋਂ ਵਿਚ ਥਲ ਪਾਣੀ ਨਾਲ ਭਰ ਗਏ ਹਨ। ਕਾਲੀ ਰਾਤ ਨੂੰ ਮੀਂਹ ਵਰ੍ਹਦਾ ਹੈ। ਡੱਡੂ ਤੇ ਮੋਰ ਬੋਲਦੇ ਫ਼ਿਰਦੇ ਹਨ। ਬੰਬੀਹਾ ਪ੍ਰਿਊ-ਪ੍ਰਿਊ ਕਰਦਾ ਹੈ; ਸੱਪ ਡਸਦੇ ਹਨ; ਮੱਛਰ ਡੰਗ ਮਾਰਦੇ ਹਨ ; ਸਰੋਵਰ ਨਕਾ ਨਕ ਭਰੇ ਹੋਏ ਹਨ। ਪਰ ਪ੍ਰਭੂ ਤੋਂ ਵਿਛੜੀ ਜੀਵਾਤਮਾ ਦੁਖੀ ਹੈ। ਇਸ ਮਾਹੌਲ ਵਿਚ ਵੀ ਉਸ ਨੂੰ ਪ੍ਰਭੂ ਪਤੀ ਬਿਨਾਂ ਸੁਖ ਨਹੀਂ ਮਿਲਦਾ।[4]

ਅੱਸੂ ਦੇ ਮਹੀਨੇ ਵਿਚ ਗਰਮੀ ਲੰਘ ਗਈ ਹੈ। ਸਰਦੀ ਦੀ ਰੁੱਤ ਪਿੱਛੇ ਪਿੱਛੇ ਆ ਰਹੀ ਹੈ। ਹਰ ਪਾਸੇ ਹਰੀਆਂ ਹਰੀਆਂ ਸ਼ਾਖਾਵਾਂ ਦਿੱਸਦੀਆਂ ਹਨ। ਪਿਲਛੀ ਤੇ ਸਰਕੜਾ ਫ਼ੁੱਲ ਪਏ ਹਨ। ਕੱਤਕ ਵਿਚ ਜੀਵ-ਇਸਤ੍ਰੀ, ਜੀਵਨ-ਦੀਵੇ ਨੂੰ ਗਿਆਨ-ਰੂਪੀ ਤੀਲੀ ਨਾਲ ਬਾਲਦੀ ਹੈ ਅਤੇ ਉਸ ਵਿਚ ਪ੍ਰੇਮ ਦਾ ਤੇਲ ਪਾਉਂਦੀ ਹੈ ਤਾਂ ਹੀ ਉਸ ਦਾ ਪ੍ਰਭੂ-ਪਤੀ ਨਾਲ

4. ਮਾਹ ਚੇਤ ਤੋਂ ਮਾਹ ਭਾਦੋਂ ਤਕ ਵਰਣਨ (ਗੁਰੂ ਗ੍ਰੰਥ, ਪੰਨਾ 1108)

ਮੇਲ ਹੁੰਦਾ ਹੈ। ਮੱਘਰ ਦੇ ਮਹੀਨੇ ਵਿਚ ਜੀਵ-ਇਸਤ੍ਰੀ, ਪ੍ਰਭੂ-ਪਤੀ ਨੂੰ ਸਿਮਰਦੀ ਹੈ, ਇਸ ਨਾਲ ਹੀ ਸਾਰੇ ਦੁੱਖ ਦੂਰ ਹੁੰਦੇ ਹਨ।[5]

ਪੋਹ ਦੇ ਮਹੀਨੇ ਵਿਚ ਕੱਕਰ ਪੈਂਦਾ ਹੈ, ਜੋ ਰਸ ਨੂੰ ਸੁਕਾ ਦੇਂਦਾ ਹੈ। ਘਾਹ-ਬੂਟਾ ਸੁੱਕ ਜਾਂਦਾ ਹੈ। ਪ੍ਰਭੂ ਪ੍ਰੇਮ ਵਿਚ ਰੰਗੀ ਜੀਵ-ਇਸਤ੍ਰੀ ਨੂੰ ਚੌਹਾਂ ਖਾਣੀਆਂ ਵਿਚ ਹਰੀ ਦੀ ਜੋਤ ਹੀ ਦਿੱਸਦੀ ਹੈ। ਉਹ ਹਰੀ-ਰਸ ਵਿਚ ਰਸੀ ਹੋਈ, ਪ੍ਰੇਮ ਨਾਲ, ਪ੍ਰਭੂ ਪਤੀ ਨੂੰ ਮਾਣਦੀ ਹੈ।

ਮਾਘ ਵਿਚ ਲੋਕੀਂ ਤੀਰਥਾਂ ਉੱਤੇ ਨਹਾਉਂਦੇ ਹਨ, ਪੁੰਨ-ਦਾਨ, ਪੂਜਾ ਕਰਦੇ ਹਨ। ਪਰ ਗੁਰੂ ਜੀ ਅਨੁਸਾਰ ਜਿਸ ਜੀਵ ਨੇ ਮਾਘ ਵਿਚ ਹਰੀ-ਜਾਪ ਜਪ ਕੇ ਮਹਾਰਸ ਪੀ ਲਿਆ ਹੈ, ਉਸ ਨੇ ਮਾਨੋਂ ਅਠਸਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ।

ਫ਼ੱਗਣ ਵਿਚ ਜੀਵ-ਇਸਤ੍ਰੀ ਨੂੰ ਗੁਰੂ ਦੁਆਰਾ ਪ੍ਰਭੂ-ਪਤੀ ਆਪਣੇ ਨਾਲ ਮਿਲਾ ਲੈਂਦਾ ਹੈ। ਜੋ ਨਾਰੀ ਗੁਰੂ ਦੁਆਰਾ ਪ੍ਰਭੂ-ਪਤੀ ਨੂੰ ਪਾ ਲੈਂਦੀ ਹੈ ਉਸ ਲਈ ਸਾਰੇ ਮਹੀਨੇ, ਰੁੱਤਾਂ, ਥਿੱਤਾਂ, ਵਾਰ, ਸੁਲੱਖਣੇ ਹੋ ਜਾਂਦੇ ਹਨ। ਸਾਰੇ ਘੜੀਆਂ, ਪਲ, ਮਹੂਰਤ ਸੱਚੇ ਹੋ ਜਾਂਦੇ ਹਨ।[6]

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਜੀਵਨ ਦੇ ਸੁਹਜਾਤਮਕ ਪਖ ਹੋਰਨਾਂ ਬਾਣੀਆਂ ਵਿਚ ਏਨੀ ਸਫ਼ਲਤਾ ਨਾਲ ਨਹੀਂ ਚਿਤ੍ਰੇ ਗਏ, ਜਿੰਨੇ ਬਾਰਹਮਾਹਾ ਤੁਖਾਰੀ ਵਿਚ।

ਇਸ ਰਚਨਾ ਵਿਚ ਸਾਹਿਤਿਕ ਸੁਹਜ ਦੀ ਵੀ ਬਹੁਲਤਾ ਹੈ। ਬਿੰਬਾਂ ਦੀ ਉਸਾਰੀ ਸੁਹਜ ਪੈਦਾ ਕਰਦੀ ਹੈ। ਇਸ ਵਿਚ ਕਲਾ ਦਾ ਚਮਤਕਾਰ ਹੈ ਅਤੇ ਇਹ ਇਕ ਅਲੰਕ੍ਰਿਤ ਕਿਰਤ ਹੈ।

## 2. ਸਮਾਜਿਕ ਵਰਗ

ਇਸ ਪੱਖ ਤੋਂ ਵੇਖਣ ਤੇ ਸਾਨੂੰ ਬਾਰਹਮਾਹਾ ਤੁਖਾਰੀ ਵਿਚ ਸਮਕਾਲੀ ਇਸਤ੍ਰੀ ਦੀ ਦਸ਼ਾ ਅਤੇ ਇਸਤ੍ਰੀ-ਪੁਰਸ਼ ਦੇ ਆਪਸੀ ਸੰਬੰਧਾਂ ਦੀ ਚਰਚਾ ਮਿਲਦੀ ਹੈ। ਸਮਾਜਿਕ ਸੰਕਲਪਾਂ ਦਾ ਗਿਆਨ ਮਿਲਣ ਦਾ ਕਾਰਨ ਇਹ ਹੈ ਕਿ ਅਧਿਆਤਮਿਕ ਸੰਕਲਪਾਂ ਦੇ ਵਰਣਨ ਲਈ ਜੋ ਸ਼ਬਦ ਅਤੇ ਸੰਕੇਤ ਵਰਤੇ ਹਨ ਉਹ ਵਾਸਤਵਿਕ ਜਗਤ ਤੋਂ ਹੀ ਲਏ ਗਏ ਹਨ।

ਸਾਮੰਤੀ ਸਮਾਜ ਦੀ ਇਸਤ੍ਰੀ ਘਰ ਦੀ ਚਾਰ ਦੀਵਾਰੀ ਦਾ ਭੂਸ਼ਣ ਹੈ, ਉਸ ਦੇ ਪਤੀ ਨੂੰ ਪਰਦੇਸ ਵੀ ਜਾਣਾ ਪੈਂਦਾ ਹੈ, ਪਿੱਛੇ ਉਸ ਨੂੰ ਕਈ ਕਈ ਮਹੀਨੇ ਇਕੱਲੇ ਰਹਿਣਾ ਪੈਂਦਾ ਹੈ ਅਤੇ ਕਸ਼ਟ ਵੀ ਸਹਿਣੇ ਪੈਂਦੇ ਹਨ, ਤਾਂ ਹੀ ਉਹ ਕਹਿੰਦੀ ਹੈ ਕਿ ਪਤੀ ਬਿਨਾਂ ਉਸ ਦਾ ਮੁੱਲ ਕੌਡੀ ਵੀ ਨਹੀਂ ਹੈ।[7]

5. ਗੁਰੂ ਗ੍ਰੰਥ, ਪੰਨਾ 1108-09
6. ਮਾਹ ਪੋਹ ਤੋਂ ਮਾਹ ਫਗਣ ਤਕ ਵਰਣਨ (ਉਹੀ, ਪੰਨਾ 1109)
7. ...ਤੁਧੁ ਬਿਨੁ ਅਢੁ ਨ ਮੋਲੋ ॥ (ਉਹੀ, ਪੰਨਾ 1108)

## 3. ਅਧਿਆਤਮਿਕ ਵਰਗ

ਅਧਿਆਤਮਿਕ ਸੰਕਲਪਾਂ ਦਾ ਵਰਣਨ ਵੀ ਇਸ ਰਚਨਾ ਦਾ ਇਕ ਪ੍ਰਮੁੱਖ ਵਿਸ਼ਾ ਹੈ। ਪਰਮਾਤਮਾ ਨੂੰ ਪਤੀ ਅਤੇ ਆਤਮਾ ਨੂੰ ਪਤਨੀ ਦੇ ਰੂਪ ਵਿਚ ਚਿਤ੍ਰਿਆ ਹੈ।

(ੳ) ਆਤਮਾ : ਆਤਮਾ ਆਪਣੇ ਕਰਮਾਂ ਦੇ ਫ਼ਲ ਕਰ ਕੇ ਪਰਮਾਤਮਾ ਤੋਂ ਵਿੱਛੜ ਜਾਂਦੀ ਹੈ ਕਿਉਂਕਿ ਉਸ ਨੇ ਨਿਰੰਕਾਰ ਨੂੰ ਭੁਲਾ ਦਿੱਤਾ ਹੈ ਅਤੇ ਉਸ ਦੀ ਰਚੀ ਹੋਈ ਮਾਇਆ ਨੂੰ ਅਪਣਾ ਲਿਆ ਹੈ। ਪਰ ਪਰਮਾਤਮਾ ਤੋਂ ਵਿੱਛੜੀ ਆਤਮਾ ਦਾ ਮੁੱਲ ਕੌਡੀ ਵੀ ਨਹੀਂ। ਉਸ ਦਾ ਕੋਈ ਸਾਥੀ ਨਹੀਂ। ਪਰਮਾਤਮਾ ਤੋਂ ਵਿੱਛੜੀ ਆਤਮਾ ਨੂੰ ਭੌਤਿਕ ਪ੍ਰਾਪਤੀਆਂ ਨਿਰਾਰਥਕ ਜਾਪਦੀਆਂ ਹਨ ਅਤੇ ਪ੍ਰਕ੍ਰਿਤੀ ਦੀ ਸੁੰਦਰਤਾ ਡਰਾਉਣੀ ਲਗਦੀ ਹੈ।[8] ਜਦੋਂ ਆਤਮਾ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਉਹ ਆਪਣੇ ਅਵਗੁਣਾਂ ਕਾਰਨ ਪਰਮਾਤਮਾ ਤੋਂ ਵਿਛੁੜੀ ਹੈ ਤਾਂ ਉਹ ਪਛਤਾਂਦੀ ਹੈ, ਡੋਲਦੀ ਹੈ। ਗਿਆਨ-ਹੀਨ ਆਤਮਾ ਕਾਲ ਦੇ ਚੱਕਰ ਵਿਚ ਪਈ ਹੋਣ ਕਾਰਣ ਚੰਚਲ ਹੁੰਦੀ ਹੈ, ਪਰ ਆਤਮਾ ਦਾ ਅਸਲ ਉੱਦੇਸ਼ ਤਾਂ ਪ੍ਰਭੂ ਪਾਸ ਜਾਣਾ ਹੀ ਹੈ ਕਿਉਂਕਿ ਅਸਲੀ ਸੁਖ ਜਾਂ ਆਨੰਦ ਉਸ ਨੂੰ ਉਸ ਪਾਸ ਜਾ ਕੇ ਹੀ ਮਿਲਦਾ ਹੈ।[9]

ਇਸ ਪ੍ਰਕਾਰ ਬਾਰਹਮਾਹਾ ਵਿਚ ਰੁਤ-ਪਰਿਵਰਤਨ ਨਾਲ ਪ੍ਰਕਿਰਤੀ ਵਿਚ ਜੋ ਪਰਿਵਰਤਨ ਆਉਂਦਾ ਹੈ ਅਤੇ ਉਸ ਦੇ ਨਾਲ ਨਾਲ ਆਤਮਾ ਦੀ ਬਿਰਤੀ ਵਿਚ ਜੋ ਪਰਿਵਰਤਨ ਆਉਂਦਾ ਹੈ, ਉਸ ਦਾ ਚਿਤ੍ਰਣ ਕੀਤਾ ਹੈ। ਪਹਿਲਾਂ ਆਤਮਾ, ਪਰਮਾਤਮਾ ਦੇ ਬਿਰਹ ਵਿਚ ਤੜਪਦੀ ਹੈ। ਸੁਹਾਵਣਾ ਮੌਸਮ ਵੀ ਉਸ ਨੂੰ ਬਿਰਹਾ ਦੇ ਦੁਖ ਕਾਰਨ ਸੁਖਦਾਇਕ ਨਹੀਂ ਲਗਦਾ। ਵਿਛੋੜਾ ਉਸ ਲਈ ਮੌਤ ਸਮਾਨ ਹੈ। ਜੀਵਾਤਮਾ ਪ੍ਰਭੂ ਨੂੰ ਯਾਦ ਕਰਦੀ ਹੈ, ਉਸ ਨੂੰ ਆਪਣੇ ਤੋਂ ਦੂਰ ਨਹੀਂ ਜਾਣਦੀ, ਆਪਣੇ ਹੀ ਅੰਦਰ ਜਾਣਦੀ ਹੈ। ਉਹ ਪਰਮਾਤਮਾ ਅੱਗੇ ਬੇਨਤੀ ਕਰਦੀ ਹੈ ਕਿ ਹੇ ਪ੍ਰਭੂ ਤੂੰ ਮੈਨੂੰ ਆਪਣੇ ਭਵਨ ਵਿਚ ਆਉਣ ਦੀ ਆਗਿਆ ਦੇ। ਪਰਮਾਤਮਾ ਦੀ ਕ੍ਰਿਪਾ ਨਾਲ ਜੀਵਾਤਮਾ ਨੂੰ ਪਰਮਾਤਮਾ ਪ੍ਰਾਪਤ ਹੁੰਦਾ ਹੈ ਅਤੇ ਉਹ ਸ਼ੁਭ ਗੁਣਾਂ ਵਾਲੀ ਬਣ ਜਾਂਦੀ ਹੈ। ਪਾਪਾਂ-ਮਾਰੀ ਜੀਵਾਤਮਾ ਮਰ ਕੇ ਮੁਕਤ ਨਹੀਂ ਹੁੰਦੀ, ਗੁਣ ਧਾਰਨ ਕਰਨ ਨਾਲ ਮੁਕਤੀ ਮਿਲਦੀ ਹੈ। ਜਿਹੜੀ ਜੀਵਾਤਮਾ ਅਵਗੁਣਾਂ ਵਾਲੀ ਹੈ, ਉਸ ਨੂੰ ਪਰਲੋਕ ਵਿਚ ਵੀ ਦੁਖ ਮਿਲਦਾ ਹੈ। ਸੁਖ ਦੀ ਪ੍ਰਾਪਤੀ ਸਿਰਫ਼ ਗੁਣਵਾਨ ਆਤਮਾ ਨੂੰ ਹੀ ਹੁੰਦੀ ਹੈ। ਗੁਰੂ ਦੇ ਦੱਸੇ ਮਾਰਗ ਉੱਤੇ ਚੱਲ ਕੇ, ਗੁਰੂ ਨੂੰ ਵਿਚੋਲਾ ਬਣਾ ਕੇ ਹੀ ਜੀਵ-ਇਸਤ੍ਰੀ ਪਰਮਾਤਮਾ ਨੂੰ ਪਾਉਂਦੀ ਹੈ। ਗੁਰੂ ਉੱਪਦੇਸ਼ ਰਾਹੀਂ ਮਨ ਆਨੰਦ ਦੀ ਪ੍ਰਾਪਤੀ ਕਰਦਾ ਹੈ। ਜਿਹੜੀ ਜੀਵਾਤਮਾ ਪ੍ਰਭੂ ਨੂੰ ਚੰਗੀ ਲੱਗਦੀ ਹੈ ਉਸ ਨੂੰ ਹੀ ਸਹਿਜ-ਭਾਵ ਨਾਲ ਗਿਆਨ ਅਤੇ ਪ੍ਰੇਮ ਪ੍ਰਾਪਤ ਹੁੰਦਾ ਹੈ; ਗਿਆਨ-ਧਿਆਨ, ਆਦਿਕ ਗੁਣ ਜੀਵ ਦੇ ਮਨ ਵਿਚ ਵੱਸਦੇ ਹਨ।

---

8. ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥ (ਗੁਰੂ ਗ੍ਰੰਥ, ਪੰਨਾ 1168)
9. ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਪਇਆ ਰੰਗੁ ਮਾਣੈ ॥ (ਉਹੀ, ਪੰਨਾ 1109)

ਅਜਿਹੀ ਜੀਵਾਤਮਾ ਦਾ ਪਰਮਾਤਮਾ ਨਾਲ ਮੇਲ ਹੁੰਦਾ ਹੈ ਅਤੇ ਆਤਮਾ ਆਨੰਦਿਤ ਹੁੰਦੀ ਹੈ, ਉਹ ਪ੍ਰਭੂ ਵਰਗੀ ਹੀ ਹੋ ਜਾਂਦੀ ਹੈ ।[10]

(ਅ) ਮੁਕਤੀ ਦੇ ਸਾਧਨ : ਬਾਰਹਮਾਹਾ ਵਿਚ ਗੁਰੂ ਜੀ ਨੇ ਆਤਮਾ ਦੀ ਉਸ ਅਵਸਥਾ ਦਾ ਵਰਣਨ ਕੀਤਾ ਹੈ, ਜਦੋਂ ਉਸ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਉਹ ਅਗਿਆਨ ਕਾਰਨ ਪਰਮਾਤਮਾ ਤੋਂ ਵਿੱਛੜੀ ਹੈ। ਫ਼ੇਰ ਉਹ ਪਰਮਾਤਮਾ ਨਾਲ ਮਿਲਣ ਲਈ ਪ੍ਰਯਤਨਸ਼ੀਲ ਹੁੰਦੀ ਹੈ। ਆਤਮਾ-ਪਰਮਾਤਮਾ ਦੇ ਮੇਲ ਵਿਚ ਗੁਰੂ ਵਿਚੋਲੇ ਦਾ ਕੰਮ ਕਰਦਾ ਹੈ ।[11] ਇਸ ਪ੍ਰਕਾਰ ਉਹ ਮੁਕਤੀ ਪ੍ਰਾਪਤੀ ਦਾ ਸਾਧਨ ਹੈ। ਇਸੇ ਪ੍ਰਸੰਗ ਵਿਚ ਕਿਹਾ ਹੈ ਕਿ ਗੁਰੂ ਦੇ ਸ਼ਬਦਾਂ ਦੀ ਅਨੁਸਾਰੀ ਹੋ ਕੇ ਹੀ ਆਤਮਾ ਪਰਮਾਤਮਾ ਨਾਲ ਮਿਲ ਸਕਦੀ ਹੈ ਅਤੇ ਅਸਲੀ ਆਨੰਦ ਮਾਣ ਸਕਦੀ ਹੈ ।[12]

ਮੁਕਤੀ ਪ੍ਰਾਪਤੀ ਲਈ ਹਰੀ ਦਾ ਜਾਪ ਹੀ ਮਹਾਰਸ ਹੈ, ਇਹੋ ਅਠਸਠ ਤੀਰਥਾਂ ਦਾ ਇਸ਼ਨਾਨ ਹੈ ।[13] ਨਾਮ, ਮਨੁੱਖ ਨੂੰ ਆਪਣਾ ਆਪ ਜਾਣਨ ਵਿਚ ਸਹਾਇਤਾ ਕਰਦਾ ਹੈ। ਪਰ ਇਸ ਲਈ ਹਉਮੈ ਦਾ ਤਿਆਗ ਜ਼ਰੂਰੀ ਹੈ ।[14] ਪਰਮਾਤਮਾ ਦੀ ਸਿਫ਼ਤ ਸਲਾਹ ਸਾਰੇ ਕਲੇਸ਼ ਕੱਟਦੀ ਹੈ। ਉਸ ਲਈ ਪਰਮਾਤਮਾ ਦੁਆਰਾ ਬਖ਼ਸ਼ੀ ਸੁਮੱਤ ਦੀ ਲੋੜ ਹੈ ਜੋ ਉਸ ਦੀ ਕਿਰਪਾ ਬਿਨਾਂ ਪਰਾਪਤ ਨਹੀਂ ਹੋ ਸਕਦੀ ।[15]

(ੲ) ਮੁਕਤੀ ਅਤੇ ਮੁਕਤ ਜੀਵ : ਆਪਣੇ ਸਰੂਪ ਨੂੰ ਪਛਾਣਨਾ ਹੀ ਮੁਕਤੀ ਹੈ। ਪਹਿਲਾਂ ਆਤਮਾ ਆਪਣੇ ਅਗਿਆਨ ਤੋਂ ਬੇਖ਼ਬਰ ਹੁੰਦੀ ਹੈ। ਜਦੋਂ ਉਸ ਨੂੰ ਗਿਆਨ ਹੁੰਦਾ ਹੈ ਤਾਂ ਉਹ ਪਰਮਾਤਮਾ ਨੂੰ ਮਿਲਣ ਲਈ ਲੋਚਦੀ ਹੈ। ਇਕ ਅਵਸਥਾ ਅਜਿਹੀ ਆਉਂਦੀ ਹੈ ਕਿ ਪ੍ਰਭੂ ਦਾ ਨਾਮ ਤਾਂ ਜੀਭ ਉੱਤੇ ਹੁੰਦਾ ਹੈ, ਪਰ ਪ੍ਰਭੂ ਸਾਹਮਣੇ ਨਹੀਂ ਆਉਂਦਾ ।[16] ਜਦੋਂ ਆਤਮਾ ਅੰਦਰੋਂ ਹੀ ਪਰਮਾਤਮਾ ਨੂੰ ਖੋਜ ਲੈਂਦੀ ਹੈ ਤਾਂ ਸਭ ਕਾਰਜ ਸੰਪੂਰਨ ਹੋ ਜਾਂਦੇ ਹਨ। ਆਤਮਾ, ਪਰਮਾਤਮਾ ਦੇ ਸਰੂਪ ਨੂੰ ਚੰਗੀ ਤਰ੍ਹਾਂ ਜਾਣਨ ਲੱਗ ਜਾਂਦੀ ਹੈ। ਉਹੀ ਕੀਮਤਾਂ ਜੋ ਪਹਿਲਾਂ ਬੁਰੀਆਂ ਲਗਦੀਆਂ ਹਨ, ਹੁਣ ਚੰਗੀਆਂ ਲਗਣ ਲੱਗ ਜਾਂਦੀਆਂ ਹਨ ।[17] ਪਰਮਾਤਮਾ ਨਾਲ ਮਿਲ ਕੇ ਆਤਮਾ ਧੰਨ ਹੋ ਜਾਂਦੀ ਹੈ। ਇਕ ਵਾਰ ਮੁਕਤੀ ਮਿਲ ਜਾਣ ਉੱਤੇ ਪ੍ਰਭੂ ਮਿਹਰ ਸਦਾ ਲਈ ਹੀ ਪ੍ਰਾਪਤ ਹੋ ਜਾਂਦੀ ਹੈ ।[18] ਫੇਰ ਸਾਰੀਆਂ ਘੜੀਆਂ, ਮਹੂਰਤ, ਤੇ ਪਲ

10. ਗੁਰੂ ਗ੍ਰੰਥ, ਪੰਨਾ 1108-9.
11. ...ਸਤਿਗੁਰ ਭਏ ਬਸੀਠਾ ॥ (ਉਹੀ, ਪੰਨਾ 1109)
12. ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥ (ਉਹੀ, ਪੰਨਾ 1108)
13. ਨਾਨਕ ਮਾਘਿ ਮਹਾਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥ (ਗੁਰੂ ਗ੍ਰੰਥ, ਪੰਨਾ 1109)
14. ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥ (ਉਹੀ)
15. ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥ (ਉਹੀ, ਪੰਨਾ 1108)
16. ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥ (ਉਹੀ, ਪੰਨਾ 1109)
17. ਨਾਨਕ ਮੇਲਿ ਲਈ ਗੁਰ ਆਪਣੈ ਘਰਿ ਵਰੁ ਪਾਇਆ ਨਾਰੀ ॥ (ਉਹੀ)
18. ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥ (ਉਹੀ, ਪੰਨਾ 1110)

ਸਫ਼ਲ ਹੋ ਜਾਂਦੇ ਹਨ ।[19]

(ਸ) ਪਰਮਾਤਮਾ : ਬਾਰਹਮਾਹਾ ਤੁਖਾਰੀ ਵਿਚ ਇਕ ਹਰੀ ਨੂੰ ਨਿਹਚਲ ਅਤੇ ਅਡੋਲ ਕਿਹਾ ਗਿਆ ਹੈ ।[20] ਉਹ ਚਤੁਰ, ਸੁਜਾਨ ਅਤੇ ਬਿਧਾਤਾ ਹੈ ।[21] ਉਹ ਸਾਰੇ ਜਗਤ ਦਾ ਜੀਵਨ ਹੈ ।[22] ਚਾਰਾਂ ਖਾਣੀਆਂ ਅਤੇ ਸਭ ਦਿਲਾਂ ਵਿਚ ਉਸ ਦੀ ਹੀ ਜੋਤ ਸਮਾਈ ਹੋਈ ਹੈ ।[23] ਇਸ ਪ੍ਰਕਾਰ ਬਾਰਹਮਾਹਾ ਬਿਰਹੋਂ ਦੀਆਂ ਤੜਪਾਂ ਤੋਂ ਸ਼ੁਰੂ ਹੋ ਕੇ ਅੰਤ ਮੇਲ ਦੇ ਅਨੰਦ ਵਿਚ ਸਮਾਪਤ ਹੁੰਦੀ ਹੈ । ਸਮਾਜਿਕ ਚਿਤ੍ਰਣ ਇਸ ਦਾ ਗੌਣ ਪੱਖ ਹੈ । ਮੁੱਖ ਚਿਤ੍ਰਣ ਉਸ ਆਤਮਾ ਦਾ ਹੈ ਜਿਸ ਨੂੰ ਪਰਮਾਤਮਾ ਤੋਂ ਵਿਛੋੜੇ ਦਾ ਗਿਆਨ ਹੋ ਚੁੱਕਾ ਹੈ । ਇਸ ਵਿਚ ਆਤਮਾ-ਪ੍ਰਗਤੀ ਦੇ ਭਿੰਨ ਭਿੰਨ ਪੜਾਵਾਂ ਦਾ ਵਰਣਨ ਵੀ ਮਿਲਦਾ ਹੈ । ਪ੍ਰਕ੍ਰਿਤੀ-ਚਿਤ੍ਰਣ, ਅਧਿਆਤਮਿਕ ਵਿਕਾਸ ਦੀ ਸੁੰਦਰਤਾ ਦੇ ਵਰਣਨ ਦਾ ਮਾਧਿਅਮ ਬਣ ਕੇ ਸਾਹਮਣੇ ਆਇਆ ਹੈ, ਪਰ ਫੇਰ ਵੀ, ਪ੍ਰਕ੍ਰਿਤੀ ਚਿਤ੍ਰਣ ਦੇ ਅੰਤਰਗਤ ਸੁਹਜਾਤਮਕ ਸੰਕਲਪਾਂ ਦਾ ਜੋ ਚਿਤ੍ਰਣ ਹੋਇਆ ਹੈ, ਉਸ ਦੀ ਮਹੱਤਾ ਨੂੰ ਅਸਵੀਕਾਰ ਨਹੀਂ ਕੀਤਾ ਜਾ ਸਕਦਾ ।

---

19. ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥
ਘੜੀ ਮੂਰਤ ਪਲ ਸਾਚੇ ਆਏ ਸਹਜ ਮਿਲੇ ॥ (ਗੁਰੂ ਗ੍ਰੰਥ, ਪੰਨਾ 1109)
20. ...ਮੈ ਪਿਰੁ ਨਿਹਚਲੁ ਭਾਵਏ ॥ (ਉਹੀ)
22. ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ॥ (ਉਹੀ)
23. ਮਨਿ ਤਨਿ ਰਵਿ ਰਹਿਆ ਜਗ ਜੀਵਨੁ.. ॥ (ਉਹੀ)
24. ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ (ਉਹੀ)

ਅਧਿਆਇ-੯

# ਮਲਾਰ ਦੀ ਵਾਰ

ਕਿਹਾ ਜਾਂਦਾ ਹੈ ਕਿ ਇਹ ਵਾਰ ਗੁਰੂ ਨਾਨਕ ਦੇਵ ਜੀ ਨੇ 1521 ਈ. ਵਿਚ ਬਾਬਰ ਦੇ ਹਮਲੇ ਤੋਂ ਪਿਛੋਂ ਲਿਖੀ ਸੀ। ਗੁਰੂ ਜੀ ਨੇ ਆਪਣੇ ਅੱਖੀਂ ਏਮਨਾਬਾਦ ਵਿਚ ਹੋਏ ਕਹਿਰ ਨੂੰ ਦੇਖਿਆ ਸੀ। ਆਪ ਦੀ ਪ੍ਰਤੀਕ੍ਰਿਆ ਇਸ ਬਾਣੀ ਵਿਚ ਸਪਸ਼ਟ ਹੈ। ਇਹ ਗੁਰੂ ਨਾਨਕ ਦੇਵ ਜੀ ਦੀ ਆਦਿ-ਗ੍ਰੰਥ ਵਿਚ ਸੰਕਲਿਤ ਤੀਜੀ ਅਤੇ ਆਖਿਰੀ ਵਾਰ ਹੈ ਜਿਸ ਨੂੰ ਰਾਣੇ ਕੈਲਾਸ ਅਤੇ ਮਾਲ ਦੇਵ ਦੀਆਂ ਵਾਰਾਂ ਦੀ ਧੁਨੀ ਤੇ ਗਾਉਣ ਦੀ ਹਦਾਇਤ ਹੈ। ਗੁਰੂ ਨਾਨਕ ਦੇਵ ਜੀ ਦੀਆਂ ਹੋਰ ਵਾਰਾਂ ਵਾਂਗ ਇਸ ਵਾਰ ਵਿਚ ਵੀ ਇਕ ਸੰਪੂਰਨ ਵਿਸ਼ੇ ਨੂੰ ਨਿਭਾਇਆ ਗਿਆ ਹੈ। ਅਕਾਲ ਪੁਰਖ ਸ੍ਰਿਸ਼ਟੀ ਦਾ ਕਰਤਾ ਹੈ ਸ੍ਰਿਸ਼ਟੀ ਉਸ ਦੇ ਹੁਕਮ ਵਿਚ ਚੱਲ ਰਹੀ ਹੈ। ਸ੍ਰਿਸ਼ਟੀ ਇਕ ਅਖਾੜਾ ਹੈ, ਜਿਸ ਵਿਚ ਗੁਰੂ ਦਾ ਮੱਲ, ਗੁਰਮੁਖ, ਗੁਰੂ ਦੀ ਦੀਖਿਆ ਅਤੇ ਦੈਵੀ ਗੁਣਾਂ ਨਾਲ ਸੰਪੰਨ, ਮਨਮੁਖਤਾ ਨੂੰ ਪਛਾੜ ਰਿਹਾ ਹੈ। ਧਰਮ ਦਾ ਖੇਤਰ ਪਰਵਿਰਤੀ ਅਤੇ ਨਿਵਿਰਤੀ ਦੇ ਵਿਚਕਾਰ ਹੈ।

ਇਸ ਵਾਰ ਦਾ ਵਰਤਮਾਨ ਰੂਪ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇਸ ਦੇ ਆਦਿ ਰੂਪ ਤੋਂ ਵਧਾਇਆ ਹੋਇਆ ਹੈ। ਪਹਿਲੇ ਸ਼ੁੱਧ ਰੂਪ ਵਿਚ ਗੁਰੂ ਸਾਹਿਬ ਰਚਿਤ 27 ਪਉੜੀਆਂ ਸਨ ਅਤੇ ਹਰੇਕ ਪਉੜੀ ਵਿਚ 8 ਤੁਕਾਂ ਸਨ। ਹੁਣ ਦੇ ਸੰਪੂਰਨ ਰੂਪ ਵਿਚ 28 ਪਉੜੀਆਂ ਹਨ। ਸਤਾਈਵੀਂ ਪਉੜੀ ਗੁਰੂ ਅਰਜਨ ਦੇਵ ਜੀ ਦੀ ਹੈ। ਪਉੜੀਆਂ ਦੇ ਭਾਵ ਨੂੰ ਸਪਸ਼ਟ ਕਰਨ ਲਈ 58 ਸ਼ਲੋਕ ਦਰਜ ਹਨ, ਜਿਨ੍ਹਾਂ ਵਿਚੋਂ 24 ਗੁਰੂ ਨਾਨਕ ਦੇਵ ਜੀ ਦੇ, 5 ਗੁਰੂ ਅੰਗਦ ਦੇਵ ਜੀ ਦੇ, 27 ਗੁਰੂ ਅਮਰਦਾਸ ਜੀ ਦੇ ਅਤੇ 2 ਗੁਰੂ ਅਰਜਨ ਦੇਵ ਜੀ ਦੇ ਹਨ।[1]

## 1. ਭੌਤਿਕ ਵਰਗ

(ੳ) ਸ੍ਰਿਸ਼ਟੀ : ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸ੍ਰਿਸ਼ਟੀ ਦੀ ਉਤਪਤੀ ਦਾ ਮੂਲ, ਨਿਰਗੁਣ ਪਰਮਾਤਮਾ ਦੇ ਅੰਦਰ ਹੀ ਸੀ।[2] ਪ੍ਰਭੂ ਨੇ ਆਪ ਹੀ ਆਪਣਾ ਨਿਰਗੁਣ ਤੇ ਫੇਰ ਆਪਣਾ ਸਗੁਣ ਰੂਪ ਸਿਰਜਿਆ। ਪਰਮਾਤਮਾ, ਧਰਤੀ, ਆਕਾਸ਼, ਸੂਰਜ, ਚੰਦ, ਆਦਿਕ

---

1. ਸ਼ਬਦਾਰਥ ਬਾਣੀ ਗੁਰੂ ਨਾਨਕ ਦੇਵ ਜੀ, ਪੰਨਾ 27.
2. ਬੈਠਾ ਤਾੜੀ ਲਾਇ ਕਵਲੁ ਛਪਾਇਆ ॥ (ਗੁਰੂ ਗ੍ਰੰਥ, ਪੰਨਾ 1279)

ਬਿਨਾਂ ਕਿਸੇ ਭੌਤਿਕ ਸਹਾਰੇ ਦੇ ਰਚ ਕੇ, ਇਸ ਵਿਚ ਦਿਨ-ਰਾਤ ਆਦਿ ਦਾ ਚੱਕਰ ਚਲਾ ਕੇ, ਆਪ ਹੀ ਇਸ ਵਿਚ ਸਮਾ ਕੇ, ਚੋਜ ਕਰ ਰਿਹਾ ਹੈ।[3] ਜੀਵ ਉਪਜਣ ਤੋਂ ਪਹਿਲਾਂ ਛੱਤੀ ਯੁਗ ਗੈਸਾਂ ਦਾ ਗੁਬਾਰ ਰਿਹਾ ਤੇ ਫ਼ੇਰ ਚਾਰ ਚੁਫ਼ੇਰੇ ਜਲ ਥਲ ਹੋ ਗਿਆ।[4] ਇਹ ਸਾਰੀ ਰਚਨਾ ਰਚਦਿਆਂ ਉਸ ਨੂੰ ਦੇਰ ਨਹੀਂ ਲੱਗਦੀ ਅਤੇ ਪਲ-ਛਿਨ ਵਿਚ ਹੀ ਉਹ ਇਸ ਨੂੰ ਨਸ਼ਟ ਵੀ ਕਰ ਸਕਦਾ ਹੈ :

ਸੋ ਹਰਿ ਸਦਾ ਸਰੇਵੀਐ ਜਿਸੁ ਕਰਤ ਨ ਲਾਗੈ ਵਾਰ ॥

ਆਡਾਣੇ ਆਕਾਸ ਕਰਿ ਖਿਨ ਮਹਿ ਢਾਹਿ ਉਸਾਰਣਹਾਰ ॥
(ਗੁਰੂ ਗ੍ਰੰਥ, ਪੰਨਾ 1280)

ਪਰਮਾਤਮਾ ਜਗਤ ਬਣਾ ਕੇ ਫ਼ੇਰ ਆਪ ਹੀ ਉਸ ਦੀ ਦੇਖ-ਰੇਖ ਕਰਦਾ ਹੈ। ਬ੍ਰਹਮਾ, ਵਿਸ਼ਣੂ, ਮਹੇਸ਼ ਹੋਰ ਕੁਝ ਨਹੀਂ ਕੇਵਲ ਪਰਮਾਤਮਾ ਦੀਆਂ ਸ਼ਕਤੀਆਂ ਦੇ ਹੀ ਵੱਖਰੇ ਵੱਖਰੇ ਨਾਮ ਹਨ। ਸਭ ਕੁਝ ਬਣਾ ਕੇ ਫ਼ੇਰ ਪਰਮਾਤਮਾ ਆਪੇ ਹੀ ਉਸ ਦਾ ਨਾਸ਼ ਕਰਦਾ ਹੈ :

ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥ (ਗੁਰੂ ਗ੍ਰੰਥ, ਪੰਨਾ 1288)

* * *

ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ॥ (ਗੁਰੂ ਗ੍ਰੰਥ, ਪੰਨਾ 1283)

ਜਿਸ ਪ੍ਰਭੂ ਨੇ ਜਗਤ ਬਣਾਇਆ ਹੈ ਉਹ ਆਪ ਹੀ ਇਸ ਵਿਚ ਵਰਤ ਰਿਹਾ ਹੈ :

ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥
(ਗੁਰੂ ਗ੍ਰੰਥ, ਪੰਨਾ 1291)

ਸਭ ਕੁਝ ਪਰਮਾਤਮਾ ਦਾ ਹੀ ਬਣਾਇਆ ਹੋਇਆ ਹੈ, ਪਰ ਫ਼ੇਰ ਵੀ ਸਿਰਫ਼ ਪਰਮਾਤਮਾ ਹੀ ਸਥਿਰ ਹੈ ਅਤੇ ਬਾਕੀ ਸਭ ਕੁਝ ਜੰਮਣ ਮਰਣ ਵਿਚ ਹੈ।

ਸਾਰੀ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਜਾਂ ਉਸ ਦੇ ਭੈ (ਨਿਯੰਤ੍ਰਣ) ਵਿਚ ਚਲ ਰਹੀ ਹੈ। ਪ੍ਰਭੂ ਦਾ ਭੈ ਜਾਂ ਹੁਕਮ ਇਕ ਹੀ ਵਸਤੂ ਦੇ ਦੋ ਰੂਪ ਹਨ। ਅਸਲ ਵਿਚ ਤਾਂ ਇਹ ਇਕ ਪ੍ਰਕਾਰ ਦੇ ਨਿਯਮ ਹਨ। ਜਦੋਂ ਉਨ੍ਹਾਂ ਨੂੰ ਪਰਮਾਤਮਾ ਦੀ ਦ੍ਰਿਸ਼ਟੀ ਤੋਂ ਦੇਖਦੇ ਹਾਂ ਤਾਂ ਇਹ ਪਰਮਾਤਮਾ ਦਾ ਹੁਕਮ ਹੈ ਅਤੇ ਜਦੋਂ ਜੀਵ ਦੇ ਦ੍ਰਿਸ਼ਟੀਕੋਣ ਤੋਂ ਦੇਖਦੇ ਹਾਂ ਤਾਂ ਜੀਵ ਲਈ ਇਹ ਪਰਮਾਤਮਾ ਦਾ ਭਾਣਾ ਜਾਂ ਭੈ ਹੈ।[5]

ਇਸ ਜਗਤ ਵਿਚ ਸਭ ਚੀਜ਼ਾਂ ਤ੍ਰੈਗੁਣੀ ਹਨ ਇਨ੍ਹਾਂ ਵਿਚ ਮਨੁੱਖ ਫ਼ਜ਼ੂਲ ਹੀ ਡੁੱਬਾ ਰਹਿੰਦਾ ਹੈ। ਇਹ ਜਗਤ ਚਾਰ ਦਿਨਾਂ ਦਾ ਜੀਊਣਾ ਹੈ, ਇਥੇ ਮੌਜਾਂ ਕਰਨ ਨਾਲ ਅੰਤ ਦੁਖ

3. ਗੁਰੂ ਗ੍ਰੰਥ, ਪੰਨਾ 1279.
4. ਜੁਗ ਛਤੀਹ ਗੁਬਾਰੁ ਤਿਸ ਹੀ ਭਾਇਆ ॥
ਜਲਾ ਬਿੰਬੁ ਅਸਰਾਲੁ ਤਿਨੈ ਵਰਤਾਇਆ ॥ (ਉਹੀ, ਪੰਨਾ 1282)
5. ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ ॥ (ਉਹੀ, ਪਨਾ 1280)

ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥
ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥ (ਉਹੀ, ਪੰਨਾ 1288)

ਹੀ ਨਿਕਲਦਾ ਹੈ

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥
(ਗੁਰੂ ਗ੍ਰੰਥ, ਪੰਨਾ 1286)

ਸਪਸ਼ਟ ਹੈ ਕਿ ਇਥੇ ਗੁਰੂ ਨਾਨਕ ਦੇਵ ਜੀ ਨੇ ਭੌਤਿਕ ਜਗਤ ਨੂੰ ਨਿਮਨ ਸਤਰ ਦਾ ਦੱਸਿਆ ਹੈ ਅਤੇ ਇਸ ਦਾ ਕਾਰਨ ਹੈ ਸੰਸਾਰਕ ਵਸਤੂਆਂ ਦਾ ਨਾਸ਼ਵਾਨ ਹੋਣਾ। ਜਿਨ੍ਹਾਂ ਚੀਜ਼ਾਂ ਨੂੰ ਅਸੀਂ ਆਪਣੇ ਸੁਖ ਲਈ ਕੀਮਤੀ ਸਮਝਦੇ ਹਾਂ, ਜੇ ਉਹ ਹੀ ਨਾਸ਼ਵਾਨ ਹਨ ਤਾਂ ਇਹ ਸਥਾਈ ਸੁਖ ਕਿਵੇਂ ਦੇ ਸਕਦੀਆਂ ਹਨ ? ਬਿਜਲੀ ਦੀ ਲਿਸ਼ਕ ਵਾਂਗ ਦੁਨੀਆ ਦਾ ਚਮਤਕਾਰ ਤਾਂ ਬਹੁਤ ਹੈ, ਪਰ ਇਹ ਜਲਦੀ ਨਾਸ਼ ਹੋ ਜਾਣ ਵਾਲਾ ਹੈ।[6]

(ਅ) ਮਨੁੱਖ : ਪਰਮਾਤਮਾ ਆਪਣੀ ਮਰਜ਼ੀ ਅਨੁਸਾਰ ਬਿਨਾਂ ਕਲਮ ਦਵਾਤ ਦੇ ਜੀਵਾਂ ਦੇ ਸਿਰ ਉੱਤੇ ਲੇਖ ਲਿਖ ਰਿਹਾ ਹੈ।[7] ਦੋਵੇਂ ਤਰ੍ਹਾਂ ਦੇ ਮਨੁੱਖ ਅਰਥਾਤ ਗੁਰਮੁਖ ਅਤੇ ਮਨਮੁਖ ਉਸ ਦੇ ਹੀ ਰਚੇ ਹੋਏ ਹਨ।[8] ਉਨ੍ਹਾਂ ਦੋਹਾਂ ਅੰਦਰ ਉਹ ਪਰਮਾਤਮਾ ਆਪ ਹੀ ਵਰਤ ਰਿਹਾ ਹੈ। ਜੋ ਪਰਮਾਤਮਾ ਨੂੰ ਭਾਉਂਦਾ ਹੈ ਉਹੀ ਹੁੰਦਾ ਹੈ। ਮੂਰਖ ਮਨੁੱਖ ਐਵੇਂ ਹੁਕਮ ਚਲਾਉਣ ਦਾ ਜਤਨ ਕਰਦਾ ਹੈ।[9] ਪ੍ਰਭੂ ਆਪ ਹੀ ਜੀਵਾਂ ਤੋਂ ਕੰਮ ਕਰਵਾਉਂਦਾ ਹੈ ਅਤੇ ਆਪ ਹੀ ਲੇਖਾ ਮੰਗਦਾ ਹੈ। ਪਰਮਾਤਮਾ ਹੀ ਜੀਵਾਂ ਦੀ ਸੰਭਾਲ ਕਰਦਾ ਹੈ ਤੇ ਆਪ ਹੀ ਉਨ੍ਹਾਂ ਦੀ ਪੁਕਾਰ ਸੁਣਦਾ ਹੈ, ਆਪ ਹੀ ਸਭ ਨੂੰ ਆਸਰਾ ਦਿੰਦਾ ਹੈ। ਸਭ ਜੀਵਾਂ ਵਿਚ ਉਹ ਇਕੋ ਵਰਤ ਰਿਹਾ ਹੈ, ਉਹ ਹਰੇਕ ਦਾ ਧਿਆਨ ਰੱਖਦਾ ਹੈ।[10] ਧਰਤੀ ਉੱਤੇ ਜੀਵਾਂ ਦੀਆਂ ਚੌਰਾਸੀ ਲੱਖ ਜੂਨਾਂ ਪਰਮਾਤਮਾ ਨੇ ਆਪ ਹੀ ਬਣਾਈਆਂ ਹੋਈਆਂ ਹਨ।[11] ਪ੍ਰਭੂ ਆਪਣੇ ਹੁਕਮ ਵਿਚ ਹੀ ਜੀਵਾਂ ਨੂੰ ਜੀਵਨ ਅਤੇ ਰੋਜ਼ੀ ਦਿੰਦਾ ਹੈ।[12] ਉਸ ਦੇ ਹੁਕਮ ਅਨੁਸਾਰ ਹੀ ਜੀਵ ਧਰਤੀ ਉੱਤੇ ਆਉਂਦੇ ਅਤੇ ਇਥੋਂ ਤੁਰ ਜਾਂਦੇ ਹਨ।[13] ਧਰਮਰਾਜ ਵੀ ਪ੍ਰਭੂ ਦੇ ਹੁਕਮ ਨਾਲ ਹੀ ਮਨੁੱਖ ਦੇ ਕਰਮਾਂ ਦਾ ਹਿਸਾਬ ਕਰਦਾ ਹੈ। ਜੀਵ ਨੂੰ ਉਸ ਦੇ ਕਰਮਾਂ ਦਾ ਹੀ ਫ਼ਲ ਮਿਲਦਾ ਹੈ। ਪ੍ਰਭੂ ਆਪਣੀ ਖ਼ੁਸ਼ੀ ਅਨੁਸਾਰ ਇਕ ਪਲ ਵਿਚ ਲੱਖਾਂ ਜੀਵ ਬਣਾਉਂਦਾ ਅਤੇ ਨਸ਼ਟ ਕਰ ਦਿੰਦਾ ਹੈ।[14]

---

6. ਚਿਲਿਮਿਲਿ ਬਿਸੀਆਰ ਦੁਨੀਆ ਫਾਨੀ ॥ (ਗੁਰੂ ਗ੍ਰੰਥ, ਪੰਨਾ 1291)
7. ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ ॥ (ਉਹੀ, ਪੰਨਾ 1280)
8. ਦੋਵੈ ਤਰਫਾ ਉਪਾਇ ਇਕੁ ਵਰਤਿਆ ॥ (ਉਹੀ)
9. ਜੋ ਤਿਸੁ ਭਾਵੈ ਸੋ ਥੀਐ ਹੁਕਮੁ ਕਰੇ ਗਾਵਾਰੁ ॥ (ਉਹੀ, ਪੰਨਾ 1282)
10. ਆਪੇ ਵੇਖੈ ਸੁਣੇ ਆਪਿ ਸਭਸੈ ਦੇ ਆਧਾਰੁ ॥
ਸਭ ਮਹਿ ਏਕੁ ਵਰਤਦਾ ਸਿਰਿ ਸਿਰਿ ਕਰੇ ਬੀਚਾਰੁ ॥ ਉਹੀ, ਪੰਨਾ 1282-83)
11. ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥ (ਉਹੀ, ਪੰਨਾ 1283)
12. ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥ (ਉਹੀ, ਪੰਨਾ 1288)
13. ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥ (ਉਹੀ)
14. ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ ॥
ਤੇਰੈ ਹਥਿ ਨਿਬੇੜੁ ਤੂਹੈ ਮਨਿ ਭਾਇਆ ॥ (ਉਹੀ, ਪੰਨਾ 1290)

(1) ਸਰੀਰ : ਸਰੀਰ, ਹਵਾ, ਪਾਣੀ ਅਤੇ ਅੱਗ, ਆਦਿ ਤੱਤਾਂ ਨਾਲ ਬਣਦਾ ਹੈ ਅਤੇ ਫ਼ੇਰ ਉਸ ਅੰਦਰ ਜੀਵਾਤਮਾ ਨੂੰ ਪਾਇਆ ਜਾਂਦਾ ਹੈ। ਤੱਤਾਂ ਨੂੰ ਕਾਹਦਾ ਦੁਖ-ਸੁਖ ? ਖ਼ੁਸ਼ੀ-ਗ਼ਮੀ ਤਾਂ ਆਤਮਾ ਨੂੰ ਹੈ, ਜੋ ਆਪਣੇ ਕਰਮਾਂ ਅਨੁਸਾਰ ਦੁਖ-ਸੁਖ ਦੀ ਭਾਗੀ ਬਣਦੀ ਹੈ ।[15]

ਜਿਉਂ ਜਿਉਂ ਸਮਾਂ ਬੀਤਦਾ ਜਾਂਦਾ ਹੈ, ਉਮਰ ਘਟਦੀ ਜਾਂਦੀ ਹੈ, ਕਾਇਆ ਟੁੱਟਦੀ ਹੈ ਅਤੇ ਪਰਾਲੀ ਦੀ ਤਰ੍ਹਾਂ ਨਿਕੰਮੀ ਹੋ ਜਾਂਦੀ ਹੈ। ਜਦੋਂ ਜੀਵਾਤਮਾ ਸਰੀਰ ਨੂੰ ਛੱਡ ਕੇ ਚਲਿਆ ਜਾਂਦਾ ਹੈ, ਸਰੀਰ ਮਿੱਟੀ ਵਿਚ ਰਲ ਜਾਂਦਾ ਹੈ। ਮੋਏ ਹੋਏ ਨੂੰ ਪਿਛਲੇ ਰੋਂਦੇ ਹਨ, ਪਰ ਰੋਣ ਵਾਲੇ ਵੀ ਅੰਤ ਤੁਰ ਜਾਂਦੇ ਹਨ। ਅਸਲ ਵਿਚ ਮਰਦੇ ਉਹੀ ਹਨ ਜੋ ਪ੍ਰਭੂ ਵਿਚ ਧਿਆਨ ਨਹੀਂ ਜੋੜਦੇ ।[16]

ਖ਼ੁਰਾਕ ਬਾਰੇ ਵਹਿਮਾਂ ਦੀ ਨਿੰਦਾ ਦੇ ਸਿਲਸਿਲੇ ਵਿਚ, ਇਸ ਵਾਰ ਵਿਚ ਗੁਰੂ ਨਾਨਕ ਖ਼ਾਸ ਕਰਕੇ ਮਾਸ ਖਾਣ ਬਾਰੇ ਪੰਡਿਤਾਂ ਦੇ ਵਹਿਮਾਂ-ਭਰਮਾਂ ਨੂੰ ਅਗਿਆਨ ਦਸਦੇ ਹਨ ।[17] ਉਹ ਕਹਿੰਦੇ ਹਨ ਯੁਗਾਂ-ਯੁਗਾਂਤਰਾਂ ਤੋਂ ਹਿੰਦੂ-ਮੁਸਲਮਾਨੀ ਉਤਸਵਾਂ ਉੱਤੇ ਵਰਤੇ ਜਾਣ ਵਾਲੇ ਮਾਸ ਤੋਂ ਨੱਕ ਚੜ੍ਹਾਉਣ ਵਾਲੇ, ਲੋਕਾਂ ਦਾ ਖ਼ੂਨ ਨਿਸੰਗ ਪੀ ਜਾਂਦੇ ਹਨ ।[18] ਮਾਸ ਤੋਂ ਉਪਜੇ, ਮਾਸ ਤੋਂ ਫਲਦੇ-ਫੁੱਲਦੇ ਪਖੰਡੀ ਮਨੁੱਖ ਮਾਸ ਤੋਂ ਪ੍ਰਹੇਜ਼ ਕਰਦੇ ਹਨ, ਪਰ ਹਰਾਮ ਖਾਣੋਂ ਸੰਗਦੇ ਨਹੀਂ ।[19] ਜੇ ਮਾਸ ਖਾਣ ਵਾਲੇ ਮਨੁੱਖ ਨਰਕ ਜਾਂਦੇ ਹੋਣ ਤਾਂ ਉਨ੍ਹਾਂ ਤੋਂ ਦਾਨ-ਪੁੰਨ ਲੈਣ ਵਾਲੇ ਪੰਡਿਤ ਆਦਿਕ ਸੁਰਗ ਕਿਵੇਂ ਜਾ ਸਕਦੇ ਹਨ ? ਮਾਸ ਵੀ ਉਨ੍ਹਾਂ ਹੀ ਤੱਤਾਂ ਤੋਂ ਉਪਜਦਾ ਹੈ ਜਿਨ੍ਹਾਂ ਤੋਂ ਅੰਨ, ਕਮਾਦ, ਸਾਗ, ਆਦਿਕ; ਤਾਂ ਫ਼ੇਰ ਤਿਆਗੀ ਨੂੰ ਇਹ ਸਾਰੇ ਹੀ ਰਸ ਛੱਡਣੇ ਚਾਹੀਦੇ ਹਨ ।[20]

(2) ਭਾਵਨਾਵਾਂ : ਵਿਸ਼ੇ-ਵਿਕਾਰਾਂ ਦੀ ਅੱਗ ਦਾ ਭਾਂਬੜ ਦਿਨ-ਰਾਤ ਬਲ ਰਿਹਾ ਹੈ ਅਤੇ ਜੀਵ ਇਸ ਭਾਂਬੜ ਵਿਚ ਫ਼ਸਿਆ ਚੋਗ ਚੁਗ ਰਿਹਾ ਹੈ ।[21] ਸਰੀਰ ਨੂੰ ਕਸ਼ਟ ਦੇਣ

15. ਪਉਣੈ ਪਾਣੀ ਅਗਨੀ ਜੀਉ ॥ ਤਿਨ ਕਿਆ ਖੁਸੀਆ ਕਿਆ ਪੀੜ ॥ (ਗੁਰੂ ਗ੍ਰੰਥ, ਪੰਨਾ 1289)
16. ਉਹੀ, ਪੰਨਾ 1287.
17. ਉਹੀ, ਪੰਨਾ 1289.
18. ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੈ ॥ (ਉਹੀ)
19. ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
...ਅਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥ (ਉਹੀ)
20. ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ ॥
...ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥ (ਉਹੀ, ਪੰਨਾ 1290)
21. ਅਗਨਿ ਭਖੈ ਭੜਹਾੜੁ ਅਨਦਿਨ ਭਖਸੀ ॥
ਫਾਥਾ ਚੁਗੈ ਚੋਗ ਹੁਕਮੀ ਛੁਟਸੀ ॥ (ਉਹੀ),

ਨਾਲ ਧੀਰਜ ਨਹੀਂ ਆਉਂਦਾ ਸਗੋਂ ਤ੍ਰਿਸ਼ਨਾ ਹੀ ਵੱਧਦੀ ਹੈ।[22]

ਕਾਮ ਦਾ ਰੂਪ ਨਾਲ ਅਤੇ ਭੁੱਖ ਦਾ ਸੁਆਦ ਨਾਲ ਸੰਬੰਧ ਹੈ। ਲੋਭੀ ਜਾਂ ਲਾਲਚੀ ਧਨ ਵੱਲ ਦੌੜਦਾ ਹੈ।[23] ਰਾਜ, ਧਨ, ਸੁੰਦਰਤਾ, ਉੱਚੀ ਜ਼ਾਤ ਅਤੇ ਜੁਆਨੀ, ਇਹ ਪੰਜੇ ਠੱਗ ਹਨ, ਜਗਤ ਨੂੰ ਠੱਗ ਰਹੇ ਹਨ।[24] ਇਨ੍ਹਾਂ ਦੇ ਕਾਰਨ ਹੀ ਅੰਨ੍ਹੀ ਹੋਈ ਦੁਨੀਆਂ ਅਹੰਕਾਰ ਵਿਚ ਮਰਦੀ ਹੈ। ਮਨੁੱਖ ਦਾ ਅਹੰਕਾਰ ਕੂੜਾ ਹੈ, ਸਭ ਕੁਝ ਪਰਮਾਤਮਾ ਦੀ ਹੀ ਵਡਿਆਈ ਹੈ। ਜੇ ਮਨੁੱਖ ਵਿੱਚੋਂ ਹਉਮੈ ਚਲੀ ਜਾਵੇ ਤਾਂ ਉਹ ਵੱਡਪਣ ਕਿਵੇਂ ਜਤਾ ਸਕਦਾ ਹੈ।[25]

ਮਨਮੁਖ ਮੋਹ ਦੇ ਹਨੇਰੇ ਵਿਚ ਭਟਕਦਾ ਹੈ।[26] ਇਹ ਮੋਹ ਮਾਇਆ ਵੀ ਹਉਮੈ ਕਾਰਨ ਹੀ ਹੈ। ਜੇ ਇਹ ਹਉਮੈ ਮੁੱਕ ਜਾਵੇ ਤਾਂ ਜੂਨਾਂ ਵਿਚ ਪੈਣ ਅਰਥਾਤ ਆਵਾਗੌਣ ਤੋਂ ਛੁਟਕਾਰਾ ਮਿਲ ਜਾਂਦਾ ਹੈ, ਪਰ ਇਹ ਹਉਮੈ, ਤ੍ਰਿਸ਼ਨਾਂ, ਅਗਨੀ, ਆਦਿ ਤਾਂ ਪ੍ਰਭੂ ਦੇ ਹੀ ਪੈਦਾ ਕੀਤੇ ਹੋਏ ਹਨ, ਇਨ੍ਹਾਂ ਤੋਂ ਛੁਟਕਾਰਾ ਕਿਵੇਂ ਮਿਲੇ। ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਗੁਰੂ ਦੇ ਸ਼ਬਦ ਤੋਂ ਹੀ ਇਨ੍ਹਾਂ ਦਾ ਉੱਧਾਰ ਹੁੰਦਾ ਹੈ—

ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ਹੀ ਮਾਰਿਆ ॥

(ਗੁਰੂ ਗ੍ਰੰਥ, ਪੰਨਾ 1280)

ਕ੍ਰੋਧਵਾਨ ਮਨੁੱਖ ਅੰਨ੍ਹਾ ਹੋਇਆ, ਦੁਖੀ ਹੁੰਦਾ ਹੈ। ਨਾਮ-ਹੀਣ ਹੋਣ ਨਾਲ ਮੂੰਹ ਵਿੱਚੋਂ ਬਕਵਾਸ ਦੀ ਬਦਬੂ ਨਿਕਲਦੀ ਹੈ।[27] ਗੁਰਮੁਖ ਗੁਰੂ ਦੀ ਸਿੱਖਿਆ ਲੈ ਕੇ ਸ਼ਬਦ ਦੀ ਕਮਾਈ ਦੁਆਰਾ, ਕਾਮ, ਕ੍ਰੋਧ, ਆਦਿ ਨੂੰ ਮਾਰ ਲੈਂਦਾ ਹੈ।

3. ਅਰਥ : ਮਨਮੁਖ ਮਨੁੱਖ ਸੁਭਾਵਕ ਤੌਰ ਉਪਰ ਹੀ ਸੌਦੇਬਾਜ਼ ਹੁੰਦੇ ਹਨ ਅਤੇ ਇਨ੍ਹਾਂ ਦੀ ਖ਼ੁਦਗਰਜ਼ੀ ਦੇ ਭਾਰ ਹੇਠਾਂ ਧਰਤੀ ਵੀ ਭੈ-ਭੀਤ ਭਾਵ ਦਬੀ ਰਹਿੰਦੀ ਹੈ।[28] ਇਸ ਸੰਸਾਰ ਵਿਚ ਕੁੱਝ ਲੋਕ ਆਪਣੇ ਆਪ ਨੂੰ ਰਾਜਾ, ਖ਼ਾਨ ਅਤੇ ਪਾਤਸ਼ਾਹ ਅਖਵਾਉਂਦੇ ਹਨ। ਉਹ ਮਾਇਆ ਨਾਲ ਹੀ ਪਿਆਰ ਕਰਦੇ ਹਨ। ਪਰ ਜਿਨ੍ਹਾਂ ਪਾਸ ਸਿਰਫ਼ ਇਹ ਹੀ ਧਨ ਹੈ, ਉਹ ਗੁਰੂ ਨਾਨਕ ਦੀਆਂ ਨਜ਼ਰਾਂ ਵਿਚ ਕੰਗਾਲ ਹਨ। ਮਾਇਕ ਧਨ ਨੂੰ ਜੀਵ ਦਾ

---

22. ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥ (ਗੁਰੂ ਗ੍ਰੰਥ, ਪੰਨਾ 1285)
23. ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥
    ਲਬੈ ਮਾਲੈ ਘੁਲਿ ਮਿਲਿ ਮਿਚਲਿ...॥ (ਉਹੀ, ਪੰਨਾ 1288)
24. ਰਾਜ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ (ਉਹੀ)
25. ਮਾਣਸ ਕੂੜਾ ਗਰਬੁ ਸਚੀ ਤੁਧੁ ਮਣੀ ॥
    ...ਜੇ ਹਉਮੈ ਵਿਚਹੁ ਜਾਇ ਤ ਕੇਹੀ ਗਣਤ ਗਣੀ ॥ (ਉਹੀ, ਪੰਨਾ 1283)
26. ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ ॥ (ਉਹੀ)
27. ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ (ਉਹੀ, ਪੰਨਾ 1288)
28. ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ ॥ (ਉਹੀ, ਪੰਨਾ 1283)

ਮਿੱਤਰ ਨਹੀਂ ਕਿਹਾ ਜਾ ਸਕਦਾ। ਇਸ ਦੇ ਤਾਂ ਹੁੰਦਿਆਂ ਵੀ ਜੀਵ ਸਿਰ ਉੱਤੇ ਚੋਟਾਂ ਖਾਂਦਾ ਹੈ,[29] ਕਿਉਂਕਿ ਅਜਿਹੇ ਜੀਵ ਦ੍ਵੈਤ ਵਿਚ ਪੈ ਕੇ ਪ੍ਰਭੂ ਦੀ ਦਰਗਾਹ ਵਿਚ ਆਪਣੀ ਇੱਜ਼ਤ ਗਵਾ ਲੈਂਦੇ ਹਨ।[30] ਅਮੀਰ ਅਤੇ ਗ਼ਰੀਬ ਸਭ ਦਾ ਮਾਲਕ ਇਕੋ ਪ੍ਰਭੂ ਹੈ।[31]

## 2. ਬੌਧਿਕ ਵਰਗ

ਗਿਆਨ ਦੁਆਰਾ ਮਨ ਦੀ ਮੈਲ ਦੂਰ ਹੁੰਦੀ ਹੈ।[32] ਸਹੀ ਗਿਆਨ ਪ੍ਰਾਪਤ ਕਰ ਕੇ ਹੀ ਮਨ ਹਰੀ-ਚਰਨਾਂ ਵਿਚ ਲੱਗਦਾ ਹੈ। ਪ੍ਰਭੂ ਦੇ ਭੈ ਤੋਂ ਬਿਨਾਂ ਅਗਿਆਨ ਦੂਰ ਨਹੀਂ ਹੋ ਸਕਦਾ।[33] ਪੜ੍ਹਨਾਂ ਤਾਂ ਸਿਰਫ਼ ਪ੍ਰਭੂ ਦਾ ਨਾਮ ਹੀ ਚਾਹੀਦਾ ਹੈ, ਇਸ ਤੋਂ ਬਿਨਾ ਹੋਰ ਅਕਲਾਂ ਵਿਅਰਥ ਹਨ :

ਪੜੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥ (ਗੁਰੂ ਗ੍ਰੰਥ, ਪੰਨਾ 1289)

## 3. ਨੈਤਿਕ ਵਰਗ

(ੳ) ਵਿਅਕਤੀਗਤ ਨੈਤਿਕਤਾ : ਜਦੋਂ ਪ੍ਰਭੂ ਦੀ ਦਰਗਾਹ ਵਿਚ ਲੇਖਾ ਮੰਗਿਆ ਜਾਂਦਾ ਹੈ ਤਾਂ ਕੂੜਿਆਰ ਪ੍ਰਾਣੀ ਔਖਾ ਹੁੰਦਾ ਹੈ।[34] ਚੋਰਾਂ, ਵਿਭਚਾਰੀਆਂ ਅਤੇ ਜੂਏਬਾਜ਼ਾਂ ਦਾ ਉਹੀ ਹਾਲ ਹੁੰਦਾ ਹੈ ਜੋ ਕੋਹਲੂ ਵਿਚ ਪੀੜੇ ਜਾ ਰਹੇ ਤਿਲਾਂ ਦਾ। ਨਿੰਦਕਾਂ ਅਤੇ ਚੁਗਲਖੋਰਾਂ ਨੂੰ ਅਗਲੇ ਘਰ ਹਥਕੜੀਆਂ ਲਗਦੀਆਂ ਹਨ :

ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥
ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥ (ਗੁਰੂ ਗ੍ਰੰਥ, ਪੰਨਾ 1288)

ਇਸ ਤੋਂ ਉਲਟ ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ ਪੰਜ ਦੈਵੀ ਗੁਣ ਦੱਸੇ ਹਨ।

(ਅ) ਸਮਾਜਿਕ ਨੈਤਿਕਤਾ : ਜੋ ਮਨੁੱਖ ਹੋਰ ਮਨੁੱਖਾਂ ਦਾ ਖ਼ੂਨ ਪੀਂਦੇ, ਆਪਣੇ ਹੀ ਭਰਾਵਾਂ ਨੂੰ ਫ਼ਾਹੀ ਵਿਚ ਫੱਸਾਂਦੇ ਹਨ, ਉਨ੍ਹਾਂ ਨੂੰ ਪ੍ਰਭੂ ਦੇ ਦਰਬਾਰ ਵਿਚ ਸਥਾਨ ਨਹੀਂ ਮਿਲਦਾ।[35]

(ੲ) ਰਾਜਨੀਤਿਕ ਨੈਤਿਕਤਾ : ਪਰਮਾਤਮਾ ਦੇ ਦਰਬਾਰ ਵਿਚ ਪੂਰਾ ਇਨਸਾਫ਼ ਹੁੰਦਾ ਹੈ। ਪ੍ਰਭੂ ਸਭ ਦੀ ਠੀਕ ਕੀਮਤ ਪਾਉਂਦਾ ਹੈ।[36] ਇੰਜ ਹੀ ਰਾਜੇ ਨੂੰ

---

29. ਸੋ ਧਨੁ ਮਿਤ੍ਰੁ ਨਾ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥ (ਗੁਰੂ ਗ੍ਰੰਥ, ਪੰਨਾ 1287)
30. ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ ॥ (ਉਹੀ, ਪੰਨਾ 1283)
31. ਇਕਿ ਦਾਤੇ ਇਕ ਮੰਗਤੇ ਸਭਨਾ ਸਿਰਿ ਸੋਈ ॥ (ਉਹੀ)
32. ਪੂਰੇ ਗਿਆਨਿ ਧਿਆਨਿ ਮੈਲੁ ਚੁਕਾਇਆ ॥ (ਉਹੀ, ਪੰਨਾ 1286)
33. ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥ (ਉਹੀ, ਪੰਨਾ 1288)
34. ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥ (ਉਹੀ)
35. ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜ੍ਹਿਆ ਨਾਉ ॥
    ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥ (ਉਹੀ),
36. ਸਚੀ ਕੀਮਤਿ ਪਾਇ ਤਖਤੁ ਰਚਾਇਆ ॥ (ਉਹੀ, ਪੰਨਾ 1280)

ਇਨਸਾਫ਼ ਉੱਤੇ ਚੱਲਣਾ ਚਾਹੀਦਾ ਹੈ। ਜੋ ਰਾਜਾ ਅਤੇ ਉਸ ਦੇ ਅਹਿਲਕਾਰ, ਪਰਜਾ ਨੂੰ ਤੰਗ ਕਰਦੇ ਹਨ, ਲੋਕਾਂ ਦਾ ਲਹੂ ਪੀਂਦੇ ਹਨ, ਜਨਤਾ ਨੂੰ ਦੁਖੀ ਕਰਦੇ ਹਨ, ਉਹ ਬੇਸ਼ਰਮ ਹਨ। ਅਜਿਹੇ ਰਾਜੇ ਅਤੇ ਉਹਨਾਂ ਦੇ ਆਦਮੀ ਪ੍ਰਭੂ-ਦਰਬਾਰ ਵਿਚ ਬੇਇਤਬਾਰ ਠਹਿਰਾਏ ਜਾਂਦੇ ਹਨ।[37]

(ਸ) ਧਾਰਮਿਕ ਨੈਤਿਕਤਾ : ਨਾਮ ਦਾ ਮਾਰਗ ਹੀ ਅਸਲੀ ਮਾਰਗ ਹੈ; ਉਸ ਤੋਂ ਬਿਨਾਂ, ਸਭ ਕਰਮ-ਕਾਂਡ ਹੈ। ਕਰਮ-ਕਾਂਡੀ ਕਈ ਤਰ੍ਹਾਂ ਦੇ ਹੁੰਦੇ ਹਨ। ਮਲਾਰ ਦੀ ਵਾਰ ਦੀ 15ਵੀਂ ਤੇ 16ਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨੇ ਵਿਭਿੰਨ ਤਰ੍ਹਾਂ ਦੇ ਕਰਮ-ਕਾਂਡੀਆਂ ਦੀ ਚਰਚਾ ਕੀਤੀ ਹੈ। ਕਈ ਕਰਮ-ਕਾਂਡੀ ਜੰਗਲਾਂ ਵਿਚ ਜਾ ਬਹਿੰਦੇ ਹਨ ਅਤੇ ਮੋਨ ਧਾਰਨ ਕਰ ਲੈਂਦੇ ਹਨ; ਕਈ ਠੰਢੇ ਪਾਣੀ ਵਿਚ ਬੈਠ ਕੇ ਤਪ ਕਰਦੇ ਹਨ; ਕਈ ਸਰੀਰ ਉੱਤੇ ਸੁਆਹ ਮੱਲ ਲੈਂਦੇ ਹਨ; ਕਈ ਜਟਾਵਾਂ ਵਧਾ ਕੇ, ਘਰ ਬਾਰ ਛੱਡ ਕੇ ਜੰਗਲਾਂ ਵਿਚ ਘੁੰਮਦੇ ਹਨ। ਕੁੱਝ ਅਜਿਹੇ ਹਨ ਜੋ ਨੰਗੇ ਫਿਰਦੇ ਹਨ, ਕੁੱਝ ਸਰੀਰ ਨੂੰ ਅੱਗ ਨਾਲ ਸਾੜ ਲੈਂਦੇ ਹਨ। ਜੋ ਜੈਨੀ ਅਖਵਾਉਂਦੇ ਹਨ ਉਹ ਹੱਥਾਂ ਨਾਲ ਸਿਰ ਖੋਂਹਦੇ ਹਨ, ਸਦਾ ਗੰਦੇ ਰਹਿੰਦੇ ਹਨ, ਜੂਠ ਮੰਗ ਕੇ ਖਾਂਦੇ ਹਨ, ਆਪ ਕਿਰਤ ਕਰਨ ਤੋਂ ਡਰਦੇ ਹਨ।[38] ਕਈ ਰਾਗ ਰਾਗਣੀਆਂ ਗਾ ਕੇ, ਨੱਚ ਨੱਚ ਕੇ ਪਰਮਾਤਮਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਕਈ ਮੂਰਖ ਅੰਨ-ਪਾਣੀ ਤਿਆਗ ਦਿੰਦੇ ਹਨ। ਇਸ ਤਰ੍ਹਾਂ ਤ੍ਰਿਸ਼ਨਾਂ ਹੀ ਵੱਧਦੀ ਹੈ, ਧੀਰਜ ਨਹੀਂ ਆ ਸਕਦਾ।[39] ਇਵੇਂ ਕਰਮ-ਕਾਂਡੀ ਲੋਕ ਬੇਲੋੜਾ ਖੱਪ ਖੱਪ ਕੇ ਮਰਦੇ ਹਨ :

ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥ (ਗੁਰੂ ਗ੍ਰੰਥ, ਪੰਨਾ 1285)

ਇਸ ਲਈ ਸੰਸਾਰ ਵਿਚ ਪ੍ਰਭੂ ਦਾ ਨਾਮ ਹੀ ਲਾਹੇਵੰਦਾ ਹੈ। ਜੋ ਸੱਚ ਸ਼ਬਦ ਵਿਚਾਰਦੇ ਹਨ, ਉਹ ਪਰਮਾਤਮਾ ਵਿਚ ਸਮਾਂ ਜਾਂਦੇ ਹਨ। ਭਗਵੇ ਕੱਪੜੇ ਪਾ ਕੇ ਅਤੇ ਦੇਸ਼-ਪ੍ਰਦੇਸ਼ ਵਿਚ ਘੁੰਮ-ਘੁਮਾ ਕੇ ਵੀ ਪਰਮਾਤਮਾਂ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਭੂ ਤਾਂ ਜੀਵ ਦੇ ਆਪਣੇ ਅੰਦਰ ਹੈ। ਜੋ ਭੇਖਾਂ ਦਾ ਵਿਖਾਵਾ ਕਰਦੇ ਹਨ, ਆਵਾਗੌਣ ਵਿਚ ਬੱਝੇ ਰਹਿੰਦੇ ਹਨ।[40]

---

37. ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥ ਨਕੀ ਵਢੀ ਲਾਇਤਬਾਰ ॥ (ਗੁਰੂ ਗ੍ਰੰਥ, ਪੰਨਾ 1288)
38. ਉਹੀ, ਪੰਨਾ 1284.
39. ਉਹੀ, ਪੰਨਾ 1285.
40. ਉਹੀ, ਪੰਨਾ 1290.

## 4. ਅਧਿਆਤਮਿਕ ਵਰਗ

(ੳ) ਆਤਮਾ : ਉੱਚੀ ਆਤਮਿਕ ਬਿਰਤੀ ਅਜਰ ਵਸਤੂ ਹੈ। ਇਸ ਨੂੰ ਬਣਾਈ ਰੱਖਣਾ ਕਠਿਨ ਹੈ। ਕਾਮ ਜਾਂ ਹਉਮੈ, ਆਦਿਕ ਉਸ ਨੂੰ ਉਖੇੜ ਦੇਂਦੇ ਹਨ, ਪਰ ਜੋ ਨਾਮ ਜਪਦਾ ਹੈ, ਉਸ ਲਈ ਉਹ ਸਥਿਰ ਹੋ ਜਾਂਦੀ ਹੈ। ਉਸ ਲਈ ਜਨਮ-ਮਰਣ ਦਾ ਝੰਝਟ ਮੁੱਕ ਜਾਂਦਾ ਹੈ।[41] ਜਦੋਂ ਆਤਮਾ ਆਪਣੇ ਆਪ ਨੂੰ ਪਰਮਾਤਮਾ ਨਾਲੋਂ ਅਲੱਗ ਸਮਝਣ ਲੱਗ ਜਾਂਦੀ ਹੈ ਤਾਂ ਉਹ ਖ਼ੁਆਰ ਹੁੰਦੀ ਹੈ। ਅਜਿਹੀਆਂ ਆਤਮਾਵਾਂ ਭੂਤਨਿਆਂ ਵਾਂਗ ਭਟਕਦੀਆਂ ਹਨ ਭਾਵ ਆਵਾਗੌਣ ਵਿਚ ਪਈਆਂ ਰਹਿੰਦੀਆਂ ਹਨ।[42] ਅਜਿਹੇ ਮਨੁੱਖ, ਮਨੁੱਖੀ ਰੂਪ ਵਿਚ ਪਸ਼ੂ ਹਨ।[43]

(ਅ) ਮਕਤੀ ਦੇ ਸਾਧਨ : (1) ਭਾਣਾ ਮੰਨਣਾ : ਹਰੀ ਨਾਮ ਦੀ ਸੋਝੀ ਗਿਆਨ ਬਿਨਾਂ ਨਹੀਂ ਹੁੰਦੀ। ਪ੍ਰਭੂ-ਭੈ ਬਿਨਾਂ, ਅਗਿਆਨ ਨਸ਼ਟ ਨਹੀਂ ਹੁੰਦਾ, ਨਾਮ ਨਾਲ ਪਿਆਰ ਨਹੀਂ ਪੈਂਦਾ। ਪ੍ਰਭੂ ਦੇ ਭੈ ਦੁਆਰਾ ਹੀ ਵਿਚਾਰ ਉਪਜਦਾ ਹੈ ਅਤੇ ਸੰਸਾਰ ਸਾਗਰ ਪਾਰ ਕਰਨ ਦੀ ਪ੍ਰੇਰਣਾ ਮਿਲਦੀ ਹੈ। ਜਦੋਂ ਸਤਿਗੁਰੂ ਦੁਆਰਾ ਮਨ ਅੰਦਰ ਪ੍ਰਭੂ-ਭੈ, ਭਾਵ ਪਰਮਾਤਮਾ ਦੇ ਹੁਕਮ, ਦੇ ਅਧੀਨ ਰਹਿਣ ਦਾ ਸ਼ੌਕ ਪੈਦਾ ਹੁੰਦਾ ਹੈ ਤਾਂ ਫ਼ੇਰ ਹੀ ਮੁਕਤੀ ਦਾ ਦਰਵਾਜ਼ਾ ਪਾਈਦਾ ਹੈ। ਪ੍ਰਭੂ ਦੇ ਭੈ ਦੁਆਰਾ ਸਹਿਜ ਪਾਈਦਾ ਹੈ ਅਤੇ ਫ਼ੇਰ ਅਪਾਰ ਹਰੀ ਦੀ ਜੋਤ ਵਿਚ ਜੋਤ ਜਾ ਮਿਲਦੀ ਹੈ।[44] ਕਿਉਂਕਿ ਮਨੁੱਖਾਂ ਨੂੰ ਪ੍ਰਭੂ ਦੇ ਭੈ ਦੀ ਮਹੱਤਾ ਦਾ ਪਤਾ ਨਹੀਂ, ਇਸੇ ਕਾਰਨ ਉਹ ਤ੍ਰਿਸ਼ਨਾਂ ਵਿਚ ਸੜਦੇ ਅਤੇ ਵਿਰਲਾਪ ਕਰਦੇ ਹਨ।[45]

(2) ਗੁਰੂ : ਗੁਰੂ ਨਾਨਕ ਦੇਵ ਜੀ ਦੀ ਹੋਰ ਬਾਣੀ ਵਾਂਗ ਮਲਾਰ ਦੀ ਵਾਰ ਵਿਚ ਵੀ ਮੁਕਤੀ-ਪ੍ਰਾਪਤੀ ਲਈ ਗੁਰੂ ਦੀ ਅਵੱਸ਼ਕਤਾ ਮੰਨੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਪ੍ਰਭੂ ਦੇ ਭੈ ਜਾਂ ਹੁਕਮ ਦਾ ਗਿਆਨ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ।[46] ਗੁਰੂ ਦੇ ਸ਼ਬਦ ਦੁਆਰਾ ਹੀ ਪ੍ਰਭੂ ਨੂੰ ਸਮਝਣ ਦੀ ਸਮਰੱਥਾ ਆਉਂਦੀ ਹੈ। ਗੁਰੂ ਹੀ ਪ੍ਰਭੂ ਦੀ ਸਹੀ ਸੂਝ ਦਿੰਦਾ ਹੈ :

ਹਉ ਬਲਿਹਾਰੀ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਈ ॥

(ਗੁਰੂ ਗ੍ਰੰਥ, ਪੰਨਾ 1282)

---

41. ਅਜਰੁ ਜਰੈ ਤ ਨਉ ਕੁਲ ਬੰਧੁ ॥ (ਗੁਰੂ ਗ੍ਰੰਥ, ਪੰਨਾ 1289)
42. ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥ (ਉਹੀ, ਪੰਨਾ 1284)
43. ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥ (ਉਹੀ)
44. ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥ (ਉਹੀ, ਪੰਨਾ 1288)
45. ਭੈ ਬਿਨੁ ਭਰਮੁ ਨ ਕਟੀਐ ..॥ (ਉਹੀ)
46. ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥ (ਉਹੀ)

ਸੱਚੇ ਗੁਰੂ ਦੀ ਸੇਵਾ ਨਾਲ ਹੀ ਪ੍ਰਭੂ ਮਿਲਦਾ ਹੈ।[47] ਗੁਰੂ ਪ੍ਰਭੂ ਦਾ ਹੀ ਰੂਪ ਹੈ। ਗੁਰੂ ਤੋਂ ਬਿਨਾਂ ਜਗਤ ਸ਼ੁਦਾਈ ਹੈ, ਕਿਸੇ ਨੂੰ ਨਾਮ ਦੀ ਸੋਝੀ ਨਹੀਂ ਹੁੰਦੀ।[48] ਗੁਰੂ-ਸ਼ਬਦ ਬਿਨਾਂ ਕਿਸੇ ਨੂੰ ਵੀ ਚੰਗੀ ਰਹਿਣੀ ਦਾ ਪਤਾ ਨਹੀਂ ਲੱਗਦਾ।[49] ਗੁਰੂ-ਸ਼ਬਦ ਰਾਹੀਂ ਹੀ ਪਤਾ ਲਗਦਾ ਹੈ ਕਿ ਪ੍ਰਭੂ ਹੀ ਸੰਸਾਰ-ਸਾਗਰ ਤੋਂ ਤਾਰਨ ਦੇ ਸਮਰੱਥ ਹੈ।[50] ਗੁਰੂ ਬਿਨਾਂ ਜੀਵ ਚੋਟਾਂ ਖਾਂਦੇ ਹਨ, ਛੁੱਟ ਨਹੀਂ ਸਕਦੇ ਭਾਵ ਆਵਾਗੌਣ ਤੋਂ ਮੁਕਤ ਨਹੀਂ ਹੋ ਸਕਦੇ।[51]

ਅਜਿਹਾ ਗੁਰੂ ਜੋ ਆਪ ਤਾਂ ਗਿਆਨਹੀਨ ਹੈ ਅਤੇ ਦੂਜਿਆਂ ਨੂੰ ਸਿੱਖਿਆ ਦੇਂਦਾ ਹੈ ਉਹ ਝੱਲਾ ਹੈ, ਅਤੇ ਸਿੱਖਿਆ ਲੈਣ ਵਾਲੇ ਬੇਸ਼ਰਮ ਹਨ। ਇਹ ਝੂਠੇ ਗੁਰੂ ਆਪ ਤਾਂ ਤਰਨ ਜੋਗੇ ਹੁੰਦੇ ਨਹੀਂ ਹਨ ਪਰ ਹੋਰਨਾਂ ਨੂੰ ਤਾਰਨ ਦਾ ਬੀੜਾ ਚੁੱਕ ਲੈਂਦੇ ਹਨ। ਇਨ੍ਹਾਂ ਦੀ ਹਾਲਤ ਅਜਿਹੀ ਹੈ, ਜਿਵੇਂ ਚੂਹਾ ਆਪ ਤਾਂ ਖੁੱਡ ਵਿਚ ਸਮਾਂਦਾ ਨਾ ਹੋਵੇ ਅਤੇ ਲੱਕ ਨਾਲ ਛੱਜ ਬੰਨ੍ਹ ਲਵੇ।[52] ਅਜਿਹੇ ਗੁਰੂ ਨਾ ਆਪਣਾ ਕੁੱਝ ਬਣਾ ਸਕਦੇ ਹਨ, ਨਾ ਚੇਲਿਆਂ ਦਾ। ਅਜਿਹੇ ਧੋਖੇਬਾਜ਼ ਗੁਰੂਆਂ ਤੋਂ ਬਚਣਾ ਚਾਹੀਦਾ ਹੈ। ਕੇਵਲ ਸੱਚੇ ਗੁਰੂ ਰੂਪੀ ਪਉੜੀ ਨਾਲ ਹੀ ਮੁਕਤੀ ਦਾ ਕੇਵਲ ਮਾਤਰ ਦਰ ਪਾ ਸਕੀਦਾ ਹੈ ਅਤੇ ਉਸ ਵੱਲ ਜਾਣ ਲਈ ਕੇਵਲ ਮਾਤਰ ਮਾਰਗ ਪਛਾਣ ਸਕੀਦਾ ਜੋ ਮਨੁੱਖ ਦੇ ਆਪਣੇ ਅੰਦਰ ਹੀ ਹੈ।[53]

(3) ਭਗਤੀ : ਮਲਾਰ ਦੀ ਵਾਰ ਵਿਚ ਵੀ ਨਾਮ-ਭਗਤੀ ਦੀ ਮਹੱਤਾ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਅਤੇ ਇਸ ਨੂੰ ਮੁਕਤੀ-ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਹੈ। ਇਸ ਬਾਣੀ ਵਿਚ ਚਰਚਾ ਹੈ ਕਿ ਕੂੜੇ ਸੌਦੇ ਨਾਲ ਨਹੀਂ ਨਿਭਦੇ, ਸੱਚੇ ਸੌਦੇ ਹੀ ਨਾਲ ਨਿਭਦੇ ਹਨ ਅਤੇ ਨਾਮ ਜਪਣਾ ਹੀ ਸੱਚਾ ਸੌਦਾ ਹੈ। ਜਿਸ ਨੇ ਸ਼ਬਦ ਦੁਆਰਾ ਨਾਮ ਨੂੰ ਜਿੱਤਿਆ ਹੈ, ਦਿਨ-ਰਾਤ ਨਾਮ ਵਿਚ ਪਿਆਰ ਪਾਇਆ ਹੈ, ਉਸ ਉੱਤੇ ਹੀ ਪਰਮਾਤਮਾ ਮਿਹਰ ਕਰਦਾ ਹੈ।[54] ਉਹੀ ਗੁਰੂ-ਸ਼ਬਦ ਦੁਆਰਾ ਸਹੀ ਵਿਚਾਰ ਪ੍ਰਾਪਤ ਕਰਦਾ ਹੈ ਅਤੇ ਮੁਕਤੀ ਪ੍ਰਾਪਤ ਕਰਦਾ ਹੈ।[55] ਇਸ ਪ੍ਰਕਾਰ ਨਾਮ ਹੀ ਅਸਲ ਖ਼ਜ਼ਾਨਾ ਹੈ।[56]

ਨਾਮ ਤੋਂ ਬਿਨਾ ਸਰੀਰ ਸੁਆਹ ਹੁੰਦਾ ਹੈ।[57] ਸੰਸਾਰ ਵਿਚ ਪ੍ਰਭੂ ਦਾ ਨਾਮ ਹੀ

47. ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥ (ਗੁਰੂ ਗ੍ਰੰਥ, ਪੰਨਾ 1286)
48. ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥ (ਉਹੀ, ਪੰਨਾ 1287)
49. ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ (ਉਹੀ, ਪੰਨਾ 1285)
50. ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥ (ਉਹੀ, ਪੰਨਾ 1288)
51. ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥ (ਉਹੀ)
52. ਉਹੀ, ਪੰਨਾ 1286
53. ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥ (ਉਹੀ, ਪੰਨਾ 1279)
54. ਸਚੈ ਸਬਦਿ ਮਨੁ ਮਾਰਿਆ ਅਹਿਨਿਸਿ ਨਾਮਿ ਪਿਆਰਿ ॥ (ਉਹੀ, ਪੰਨਾ 1284)
55. ਜਿਸੁ ਬਖਸੇ ਸੋ ਪਾਇਸੀ ਗੁਰ ਸਬਦੀ ਵੀਚਾਰੁ ॥ (ਉਹੀ)
56. ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥ (ਉਹੀ)
57. ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥ (ਉਹੀ, ਪੰਨਾ 1285)

ਲਾਹੇਵੰਦਾ ਹੈ, ਇਹੋ ਅੰਮ੍ਰਿਤ ਪੀਣਾ ਚਾਹੀਦਾ ਹੈ । ਗੁਰਮੁਖ ਹੀ ਹਰੀ-ਪ੍ਰੇਮ ਅਤੇ ਹਰੀ-ਭਗਤੀ ਵਿਚ ਭਿੱਜਦਾ ਹੈ ।[58] ਉਹ ਪ੍ਰਭੂ ਦੇ ਦਰ ਉੱਤੇ ਸ਼ੋਭਾ ਪਾਉਂਦਾ ਹੈ । ਉਸ ਨੂੰ ਕਰਮਾਂ ਦਾ ਲੇਖਾ ਵੀ ਨਹੀਂ ਦੇਣਾ ਪੈਂਦਾ ਕਿਉਂਕਿ ਉਹ ਪ੍ਰਭੂ ਨੂੰ ਚੰਗਾ ਲਗਦਾ ਹੈ :

ਪੁਛਿ ਨ ਸਕੈ ਕੋਇ ਜਾਂ ਖਸਮੈ ਭਾਇਆ ॥ (ਗੁਰੂ ਗ੍ਰੰਥ, ਪੰਨਾ 1286)

ਪਰਮਾਤਮਾ ਨੂੰ ਉਹੀ ਭਾਉਂਦਾ ਹੈ ਜੋ ਗੁਰੂ-ਸ਼ਬਦ ਦੁਆਰਾ ਹਿਰਦੇ ਵਿਚ ਪ੍ਰੇਮ ਪੈਦਾ ਕਰ ਕੇ ਪਰਮਾਤਮਾ ਦੀ ਸਿਫ਼ਤ-ਸਲਾਹ ਕਰਦਾ ਹੈ ।[59] ਬਿਨਾ ਗੁਰੂ ਤੋਂ ਪ੍ਰੇਮ ਨਹੀਂ ਹੁੰਦਾ ਅਤੇ ਬਿਨਾਂ ਪ੍ਰੇਮ ਤੋਂ ਭਗਤੀ :

ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ ॥
(ਗੁਰੂ ਗ੍ਰੰਥ, ਪੰਨਾ 1286)

ਨਾਮ ਨਾਲ ਸੰਤੋਖ ਆਉਂਦਾ ਹੈ । ਸੱਚਾ ਨਾਮ ਹੀ ਜ਼ਿੰਦਗੀ ਦਾ ਇਕ-ਮਾਤਰ ਆਸਰਾ ਹੈ । ਅਮਰ ਕਰ ਦੇਣ ਵਾਲਾ ਹਰੀ-ਨਾਮ ਹੀ ਅੰਤ ਨੂੰ ਸਹਾਈ ਬਣਦਾ ਹੈ ।[60] ਹਰੀ-ਨਾਮ ਨਾਲ ਹੀ ਇੱਜ਼ਤ ਅਤੇ ਧਰਮ ਦੋਵੇਂ ਮਿਲਦੇ ਹਨ ।[61]

(ੲ) ਮੁਕਤੀ ਅਤੇ ਮੁਕਤ ਜੀਵ : ਮਲਾਰ ਦੀ ਵਾਰ ਦੀ 26ਵੀਂ ਪਉੜੀ ਦੇ ਸ਼ਲੋਕ ਵਿਚ ਮੁਕਤ ਜੀਵ ਦਾ ਸਪਸ਼ਟ ਅਤੇ ਵਿਸਤ੍ਰਿਤ ਵਰਣਨ ਮਿਲਦਾ ਹੈ । ਦੱਸਿਆ ਗਿਆ ਹੈ ਕਿ ਜਿਸ ਜੀਵ ਨੂੰ ਪ੍ਰਭੂ ਆਪਣਾ ਭਾਣਾ ਮਨਾਉਂਦਾ ਹੈ, ਉਹ ਉਹੋ ਜਿਹਾ ਹੋ ਜਾਂਦਾ ਹੈ ਜੈਸਾ ਹਰੀ ਆਪ ਹੈ ।[62] ਜਦੋਂ ਜੀਵ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਪਰਮਾਤਮਾ ਦਾ ਅਸਲੀ ਟਿਕਾਣਾ ਉਸ ਦੇ ਆਪਣੇ ਅੰਦਰ ਹੀ ਹੈ ਤਾਂ ਉਸ ਅੰਦਰ ਪੰਜ ਪ੍ਰਕਾਰ ਦੇ ਸਾਜ਼ਾਂ ਦੀ ਧੁਨੀ ਵੱਜਣ ਲਗ ਜਾਂਦੀ ਹੈ ਅਤੇ ਗੁਰੂ ਦਾ ਸ਼ਬਦ ਸੰਗੀਤਕ ਨਗਾਰੇ ਵਾਂਗ ਵੱਜਦਾ ਹੈ । ਅਜਿਹੀ ਸਥਿਤੀ ਵਿਚ ਜੀਵ ਨੂੰ ਦੀਪਾਂ, ਲੋਆਂ, ਖੰਡਾਂ, ਮੰਡਲਾਂ ਦੇ ਰਹੱਸ ਦਾ ਪਤਾ ਲੱਗ ਜਾਂਦਾ ਹੈ ਅਤੇ ਉਹ ਇਨ੍ਹਾਂ ਦੇ ਕੌਤਕ ਦੇਖ ਕੇ ਹੈਰਾਨ ਹੁੰਦਾ ਹੈ । ਇਸ ਪੂਰਨ ਟਿਕਾਓ ਦੀ ਹਾਲਤ ਵਿਚ ਜੀਵ ਪ੍ਰਭੂ ਵਿਚ ਸੁਰਤ ਜੋੜੀ ਰੱਖਦਾ ਹੈ । ਉਸ ਦੇ ਮਨ ਦੀਆਂ ਖ਼ਾਹਿਸ਼ਾਂ ਮੁੱਕ ਜਾਂਦੀਆਂ ਹਨ, ਉਹ ਮਾਇਆ ਵਲੋਂ ਉਲਟ ਜਾਂਦਾ ਹੈ, ਅਤੇ ਅਡੋਲ ਹੋ ਜਾਂਦਾ ਹੈ ।[63]

(ਸ) ਪਰਮਾਤਮਾ : ਪਰਮਾਤਮਾ ਨੇ ਆਪਣੇ ਦੋਵੇਂ ਸਰੂਪ, ਨਿਰਗੁਣ ਤੇ ਸਗੁਣ ਆਪੇ ਹੀ ਸਾਜੇ ਹਨ । ਪ੍ਰਭੂ ਦੇ ਬਰਾਬਰ ਹੋਰ ਕੋਈ ਨਹੀਂ ਹੈ । ਉਸ ਨੂੰ ਕੀ ਆਖ ਕੇ ਕਥਨ

---

58. ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥
ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥ (ਗੁਰੂ ਗ੍ਰੰਥ, ਪੰਨਾ 1285)
59. ਗੁਰ ਕੈ ਸਬਦਿ ਸਾਲਾਹੀਐ ਅੰਤਰਿ ਪ੍ਰੇਮ ਪਿਆਰੁ ॥ (ਉਹੀ, ਪੰਨਾ 1286)
60. ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥ (ਉਹੀ)
61. ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥ (ਉਹੀ, ਪੰਨਾ 1287)
62. ਸੋ ਸਾਹਿਬੁ ਸੋ ਸੇਵਕੁ ਤੇਹਾ...॥ (ਉਹੀ)
63. ਉਹੀ, ਪੰਨਾ 1291.

ਕਰੀਏ ?[64] ਪਰਮਾਤਮਾ ਨੇ ਹੀ ਸੂਰਜ, ਚੰਦ, ਅਕਾਸ਼, ਧਰਤੀ ਬਣਾਈ ਹੈ। ਫ਼ੇਰ ਵੀ ਉਹ ਆਪ ਸਥਿਰ ਹੈ ਅਤੇ ਬਾਕੀ ਸਭ ਕੁਝ ਨਾਸ਼ਵਾਨ ਹੈ।[65] ਪ੍ਰਭੂ ਹੀ ਸੱਚਾ ਅਤੇ ਸਚਿਆਰ ਹੈ। ਉਹ ਨਿਰੋਲ ਸੱਚ ਹੈ ਅਤੇ ਇਸ ਲਈ ਸੱਚਿਆਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।[66]

ਪਰਮਾਤਮਾ ਦੀ ਨਾ ਮਾਤਾ ਹੈ ਅਤੇ ਨਾ ਪਿਤਾ। ਉਸ ਨੂੰ ਕਿਸੇ ਨਹੀਂ ਜੰਮਿਆ। ਭਾਵੇਂ ਸਾਰੇ ਰੰਗ-ਰੂਪ ਉਸ ਦੇ ਆਪਣੇ ਹੀ ਹਨ, ਪਰ ਫ਼ੇਰ ਵੀ ਉਸ ਦਾ ਆਪਣਾ ਨਾ ਕੋਈ ਰੰਗ ਹੈ, ਨਾ ਰੂਪ।[67] ਪਰਮਾਤਮਾ ਦੇ ਸਰੂਪ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਨਾਥ, ਜਤੀ, ਸਿੱਧ, ਪੀਰ ਕੋਈ ਵੀ ਇਸ ਦਾ ਅੰਤ ਨਹੀਂ ਪਾ ਸਕਿਆ। ਪਰਮਾਤਮਾ ਦੀ ਕੀਮਤ ਨਹੀਂ ਪਾਈ ਜਾ ਸਕਦੀ, ਉਹ ਇਸ ਤੋਂ ਉਤਾਂਹ ਹੈ।[68] ਉਹ ਵੱਡਾ ਹੈ, ਬੇਅੰਤ ਹੈ, ਪਹੁੰਚ ਤੋਂ ਪਰ੍ਹੇ ਹੈ, ਸਭ ਦਾ ਸਿਰਜਨਹਾਰ ਹੈ। ਉਹ ਅਲੱਖ ਅਤੇ ਭੇਦ-ਰਹਿਤ ਹੈ। ਕੇਵਲ ਉਹ ਹੀ ਦੇਣ ਵਾਲਾ ਹੈ ਬਾਕੀ ਸਭ ਮੰਗਤੇ ਹਨ।[69] ਉਹ ਡਰ ਰਹਿਤ ਹੈ, ਬੜਾ ਡੂੰਘਾ ਤੇ ਗਹਿਰ-ਗੰਭੀਰ ਹੈ। ਪ੍ਰਭੂ ਆਪ ਹੀ ਸਭ ਕੁਝ ਕਰ ਰਿਹਾ ਹੈ ਅਤੇ ਆਪ ਹੀ ਜੀਵਾਂ ਤੋਂ ਕਰਵਾ ਰਿਹਾ ਹੈ, ਅਰਥਾਤ ਕਰਨ-ਕਰਾਵਨਹਾਰ ਉਹ ਪਰਮਾਤਮਾ ਆਪ ਹੀ ਹੈ।[70]

ਪ੍ਰਭੂ ਗੁਣਾਂ ਦਾ ਖ਼ਜ਼ਾਨਾ ਹੈ, ਗੁਣ ਬਖ਼ਸ਼ਣ ਵਾਲਾ ਹੈ। ਜੀਵ ਔਗਣਹਾਰ ਹਨ,[71] ਤ੍ਰਿਸ਼ਨਾਵਾਂ ਵਿਚ ਫ਼ਸੇ ਹੋਏ ਹਨ, ਪਰ ਪਰਮਾਤਮਾ ਉਨ੍ਹਾਂ ਤੋਂ ਉਪਰ ਹੈ। ਉਹ ਗੁਰੂ ਵਿਚ ਆਪਣਾ ਆਪ ਲੀਨ ਕਰ ਕੇ ਉਸ ਦੁਆਰਾ ਆਪਣਾ ਹੁਕਮ ਪ੍ਰਗਟ ਕਰਦਾ ਹੈ।[72] ਸਭ ਦਾ ਮਾਲਕ ਇਕੋ ਪਰਮਾਤਮਾ ਹੀ ਹੈ, ਇਹ ਗੱਲ ਗੁਰੂ ਦੁਆਰਾ ਹੀ ਸਮਝ ਆਉਂਦੀ ਹੈ।[73]

ਆਪਣੀ ਗਤੀ ਦਾ ਅੰਦਾਜ਼ਾ ਵੀ ਪ੍ਰਭੂ ਆਪ ਹੀ ਜਾਣਦਾ ਹੈ।[74] ਪ੍ਰਭੂ, ਮਨ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ। ਪਰ ਗੁਰੂ ਦੁਆਰਾ ਦਿੱਤੀ ਮਤਿ ਉਸ ਦਾ ਦਰਸ਼ਨ ਕਰਵਾ ਦਿੰਦੀ ਹੈ।[75] ਪ੍ਰਭੂ ਜਿਸ ਉਤੇ ਮਿਹਰ ਕਰਦਾ ਹੈ ਉਸ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ

---

64. ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ (ਗੁਰੂ ਗ੍ਰੰਥ, ਪੰਨਾ 1279)
65. ਸਚੇ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥ (ਉਹੀ)
66. ਹਰਿ ਜੀਉ ਸਚਾ ਸਚੁ ਤੂ ਸਚੇ ਲੈਹਿ ਮਿਲਾਇ ॥ (ਉਹੀ, ਪੰਨਾ 1281)
67. ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥
    ਨਾ ਤਿਸੁ ਰੂਪੁ ਨ ਰੇਖਿਆ ਵਰਨ ਸਬਾਇਆ ॥ (ਉਹੀ, ਪੰਨਾ 1279)
68. ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ॥ (ਉਹੀ, ਪੰਨਾ 1282)
69. ਅਗਮ ਅਗੋਚਰ ਤੂ ਧਣੀ ਸਚਾ ਅਲਖ ਅਪਾਰੁ ॥
    ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥ (ਉਹੀ, ਪੰਨਾ 1286)
70. ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥ (ਉਹੀ, ਪੰਨਾ 1289)
71. ਤੂ ਗੁਣਦਾਤਾ ਨਿਧਾਨੁ ਹਹਿ ਅਸੀ ਅਵਗਣਿਆਰ ॥ (ਉਹੀ, ਪੰਨਾ 1284)
72. ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ (ਉਹੀ, ਪੰਨਾ 1279)
73. ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ ॥ (ਉਹੀ, ਪੰਨਾ 1280)
74. ਤੇਰੀ ਗਤਿ ਮਿਤਿ ਤੂਹੈ ਜਾਣਦਾ...॥ (ਉਹੀ, ਪੰਨਾ 1291)
75. ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥ (ਉਹੀ)

ਜੀਵ ਨੂੰ ਹੋਰ ਕਿਸੇ ਦੀ ਸੇਵਾ ਲਾਭ ਨਹੀਂ ਪਹੁੰਚਾਉਂਦੀ, ਸਿਰਫ਼ ਪਰਮਾਤਮਾ ਦੀ ਮਿਹਰ ਹੀ ਕੰਮ ਆਉਂਦੀ ਹੈ ।[76] ਪਰਮਾਤਮਾ ਦੀ ਕਥਾ ਅਰਥਾਤ ਉਸਤਤ ਸੁਣਨ ਨਾਲ ਰਿੱਧੀਆਂ, ਸਿੱਧੀਆਂ ਉੱਚੀ ਸੋਝੀ, ਗਿਆਨ ਅਤੇ ਸਦੀਵੀ ਸੁਖ ਮਿਲਦੇ ਹਨ ।[77]

---

76. ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ (ਗੁਰੂ ਗ੍ਰੰਥ, ਪੰਨਾ 1291)

77. ਅਕਥ ਕੀ ਕਥਾ ਸੁਣੇਇ ॥
ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥ (ਉਹੀ, ਪੰਨਾ 1289)

ਅਧਿਆਇ-੧੦

# ਗੁਰੂ ਨਾਨਕ-ਬਾਣੀ ਦਰਸ਼ਨ ਦਾ ਸਾਰ

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਬਾਣੀ ਸਿੱਖ ਧਰਮ ਦਰਸ਼ਨ ਦਾ ਆਧਾਰ ਮੰਨੀ ਜਾਂਦੀ ਹੈ। ਜਨਮ-ਸਾਖੀਆਂ ਆਦਿਕ ਦੇ ਪ੍ਰਮਾਣ ਦੇ ਆਧਾਰ ਤੇ ਇਹ ਮੰਨਿਆ ਜਾਂਦਾ ਹੈ ਕਿ ਇਹ ਬਾਣੀ ਗੁਰੂ ਨਾਨਕ ਦੇਵ ਜੀ ਨੇ, ਵਧੇਰੇ ਆਪਣੀਆਂ ਉਦਾਸੀਆਂ ਸਮੇਂ ਰਚੀ ਸੀ। ਇਨ੍ਹਾਂ ਉਦਾਸੀਆਂ ਵਿਚ ਗੁਰੂ ਨਾਨਕ ਦੇਵ ਭਾਰਤ ਅਤੇ ਗੁਆਂਢੀ ਦੇਸ਼ਾਂ ਦੇ ਲਗਪਗ ਸਾਰੇ ਹੀ ਵਿਖਿਆਤ ਧਰਮ-ਦਰਸ਼ਨ ਕੇਂਦਰਾਂ ਦੀ ਯਾਤਰਾ ਤੇ ਗਏ ਅਤੇ ਉਥੋਂ ਦੇ ਦਾਰਸ਼ਨਿਕਾਂ, ਪੁਜਾਰੀਆਂ, ਵਿਦਵਾਨਾਂ ਨਾਲ ਗਿਆਨ ਦਾ ਆਦਾਨ-ਪ੍ਰਦਾਨ ਕੀਤਾ। ਇਵੇਂ ਹਰ ਤੀਰਥ ਅਸਥਾਨ ਉਪਰ ਉਥੋਂ ਦੀ ਵਿਚਾਰਧਾਰਾ ਨਾਲ ਸੰਬੰਧਿਤ ਆਪਣੇ ਵਿਚਾਰ ਵਿਅਕਤ ਕਰਨ ਲਈ ਗੁਰੂ ਨਾਨਕ ਦੇਵ ਜੀ ਨੂੰ ਕੁਦਰਤੀ ਤੌਰ ਉਤੇ ਉਥੋਂ ਦੀ ਪ੍ਰਚਲਿਤ ਭਾਸ਼ਾ, ਸ਼ੈਲੀ ਤੇ ਸ਼ਬਦਾਵਲੀ ਦਾ ਕਾਫ਼ੀ ਪ੍ਰਯੋਗ ਕਰਨਾ ਪੈਂਦਾ ਸੀ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਖਰੇ ਵਖਰੇ ਸਮੇਂ, ਵਖਰੇ ਵਖਰੇ ਥਾਂ, ਵਖਰੀ ਵਖਰੀ ਭਾਸ਼ਾ ਵਿਚ ਰਚੀ ਹੈ ਜੋ ਲਗਪਗ ਸਾਰੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। ਕੁਝ ਕਥਿਤ ਵਿਦਵਾਨਾਂ ਨੂੰ ਵਖਰੀ ਵਖਰੀ ਬਾਣੀ ਵਿਚ ਭਾਸ਼ਾ ਦਾ ਅੰਤਰ ਅਤੇ ਵਿਚਾਰਾਂ ਦਾ ਦੁਹਰਾਓ ਬੜਾ ਭੁਲੇਖੇ ਵਿਚ ਪਾਉਂਦਾ ਹੈ। ਉਹ ਭੁਲ ਜਾਂਦੇ ਹਨ ਕਿ ਗੁਰੂ ਨਾਨਕ ਇਕ ਸਿਧਾਂਤਕ ਦਾਰਸ਼ਨਿਕ ਨਹੀਂ ਸਨ ਸਗੋਂ ਸਮਾਜ ਸੁਧਾਰਕ ਸਨ ਅਤੇ ਉਨ੍ਹਾਂ ਨੇ ਬਾਣੀ ਵਖਰੇ ਵਖਰੇ ਕਿਸਮ ਦੇ ਲੋਕਾਂ ਨੂੰ ਸਮਝਾਉਣ ਲਈ ਰਚੀ ਸੀ, ਕੋਈ ਧਾਰਮਿਕ ਜਾਂ ਦਾਰਸ਼ਨਿਕ ਨਿਬੰਧ ਜਾਂ ਗ੍ਰੰਥ ਸੰਕਲਿਤ ਕਰਨ ਹਿਤ ਨਹੀਂ। ਪਰ ਇਸ ਦਾ ਭਾਵ ਇਹ ਨਹੀਂ ਕਿ ਉਨ੍ਹਾਂ ਦੀ ਵਿਚਾਰਧਾਰਾ ਦਰਸ਼ਨ-ਹੀਣ ਹੈ। ਗੁਰੂ ਨਾਨਕ ਬਾਣੀ ਵਿਚ ਉੱਚ-ਕੋਟੀ ਦੇ ਦਾਰਸ਼ਨਿਕ-ਤੱਤ ਮੌਜੂਦ ਹਨ, ਕੇਵਲ ਉਨ੍ਹਾਂ ਨੂੰ ਸਿਧਾਂਤਕ ਰੂਪ ਦੇਣ ਦੀ ਲੋੜ ਹੈ ਜੋ ਇਸ ਅਧਿਐਨ ਦਾ ਮੂਲ ਉੱਦੇਸ਼ ਹੈ।

ਇਸ ਸੰਖੇਪ ਅਤੇ ਪਥ-ਪ੍ਰਦਰਸ਼ਕ ਅਧਿਐਨ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਅਠ ਪ੍ਰਮੁੱਖ ਬਾਣੀਆਂ ਨੂੰ ਹੀ ਆਧਾਰ ਬਣਾਇਆ ਗਿਆ ਹੈ: ਜਪੁਜੀ, ਮਾਝ ਦੀ ਵਾਰ, ਆਸਾ ਦੀ ਵਾਰ, ਦਖਣੀ ਓਅੰਕਾਰ, ਸਿਧ-ਗੋਸ਼ਟਿ, ਮਾਰੂ ਸੋਲਹੇ, ਬਾਰਹਮਾਹਾ ਤੁਖਾਰੀ ਅਤੇ ਮਲਾਰ ਦੀ ਵਾਰ। ਪਿਛਲੇ ਅਧਿਆਇਆਂ ਅੰਦਰ ਇਨ੍ਹਾਂ ਬਾਣੀਆਂ ਵਿਚੋਂ ਹਰ ਇਕ ਦੇ ਵਿਸ਼ਲੇਸ਼-ਣਾਤਮਿਕ ਅਧਿਐਨ ਰਾਹੀਂ ਉਨ੍ਹਾਂ ਵਿਚ ਪ੍ਰਾਪਤ ਦਾਰਸ਼ਨਿਕ ਵਿਚਾਰਾਂ ਨੂੰ ਵਿਵਸਥਿਤ ਵਰਗੀਕਰਣ ਵਿਚ ਨਿਬੰਧਿਤ ਕੀਤਾ ਗਿਆ ਹੈ। ਇਸ ਅਧਿਆਇ ਵਿਚ ਪਿਛਲੇ ਅਧਿ-

ਆਇਆਂ ਦਾ ਸਾਰ ਉਸੇ ਹੀ ਵਰਗੀਕਰਣ ਵਿਚ ਉਲੇਖਿਤ ਕੀਤਾ ਜਾ ਰਿਹਾ ਹੈ। ਜਿਵੇਂ ਕਿ ਪਹਿਲਾਂ ਹੀ ਵੇਰਵੇ ਸਹਿਤ ਦਸਿਆ ਜਾ ਚੁੱਕਾ ਹੈ ਇਹ ਵਰਗੀਕਰਣ ਜਪੁਜੀ ਵਿਚ ਅੰਕਿਤ ਮਨੁੱਖੀ ਆਤਮਾ ਦੇ ਅਧਿਆਤਮਿਕ ਵਿਕਾਸ ਦੇ ਪੰਜਾਂ ਖੰਡਾਂ ਦੀਆਂ ਲੀਹਾਂ ਉਪਰ ਨਿਸ਼ਚਿਤ ਕੀਤਾ ਗਿਆ ਹੈ। 'ਧਰਮ ਖੰਡ' ਦੀ ਭੌਤਿਕ ਅਵਸਥਾ ਨਾਲ ਸੰਬੰਧਿਤ 'ਭੌਤਿਕ ਵਰਗ' ਵਿਚ ਭੌਤਿਕ ਸੰਸਾਰ ਭਾਵ ਸ੍ਰਿਸ਼ਟੀ ਅਤੇ ਉਸਦੀ ਉਤਪਤੀ ਤੇ ਸੰਚਾਲਨ, ਜੜ ਤੇ ਜੀਵ ਜਗਤ, ਮਨੁੱਖ ਤੇ ਉਸ ਦੀਆਂ ਸਰੀਰਕ, ਭਾਵਨਾਤਮਿਕ ਤੇ ਆਰਥਿਕ ਸਮੱਸਿਆਵਾਂ ਆਦਿਕ ਸੰਬੰਧੀ ਵਿਚਾਰ ਸ਼ਾਮਿਲ ਕੀਤੇ ਗਏ ਹਨ। 'ਗਿਆਨ ਖੰਡ' ਦੀ ਬੌਧਿਕ ਅਵਸਥਾ ਨਾਲ ਸੰਬੰਧਿਤ 'ਬੌਧਿਕ ਵਰਗ' ਵਿਚ ਗਿਆਨ, ਵਿਦਿਆ ਤੇ ਗੁਰੂ ਸੰਬੰਧੀ ਵਿਚਾਰ; 'ਸਰਮ ਖੰਡ' ਦੀ ਸੁਹਜਾਤਮਿਕ ਬੌਧਿਕਤਾ ਦੀ ਅਵਸਥਾ ਨਾਲ ਸੰਬੰਧਿਤ 'ਸੁਹਜਾਤਮਿਕ ਵਰਗ' ਵਿਚ ਭੌਤਿਕ, ਬੌਧਿਕ ਅਤੇ ਅਧਿਆਤਮਿਕ ਸੁਹਜ ਸੰਬੰਧੀ ਵਿਚਾਰ; ਅਤੇ 'ਕਰਮ-ਖੰਡ' ਦੀ ਨੈਤਿਕ ਅਵਸਥਾ ਨਾਲ ਸੰਬੰਧਿਤ 'ਨੈਤਿਕ ਵਰਗ' ਵਿਚ ਵਿਅਕਤੀਗਤ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਨੈਤਿਕਤਾ ਬਾਰੇ ਵਿਚਾਰ ਸ਼ਾਮਿਲ ਕੀਤੇ ਗਏ ਹਨ। 'ਸਚ ਖੰਡ' ਦੀ ਅਧਿਆਤਮਿਕ ਅਵਸਥਾ ਨਾਲ ਸੰਬੰਧਿਤ 'ਅਧਿਆਤਮਿਕ ਵਰਗ' ਵਿਚ ਆਤਮਾ ਤੇ ਪਰਮਾਤਮਾ ਤੋਂ ਇਲਾਵਾ ਉਨ੍ਹਾਂ ਦੇ ਸੁਮੇਲ, ਭਾਵ ਮੁਕਤੀ, ਅਤੇ ਉਸ ਦੇ ਸਾਧਨਾ ਸੰਬੰਧੀ ਵਿਚਾਰ ਸ਼ਾਮਿਲ ਕੀਤੇ ਗਏ ਹਨ।

ਭੌਤਿਕ ਵਰਗ ਦੇ ਵਿਚਾਰ ਇੰਦ੍ਰੀਗਤ ਗਿਆਨ, ਬੌਧਿਕ-ਸੁਹਜਾਤਮਿਕ-ਨੈਤਿਕ ਵਰਗਾਂ ਦੇ ਵਿਚਾਰ ਬੌਧਿਕ ਗਿਆਨ, ਅਤੇ ਅਧਿਆਤਮਿਕ ਵਰਗ ਦੇ ਵਿਚਾਰ ਅੰਤਰਬੋਧੀ ਗਿਆਨ ਦੀ ਉਪਜ ਹੁੰਦੇ ਹਨ, ਇਸ ਲਈ ਇਨ੍ਹਾਂ ਦਾ ਸਤੱਰ ਕਰਮਵਾਰ ਚੜ੍ਹਦੇ ਸੋਪਾਨ ਵਿਚ ਹੁੰਦਾ ਹੈ। ਇਨ੍ਹਾਂ ਵਿਚਾਰਾਂ ਦਾ ਕਰਮਵਾਰ ਗਿਆਨ ਅਤੇ ਅਨੁਸਰਣ ਹੀ ਮਨੁੱਖ ਦੇ ਬੌਧਿਕ ਅਤੇ ਆਤਮਿਕ ਵਿਕਾਸ ਦੇ ਸਤੱਰ ਦਾ ਸੂਚਕ ਹੁੰਦਾ ਹੈ। ਆਪਣੇ ਭੌਤਿਕ ਆਲੇ ਦੁਆਲੇ ਦੀ ਸੋਝੀ ਤੋਂ ਗਿਆਨ, ਸੁਹਜ ਤੇ ਨੈਤਿਕਤਾ ਦੀ ਅਨੁਭੂਤੀ ਅਤੇ ਸਿਧੀ ਰਾਹੀਂ ਜਦੋਂ ਮਨੁੱਖ ਆਤਮਾ ਤੇ ਪਰਮਾਤਮਾ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਮੁਕਤ ਹੋ ਜਾਂਦਾ ਹੈ—ਦੈਵੀ ਰਚਨਾ ਅਤੇ ਮਨੁੱਖੀ ਜੀਵਨ ਦਾ ਉੱਦੇਸ਼ ਜਾਣ ਲੈਂਦਾ ਹੈ, ਅਤੇ ਸੰਸਾਰਿਕ ਦੁਖ-ਸੁਖ ਤੇ ਹਰਖ-ਸੋਗ ਤੋਂ ਨਿਆਰਾ ਹੋ ਜਾਂਦਾ ਹੈ। ਆਦਿ ਤੋਂ ਹੁਣ ਤਕ ਪਰਗਟ ਹੋਏ ਅਨੇਕਾਂ ਹਿੰਦੂ—ਅਰਥਾਤ 'ਹਿੰਦੁਸਤਾਨੀ' ਧਰਮ-ਦਰਸ਼ਨਾਂ ਵਿਚ ਮੁੜ ਮੁੜ ਦੁਹਰਾਏ ਪ੍ਰਾਚੀਨ ਭਾਰਤੀ ਦਾਰਸ਼ਨਿਕ ਪਰੰਪਰਾ ਦੇ ਇਨ੍ਹਾਂ ਸਾਰਵ-ਭੌਮਿਕ ਮੂਲ ਵਿਚਾਰਾਂ ਨੂੰ ਹੀ ਮੁਖ ਤੌਰ ਤੇ ਸਮੇਂ ਦੀ ਲੋੜ, ਅਨੁਕੂਲਤਾ ਅਤੇ ਭਾਸ਼ਾ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਚਾਰਧਾਰਾ ਦਾ ਮੁਖ ਵਿਸ਼ਾ ਬਣਾਇਆ ਹੈ ਅਤੇ ਜ਼ਰੂਰਤ ਅਨੁਸਾਰ ਸੰਬੋਧਤ ਕੀਤਾ ਹੈ। ਢੇਰ ਸਾਰੇ ਵਿਦਵਾਨ ਤਾਂ ਗੁਰੂ ਨਾਨਕ ਬਾਣੀ ਦੀ ਵਿਚਾਰਧਾਰਾ ਨੂੰ 'ਮਲੇਛ' ਸੰਵਾਕ ਵਿਚ 'ਹਿੰਦੂ' ਵਿਚਾਰਧਾਰਾ ਦਾ ਸਾਰ ਹੀ ਮੰਨਦੇ ਹਨ। ਇਸ ਵਿਚ ਕੋਈ ਵਧੇਰੇ ਅਤਿਕਥਨੀ ਨਹੀਂ ਹੋ ਸਕਦੀ ਜੇਕਰ 'ਹਿੰਦੂ' ਵਿਚਾਰਧਾਰਾ ਤੋਂ ਭਾਵ ਲਿਆ ਜਾਵੇ 'ਹਿੰਦੁਸਤਾਨੀ' ਵਿਚਾਰਧਾਰਾ, ਜਿਸ ਵਿਚ

ਵੈਦਿਕ, ਬ੍ਰਾਹਮਣੀ, ਬੋਧੀ, ਜੈਨੀ, ਵੈਸ਼ਣਵ, ਸ਼ੈਵ, ਆਦਿ ਪ੍ਰਮੁਖ ਭਾਰਤੀ ਧਰਮ-ਦਰਸ਼ਨਾਂ ਅਤੇ ਉਨ੍ਹਾਂ ਦੇ ਸਮਕਾਲੀ ਵਿਗੜੇ ਰੂਪਾਂ ਦੀਆਂ ਸੰਪ੍ਰਦਾਵਾਂ ਦੀਆਂ ਵਿਚਾਰਧਾਰਾਵਾਂ ਸ਼ਾਮਿਲ ਮੰਨੀਆਂ ਜਾ ਸਕਦੀਆਂ ਹਨ। 'ਮਲੇਛ' ਵਿਚਾਰਧਾਰਾਵਾਂ ਵਿਚ ਯਹੂਦੀ, ਜ਼ਰੁਸਤਰੀ. ਇਸਲਾਮੀ, ਈਸਾਈ ਆਦਿਕ ਵਿਦੇਸ਼ੀ ਵਿਚਾਰਧਾਰਾਵਾਂ ਗਿਣੀਆਂ ਜਾ ਸਕਦੀਆਂ ਹਨ।

## 1. ਭੌਤਿਕ ਵਰਗ

ਮਨੁੱਖ ਦੀ ਅਨੁਭੂਤੀ ਤਿੰਨ ਪ੍ਰਕਾਰ ਦੀ ਹੈ—ਇੰਦ੍ਰੀਗਤ, ਬੌਧਿਕ ਅਤੇ ਅੰਤਰਬੋਧੀ। ਇੰਦ੍ਰੀਗਤ ਚੇਤਨਾ ਕੇਵਲ ਉਨ੍ਹਾਂ ਚੀਜ਼ਾਂ ਦੀ ਹੀ ਅਨੁਭੂਤੀ ਕਰ ਸਕਦੀ ਹੈ ਜਿਨ੍ਹਾਂ ਦੀ ਭੌਤਿਕ ਹੋਂਦ ਹੋਵੇ ਅਤੇ ਜੋ ਇੰਦ੍ਰੀਆਂ ਦੀ ਪਹੁੰਚ ਵਿਚ ਹੋਣ। ਇਸ ਦੇ ਉਲਟ ਬੌਧਿਕ ਅਤੇ ਅੰਤਰਬੋਧੀ ਚੇਤਨਾ ਅਮੂਰਤ ਕਾਲਪਨਿਕ ਖ਼ਿਆਲਾਂ ਉਪਰ ਆਧਾਰਤ ਹੁੰਦੀ ਹੈ ਅਤੇ ਉਨ੍ਹਾਂ ਚੀਜ਼ਾਂ ਦੀ ਵੀ ਅਨੁਭੂਤੀ ਕਰ ਸਕਦੀ ਹੈ ਜੋ ਸਰੀਰਕ ਪਹੁੰਚ ਤੋਂ ਦੂਰ ਹੋਣ। ਪਰ ਜਿਥੇ ਬੌਧਿਕ ਚੇਤਨਾ ਮੁੱਖ ਤੌਰ ਉਤੇ ਤਾਰਕਿਕ ਹੁੰਦੀ ਹੈ ਅਤੇ ਕੇਵਲ ਉਨ੍ਹਾਂ ਚੀਜ਼ਾਂ ਸੰਬੰਧੀ ਸੰਕਲਪਾਂ ਦੀ ਹੀ ਅਨੁਭੂਤੀ ਕਰ ਸਕਦੀ ਹੈ ਜਿਨ੍ਹਾਂ ਦੀ ਭੌਤਿਕ ਹੋਂਦ ਹੋਵੇ ਅਤੇ ਜੋ ਪਹਿਲਾਂ ਹੀ ਇੰਦ੍ਰੀਗਤ ਚੇਤਨਾ ਰਾਹੀਂ ਬੁਧੀ ਦੇ ਅਨੁਭਵ ਵਿਚ ਆ ਚੁਕੀਆਂ ਹੋਣ, ਉਥੇ ਅੰਤਰਬੋਧੀ ਚੇਤਨਾ ਐਸੀਆਂ ਚੀਜ਼ਾਂ ਸੰਬੰਧੀ ਸੰਕਲਪਾਂ ਦੀ ਵੀ ਅਨੁਭੂਤੀ ਕਰਨ ਦੇ ਸਮਰਥ ਹੁੰਦੀ ਹੈ ਜਿਨ੍ਹਾਂ ਦੀ ਭਾਵੇਂ ਕੋਈ ਭੌਤਿਕ ਹੋਂਦ ਹੋਵੇ ਹੀ ਨਾ, ਤੇ ਭਾਵੇਂ ਉਨ੍ਹਾਂ ਦਾ ਬੁਧੀ ਨੇ ਕਦੇ ਅਨੁਭਵ ਵੀ ਨਾ ਕੀਤਾ ਹੋਵੇ। ਅੰਤਰਬੋਧੀ ਅਨੁਭੂਤੀ ਦਾ ਕੋਈ ਤਾਰਕਿਕ ਆਧਾਰ ਜਾਂ ਪ੍ਰਮਾਣ ਨਹੀਂ ਹੋ ਸਕਦਾ।

ਇਵੇਂ ਭੌਤਿਕ ਵਰਗ ਵਿਚ ਮਨੁੱਖੀ ਸੰਸਾਰ ਦੇ ਉਸ ਭਾਗ ਨਾਲ ਸੰਬੰਧਿਤ ਵਿਚਾਰ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਦੀ ਭੌਤਿਕ ਹੋਂਦ ਹੈ, ਜਾਂ ਜਿਨ੍ਹਾਂ ਦਾ ਕੇਵਲ ਇੰਦ੍ਰੀਗਤ ਚੇਤਨਾ ਨਾਲ ਹੀ ਸੰਬੰਧ ਹੈ। ਭਾਵ ਕੁਲ ਸ੍ਰਿਸ਼ਟੀ ਅਤੇ ਉਸ ਦੇ ਪ੍ਰਕਰਣ, ਜਗਤ ਅਤੇ ਜੀਵ, ਮਨੁਖ ਅਤੇ ਉਨ ਦੀਆਂ ਸਰੀਰਕ, ਭਾਵਨਾਤਮਿਕ ਅਤੇ ਆਰਥਿਕ ਲੋੜਾਂ ਅਤੇ ਉਨ੍ਹਾਂ ਦੀ ਤ੍ਰਿਪਤੀ ਨਾਲ ਸੰਬੰਧਿਤ ਸਮੱਸਿਆਵਾਂ ਸੰਬੰਧੀ ਵਿਚਾਰ। ਭਾਵੇਂ ਸ੍ਰਿਸ਼ਟੀ ਪਰਮਾਤਮਾ ਦੀ ਸਮੁੱਚੀ ਰਚਨਾ ਨੂੰ ਹੀ ਮੰਨਿਆ ਜਾਂਦਾ ਹੈ, ਭਾਵ ਬ੍ਰਹਮ ਦੇ ਸਮੁਚੇ ਸਗੁਣ ਸਰੂਪ ਨੂੰ ਜਿਸ ਵਿਚ ਕੁਲ ਬ੍ਰਹਿਮੰਡ, ਧਰਤੀ ਅਤੇ ਉਸਦੀਆਂ ਪ੍ਰਕ੍ਰਿਤਕ ਪ੍ਰਣਾਲੀਆਂ, ਅਤੇ ਧਰਤੀ ਉਪਰ ਕੁਲ ਚੇਤੰਨ ਜੀਵਨ, ਸਮੇਤ ਮਨੁੱਖ ਜਾਤੀ, ਸ਼ਾਮਿਲ ਹਨ, ਫਿਰ ਵੀ, ਵਿਚਾਰਾਂ ਦੀ ਵਿਵਸਥਿਤ ਕਰਮ-ਬੰਧਨਾ ਹਿਤ ਭੌਤਿਕ ਵਰਗ ਦੇ ਵਿਚਾਰਾਂ ਨੂੰ ਦੋ ਮੁਖ ਭਾਗਾਂ ਵਿਚ ਵੰਡਿਆ ਗਿਆ ਹੈ—ਸ੍ਰਿਸਟੀ ਅਤੇ ਮਨੁੱਖ :

**(ੳ) ਸ੍ਰਿਸ਼ਟੀ** : ਕਿਉਂਕਿ ਮਨੁੱਖ ਸੰਬੰਧੀ ਵਿਚਾਰ ਵਖਰੇ ਵਰਗ ਵਿਚ ਰਖੇ ਗਏ ਹਨ, ਇਸ ਲਈ ਇਸ ਵਰਗ ਵਿਚ ਸ੍ਰਿਸ਼ਟੀ ਸੰਬੰਧੀ ਬਾਕੀ ਵਿਚਾਰਾਂ ਦਾ ਹੀ ਉੱਲੇਖ ਕੀਤਾ ਗਿਆ ਹੈ। ਇਨ੍ਹਾਂ ਨੂੰ ਚਾਰ ਵਰਗਾਂ ਵਿਚ ਵੰਡਿਆ ਗਿਆ ਹੈ—ਪ੍ਰਕ੍ਰਿਤੀ, ਰਚਨਾ, ਸੰਚਾਲਨ ਅਤੇ ਜੀਵ :

**(1) ਪ੍ਰਕ੍ਰਿਤੀ** : ਇਹ ਸ੍ਰਿਸ਼ਟੀ ਅਨਾਦੀ ਨਹੀਂ ਅਤੇ ਇਹ ਨਿਰਗੁਣ ਪ੍ਰਭੂ ਦਾ ਹੀ

ਦੂਜਾ ਤੇ ਸਗੁਣ ਰੂਪ ਹੈ ਜੋ ਸ੍ਵੈਂਭੂ ਪਰਮਾਤਮਾ ਨੇ ਆਪ ਹੀ ਆਪਣੇ ਵਿਨੋਦ ਲਈ ਰਚਿਆ ਹੈ ਅਤੇ ਇਸ ਵਿਚ ਪ੍ਰਭੂ ਆਪ ਹੀ ਵਿਆਪਕ ਹੁੰਦਾ ਹੈ।[1] ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸ੍ਰਿਸ਼ਟੀ ਦੀ ਉਤਪਤੀ ਦਾ ਮੂਲ, ਨਿਰਗੁਣ ਪਰਮਾਤਮਾ ਦੇ ਅੰਦਰ ਹੀ ਵਿਦਮਾਨ ਸੀ। ਪ੍ਰਭੂ ਨੇ ਆਪ ਹੀ ਪਹਿਲਾਂ ਆਪਣਾ ਨਿਰਗੁਣ ਤੇ ਫ਼ੇਰ ਆਪਣਾ ਸਗੁਣ ਰੂਪ ਸਾਜਿਆ ਤੇ ਆਪ ਹੀ ਇਸ ਵਿਚ ਸਮਾ ਕੇ ਚੋਜ ਕਰ ਰਿਹਾ ਹੈ।[2] ਪਰਮਾਤਮਾ ਸਦਾ ਤੋਂ ਅਤੇ ਲਗਾਤਾਰ (ਨਿਰੰਤਰ) ਹੋਂਦ ਵਿਚ ਹੈ ਅਤੇ ਆਰੰਭ ਵਿਚ ਸੁੰਨ ਅਵਸਥਾ ਵਿਚ ਵਿਦਮਾਨ ਸੀ, ਜਿਸ ਅਵਸਥਾ ਵਿਚ ਕਿਸੇ ਵੀ ਹੋਂਦ ਦਾ ਆਭਾਸ ਅਸੰਭਵ ਹੈ, ਤੇ ਫ਼ੇਰ ਇਸ ਨਿਰਗੁਣ ਪ੍ਰਭੂ ਤੋਂ ਸਗੁਣ ਪ੍ਰਭੂ ਉਪਜਿਆ, ਅਤੇ ਇਵੇਂ ਜਗਤ ਰਚਨਾ ਰਾਹੀਂ ਉਸ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ।[3] ਸ੍ਰਿਸ਼ਟੀ ਦਾ ਪਾਰ ਖੁਦ ਰਚਨਹਾਰੇ ਬਿਨਾਂ ਹੋਰ ਕੋਈ ਵੀ ਪੂਰੀ ਤਰ੍ਹਾਂ ਨਹੀਂ ਪਾ ਸਕਦਾ।[4] ਇਸ ਦੇ ਬੇਅੰਤ ਅਤੇ ਅਣਗਿਣਤ ਥਾਂ, ਲੋਕ, ਖੰਡ, ਮੰਡਲ, ਵਰਭੰਡ, ਧਰਤੀਆਂ ਅਤੇ ਪਾਤਾਲ ਹਨ[5] ਜਿਨ੍ਹਾਂ ਦਾ ਹਿਸਾਬ ਲਾਉਣਾ ਅਸੰਭਵ ਹੈ। ਸ੍ਰਿਸ਼ਟੀ ਦਾ ਸਿਰਜਣਹਾਰ ਆਪਣੀ ਇਸ ਲੀਲ੍ਹਾ ਨੂੰ ਦੇਖ ਦੇਖ ਕੇ ਆਨੰਦ ਮਾਣਦਾ ਹੈ। ਉਸ ਲਈ ਸਭ ਕੁਝ ਦ੍ਰਿਸ਼ਟ ਹੈ, ਪਰ ਮਨੁੱਖ ਲਈ ਉਹ ਆਪ ਅਦ੍ਰਿਸ਼ਟ ਹੈ, ਅਤੇ ਇਹੋ ਗੱਲ ਸੰਸਾਰੀ ਮਨੁੱਖ ਲਈ ਰਹੱਸ ਅਤੇ ਝਮੇਲੇ ਦਾ ਸਭ ਤੋਂ ਵਡਾ ਕਾਰਨ ਹੈ।[6] ਸ੍ਰਿਸ਼ਟੀ ਦੀ ਰਚਨਾ, ਸੰਚਾਲਣ ਅਤੇ ਵਿਸਥਾਰ ਬਹੁਤ ਅਸਚਰਜ-ਜਨਕ ਹੈ ਅਤੇ ਕੇਵਲ ਚੰਗੇ ਭਾਗਾਂ ਵਾਲੇ ਹੀ ਇਸ ਦੀ ਪੂਰੀ ਸੋਝੀ ਪ੍ਰਾਪਤ ਕਰ ਸਕਦੇ ਹਨ।[7] ਪਰਮਾਤਮਾ ਦੀ ਸੋਝੀ ਅਤੇ ਅਨੁਭੂਤੀ ਕੇਵਲ ਉਸ ਦੀ ਰਚੀ ਕੁਦਰਤ ਤੋਂ ਹੀ ਹੁੰਦੀ ਹੈ।[8]

(2) ਰਚਨਾ : ਆਰੰਭ ਵਿਚ ਕੁਝ ਵੀ ਨਹੀਂ ਸੀ, ਚਾਰ ਚੁਫ਼ੇਰੇ ਅੰਧਕਾਰ ਹੀ ਅੰਧਕਾਰ ਸੀ। ਉਸ ਸਮੇਂ ਪਰਮਾਤਮਾ ਸਮਾਧੀ-ਸਰੂਪ ਨਿਰਗੁਣ ਬ੍ਰਹਮ ਦੇ ਰੂਪ ਵਿਚ ਸੀ।[9] ਫ਼ੇਰ ਜਦੋਂ ਪਰਮਾਤਮਾ ਦੀ ਇੱਛਾ ਹੋਈ ਤਾਂ ਉਸਨੇ ਆਪਣੇ ਇਕੋ ਹੁਕਮ ਰਾਹੀਂ ਸ੍ਰਿਸ਼ਟੀ ਦੀ ਸਾਰੀ ਰਚਨਾ ਕੀਤੀ।[10] ਪਰਮਾਤਮਾ ਧਰਤੀ, ਆਕਾਸ਼ ਸੂਰਜ, ਚੰਦ, ਆਦਿਕ ਬਿਨਾਂ ਕਿਸੇ ਭੌਤਿਕ ਸਹਾਰੇ ਦੇ ਰਚ ਕੇ, ਇਸ ਵਿਚ ਦਿਨ-ਰਾਤ ਆਦਿਕ ਚਕਰ ਚਲਾਉਂਦਾ ਹੈ।[11]

1. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 463.
2. ਮਲਾਰ ਦੀ ਵਾਰ, ਉਹੀ, ਪੰਨਾ 1279.
3. ਸਿਧ ਗੋਸ਼ਟਿ, ਉਹੀ, ਪੰਨਾ 940.
4. ਜਪੁਜੀ, ਉਹੀ, ਪੰਨਾ 5.
5. ਉਹੀ, ਪੰਨਾ 7.
6. ਉਹੀ, ਪੰਨਾ 7 ਅਤੇ 8.
7. ਆਸਾ ਦੀ ਵਾਰ, ਉਹੀ, ਪੰਨਾ 464, ਮਾਝ ਦੀ ਵਾਰ, ਉਹੀ, ਪੰਨਾ 141.
8. ਮਾਰੂ ਸੋਲਹੇ, ਉਹੀ, ਪੰਨਾ 1023.
9. ਜਪੁਜੀ, ਉਹੀ, ਪੰਨਾ 3.
10. ਮਲਾਰ ਦੀ ਵਾਰ, ਉਹੀ, ਪੰਨਾ 1279.
11. ਆਸਾ ਦੀ ਵਾਰ, ਉਹੀ, ਪੰਨੇ 473-74.

ਸ੍ਰਿਸ਼ਟੀ ਇਕਲੇ ਪ੍ਰਭੂ ਨੇ ਹੀ ਰਚੀ ਹੈ ਅਤੇ ਉਹ ਹੀ ਇਸ ਦੀਆਂ ਸਾਰੀਆਂ ਪ੍ਰਣਾਲੀਆਂ ਚਾਲੂ ਰਖਦਾ ਹੈ, ਉਸਨੂੰ ਇਸ ਮੰਤਵ ਲਈ ਕਿਸੇ ਬਾਹਰਲੀ ਸ਼ਕਤੀ ਦੀ ਸਹਾਇਤਾ ਦੀ ਲੋੜ ਨਹੀਂ ਪੈਂਦੀ। ਇਹ ਰਚਨਾ ਕਰਦਿਆਂ ਪਰਮਾਤਮਾ ਨੂੰ ਕੋਈ ਸਮਾਂ ਨਹੀਂ ਲਗਦਾ।[12] ਪਰ ਇਹ ਰਚਨਾ ਕਦੋਂ ਰਚੀ, ਸਿਰਫ਼ ਰਚਨਹਾਰ ਹੀ ਜਾਣ ਸਕਦਾ ਹੈ ਹੋਰ ਕੋਈ ਨਹੀਂ, ਨਾ ਕੋਈ ਪੰਡਿਤ, ਨਾ ਕਾਜ਼ੀ, ਨਾ ਜੋਗੀ, ਅਤੇ ਨਾ ਹੀ ਵੇਦਾਂ ਪੁਰਾਣਾਂ ਅਤੇ ਕੁਰਾਨ ਵਰਗੇ ਗ੍ਰੰਥਾਂ ਦੇ ਰਚਣਹਾਰ।[13] ਧਰਤੀ ਦੀ ਸਥਾਪਨਾ ਬਾਰੇ ਪੌਰਾਣਿਕ ਅੰਧ-ਵਿਸ਼ਵਾਸ ਕਿ ਉਹ ਧੌਲ ਬੌਲਦ ਦੇ ਸਿੰਗਾਂ ਉਪਰ ਟਿਕੀ ਹੋਈ ਹੈ ਦੇ ਸੰਬੰਧ ਵਿਚ ਗੁਰੂ ਨਾਨਕ ਕਹਿੰਦੇ ਹਨ ਕਿ ਧਰਤੀ ਇੰਨੀ ਵਿਸ਼ਾਲ ਅਤੇ ਭਾਰੀ ਹੈ ਕਿ ਕੋਈ ਬੌਲਦ ਉਸ ਨੂੰ ਚੁਕ ਹੀ ਨਹੀਂ ਸਕਦਾ ਤੇ ਫ਼ੇਰ ਇਹ ਵੀ ਸੋਚਣਾ ਚਾਹੀਦਾ ਹੈ ਕਿ ਉਹ ਬੌਲਦ ਆਪ ਕਿਸ ਦੇ ਆਸਰੇ ਖੜਾ ਹੋਵੇਗਾ।

ਪਰਮਾਤਮਾ ਦੀ ਸ੍ਰਿਸ਼ਟੀ ਸਿਰਜਣ, ਸੰਚਾਲਣ ਅਤੇ ਸੰਘਾਰਨ ਦੀ ਕ੍ਰਿਆ-ਸ਼ਕਤੀ ਨੂੰ ਮਾਇਆ ਦਾ ਨਾਮ ਦਿਤਾ ਗਿਆ ਹੈ। ਗੁਰੂ ਨਾਨਕ ਅਨੁਸਾਰ ਪਰਮਾਤਮਾ ਨੇ ਇਸ ਸ੍ਰਿਸ਼ਟੀ ਨੂੰ ਮਾਇਆ ਰਾਹੀਂ ਰਚਿਆ ਅਤੇ ਆਪਣੀਆਂ ਸਿਰਜਣ (ਬ੍ਰਹਮਾ), ਪਾਲਣ (ਵਿਸ਼ਨੂੰ) ਅਤੇ ਵਿਨਾਸ਼ (ਮਹੇਸ਼) ਦੀਆਂ ਸ਼ਕਤੀਆਂ ਰਾਹੀਂ ਇਸ ਪ੍ਰਣਾਲੀ (ਸੰਜੋਗ-ਵਿਜੋਗ) ਦੇ ਸਦੀਵੀ ਚੱਕਰ ਨੂੰ ਚੱਲਦਾ ਰੱਖਣ ਲਈ ਪੂਰਨ ਵਿਵਸਥਾ ਕੀਤੀ ਹੈ, ਪਰ ਸ੍ਰਿਸ਼ਟੀ ਸੰਚਾਲਣ ਦੀ ਪ੍ਰਕ੍ਰਿਆ ਕੇਵਲ ਮਾਇਆ ਤੇ ਹੀ ਨਿਰਭਰ ਨਹੀਂ, ਭਾਵ ਮਾਇਆ ਅਪਰਾਧੀਨ ਨਹੀਂ, ਮਾਇਆ ਪਰਮਾਤਮਾ ਦੇ ਹੁਕਮ ਦੇ ਪਰਾਧੀਨ ਹੈ।[15] ਸਰਬਤ ਸ੍ਰਿਸ਼ਟੀ ਪ੍ਰਭੂ ਦੀ ਹੀ ਮਾਇਆ ਜਾਂ ਲੀਲ੍ਹਾ ਹੈ। ਉਹ ਹੀ ਇਸ ਦਾ ਸਿਰਜਣਹਾਰ ਤੇ ਸੰਚਾਲਕ ਹੈ ਅਤੇ ਉਹ ਆਪ ਹੀ ਇਸ ਵਿਚ ਵਰਤ ਰਿਹਾ ਹੈ; ਭਾਵ ਉਹ ਆਪ ਹੀ ਸ੍ਰਿਸ਼ਟੀ ਦਾ ਨਿਮਿੱਤ ਤੇ ਉਪਾਦਾਨ ਕਾਰਨ ਹੈ। ਸਾਰੀ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਜਾਂ ਦੇਵੀ ਵਿਧਾਨ ਦੇ ਨਿਯੰਤ੍ਰਣ ਵਿਚ ਹੈ, ਸਿਰਫ਼ ਇਕ ਨਿਰਗੁਣ ਪ੍ਰਭੂ ਹੀ ਖ਼ੁਦਮੁਖ਼ਤਾਰ ਹੈ।[16] ਸ੍ਰਿਸ਼ਟੀ ਇਕੱਲਾ ਪ੍ਰਭੂ ਹੀ ਰਚਦਾ ਹੈ ਅਤੇ ਉਹ ਹੀ ਇਸ ਦੀਆਂ ਸਾਰੀਆਂ ਪ੍ਰਣਾਲੀਆਂ ਜਾਰੀ ਰਖਦਾ ਹੈ, ਪਰ ਪ੍ਰਭੂ ਇਸ ਮੰਤਵ ਲਈ ਆਪ ਤੋਂ ਬਾਹਰੀ ਕਿਸੇ ਸ਼ਕਤੀ ਦੀ ਸਹਾਇਤਾ ਨਹੀਂ ਲੈਂਦਾ।[17] ਸਰਬੱਤ ਰਚਨਾ ਪ੍ਰਭੂ ਦੇ ਹੁਲਾਸ ਹਿਤ ਰਚੀ, ਉਸ ਦੀ ਆਪਣੀ ਹੀ ਰਾਸ-ਲੀਲ੍ਹਾ (ਨਾਟਕ) ਹੈ। ਘੜੀਆਂ ਮਾਨੋ ਗੋਪੀਆਂ ਹਨ ਅਤੇ ਚੰਦਰਮਾ ਤੇ ਸੂਰਜ ਅਵਤਾਰ; ਧਰਤੀ ਦੇ ਸਾਰੇ ਪਦਾਰਥ ਮਾਨੋ ਨਾਟਕ ਦੇ ਸਾਜ਼ ਹਨ ਅਤੇ ਸੰਸਾਰਕ ਧੰਦੇ ਨਾਟਕੀ ਘਟਨਾਵਾਂ।[18]

---

12. ਮਲਾਰ ਦੀ ਵਾਰ, ਗੁਰੂ ਗ੍ਰੰਥ, ਪੰਨਾ 1280.
13. ਜਪੁਜੀ, ਉਹੀ, ਪੰਨਾ 4.
14. ਉਹੀ, ਪੰਨਾ 3.
15. ਉਹੀ, ਪੰਨਾ 7
16. ਆਸਾ ਦੀ ਵਾਰ, ਉਹੀ, ਪੰਨਾ 464.
17. ਉਹੀ, ਪੰਨਾ 463.
18. ਆਸਾ ਦੀ ਵਾਰ, ਉਹੀ, ਪੰਨਾ 465.

(3) **ਸੰਚਾਲਨ :** ਸ੍ਰਿਸ਼ਟੀ ਦੀ ਹਰ ਸ਼ੈ ਪਰਮਾਤਮਾ ਦੇ ਹੁਕਮ ਦੁਆਰਾ ਸੰਚਾਲਿਤ ਹੈ; ਹਰ ਜੀਵ ਉਸ ਦਾ ਹੀ ਪ੍ਰੇਰਿਆ ਆਪਣੇ ਸੰਸਾਰਿਕ ਜੀਵਨ ਚੱਕਰ ਵਿਚ ਕਾਰਜ-ਸ਼ੀਲ ਰਹਿੰਦਾ ਹੈ।[19] ਇਸ ਪ੍ਰੇਰਣਾ-ਮਈ ਹੁਕਮ ਨੂੰ ਹੀ ਦੂਸਰੇ ਸ਼ਬਦਾਂ ਵਿਚ ਭੌਤਿਕ ਨਿਯਮ ਜਾਂ ਦੈਵੀ ਵਿਧਾਨ ਕਿਹਾ ਜਾਂਦਾ ਹੈ । ਇਹ ਨਿਯਮ ਦੁਨੀਆ ਨੂੰ ਵਿਵਸਥਿਤ ਅਤੇ ਸੁਚਾਰੂ ਰੂਪ ਵਿਚ ਚਲਾਉਂਦਾ ਹੈ। ਸ੍ਰਿਸ਼ਟੀ ਦਾ ਸੰਪੂਰਣ ਸੰਚਾਲਣ ਪ੍ਰਭੂ ਦੇ ਦੈਵੀ-ਵਿਧਾਨ-ਵਸ਼ ਹੈ।[20] ਸਭ ਕੁਝ ਪ੍ਰਭੂ ਦੇ 'ਹੁਕਮ' ਅਨੁਸਾਰ ਹੀ ਹੁੰਦਾ ਹੈ; ਤੇ ਉਸੇ ਪ੍ਰਕਾਰ ਹੁੰਦਾ ਹੈ ਜਿਵੇਂ ਉਸਨੂੰ ਭਾਉਂਦਾ ਹੈ।[21] ਪ੍ਰਭੂ ਦਾ 'ਹੁਕਮ' ਨਿਯਮਾਂ ਅਨੁਸਾਰ ਹੁੰਦਾ ਹੈ। ਸ੍ਰਿਸ਼ਟੀ ਪ੍ਰਕ੍ਰਿਤਿਕ ਜਾਂ ਕੁਦਰਤੀ ਨਿਯਮ ਅਨੁਸਾਰ ਚੱਲ ਰਹੀ ਹੈ ਅਤੇ ਮਨੁੱਖ ਕਰਮ ਦੇ ਨਿਯਮਾਂ ਅਧੀਨ ਚਲ ਰਿਹਾ ਹੈ।[22] ਇਸ ਜਗਤ ਨੂੰ ਪ੍ਰਭੂ ਨੇ ਜਦੋਂ ਚਾਹਿਆ ਰਚਿਆ ਅਤੇ ਬਿਨਾਂ ਕਿਸੇ ਜ਼ਾਹਰੀ ਭੌਤਿਕੀ ਕਲਾ ਦੇ ਇਸ ਦੇ ਪਸਾਰੇ ਨੂੰ ਸਹਾਰਾ ਦਿੱਤਾ। ਸਾਰੀ ਬਨਾਸਪਤੀ, ਪੌਣ, ਪਾਣੀ ਆਦਿ ਪ੍ਰਭੂ ਦੇ ਹੀ ਰਚੇ ਹੋਏ ਹਨ।[23] ਇਹ ਸ੍ਰਿਸ਼ਟੀ ਕਈ ਰੰਗਾਂ, ਕਈ ਕਿਸਮਾਂ ਦੀ ਹੈ ਜਿਸ ਨੂੰ ਪਰਮਾਤਮਾ ਆਪਣੇ ਹੁਕਮ ਅਧੀਨ ਹੀ ਰਖਦਾ ਹੈ।[24]

(4) **ਜੀਵ :** ਸ੍ਰਿਸ਼ਟੀ ਦੀ ਰਚਨਾ ਪਿਛੋਂ ਛੱਤੀ ਯੁਗ ਗੈਸਾਂ ਦਾ ਗੁਬਾਰ ਰਿਹਾ ਤੇ ਉਪਰੰਤ ਚਾਰ ਚੁਫੇਰੇ ਜਲ ਥਲ ਹੋ ਗਿਆ।[25] ਸ੍ਰਿਸ਼ਟੀ ਉਤੇ ਪ੍ਰਭੂ ਨੇ ਅਨੇਕਾਂ ਜੀਵ,

---

19. ਮਾਰੂ ਸੋਲਹੇ, ਗੁਰੂ ਗ੍ਰੰਥ, ਪੰਨਾ 1036.
20. ਜਪੁਜੀ, ਉਹੀ, ਪੰਨਾ 1.
21. ਉਹੀ, ਪੰਨਾ 7.
22. ਉਹੀ, ਪੰਨਾ 6.
23. ਮਾਰੂ ਸੋਲਹੇ, ਉਹੀ, ਪੰਨਾ 1037.
24. ਮਾਝ ਦੀ ਵਾਰ, ਉਹੀ, ਪੰਨਾ 139.
25. ਮਲਾਰ ਦੀ ਵਾਰ, ਉਹੀ, ਪੰਨਾ 1282.

ਵਿਗਿਆਨਕਾਂ ਅਨੁਸਾਰ ਸ੍ਰਿਸਟੀ ਦਾ ਆਰੰਭ ਲਗਪਗ 1800 ਕਰੋੜ ਸਾਲ ਪਹਿਲਾਂ ਇਕ ਵਿਸ਼ਾਲ ਦੈਵਿਕ ਵਿਸਫੋਟ ਨਾਲ ਹੋਇਆ। ਇਸ ਨਾਲ ਅਨੰਤ ਸੀਮਾਵਾਂ ਅੰਦਰ ਯੁਗਾਂ ਯੁਗਾਂਤਰਾਂ ਗੈਸਾਂ ਅਤੇ ਘੱਟੇ ਦੇ ਗ਼ੁਬਾਰ ਘੁੰਮਦੇ ਰਹੇ। ਸਮੇਂ ਨਾਲ ਇਹ ਇਕਤ੍ਰ, ਸੰਘਣੇ ਅਤੇ ਠੰਢੇ ਹੁੰਦੇ ਹੋਏ ਲਗਭਗ 1400 ਕਰੋੜ ਸਾਲ ਹੋਏ ਵਿਸ਼ਾਲ ਤਾਰਾ-ਸਮੂਹਾਂ ਦੇ ਰੂਪ ਵਿਚ ਵਿਦਮਾਨ ਹੋਣ ਲਗੇ ਤਾਂ ਕੋਈ 450 ਕਰੋੜ ਸਾਲ ਹੋਏ ਆਪਣੇ ਤਾਰਾ-ਸਮੂਹ (ਅਕਾਸ਼ ਗੰਗਾ) ਅੰਦਰ ਆਪਣਾ ਸੂਰਜ-ਮੰਡਲ ਅਤੇ ਧਰਤੀ ਵਿਦਮਾਨ ਹੋਏ। ਜਿਉਂ ਜਿਉਂ ਧਰਤੀ ਠੰਢੀ ਹੁੰਦੀ ਗਈ, ਇਸ ਉਪਰ ਥਲ ਦੀ ਤਹਿ ਜੰਮਦੀ ਗਈ, ਪਰ ਅੰਦਰੋਂ ਸੜਦਾ ਬਲਦਾ ਲਾਵਾ ਫੁਟ ਫੁਟ ਪੈਂਦਾ ਰਿਹਾ। ਲੱਖਾਂ ਵਰ੍ਹੇ ਜਵਾਲਾ-ਮੁਖੀ ਕ੍ਰਿਆਵਾਂ ਨਾਲ ਆਕਾਸ਼ ਗੈਸਾਂ ਤੇ ਭਾਫ਼ ਨਾਲ ਭਰਪੂਰ ਹੁੰਦਾ ਰਿਹਾ ਜਿਸ ਨਾਲ ਧਰਤੀ ਦੁਆਲੇ ਵਾਯੂ-ਮੰਡਲ ਹੋਂਦ ਵਿਚ ਆਇਆ। ਗੈਸਾਂ ਤੇ ਭਾਫ਼ ਤੋਂ ਬੱਦਲ, ਤੇ ਫੇਰ ਅੰਧਾ-ਧੁੰਦ ਬਾਰਸ਼ਾਂ, ਹਨੇਰੀਆਂ ਅਤੇ ਆਸਮਾਨੀ ਬਿਜਲੀ ਦੇ ਤੂਫ਼ਾਨ— ਤੇ ਨੀਵੇਂ ਥਲ ਰਸਾਇਣਿਕ ਪ੍ਰੀਕ੍ਰਿਆਵਾਂ ਨਾਲ ਰਿਸਦੇ ਜਲ ਨਾਲ ਭਰਪੂਰ ਹੋਏ।

ਵਿਗਿਆਨਕ ਪ੍ਰਯੋਗਾਂ ਰਾਹੀਂ ਸਿੱਧ ਕੀਤਾ ਜਾ ਚੁੱਕਾ ਹੈ ਕਿ ਧਰਤੀ ਦੇ ਕੁਝ ਰਸਾਇਣਾਂ, ਜਲ,

ਅੰਡਿਆਂ, ਜ਼ੇਰ, ਧਰਤੀ ਅਤੇ ਹਵਾੜ ਵਿਚੋਂ ਜਲ-ਥਲ ਵਿਚ ਉਪਾਏ ਹਨ, ਜਿਨ੍ਹਾਂ ਦੀ ਗਿਣਤੀ ਬਸ ਉਹ ਆਪ ਹੀ ਜਾਣਦਾ ਹੈ। ਪਰਮਾਤਮਾ ਹੀ ਇਨ੍ਹਾਂ ਜੀਵਾਂ ਨੂੰ ਪੈਦਾ ਕਰਦਾ ਹੈ ਅਤੇ ਉਹ ਹੀ ਇਨ੍ਹਾਂ ਦੀ ਦੇਖ ਭਾਲ ਕਰਦਾ ਹੈ। ਇਸ ਜਗਤ ਵਿਚ ਅਨੇਕਾਂ ਜੀਵ ਹਨ। ਕਈ ਜੰਮਦੇ ਹਨ, ਕਈ ਮਰਦੇ ਹਨ। ਪਰਮਾਤਮਾ ਜੀਵਾਂ ਦੀ ਹਰ ਗੱਲ ਜਾਣਦਾ ਹੈ। ਉਹ ਹੀ ਜੀਵਾਂ ਨੂੰ ਪੈਦਾ ਕਰਕੇ ਜੰਜਾਲਾਂ ਵਿਚ ਪਾਉਂਦਾ ਹੈ। ਪਰਮਾਤਮਾ ਜੀਵਾਂ ਨੂੰ ਮੋਹ ਦੀ ਠੱਗ-ਬੂਟੀ ਖੁਆ ਕੇ ਉਨ੍ਹਾਂ ਨੂੰ ਭੁਲਾਉਂਦਾ ਹੈ, ਭਾਵ ਸੰਸਾਰ ਦੇ ਮਾਇਆ-ਜਾਲ ਵਿਚ ਫ਼ਸਾਈ ਰਖਦਾ ਹੈ।[27] ਜੀਵ ਅੰਦਰ ਤ੍ਰਿਸ਼ਨਾ ਦੀ ਅਗਨੀ ਹੁੰਦੀ ਹੈ ਜਿਸ ਕਾਰਨ ਉਹ ਕਦੀ ਰੱਜਦਾ ਨਹੀਂ।[27] ਇਨ੍ਹਾਂ ਪੁਆੜਿਆਂ ਨੂੰ ਕੇਵਲ ਪਰਮਾਤਮਾ ਹੀ ਮੁਕਾ ਸਕਦਾ ਹੈ, ਕਿਉਂਜੋ ਜੋ ਕਰਤਾ ਕਰਦਾ ਹੈ ਉਹੀ ਹੁੰਦਾ ਹੈ, ਹੋਰ ਕਿਸੇ ਦੀ ਨਹੀਂ ਚਲਦੀ।[28]

ਪ੍ਰਭੂ ਨੇ ਜੀਵਾਂ ਦੀਆਂ 'ਚੌਰਾਸੀ ਲਖ' ਜੂਨਾਂ ਪੈਦਾ ਕੀਤੀਆਂ ਹਨ ਅਤੇ ਇਹ ਸਭ ਉਸ ਦੇ ਹੁਕਮ ਵਿਚ ਹੀ ਜਿਉਂਦੇ ਹਨ।[29] ਪ੍ਰਭੂ ਆਪ ਹੀ ਤਰ੍ਹਾਂ ਤਰ੍ਹਾਂ ਦੇ ਜੀਵ ਪੈਦਾ ਕਰਦਾ

---

ਹਵਾ ਅਤੇ ਸੂਰਜ ਦੀ ਤਪਸ਼ ਤੇ ਬਿਜਲੀ ਦੀਆਂ ਲਾਟਾਂ ਦੀਆਂ ਪ੍ਰਸਪਰ ਕ੍ਰਿਆਵਾਂ ਰਾਹੀਂ ਉਹ ਖ਼ਾਸ ਨਿਰਜੀਵ ਰਸਾਇਣ ਉਤਪੰਨ ਹੋ ਜਾਂਦੇ ਹਨ ਜਿਨ੍ਹਾਂ ਦੇ ਅਦਭੁਤ ਸੁਮੇਲ ਰਾਹੀਂ ਪ੍ਰਜਨਨ-ਯੋਗ ਮੁਢਲੇ ਸਜੀਵ ਕੋਸ਼ਾਣੂ ਨਿਰੂਪਿਤ ਹੁੰਦੇ ਹਨ। ਲਗਭਗ 350 ਕਰੋੜ ਸਾਲ ਪਹਿਲਾਂ ਧਰਤੀ ਦੇ ਵਿਸ਼ਾਲ ਜਲ-ਸਮੂਹਾਂ ਅੰਦਰ ਇਵੇਂ ਪੁੰਗਰੀ ਜੀਵਨ ਤਰੰਗ 200 ਕਰੋੜ ਸਾਲਾਂ ਅੰਦਰ ਬਹੁ-ਕਸ਼ਾਣਕ ਜੀਵਾਂ ਦੇ ਰੂਪ ਵਿਚ ਵਿਕਸਿਤ ਹੋਈ। ਰੀੜ-ਧਾਰੀ ਜੀਵਾਂ ਨੂੰ ਪ੍ਰਗਟ ਹੁੰਦਿਆਂ 100 ਕਰੋੜ ਵਰ੍ਹੇ ਹੋਰ ਲਗੇ ਅਤੇ ਲਗਪਗ ਇਸੇ ਸਮੇਂ ਹੀ, ਕੋਈ 50 ਕਰੋੜ ਵਰ੍ਹੇ ਹੋਏ, ਜੀਵਨ ਮਹਾਂਸਾਗਰਾਂ ਵਿਚੋਂ ਥਲ ਉਪਰ ਰੇਂਗਣ ਲਗਾ ਤੇ ਹੋਰਨਾਂ 35 ਕਰੋੜ ਵਰ੍ਹਿਆਂ ਵਿਚ ਜੀਵਾਂ ਨੇ ਆਕਾਸ਼ ਵਿਚ ਉਡਾਰੀਆਂ ਲਾਉਣੀਆਂ ਵੀ ਸਿਖ ਲਈਆਂ। ਇਸੇ ਸਮੇਂ ਦੇ ਲਗਪਗ ਹੀ ਧਰਤੀ ਉਪਰ ਨਿੱਘੇ-ਰੱਤ ਵਾਲੇ ਥਣ-ਧਾਰੀ ਜੀਵ ਪ੍ਰਗਟ ਹੋਏ ਜਿਨ੍ਹਾਂ ਵਿਚੋਂ ਥਲ ਉਪਰ ਮਸਾਂ ਕੋਈ 25 ਲੱਖ ਵਰ੍ਹੇ ਪਹਿਲਾਂ ਹੀ ਮਨੁੱਖ-ਰੂਪੀ ਜੀਵ ਵਿਕਸਿਤ ਹੋਏ। ਆਧੁਨਿਕ ਮਨੁਖ ਨਾਲ ਮਿਲਦੇ ਜੁਲਦੇ ਜੀਵਾਂ ਦੇ ਨਿਸ਼ਾਨ ਤਾਂ ਵਧ ਤੋਂ ਵਧ 35 ਹਜ਼ਾਰ ਸਾਲ ਪੁਰਾਣੇ ਹੀ ਲਭਦੇ ਹਨ।

**(Reader's Digest Library of Modern knowledge, Vol. I, pp 34-37, 242-251).**

26. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 467.
27. ਮਾਝ ਦੀ ਵਾਰ, ਉਹੀ, ਪੰਨਾ 138.
28. ਉਹੀ, ਪੰਨਾ 139-40.
29. ਮਾਰੂ ਸੋਲਹੇ, ਉਹੀ, ਪੰਨਾ 1034 ਅਤੇ ਮਲਾਰ ਦੀ ਵਾਰ, ਉਹੀ, ਪੰਨਾ 1283.

ਵਿਗਿਆਨਕਾਂ ਵੱਲੋਂ ਹੁਣ ਤਕ ਜੀਵਨ ਦੀਆਂ ਲਗਪਗ 15 ਲੱਖ ਜੂਨਾਂ ਪਹਿਚਾਣਕੇ ਉਲੇਖਿਤ ਕੀਤੀਆਂ ਜਾ ਚੁਕੀਆਂ ਹਨ—12 ਲੱਖ ਜੀਵ-ਜੰਤੂਆਂ ਅਤੇ 3 ਲੱਖ ਪੌਦਿਆਂ ਦੀਆਂ। ਹਰ ਸਾਲ ਜੀਵ-ਜੰਤੂਆਂ ਦੀਆਂ ਲਗਪਗ 10 ਹਜ਼ਾਰ ਅਤੇ ਪੌਦਿਆਂ ਦੀਆਂ 5 ਹਜ਼ਾਰ ਨਵੀਆਂ ਜੂਨਾਂ ਪਹਿਚਾਣੀਆਂ ਅਤੇ ਉਲੇਖਿਤ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਤੋਂ ਛੁਟ ਲਗਪਗ ਇਕ ਲਖ ਜੂਨਾਂ ਐਸੀਆਂ ਵੀ ਪਹਿਚਾਣੀਆਂ ਗਈਆਂ ਹਨ ਜੋ ਹੁਣ ਤਕ ਲੁਪਤ ਹੋ ਚੁਕੀਆਂ ਹਨ ਅਤੇ ਉਨ੍ਹਾਂ ਦੇ ਕੇਵਲ ਆਸਾਰ ਹੀ ਪ੍ਰਾਪਤ ਹੁੰਦੇ ਹਨ। ਬਹੁਤ ਸੰਭਵ ਹੈ ਕਿ ਸਮੇਂ ਨਾਲ 24 ਲੱਖ ਜੂਨਾਂ ਬਾਰੇ ਗੁਰੂ ਨਾਨਕ ਦੀ ਭਾਰਤੀ ਪਰੰਪਰਾ ਅਨੁਸਾਰੀ ਧਾਰਨਾ ਵਿਗਿਆਨਕ ਤੌਰ ਉਤੇ ਵੀ ਸਿਧ ਹੋ ਜਾਵੇ।

**(See Reader's Digest Library of Modern Knowledge, Vol. I, p-228)**

ਹੈ, ਆਪ ਹੀ ਨਾਸ਼ ਕਰਦਾ ਹੈ, ਆਪੇ ਹਰ ਇਕ ਨੂੰ ਧੰਦੇ ਲਾਉਂਦਾ ਹੈ, ਅਤੇ ਆਪ ਹੀ ਉਨ੍ਹਾਂ ਦੇ ਕਰਮਾਂ ਦਾਂ ਮੁਲੰਕਣ ਕਰਦਾ ਹੈ।[30] ਪ੍ਰਭੂ ਆਪਣੇ ਹੁਕਮ ਵਿਚ ਹੀ ਜੀਵਾਂ ਨੂੰ ਜੀਵਨ ਤੇ ਰੋਜ਼ੀ ਦਿੰਦਾ ਹੈ ਅਤੇ ਉਸ ਦੇ ਹੁਕਮ ਅਨੁਸਾਰ ਹੀ ਜੀਵ ਧਰਤੀ ਉੱਤੇ ਆਉਂਦਾ ਅਤੇ ਅੰਤ ਮੁੜ ਜਾਂਦਾ ਹੈ।[31] ਜੀਵ ਨੂੰ ਉਸ ਦੇ ਕਰਮਾਂ ਦਾ ਹੀ ਫ਼ਲ ਮਿਲਦਾ ਹੈ ਅਤੇ ਪ੍ਰਭੂ ਆਪਣੀ ਮਰਜ਼ੀ ਨਾਲ ਹੀ ਇਕ ਪਲ ਵਿਚ ਲੱਖਾਂ ਜੀਵ ਬਣਾਉਂਦਾ ਤੇ ਨਸ਼ਟ ਕਰ ਦਿੰਦਾ ਹੈ।[32] ਉਹ ਆਪ ਹੀ ਉਨ੍ਹਾਂ ਨੂੰ ਗੁਣ ਦੇਂਦਾ ਹੈ ਅਤੇ ਆਪ ਹੀ ਰਾਹੇ ਪਾਉਂਦਾ ਹੈ। ਇਸ ਪ੍ਰਕਾਰ ਉਹ ਆਪ ਹੀ ਜੀਵ ਪੈਦਾ ਕਰਕੇ ਉਨ੍ਹਾਂ ਨੂੰ ਪਾਲਦਾ ਤੇ ਸੰਭਾਲਦਾ ਹੈ।[33] ਗੁਰੂ ਨਾਨਕ ਅਨੁਸਾਰ ਪ੍ਰਭੂ ਨੇ ਧਰਤੀ ਨੂੰ ਇਕ 'ਧਰਮਸਾਲਾ' ਬਣਾਇਆ ਹੈ ਜਿਥੇ ਜੀਵਾਂ ਨੂੰ ਸ੍ਰਿਸ਼ਟੀ ਦੇ ਦੈਵੀ ਤੱਤਾਂ, ਜਿਹਾ ਕਿ ਦਿਨ-ਰਾਤ, ਰੁੱਤਾਂ ਅਤੇ ਹੋਰਨਾਂ ਅਨੇਕਾਂ ਖੰਡਾਂ-ਬ੍ਰਹਮੰਡਾਂ ਵਿਚਕਾਰ ਪ੍ਰਭੂ ਦੇ ਹੁਕਮ ਦੇ ਦੈਵੀ ਵਿਧਾਨ ਅਧੀਨ ਆਪਣੇ ਭੌਤਿਕੀ ਫ਼ਰਜ਼ ਨਿਭਾਉਂਦੇ ਹੋਏ ਆਪਣੇ ਸਰੀਰਕ ਕਰਮਾਂ ਰਾਹੀਂ ਆਪਣੇ ਜੀਵਨ-ਕਰਮਾਂ (ਲੇਖਾ) ਨੂੰ ਸਵਾਰਨ ਦਾ ਦੁਰਲਭ ਅਵਸਰ ਪ੍ਰਾਪਤ ਹੁੰਦਾ ਹੈ।[34]

ਕਿਉਂਕਿ ਇਹ ਸਾਰੀ ਸ੍ਰਿਸ਼ਟੀ ਇਕੋ ਤੱਤ ਨਾਮ-ਰੂਪ ਪ੍ਰਭੂ ਤੋਂ ਰਚੀ ਹੋਈ ਹੈ, ਇਸ ਲਈ ਸ੍ਰਿਸ਼ਟੀ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ।[35] ਤਿਨਾਂ ਲੋਕਾਂ ਵਿਚ ਕੇਵਲ ਪ੍ਰਭੂ ਦੀ ਹੀ ਜੋਤ ਹੈ। ਇਹ ਜਗਤ ਪਰਮਾਤਮਾ ਦਾ ਆਪਣਾ ਘਰ ਮੰਦਿਰ ਅਤੇ ਧਰਮ ਅਸਥਾਨ ਹੈ।[36] ਸ੍ਰਿਸ਼ਟੀ ਸਤਿ ਹੈ, ਕਿਉਂਕਿ ਇਸ ਦਾ ਸਿਰਜਣਹਾਰ ਬ੍ਰਹਮ ਪਰਮਸਤਿ ਹੈ। ਗੁਰੂ ਨਾਨਕ ਵੇਦਾਂਤੀ ਮਤ, ਕਿ ਸ੍ਰਿਸ਼ਟੀ ਮਿਥਿਆਂ ਜਾਂ ਭਰਮ ਹੈ, ਨਾਲ ਸਹਿਮਤ ਨਹੀਂ। ਉਹ ਸ੍ਰਿਸ਼ਟੀ ਨੂੰ ਮਾਇਆਵੀ ਦੀ ਮਾਇਆ ਨਹੀਂ ਮੰਨਦੇ, ਪ੍ਰਭੂ ਦੀ ਮਾਇਆ ਜਾਂ ਲੀਲ੍ਹਾ ਮੰਨਦੇ ਹਨ। ਇਹ ਸੱਚੇ ਪ੍ਰਭੂ ਦੀ ਸੱਚੀ ਕਾਰ ਹੈ ਅਤੇ ਉਹ ਇਸ ਵਿਚ ਆਪ ਵਰਤਦਾ ਹੈ, ਇਸ ਲਈ ਇਹ ਸੱਚ ਹੈ,[37] ਪਰ ਪ੍ਰਭੂ ਵਰਗੀ ਸੱਚੀ ਵੀ ਨਹੀਂ ਕਿਉਂਕਿ ਪ੍ਰਭੂ ਤਾਂ ਅਨਾਦੀ ਅਤੇ ਜੁਗਾਦੀ ਹੈ ਜਦੋਂ ਕਿ ਸ੍ਰਿਸ਼ਟੀ ਦਾ ਆਦਿ ਵੀ ਹੈ ਅਤੇ ਅੰਤ ਵੀ। ਇਹ ਚਲਾਇਮਾਨ ਅਤੇ ਨਾਸ਼ਵਾਨ ਹੈ, ਇਵੇਂ ਇਸ ਸੰਧਰਭ ਵਿਚ ਸਰਬਤ ਸੰਸਾਰ ਝੂਠਾ ਹੈ।[38]

ਇਸ ਜਗਤ ਨੂੰ ਪਰਮਾਤਮਾ ਦੀ ਤਰਾਂ ਸਦੀਵੀ ਸਮਝ ਲੈਣਾ ਅਗਿਆਨ ਹੈ; ਇਹ ਤਾਂ

---

30. ਮਾਰੂ ਸੋਲਹੇ, ਗੁਰੂ ਗ੍ਰੰਥ, ਪੰਨਾ 1020.
31. ਮਲਾਰ ਦੀ ਵਾਰ, ਉਹੀ, ਪੰਨਾ 1288.
32. ਉਹੀ, ਪੰਨਾ 1290.
33. ਮਾਰੂ ਸੋਲਹੇ, ਉਹੀ, ਪੰਨਾ 1027.
34. ਉਹੀ, ਪੰਨਾ 1037 ਅਤੇ ਜਪੁਜੀ, ਉਹੀ, ਪੰਨਾ 7.
35. ਜਪੁਜੀ, ਉਹੀ, ਪੰਨਾ 4.
36. ਉਹੀ, ਪੰਨਾ 7.
37. ਆਸਾ ਦੀ ਵਾਰ, ਉਹੀ, ਪੰਨਾ 463.
38. ਉਹੀ, ਪੰਨਾ 468.

ਖੇਲ-ਤਮਾਸ਼ੇ ਦੀ ਤਰ੍ਹਾਂ ਅਤੇ ਸੁਪਨੇ ਸਮਾਨ ਥੋੜ-ਚਿਰਾ ਹੈ ।[39] ਪਰਮਾਤਮਾ ਜਗਤ ਆਪ ਹੀ ਸਾਜਦਾ, ਆਪ ਹੀ ਚਲਾਉਂਦਾ, ਅਤੇ ਅੰਤ ਆਪ ਹੀ ਉਸ ਦਾ ਵਿਨਾਸ਼ ਕਰਦਾ ਹੈ ।[40] ਜਿਵੇਂ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਦਿਆਂ ਪਰਮਾਤਮਾ ਨੂੰ ਦੇਰ ਨਹੀਂ ਲਗਦੀ, ਉਵੇਂ ਹੀ ਉਸਦਾ ਵਿਨਾਸ਼ ਵੀ ਉਹ ਪਲ-ਛਿਨ ਵਿਚ ਹੀ ਕਰ ਸਕਦਾ ਹੈ ।[41] ਇਸ ਜਗਤ ਵਿਚ ਸਭ ਕੁੱਝ ਚਲਾਇਮਾਨ ਹੈ, ਪਰਮਾਤਮਾ ਬਾਰ ਬਾਰ ਜਗਤ ਦਾ ਨਾਸ਼ ਕਰਕੇ ਬਾਰ ਬਾਰ ਉਸ ਨੂੰ ਉਸਾਰਦਾ ਹੈ ।[42]

ਮਾਝ ਦੀ ਵਾਰ ਵਿਚ ਗੁਰੂ ਨਾਨਕ ਸਪਸ਼ਟ ਕਹਿੰਦੇ ਹਨ ਕਿ ਮੈਂ ਖੋਜਿਆ ਹੈ, ਢੂੰਢਿਆ ਹੈ, ਦੇਖਿਆ ਹੈ, ਇਹ ਸੰਸਾਰ ਧੂਏਂ ਦਾ ਮੰਦਿਰ ਹੈ, ਸਥਿਰ ਰਹਿਣ ਵਾਲਾ ਨਹੀਂ ਹੈ। ਸੰਸਾਰ ਭਰਮ ਹੈ ਕਿਉਂਕਿ ਭਰਮ ਵਿਚ ਪਏ ਜੀਵ ਜੰਮਦੇ-ਮਰਦੇ ਹਨ। ਇਵੇਂ ਗੁਰੂ ਨਾਨਕ ਸ੍ਰਿਸ਼ਟੀ, ਜਗਤ ਅਤੇ ਸੰਸਾਰ ਨੂੰ ਵਖ ਵਖ ਮੰਨਦੇ ਪ੍ਰਤੀਤ ਹੁੰਦੇ ਹਨ। ਸ੍ਰਿਸ਼ਟੀ ਉਹ ਸੰਪੂਰਨ ਰਚਨਾ ਨੂੰ ਕਹਿੰਦੇ ਹਨ, ਜਗਤ ਕੇਵਲ ਧਰਤੀ ਉਪਰ ਮੰਨਦੇ ਹਨ ਅਤੇ ਦੋਹਾਂ ਨੂੰ ਪਰਮਾਤਮਾ ਦੀ ਰਚਨਾ ਮੰਨਦੇ ਹੋਏ ਸਤਿ ਪਰ ਅਸਥਾਈ ਮੰਨਦੇ ਹਨ। ਸੰਸਾਰ ਨੂੰ ਉਹ ਧਰਤੀ ਉਪਰ ਮਨੁੱਖ ਦੀ ਰਚਨਾ ਮੰਨਦੇ ਪ੍ਰਤੀਤ ਹੁੰਦੇ ਹਨ ਅਤੇ ਕੇਵਲ ਉਸ ਨੂੰ ਹੀ ਭਰਮ ਕਹਿੰਦੇ ਹਨ। ਉਹ ਸਪਸ਼ਟ ਰੂਪ ਵਿਚ ਭੌਤਿਕ ਜਗਤ ਨੂੰ ਨਿਮਨ ਸਤਰ ਦੀ ਮਹੱਤਾ ਦੇਂਦੇ ਹਨ ਕਿਉਂਕਿ ਇਹ ਨਾਸ਼ਵਾਨ ਹੈ। ਜਿਨ੍ਹਾਂ ਚੀਜ਼ਾਂ ਨੂੰ ਮਨੁੱਖ ਆਪਣੇ ਸੁਖ ਲਈ ਕੀਮਤੀ ਸਮਝਦਾ ਹੈ, ਜੇ ਉਹ ਹੀ ਨਾਸ਼ਵਾਨ ਹਨ ਤਾਂ ਸਥਾਈ ਸੁਖ ਕਿਵੇਂ ਦੇ ਸਕਦੀਆਂ ਹਨ ? ਬਿਜਲੀ ਦੀ ਲਿਸ਼ਕ ਵਾਂਗ ਦੁਨੀਆਂ ਦਾ ਚਮਤਕਾਰ ਤਾਂ ਬਹੁਤ ਹੈ, ਪਰ ਇਹ ਵੀ ਜਲਦੀ ਹੀ ਖਤਮ ਹੋ ਜਾਣ ਵਾਲਾ ਹੈ ।[43]

(ਅ) ਮਨੁੱਖ : ਮਨੁੱਖ ਦੇ ਗੁਰੂ ਨਾਨਕ ਬਾਣੀ ਵਿਚ ਦੋ ਭੇਦ ਮੰਨੇ ਗਏ ਹਨ : ਮਨੁੱਖੀ ਦੇਹ ਅਤੇ ਜੀਵਾਤਮਾ। ਮਨੁੱਖੀ ਦੇਹ ਭੌਤਿਕੀ ਹੈ ਅਤੇ ਸ੍ਰਿਸ਼ਟੀ ਨਾਲ ਸੰਬੰਧਿਤ ਹੈ ਜਦ ਕਿ ਆਤਮਾ ਅਧਿਆਤਮਿਕ ਸਰੂਪ ਹੈ ਅਤੇ ਪਰਮਾਤਮਾ ਨਾਲ ਸੰਬੰਧਿਤ ਹੈ। ਇਸ ਲਈ ਆਤਮਾ ਸੰਬੰਧੀ ਵਿਚਾਰ ਅਧਿਆਤਮਿਕ ਵਰਗ ਵਿਚ ਕਰਮ-ਬੱਧ ਕੀਤੇ ਗਏ ਹਨ ਅਤੇ ਮਨੁੱਖੀ ਸਰੀਰ ਸੰਬੰਧੀ ਇਸ ਭਾਗ ਵਿਚ। ਸਰੀਰ ਤੋਂ ਇਲਾਵਾ ਮਨੁੱਖੀ ਭਾਵਨਾਵਾਂ ਅਤੇ ਮਨੁੱਖੀ ਜੀਵਕਾ ਸੰਬੰਧੀ ਵਿਚਾਰ ਵੀ ਭੌਤਿਕੀ ਅਤੇ ਇੰਦ੍ਰਗਤ ਹੋਣ ਕਾਰਣ ਇਸੇ ਭਾਗ ਨਾਲ ਸੰਬੰਧਿਤ ਹਨ। ਇਸ ਲਈ ਮਨੁੱਖ ਸੰਬੰਧੀ ਵਿਚਾਰਾਂ ਨੂੰ ਇਸ ਭਾਗ ਅੰਦਰ ਤਿੰਨ ਵਰਗਾਂ ਵਿਚ ਕਰਮ-ਬੱਧ ਕੀਤਾ ਗਿਆ ਹੈ : ਸਰੀਰ, ਭਾਵਨਾਵਾਂ ਅਤੇ ਅਰਥ।

---

39. ਮਾਰੂ ਸੋਲਹੇ, ਗੁਰੂ ਗ੍ਰੰਥ, ਪੰਨਾ 1023.
40. ਮਲਾਰ ਦੀ ਵਾਰ, ਉਹੀ, ਪੰਨਾ 1288 ਤੇ 1283.
41. ਉਹੀ, ਪੰਨਾ 1280.
42. ਦਖਣੀ ਓਅੰਕਾਰ, ਉਹੀ, ਪੰਨਾ 935.
43. ਮਲਾਰ ਦੀ ਵਾਰ, ਉਹੀ, ਪੰਨਾ 1291.

(1) **ਸਰੀਰ** : ਪਿਤਾ ਦੇ ਵੀਰਜ ਅਤੇ ਮਾਂ ਦੇ ਰਕਤ ਦੇ ਮੇਲ ਤੋਂ ਸਰੀਰ ਬਣਦਾ ਹੈ।[44] ਸਰੀਰ ਪੰਜਾਂ ਤੱਤਾਂ ਦਾ ਬਣਿਆ ਹੈ ਜੋ ਪਰਮਾਤਮਾ ਦੇ ਨਿਰਗੁਣ ਰੂਪ ਤੋਂ ਉਤਪੰਨ ਹੁੰਦੇ ਹਨ। ਸੰਜੋਗ ਦੇ ਨਿਯਮ ਅਨੁਸਾਰ ਮਨੁੱਖ ਇਨ੍ਹਾਂ ਪੰਜਾਂ ਤੱਤਾਂ* ਦੀ ਬਣੀ ਹੋਈ ਦੇਹ ਪ੍ਰਾਪਤ ਕਰਦਾ ਹੈ ਅਤੇ ਕਰਮਾਂ ਦੀ ਕਿਰਤ ਕਰਦਾ ਹੈ।[45] ਸਰੀਰ ਹਵਾ, ਪਾਣੀ ਅਤੇ ਅੱਗ ਆਦਿ ਤੱਤਾਂ ਨਾਲ ਬਣਦਾ ਹੈ ਅਤੇ ਫੇਰ ਉਸ ਅੰਦਰ ਜੀਵਾਤਮਾਂ ਨੂੰ ਪਾਇਆ ਜਾਂਦਾ ਹੈ। ਤੱਤਾਂ ਨੂੰ ਕਾਹਦਾ ਸੁਖ ਦੁਖ ? ਖੁਸ਼ੀ ਗਮੀ ਤਾਂ ਆਤਮਾ ਨੂੰ ਹੈ, ਜੋ ਆਪਣੇ ਕਰਮਾਂ ਅਨੁਸਾਰ ਦੁਖ-ਸੁਖ ਦੀ ਭਾਗੀ ਬਣਦੀ ਹੈ।[46] ਮਨੁੱਖੀ ਦੇਹ ਅਤੇ ਇਸ ਵਿਚਲੀ ਜੀਵਨ-ਤਰੰਗ, ਪ੍ਰਭੂ ਹੀ ਪ੍ਰਦਾਨ ਕਰਦਾ ਹੈ ਅਤੇ ਉਹ ਹੀ ਇਨ੍ਹਾਂ ਦੀ ਪਾਲਣਾ ਕਰਦਾ ਹੈ।[47] ਮਨੁੱਖੀ ਸਰੀਰ ਵਿਚ ਜੀਵਾਤਮਾ ਪ੍ਰਭੂ ਦੀ ਹੀ ਜੋਤਿ ਹੈ ਅਤੇ ਉਸ ਦਾ ਹੀ ਅੰਸ਼ ਹੈ।[48] ਸੋਹਣੀ ਬਨਾਵਟ ਬਣਾ ਕੇ ਪ੍ਰਭੂ ਨੇ ਮਨੁੱਖ ਦੇ ਸਰੀਰ ਨੂੰ ਸਜਾਇਆ ਹੈ ਅਤੇ ਇਸ ਅੰਦਰ ਆਤਮਾ ਪਾਈ ਹੈ। ਸਰੀਰ ਵਿਚ ਗਿਆਨ-ਇੰਦ੍ਰੀਆਂ ਅਤੇ ਕਰਮ ਇੰਦ੍ਰੀਆਂ ਹਨ। ਜੀਵ, ਅੱਖਾਂ ਨਾਲ ਵੇਖਦਾ ਤੇ ਕੰਨਾਂ ਰਾਹੀਂ ਸੁਣ ਕੇ ਧਿਆਨ ਜੋੜਦਾ ਹੈ। ਪੈਰਾਂ ਨਾਲ ਚਲਦਾ, ਹੱਥਾਂ ਨਾਲ ਕਰਮ ਕਰਦਾ ਹੈ। ਪ੍ਰਭੂ ਦਾ ਦਿੱਤਾ ਖਾਂਦਾ, ਪਹਿਨਦਾ ਹੈ।[49] ਮਨੁੱਖੀ ਜਾਮਾ ਜਾਂ ਜੂਨ, ਆਵਾਗੌਣ ਦੇ ਚਕਰ ਵਿਚ, ਲਖਾਂ ਜੂਨਾਂ ਵਿੱਚੋਂ ਦੁਰਲਭ ਹੈ ਅਤੇ ਇਹ ਕੇਵਲ ਪਿਛਲੇ ਜਨਮਾਂ ਦੇ ਨੇਕ ਕਰਮਾਂ ਦੇ ਲੇਖੇ, ਹਿਸਾਬ ਨਾਲ ਲਿਖੇ ਸ਼ੁਭ ਭਾਗਾਂ ਸਿਰ ਹੀ ਪ੍ਰਾਪਤ ਹੁੰਦਾ ਹੈ।[50]

ਸਰੀਰ ਪਰਮਾਤਮਾ ਦੀ ਦਾਤ ਹੈ, ਇਸ ਲਈ ਇਸ ਨੂੰ ਵਿਅਰਥ ਨਹੀਂ ਸਮਝਣਾ ਚਾਹੀਦਾ। ਸਰੀਰ ਅਤੇ ਹਿਰਦਾ ਦੋਵੇਂ ਹੀ ਸਚੇ ਹਨ। ਇਸ ਦੇਹ-ਰੂਪੀ ਨਗਰੀ ਦੇ ਨੌਂ ਦਰਵਾਜ਼ੇ, (ਮੂੰਹ, ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਗੁਦਾ ਤੇ ਮੂਤਰ-ਮਾਰਗ) ਸਰੀਰਕ ਕਾਰ ਵਿਹਾਰ ਲਈ ਹਨ ਅਤੇ ਦਸਵੇਂ ਦੁਆਰ ਭਾਵ ਅੰਤਹਕਰਣ ਵਿਚ ਪ੍ਰਭੂ ਆਪ ਵਸਦਾ ਹੈ।[51] ਸਰੀਰ ਨੂੰ ਸਾਫ਼ ਸੁਥਰਾ ਰਖਣਾ ਚਾਹੀਦਾ ਹੈ—ਜੋ ਇਸ਼ਨਾਨ ਨਹੀਂ ਕਰਦੇ ਉਹ ਘੋਰ ਨਿੰਦਾ ਦੇ ਪਾਤਰ ਹਨ।[52] ਪਰ ਸਰੀਰ ਦੀ ਸਫ਼ਾਈ ਬਾਰੇ ਬੇਲੋੜੇ ਭਰਮ ਕਰਨੇ

---

44. ਮਾਰੂ ਸੋਲਹੇ, ਗੁਰੂ ਗ੍ਰੰਥ, ਪੰਨਾ 1022.
45. ਉਹੀ, ਪੰਨਾ 1034.
   *ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਇਹ 'ਪੰਚ-ਤੱਤ' ਹਨ : ਪ੍ਰਿਥਵੀ, ਜਲ, ਪਵਨ, ਅਗਨਿ ਅਤੇ ਆਕਾਸ਼। ਪੰਨਾ 6 ਦਾ ਫੁਟ ਨੋਟ 2 ਵੇਖਣ ਯੋਗ ਹੈ।
46. ਮਲਾਰ ਦੀ ਵਾਰ, ਗੁਰੂ ਗ੍ਰੰਥ, ਪੰਨਾ 1283.
47. ਆਸਾ ਦੀ ਵਾਰ, ਉਹੀ, ਪੰਨਾ 465.
48. ਉਹੀ, ਪੰਨਾ 469.
49. ਮਾਝ ਦੀ ਵਾਰ, ਉਹੀ, ਪੰਨਾ 138.
50. ਜਪੁਜੀ, ਉਹੀ, ਪੰਨਾ 2.
51. ਮਾਰੂ ਸੋਲਹੇ, ਉਹੀ, ਪੰਨਾ 1039.
52. ਮਾਝ ਦੀ ਵਾਰ, ਉਹੀ, ਪੰਨਾ 150.

ਵੀ ਯੋਗ ਨਹੀਂ ਹਨ। ਅਸਲੀ ਸਾਫ਼ ਸੁਥਰੇ ਉਹ ਹਨ ਜਿਨ੍ਹਾਂ ਦੇ ਮਨ ਵੀ ਸਾਫ਼ ਸੁਥਰੇ ਹਨ।[53] ਸਰੀਰ ਨੂੰ ਗੰਦਾ ਰਖੋ ਜਾਂ ਧੋਵੋ ਤੇ ਚਾਹੇ ਨਿਤ ਕਪੜੇ ਧੋ ਧੋ ਕੇ ਪਾਵੋ ਕੇਵਲ ਇਸ ਨਾਲ ਹੀ ਛੁਟਕਾਰਾ ਪ੍ਰਾਪਤ ਨਹੀਂ ਹੁੰਦਾ; (ਮਨ) ਅੰਦਰੋਂ ਮੈਲ ਧੋਣ, ਅਰਥਾਤ ਹਉਮੈ ਦੂਰ ਕੀਤਿਆਂ ਹੀ ਸਦੀਵੀ ਸੁੱਖ ਪ੍ਰਾਪਤ ਹੁੰਦਾ ਹੈ।[54]

ਸਵਸਥ ਸਰੀਰ ਲਈ ਗੁਰੂ ਨਾਨਕ ਸੰਜਮ ਵਾਲਾ ਖਾਣ-ਪੀਣ ਅਤੇ ਲੋੜ ਅਨੁਸਾਰ ਆਰਾਮ ਦਾ ਉਪਦੇਸ਼ ਦੇਂਦੇ ਹਨ।[55] ਖੁਰਾਕ ਬਾਰੇ ਵਹਿਮਾਂ ਦੀ ਨਿੰਦਾ ਦੇ ਸੰਬੰਧੀ, ਗੁਰੂ ਨਾਨਕ ਮਾਸ ਖਾਣ ਬਾਰੇ ਪੰਡਿਤਾਂ ਦੇ ਵਹਿਮਾਂ ਭਰਮਾਂ ਨੂੰ ਅਗਿਆਨ ਦਸਦੇ ਹਨ। ਉਨ੍ਹਾਂ ਅਨੁਸਾਰ ਯੁਗਾਂ-ਯੁਗਾਂਤਰਾਂ ਤੋਂ ਹਿੰਦੂ-ਮੁਸਲਮਾਨੀ ਉਤਸਵਾਂ ਉੱਤੇ ਵਰਤੇ ਜਾਣ ਵਾਲੇ ਮਾਸ ਤੋਂ ਨੱਕ ਚੜ੍ਹਾਉਣ ਵਾਲੇ, ਲੋਕਾਂ ਦਾ ਖ਼ੂਨ ਨਿਸੰਗ ਪੀ ਜਾਂਦੇ ਹਨ। ਮਾਸ ਤੋਂ ਉਪਜੇ, ਮਾਸ ਤੋਂ ਫ਼ਲਦੇ ਫ਼ੁਲਦੇ ਪਖੰਡੀ ਮਨੁੱਖ ਮਾਸ ਤੋਂ ਪਰਹੇਜ਼ ਕਰਦੇ ਹਨ, ਪਰ ਹਰਾਮ ਖਾਣੋ ਸੰਗਦੇ ਨਹੀਂ।[56] ਜੇ ਮਾਸ ਖਾਣ ਵਾਲੇ ਮਨੁੱਖ ਨਰਕ ਜਾਂਦੇ ਹੋਣ ਤਾਂ ਉਨ੍ਹਾਂ ਤੋਂ ਦਾਨ-ਪੁੰਨ ਲੈਣ ਵਾਲੇ ਪੰਡਿਤ ਆਦਿਕ ਸਵਰਗ ਕਿਵੇਂ ਜਾ ਸਕਦੇ ਹਨ? ਮਾਸ ਵੀ ਉਨ੍ਹਾਂ ਤੱਤਾਂ ਤੋਂ ਉਪਜਦਾ ਹੈ ਜਿਨ੍ਹਾਂ ਤੋਂ ਅੰਨ, ਕਮਾਦ, ਸਾਗ, ਆਦਿਕ* ਤਾਂ ਫੇਰ ਤੇ ਤਿਆਗੀ ਨੂੰ ਇਹ ਸਾਰੇ ਹੀ ਰਸ ਛੱਡਣੇ ਚਾਹੀਦੇ ਹਨ।[57] ਰਿਜ਼ਕ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਦੇ ਵੱਸ ਵਿਚ ਨਹੀਂ; ਸਾਰਿਆਂ ਲਈ ਪਰਮਾਤਮਾ ਹੀ ਇਕੋ ਇਕ ਸੱਚੀ ਆਸ ਹੈ।[58] ਨਾਮ-ਹੀਣ ਦਾ ਖਾਣ ਪੀਣ ਸਭ ਹਰਾਮ ਹੈ; ਐਸੇ ਖਾਣ ਪੀਣ ਦਾ ਕੋਈ ਲਾਭ ਨਹੀਂ। ਨਾਮ-ਸਿਮਰਨ ਬਿਨ ਖਾਧਾ ਤੇ ਪਹਿਨਿਆਂ ਸਭ ਜ਼ਹਿਰ ਸਮਾਨ ਹੈ। ਐਸਾ ਖਾਧਾ-ਪਹਿਨਿਆ ਤ੍ਰਿਸ਼ਨਾ ਹੀ ਤ੍ਰਿਸ਼ਨਾ ਹੈ।[59]

ਸਰੀਰਕ ਇੰਦ੍ਰੀਆਂ ਦੀਆਂ ਤ੍ਰਿਸ਼ਨਾਵਾਂ ਅਤੇ ਅਮਲਾਂ ਉਪਰ ਜੇਕਰ ਨਿਯੰਤ੍ਰਣ ਨਾ ਕੀਤਾ ਜਾਵੇ ਤਾਂ ਮਨੁੱਖ ਜ਼ਲੀਲ ਹੁੰਦਾ ਹੈ।[60] ਪਰ ਹੋਰਨਾਂ ਕਰਮ-ਕਾਂਡੀ ਮਤਾਂ ਦੇ ਭਰਮਾਂ ਪਿਛੇ ਲਗ ਕੇ, ਪ੍ਰਭੂ-ਮਿਹਰ ਦੀ ਪ੍ਰਾਪਤੀ ਹਿਤ, ਇੰਦ੍ਰੀਆਂ ਦੇ ਸੰਜਮ ਦੇ ਨਾਮ ਹੇਠ ਸਰੀਰ ਨੂੰ ਤਸੀਹੇ ਦੇਣੇ ਵੀ ਯੋਗ ਨਹੀਂ ਹਨ, ਬਲਕਿ ਬੇਲੋੜਾ ਦੁਖ ਭੋਗਣਾ ਹੀ ਹੈ।[61] ਭੁੱਖਿਆਂ, ਨੰਗਿਆਂ, ਜਾਗਦਿਆਂ, ਮੋਨ ਜਾਂ ਨੰਗੇ ਪੈਰ ਰਹਿਣਾ, ਗੰਦ-ਮੰਦ ਖਾਣਾ ਅਤੇ ਜੰਗਲਾਂ, ਮੜ੍ਹੀਆਂ ਆਦਿਕ

---

53. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 472.
54. ਮਾਝ ਦੀ ਵਾਰ, ਉਹੀ, ਪੰਨਾ 139.
55. ਸਿਧ ਗੋਸਟਿ, ਉਹੀ, ਪੰਨਾ 939.
56. ਮਲਾਰ ਦੀ ਵਾਰ, ਉਹੀ, ਪੰਨਾ 1289.
57. ਉਹੀ, ਪੰਨਾ 1290. *ਇਹ ਵਿਚਾਰ ਵੀ ਕਿਨਾ ਵਿਗਿਆਨ ਅਨੁਕੂਲ ਹੈ!
58. ਮਾਝ ਦੀ ਵਾਰ, ਉਹੀ, ਪੰਨਾ 144.
59. ਉਹੀ, ਪੰਨਾ 146.
60. ਆਸਾ ਦੀ ਵਾਰ, ਉਹੀ, ਪੰਨਾ 471.
61. ਉਹੀ, ਪੰਨਾ 467.

ਵਿਚ ਰਹਿਣਾ ਸਿਵਾਏ ਸਰੀਰ ਨੂੰ ਕਸ਼ਟ ਦੇਣ ਜਾਂ ਖ਼ੁਆਰ ਕਰਨ ਦੇ, ਹੋਰ ਕੋਈ ਲਾਭ ਨਹੀਂ ਦੇਂਦੇ। ਖਾਣਾ ਪੀਣਾ ਤਾਂ ਪ੍ਰਭੂ ਦੀ ਪਵਿੱਤਰ ਦਾਤ ਹੈ, ਇਸ ਦੀ ਸੰਜਮ-ਮਈ ਵਰਤੋਂ ਕਰਨ ਵਾਲੇ ਹੀ ਮੁਕਤੀ ਪ੍ਰਾਪਤ ਕਰ ਸਕਦੇ ਹਨ।[62]

ਮਾਝ ਦੀ ਵਾਰ ਵਿਚ ਮਨੁੱਖੀ ਜੀਵਨ ਦੇ ਦਸ ਭਾਗ ਦੱਸੇ ਗਏ ਹਨ। ਦਸਾਂ ਸਾਲਾਂ ਦੀ ਉਮਰ ਤਕ ਮਨੁੱਖ ਬਾਲਪਣ ਵਿਚ ਹੁੰਦਾ ਹੈ। ਵੀਹਾਂ ਸਾਲਾਂ ਦਾ ਜਵਾਨੀ ਵਿਚ ਅੱਪੜਦਾ ਹੈ। ਤੀਹਾਂ ਦਾ ਸੁੰਦਰ ਅਖਵਾਉਂਦਾ ਹੈ। ਚਾਲੀ ਸਾਲਾਂ ਦਾ ਭਰ ਜੁਆਨ ਹੁੰਦਾ ਹੈ, ਪੰਜਾਹ ਉਤੇ ਉਸ ਦਾ ਪੈਰ ਖਿੜਕਣ ਲਗ ਜਾਂਦਾ ਹੈ। ਸੱਠਾਂ ਸਾਲਾਂ ਉੱਤੇ ਬੁਢੇਪਾ ਆ ਜਾਂਦਾ ਹੈ। ਸੱਤਰਾਂ ਉੱਤੇ ਬੁੱਧੀ ਕੰਮ ਨਹੀਂ ਕਰਦੀ। ਅੱਸੀਆਂ ਦਾ ਉਹ ਕਿਸੇ ਕੰਮ-ਕਾਰ ਜੋਗਾ ਨਹੀਂ ਰਹਿੰਦਾ। ਨੱਵੇ ਸਾਲਾਂ ਦੇ ਮਨੁੱਖ ਦਾ ਆਸਣ ਮੰਜੇ ਉੱਤੇ ਹੀ ਰਹਿੰਦਾ ਹੈ ਅਤੇ ਦਸਵੇਂ ਭਾਗ ਵਿਚ ਮਨੁੱਖੀ ਦੇਹ ਦਾ ਅੰਤ ਆ ਜਾਂਦਾ ਹੈ।[63]

ਸਰੀਰ ਨਿੱਤ ਨਹੀਂ ਨਾਸ਼ਵਾਨ ਹੈ।[64] ਉਮਰ ਬੀਤਣ ਨਾਲ ਬੁਢਾਪਾ ਆਉਂਦਾ ਹੈ ਜੋ ਬਣਾਵਟੀ ਸਾਧਨਾ ਨਾਲ ਰੋਕਿਆ ਤੇ ਲੁਕਾਇਆ ਨਹੀਂ ਜਾ ਸਕਦਾ।[65] ਸਮੇਂ ਦੇ ਬੀਤਣ ਨਾਲ ਉਮਰ ਘਟਦੀ ਜਾਂਦੀ ਹੈ, ਕਾਇਆ ਟੁੱਟਦੀ ਹੈ ਅਤੇ ਪਰਾਲੀ ਦੀ ਤਰ੍ਹਾਂ ਨਿਕੰਮੀ ਹੋ ਜਾਂਦੀ ਹੈ।[66] ਆਪੋ ਆਪਣੀ ਵਾਰੀ ਸਭ ਤੁਰ ਜਾਂਦੇ ਹਨ। ਜਵਾਨੀ ਮੁੱਕ ਜਾਂਦੀ ਹੈ, ਬੁਢੇਪਾ ਆ ਜਾਂਦਾ ਹੈ। ਸਰੀਰ ਟੁੱਟ ਜਾਂਦਾ ਹੈ, ਪਾਣੀ ਦੇ ਜਾਲੇ ਵਾਂਗ ਢਿੱਲਾ ਪੈ ਜਾਂਦਾ ਹੈ। ਜਦੋਂ ਸਰੀਰ ਟੁੱਟਦਾ ਹੈ ਤਾਂ ਸਰੀਰਕ ਅੰਗਾਂ ਦੀ ਪੋਲ ਖੁੱਲ੍ਹ ਜਾਂਦੀ ਹੈ।[67] ਜਦੋਂ ਜੀਵਾਤਮਾ ਸਰੀਰ ਨੂੰ ਛੱਡ ਕੇ ਚਲਿਆ ਜਾਂਦਾ ਹੈ, ਸਰੀਰ ਮਿੱਟੀ ਵਿਚ ਰੁਲ ਜਾਂਦਾ ਹੈ। ਮੋਏ ਹੋਏ ਨੂੰ ਪਿਛੇ ਰਹੇ ਲੋਕ ਰੋਂਦੇ ਹਨ, ਪਰ ਅੰਤ ਉਨ੍ਹਾਂ ਦੇ ਤੁਰਨ ਦੀ ਵੀ ਵਾਰੀ ਆ ਜਾਂਦੀ ਹੈ। ਜੋ ਮਨੁੱਖ ਪ੍ਰਭੂ ਵਿਚ ਧਿਆਨ ਨਹੀਂ ਜੋੜਦੇ ਉਹ ਵੀ ਮੁਰਦੇ ਸਮਾਨ ਹੀ ਹੁੰਦੇ ਹਨ।[68] ਸਰੀਰ ਨੇ ਅੰਤ ਨਸ਼ਟ ਜ਼ਰੂਰ ਹੋਣਾ ਹੈ ਅਤੇ ਜੀਵਾਤਮਾ ਨੇ ਆਪਣੀ ਵਾਰੀ ਆਉਣ ਉੱਤੇ ਜਾਣਾ ਜ਼ਰੂਰ ਹੁੰਦਾ ਹੈ।[69] ਜਨਮ ਮਰਨ ਪ੍ਰਭੂ ਦੇ ਹੁਕਮ ਦੇ ਦੈਵੀ ਵਿਧਾਨ ਅਧੀਨ ਹੈ ਅਤੇ ਜੀਵਾਤਮਾ ਉਸੇ ਅਨੁਸਾਰ ਪ੍ਰਭੂ ਦੀ ਰਜ਼ਾ ਅਨੁਸਾਰ ਜਨਮਾਂ ਵਿਚ ਆਉਂਦੀ ਜਾਂਦੀ ਹੈ।[70] ਸਭ ਕੁਝ ਪ੍ਰਦਾਨ ਕਰਨ ਵਾਲਾ ਰਚਣਹਾਰ ਪ੍ਰਭੂ, ਆਪ ਸਰਬ-ਗਿਆਤਾ ਹੈ। ਉਹ ਆਪ

62. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 467.
63. ਮਾਝ ਦੀ ਵਾਰ, ਉਹੀ, ਪੰਨਾ 138.
64. ਮਾਰੂ ਸੋਲਹੇ, ਉਹੀ, ਪੰਨਾ 1021.
65. ਆਸਾ ਦੀ ਵਾਰ, ਉਹੀ, ਪੰਨਾ 465.
66. ਮਲਾਰ ਦੀ ਵਾਰ, ਉਹੀ, ਪੰਨਾ 1287.
67. ਦਖਣੀ ਓਅੰਕਾਰ, ਉਹੀ, ਪੰਨਾ 932.
68. ਮਲਾਰ ਦੀ ਵਾਰ, ਉਹੀ, ਪੰਨਾ 1287.
69. ਆਸਾ ਦੀ ਵਾਰ, ਉਹੀ, ਪੰਨਾ 474.
70. ਉਹੀ, ਪੰਨਾ 472.

ਹੀ ਜੀਵਨ ਦੇਂਦਾ ਹੈ ਅਤੇ ਆਪ ਹੀ ਲੈ ਲੈਂਦਾ ਹੈ।[71] ਇਹੋ ਆਵਾਗੌਣ ਦਾ ਚੱਕਰ ਹੈ।

(2) ਭਾਵਨਾਵਾਂ : ਮਨ, ਮਨੁੱਖੀ ਦਿਮਾਗ ਵਿਚ ਕੇਂਦ੍ਰਿਤ ਸਮੁੱਚੀ ਚੇਤਨਾ ਦੇ ਸਮੂਹ, ਅੰਤਹਕਰਣ ਦਾ ਇਕ ਮਹੱਤਵਪੂਰਣ ਅੰਗ ਹੈ ਅਤੇ ਸਾਰੀਆਂ ਮਨੁੱਖੀ ਭਾਵਨਾਵਾਂ ਦਾ ਕੇਂਦਰ ਹੈ। ਸਰੀਰ ਮਨ ਦਾ ਨਿਵਾਸ ਹੈ ਅਤੇ ਉਸ ਦੀ ਚੰਗੀ-ਮੰਦੀ ਅਵਸਥਾ ਅਨੁਸਾਰ ਕਾਰਜ ਚਲਾਉਂਦਾ ਹੈ।[72] ਸਰੀਰ ਮਾਨੋ ਰੁੱਖ ਹੈ ਤੇ ਮਨ ਉਸ ਉਪਰ ਰਹਿਣ ਵਾਲਾ ਪੰਛੀ ਹੈ। ਪੰਜ ਗਿਆਨ ਇੰਦ੍ਰੀਆਂ ਵੀ ਇਸ ਰੁੱਖ ਉੱਤੇ ਹੋਰ ਪੰਛੀ ਹਨ। ਜੇਕਰ ਇਹ ਪ੍ਰਭੂ ਆਸਰੇ ਸ਼ੁਭ ਗੁਣਾਂ ਦਾ ਭੋਗ ਕਰਦੇ ਹਨ ਤਾਂ ਇਨ੍ਹਾਂ ਨੂੰ ਕੋਈ ਦੁਖ ਫ਼ਿਕਰ ਨਹੀਂ। ਪਰ ਜੇਕਰ ਇਹ ਸੰਸਾਰਿਕ ਲੋਭ, ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅੰਨ੍ਹਾਂ ਭਟਕਦੇ ਹਨ ਤਾਂ ਜ਼ਰੂਰ ਹੀ ਕਿਸੇ ਜਾਲ ਵਿਚ ਫ਼ਸ ਕੇ ਠੇਸ ਖਾਂਦੇ ਹਨ ਅਤੇ ਆਪਣੇ ਔਗਣਾਂ ਹਥੋਂ ਮੁਸੀਬਤਾਂ ਝੇਲਦੇ ਹਨ।[73] ਗੁਰੂ ਨਾਨਕ ਅਨੁਸਾਰ ਪ੍ਰਭੂ-ਧਿਆਨ ਬਿਨਾਂ ਮਨ ਸੰਭਲਦਾ ਨਹੀਂ ਅਤੇ ਤ੍ਰਿਸ਼ਨਾਵਾਂ ਸ਼ਾਂਤ ਨਹੀਂ ਹੁੰਦੀਆਂ।[74] ਇਹ ਆਸ਼ਾਵਾਂ, ਮਨਸਾਵਾਂ, ਸ਼ਬਦ ਦੁਆਰਾ ਨਸ਼ਟ ਕੀਤੀਆਂ ਜਾ ਸਕਦੀਆਂ ਹਨ।[75] ਮਾਨਸਿਕ ਵਿਕਾਰਾਂ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ—ਦੇ ਗੁਲਾਮ ਮਨੁੱਖਾਂ ਦੀ ਨੀਚਤਾ, ਆਸਾ ਦੀ ਵਾਰ ਵਿਚ, ਦੁਰਾਚਾਰੀ ਸ਼ਾਸਨ ਨਾਲ ਤੁਲਨਾਈ ਗਈ ਹੈ।[76] ਇਨ੍ਹਾਂ ਵਿਕਾਰਾਂ ਨੂੰ ਗੁਰੂ ਨਾਨਕ ਨੇ ਸੂਤਕ ਦਾ ਦਰਜਾ ਦਿੱਤਾ ਹੈ, ਜਿਸ ਨਾਲ, ਅਸਲ ਵਿਚ, ਮਨੁੱਖ ਭਿੱਟਿਆ ਜਾਂਦਾ ਹੈ ਅਤੇ ਨਰਕ ਦਾ ਭਾਗੀ ਬਣਦਾ ਹੈ।[77] ਵਿਸ਼ੈ-ਵਿਕਾਰਾਂ ਦੀ ਅੱਗ ਦਾ ਭਾਂਬੜ ਦਿਨ-ਰਾਤ ਬਲਦਾ ਹੈ ਅਤੇ ਜੀਵ ਇਸ ਭਾਂਬੜ ਵਿਚ ਫ਼ਸਿਆ ਚੋਗ ਚੁਗਦਾ ਰਹਿੰਦਾ ਹੈ।[78] ਪਰ ਇਸ ਮਾਨਸਿਕ ਅਗਨੀ ਨੂੰ ਸਰੀਰਕ ਕਸ਼ਟਾਂ ਨਾਲ ਧੀਰਜ ਨਹੀਂ ਬੱਝਦਾ, ਇਵੇਂ ਸਗੋਂ ਤ੍ਰਿਸ਼ਨਾ ਹੀ ਵਧਦੀ ਹੈ।[79] ਉਹ ਗਿਆਨਵਾਨ ਮਨੁੱਖ ਵੀ ਮੂਰਖ ਹੈ, ਜਿਸ ਦੇ ਅੰਦਰ ਚਸਕਾ, ਲੋਭ ਅਤੇ ਅਹੰਕਾਰ ਹਨ।[80] ਸਰੀਰ ਦੀ ਤ੍ਰਿਸ਼ਨਾ ਦੀ ਅੱਗ ਕੇਵਲ ਗੁਰੂ ਸ਼ਬਦ ਦੁਆਰਾ ਹੀ ਬੁਝ ਸਕਦੀ ਹੈ।[81]

ਮਾਰੂ ਸੋਲਹੇ ਵਿਚ ਕਾਮ, ਕ੍ਰੋਧ, ਆਦਿਕ ਨੂੰ ਚੋਰ ਕਿਹਾ ਗਿਆ ਹੈ, ਜੋ ਚਿੱਤ ਨੂੰ

---

71. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 463.
72. ਸਿਧ ਗੋਸਟਿ, ਉਹੀ, ਪੰਨਾ 942.
73. ਦਖਣੀ ਓਅੰਕਾਰ, ਉਹੀ, ਪੰਨਾ 934.
74. ਸਿਧ ਗੋਸਟਿ, ਉਹੀ, ਪੰਨਾ 939.
75. ਉਹੀ, ਪੰਨਾ 940.
76. ਆਸਾ ਦੀ ਵਾਰ, ਉਹੀ, ਪੰਨੇ 468-69.
77. ਉਹੀ, ਪੰਨਾ 472.
78. ਮਲਾਰ ਦੀ ਵਾਰ, ਉਹੀ, ਪੰਨਾ 1290.
79. ਉਹੀ, ਪੰਨਾ 1285.
80. ਮਾਝ ਦੀ ਵਾਰ, ਉਹੀ, ਪੰਨਾ 140.
81. ਉਹੀ, ਪੰਨਾ 147.

ਡੁਲਾਉਂਦੇ ਹਨ । ਇਹ ਪਰਾਏ ਘਰ ਨੂੰ ਤੱਕਦੇ ਹਨ ਅਤੇ ਨਿੱਜ ਘਰ ਨੂੰ ਨਹੀਂ ਲਭਦੇ ।[82] ਇਨ੍ਹਾਂ ਨੂੰ ਅੱਗ ਦੀਆਂ ਭਿਆਨਕ ਨਦੀਆਂ ਵੀ ਕਿਹਾ ਗਿਆ ਹੈ ।[83] ਦਖਣੀ ਓਅੰਕਾਰ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਨੂੰ ਪਾਪ ਕਿਹਾ ਹੈ । ਸਪਸ਼ਟ ਹੈ ਕਿ ਜਿਸ ਤਰ੍ਹਾਂ ਸੋਨੇ ਵਿਚੋਂ ਖੋਟ ਕੱਢਣ ਲਈ, ਉਸ ਵਿਚ ਖਾਰ ਪਾ ਕੇ ਉਸ ਨੂੰ ਗਾਲਿਆ ਜਾਂਦਾ ਹੈ, ਉਸੇ ਤਰ੍ਹਾਂ ਸਰੀਰ ਵਿਚੋਂ ਇਹ ਵਿਕਾਰ ਕੱਢਣ ਲਈ ਸਰੀਰ ਨੂੰ ਗੁਰਮਤਿ ਦੁਆਰਾ ਨਿਰਮਲ ਕਰਕੇ ਸੋਧਣਾ ਪੈਂਦਾ ਹੈ ।[84] ਕਾਮ, ਕ੍ਰੋਧ ਬੁਰਾ ਹੈ, ਇਸ ਦੀ ਚੋਲੀ ਕੱਚੀ ਹੈ । ਜਿਹੜੀ ਇਸਤ੍ਰੀ (ਭਾਵ ਜੀਵ) ਇਹ ਚੋਲੀ ਪਾਉਂਦੀ ਹੈ, ਛੇਤੀ ਬਰਬਾਦ ਹੋ ਜਾਂਦੀ ਹੈ । ਕਾਮਾਦਿਕ ਮਨੁੱਖ ਦੇ ਅੰਦਰ ਅਸ਼ਾਂਤੀ ਉਤਪੰਨ ਕਰਨ ਵਾਲੇ ਭਿਆਨਕ ਤੇ ਡਰਾਉਣੇ ਵੈਰੀ ਹਨ । ਇਹ ਭੂਤਨੇ ਝਗੜਾ ਅਤੇ ਖਿੱਚਾ-ਖਿੱਚੀ ਮਚਾਉਂਦੇ ਹਨ । ਕਾਮਾਦਿਕ ਦੂਤਾਂ ਦੀ ਸੰਗਤ ਵਿਚ ਮਿਲ ਕੇ ਮਨ ਡੋਲਦਾ ਰਹਿੰਦਾ ਹੈ ਅਤੇ ਮਨੁੱਖ ਨੂੰ ਬੁਰੇ ਕਰਮਾਂ ਦਾ ਫ਼ਲ ਭੁਗਤਣਾ ਪੈਂਦਾ ਹੈ, ਇਸ ਲਈ ਇਨ੍ਹਾਂ ਨੂੰ ਤਜਣਾ ਚਾਹੀਦਾ ਹੈ ।[86] ਕਾਮ ਦਾ ਰੂਪ ਨਾਲ ਅਤੇ ਭੁੱਖ ਦਾ ਸੁਆਦ ਨਾਲ ਸੰਬੰਧ ਹੈ । ਲੋਭੀ ਜਾਂ ਲਾਲਚੀ ਧਨ ਪਿਛੇ ਦੌੜਦਾ ਹੈ । ਇਨ੍ਹਾਂ ਤ੍ਰਿਸ਼ਨਾਵਾਂ ਵਿਚ ਫ਼ਸ ਕੇ ਜੀਵ ਦਾ ਵਿਨਾਸ਼ ਹੁੰਦਾ ਹੈ ਅਤੇ ਉਹ ਸਦਾ ਹੀ ਪਛਤਾਉਂਦਾ ਹੈ ।[87] ਕ੍ਰੋਧ ਮਨੁੱਖ ਨੂੰ ਅੰਨ੍ਹਾ ਕਰ ਦੇਂਦਾ ਹੈ ਅਤੇ ਦੁੱਖਾਂ ਵਿਚ ਫ਼ਸਾਉਂਦਾ ਹੈ । ਨਾਮ-ਹੀਣਤਾ ਕਾਰਨ ਮਨੁੱਖ ਦੇ ਮੂੰਹ ਵਿਚੋਂ ਬਕਵਾਸ ਦੀ ਬਦਬੂ ਨਿਕਲਦੀ ਹੈ ।[88] ਗੁਰਮੁਖ ਗੁਰੂ ਦੀ ਸਿੱਖਿਆ ਲੈ ਕੇ ਸ਼ਬਦ ਦੀ ਕਮਾਈ ਦੁਆਰਾ ਕਾਮ, ਕ੍ਰੋਧ ਆਦਿ ਨੂੰ ਮਾਰ ਲੈਂਦਾ ।[89]

ਕਾਮ-ਕ੍ਰੋਧ ਦੀ ਤਰ੍ਹਾਂ ਲੋਭ ਮੋਹ ਵੀ ਬੁਰੇ ਹਨ ਅਤੇ ਮਨਸਾ ਦਾ ਚੰਦਰਾ ਰੋਗ ਉਨ੍ਹਾਂ ਨਾਲ ਵੀ ਚੰਬੜਿਆ ਹੋਇਆ ਹੈ । ਮੋਹ ਹਰ ਤਰ੍ਹਾਂ ਬੁਰਾ ਹੈ, ਚਾਹੇ ਉਹ ਧਨ ਨਾਲ ਹੋਵੇ, ਚਾਹੇ ਪਰਿਵਾਰ ਨਾਲ । ਜੋ ਮੋਹ ਕਾਰਨ ਖੁਆਰ ਹੁੰਦੇ ਹਨ ਉਹ ਫ਼ਿਟਕਾਰ-ਯੋਗ ਹਨ ।[90] ਪਦਾਰਥਾਂ ਦੇ ਮੋਹ-ਪਸਾਰੇ ਸੰਗੀ-ਸਾਥੀ ਨਹੀਂ ਬਣਦੇ, ਇਸ ਲਈ ਇਨ੍ਹਾਂ ਨੂੰ ਤਿਆਗਣਾ ਹੀ ਚਾਹੀਦਾ ਹੈ । ਹੋਰਨਾਂ ਕਰਮਾਂ ਰਾਹੀਂ ਮੋਹ ਦੂਰ ਨਹੀਂ ਹੁੰਦਾ, ਇਸ ਨੂੰ ਤਾਂ ਗੁਰੂ ਦਾ ਗਿਆਨ ਹੀ ਦੂਰ ਕਰ ਸਕਦਾ ਹੈ ।[91] ਪੁਤਰ, ਇਸਤ੍ਰੀ ਅਤੇ ਕੁਟੰਬ ਦੇ ਮੋਹ ਤੋਂ ਉੱਚੇ ਰਹਿਣ ਵਾਲੇ

82. ਮਾਰੂ ਸੋਲਹੇ, ਗੁਰੂ ਗ੍ਰੰਥ, ਪੰਨਾ 1021.
83. ਉਹੀ, ਪੰਨਾ, 1031; ਮਾਝ ਦੀ ਵਾਰ, ਉਹੀ, ਪੰਨਾ 147.
84. ਦਖਣੀ ਓਅੰਕਾਰ, ਉਹੀ, ਪੰਨਾ 932.
85. ਮਾਰੂ ਸੋਲਹੇ, ਉਹੀ, ਪੰਨਾ 1022
86. ਉਹੀ, ਪੰਨਾ 1026.
87. ਦਖਣੀ ਓਅੰਕਾਰ, ਉਹੀ, ਪੰਨਾ 931.
88. ਮਲਾਰ ਦੀ ਵਾਰ, ਉਹੀ, ਪੰਨਾ 1288.
89. ਉਹੀ, ਪੰਨਾ 1280.
90. ਮਾਰੂ ਸੋਲਹੇ, ਉਹੀ, ਪੰਨਾ 1027.
91. ਮਾਝ ਦੀ ਵਾਰ, ਉਹੀ, ਪੰਨਾ 138.

ਮਨੁੱਖ ਹੀ ਪਰਮਾਤਮਾ ਦੇ ਲੜ ਲਗਦੇ ਹਨ।[92] ਕਾਮ, ਕ੍ਰੋਧ ਅਤੇ ਅਹੰਕਾਰ ਆਦਿਕ ਮਾਨਸਿਕ ਵਿਕਾਰ ਸਭ ਜ਼ਹਿਰੀਲੇ ਅਤੇ ਸਾੜਨ ਵਾਲੇ ਹਨ।[93] ਰਾਜ, ਧਨ, ਸੁੰਦਰਤਾ, ਉੱਚੀ ਜਾਤ ਅਤੇ ਜੁਆਨੀ ਇਹ ਪੰਜੇ ਠੱਗ ਹਨ ਜੋ ਜਗਤ ਨੂੰ ਠੱਗ ਰਹੇ ਹਨ।[94] ਇਨ੍ਹਾਂ ਤੋਂ ਅੰਨ੍ਹੀ ਹੋਈ ਦੁਨੀਆ ਅਹੰਕਾਰ ਵਿਚ ਮਰਦੀ ਹੈ। ਮਨੁੱਖ ਦਾ ਅਹੰਕਾਰ ਕੂੜਾ ਹੈ, ਸਭ ਕੁਝ ਪਰਮਾਤਮਾ ਦੀ ਹੀ ਵਡਿਆਈ ਹੈ। ਜੇ ਮਨੁੱਖ ਵਿਚੋਂ ਹਉਮੈ ਚਲੀ ਜਾਵੇ ਤਾਂ ਉਹ ਵਡੱਪਣ ਜਤਾਉਣ ਨੂੰ ਮਹੱਤਤਾ ਨਹੀਂ ਦੇਂਦਾ।[95] ਅਹੰਕਾਰ ਵਿਅਰਥ ਹੈ ਕਿਉਂ ਜੋ ਸੰਸਾਰਕ ਜੀਵਨ ਅਸਥਾਈ ਅਤੇ ਕਾਲ-ਬੱਧ ਹੈ।[96] ਜੋ ਜੀਵ ਪ੍ਰਭੂ ਦੇ ਭੈ ਵਿਚ ਨਹੀਂ ਹਨ, ਉਨ੍ਹਾਂ ਨੂੰ ਹੋਰ ਡਰ ਖਾਂਦੇ ਹਨ; ਉਹ ਅਹੰਕਾਰ ਵਿਚ ਪਏ ਗਲਦੇ ਰਹਿੰਦੇ ਹਨ।[97]

ਸਭ ਵਿਕਾਰਾਂ ਦੀ ਜੜ੍ਹ ਤ੍ਰਿਸ਼ਨਾ ਹੈ। ਜਦੋਂ ਤ੍ਰਿਸ਼ਨਾ ਦਾ ਸੂਰਜ ਭਖਦਾ ਹੈ ਤਾਂ ਮਾਨੋ ਲਾਂਬੂ ਨਿਕਲਦੇ ਹਨ; ਇਹ ਅਗਨੀ ਘਟਦੀ ਨਹੀਂ ਵਧਦੀ ਹੀ ਹੈ।[98] ਤ੍ਰਿਸ਼ਨਾ ਦਾ ਕਾਰਨ ਹਉਮੈ ਹੈ। ਹਉਮੈ-ਰੂਪੀ ਚੋਰ ਸਰੀਰ-ਰੂਪੀ ਮੰਦਿਰ ਨੂੰ ਲੁੱਟਦਾ ਹੈ।[99] ਪਰ ਮਾਇਆ-ਧਾਰੀ ਨੂੰ ਇਸ ਵੈਰੀ ਦਾ ਪਤਾ ਨਹੀਂ ਲਗਦਾ। ਇਹੀ ਕਾਰਣ ਹੈ ਕਿ ਗੁਰੂ ਜੀ ਇਸ ਵੈਰੀ ਨੂੰ ਵੱਸ ਕਰਨ ਉਤੇ ਬਹੁਤ ਜ਼ੋਰ ਦੇਂਦੇ ਹਨ।[100] ਸਾਰੇ ਸੰਸਾਰਿਕ ਦੁੱਖ ਅਤੇ ਝੰਜਟ ਹਉਮੈ ਤੋਂ ਉਪਜੇ ਆਤਮਾ-ਪਰਮਾਤਮਾ ਦੇ ਦ੍ਵੈਤ ਤੋਂ ਹੀ ਮੰਨੇ ਗਏ ਹਨ।[101] ਇਵੇਂ ਸਾਰੇ ਸੰਸਾਰਿਕ ਕਾਰਜ ਇਸੇ ਦ੍ਵੈਤ-ਭਾਵ ਤੋਂ ਉਪਜੇ ਹਨ। ਹਉਮੈ ਕਾਰਨ ਹੀ ਮਾਇਆ ਤੇ ਹੋਰ ਭੁਲੇਖੇ ਹਨ, ਜਿਨ੍ਹਾਂ ਦੇ ਬੁਰੇ ਫਲਾਂ ਕਾਰਨ ਆਵਾਗੌਣ ਦਾ ਗੇੜ ਚਲਦਾ ਰਹਿੰਦਾ ਹੈ।[102] ਗੁਰੂ-ਗਿਆਨ ਤੋਂ ਬਿਨਾ ਜੀਵ ਨੂੰ ਦ੍ਵੈਤ-ਭਾਵ ਹੀ ਭਾਉਂਦਾ ਹੈ। ਇਸ ਅਵਸਥਾ ਵਿਚ ਉਸ ਨੂੰ ਗੁਰੂ ਦੀ ਬਾਣੀ ਤੇ ਬਚਨ ਨਹੀਂ ਭਾਉਂਦੇ; ਸਗੋਂ ਉਹ ਮਾਇਆ ਦਾ ਜ਼ਹਿਰ ਖਾਂਦਾ ਹੈ। ਇਹ ਅਹੰਕਾਰ ਹੀ ਜੀਵ ਦੇ ਕਾਲ ਦਾ ਕਾਰਨ ਬਣਦਾ ਹੈ। ਇਸ ਲਈ ਗੁਰੂ ਨਾਨਕ ਹਉਮੈ ਨੂੰ ਕਸਾਈ ਕਹਿੰਦੇ ਹਨ ਅਤੇ ਉਸਦੇ ਮਾਰਨ ਉੱਤੇ ਜ਼ੋਰ ਦੇਂਦੇ ਹਨ ਅਤੇ ਕਹਿੰਦੇ ਹਨ ਕਿ ਵਾਹਿਗੁਰੂ ਤੋਂ ਬਿਨਾਂ ਹੋਰ ਸਭ ਵਿਕਾਰ ਹਨ।[103] ਹਉਮੈ, ਸਹਿਜ ਅਤੇ ਸੰਤੋਖ—ਭਾਵ

92. ਮਾਝ ਦੀ ਵਾਰ, ਗੁਰੂ ਗ੍ਰੰਥ, ਪੰਨਾ 139.
93. ਸਿਧ ਗੋਸਟਿ, ਉਹੀ, ਪੰਨਾ 843.
94. ਮਲਾਰ ਦੀ ਵਾਰ, ਉਹੀ, ਪੰਨਾ 1288.
95. ਉਹੀ, ਪੰਨਾ 1283.
96. ਆਸਾ ਦੀ ਵਾਰ, ਉਹੀ, ਪੰਨਾ 473.
97. ਮਾਝ ਦੀ ਵਾਰ, ਉਹੀ, ਪੰਨਾ 149.
98. ਮਾਰੂ ਸੋਲਹੇ, ਉਹੀ, ਪੰਨਾ 1029.
99. ਉਹੀ, ਪੰਨਾ 1031.
100. ਉਹੀ, ਪੰਨਾ 1026.
101. ਸਿਧ ਗੋਸਟਿ, ਉਹੀ, ਪੰਨਾ 946.
102. ਆਸਾ ਦੀ ਵਾਰ, ਉਹੀ, ਪੰਨਾ 466.
103. ਦਖਣੀ ਓਅੰਕਾਰ, ਉਹੀ, ਪੰਨਾ 937.

ਮਾਨਸਿਕ ਸ਼ਾਂਤੀ ਦਾ ਵੈਰੀ ਹੈ।[104] ਹਉਮੈ ਉਦੋਂ ਪੈਦਾ ਹੁੰਦੀ ਹੈ ਜਦੋਂ ਆਤਮਾ ਸਰੀਰ ਨੂੰ ਆਪਣਾ ਸਮਝਣ ਲਗ ਜਾਂਦੀ ਹੈ। ਅਪਣਤ ਅਰਥਾਤ ਹਉਮੈ ਵਿਚ ਦੁੱਖ ਹੈ।[105] ਹਉਮੈ ਦਾ ਵਿਨਾਸ਼ ਗਿਆਨ ਦੁਆਰਾ ਹੋ ਸਕਦਾ ਹੈ।[106] ਗੁਰੂ-ਸਿੱਖਿਆ ਤੇ ਸ਼ਬਦ ਦੁਆਰਾ ਹਉਮੈ ਦਾ ਵਿਨਾਸ਼ ਹੋ ਜਾਂਦਾ ਹੈ।[107] ਜੇ ਗੁਰੂ ਦੇ ਉਪਦੇਸ਼ ਰਾਹੀਂ ਹਉਮੈ ਦਾ ਨਾਸ਼ ਹੋ ਜਾਵੇ ਤਾਂ ਮਨ ਸਿਮਰਨ ਵੱਲ ਲਗ ਜਾਂਦਾ ਹੈ।[108] ਮਨੁੱਖ ਆਪਣੇ ਅੰਦਰ ਅਤੇ ਸ੍ਰਿਸ਼ਟੀ ਵਿਚ ਹਰ ਥਾਂ ਪ੍ਰਭੂ ਨੂੰ ਹੀ ਵਿਆਪਕ ਸਮਝ ਕੇ, ਆਪਣਾ ਧਿਆਨ ਉਸ ਦੀ ਭਗਤੀ ਵਿਚ ਲਾਵੇ ਤਾਂ ਹੀ ਹਉਮੈ ਦੀ ਦ੍ਵੈਤ ਮਰਦੀ ਹੈ, ਮਨੁੱਖੀ ਤਨ-ਮਨ ਸ਼ਾਂਤ ਹੁੰਦਾ ਹੈ ਅਤੇ ਪ੍ਰਭੂ ਦੀ ਰਜ਼ਾ ਵਿਚ ਰਹਿਣ ਨਾਲ, ਭਾਵਨਾਵਾਂ ਨਿਯੰਤ੍ਰਣ ਵਿਚ ਰਹਿੰਦੀਆਂ ਹਨ ਜਿਸ ਕਾਰਨ ਪ੍ਰਭੂ-ਕਿਰਪਾ ਦੀ ਪ੍ਰਾਪਤੀ ਹੁੰਦੀ ਹੈ।[109] ਇਸ ਤਰ੍ਹਾਂ ਆਪਾ-ਭਾਵ ਗਵਾ ਕੇ ਪ੍ਰਭੂ ਦੀ ਦਰਗਾਹ ਵਿਚ ਸਫਲ ਹੋਈਦਾ ਹੈ।[110] ਕਿਉਂਕਿ ਆਪਾ-ਭਾਵ ਗਵਾ ਕੇ ਹੀ ਸੱਚ ਦੀ ਸੋਝੀ ਹੁੰਦੀ ਹੈ।[111] ਜੇ ਹਉਮੈ ਮੁੱਕ ਜਾਵੇ ਤਾਂ ਜੂਨਾਂ ਵਿਚ ਪੈਣ, ਅਰਥਾਤ ਆਵਾਗੌਣ, ਤੋਂ ਛੁਟਕਾਰਾ ਮਿਲ ਜਾਂਦਾ ਹੈ, ਪਰ ਇਹ ਹਉਮੈ, ਤ੍ਰਿਸ਼ਨਾ, ਅਗਨੀ ਆਦਿ ਤਾਂ ਪ੍ਰਭੂ ਦੇ ਹੀ ਪੈਦਾ ਕੀਤੇ ਹੋਏ ਹਨ, ਇਨ੍ਹਾਂ ਤੋਂ ਛੁਟਕਾਰਾ ਕਿਵੇਂ ਮਿਲੇ ? ਗੁਰੂ ਨਾਨਕ ਦੱਸਦੇ ਹਨ ਕਿ ਗੁਰੂ ਦੇ ਸ਼ਬਦ ਤੋਂ ਹੀ ਇਨ੍ਹਾਂ ਦਾ ਉੱਧਾਰ ਹੁੰਦਾ ਹੈ।[112] ਮਨੁੱਖ ਹਉਮੈ ਨੂੰ ਪਛਾਣ ਕੇ ਖ਼ਤਮ ਕਰੇ ਤਾਂ ਮੁਕਤੀ ਦਾ ਰਾਹ ਲੱਭ ਸਕਦਾ ਹੈ।[113] ਹਉਮੈ ਅਤੇ ਤ੍ਰਿਸ਼ਨਾਵਾਂ ਗੁਰੂ-ਸ਼ਬਦ ਭਾਵ ਗਿਆਨ ਦੁਆਰਾ ਨਸ਼ਟ ਹੋ ਸਕਦੇ ਹਨ।[114]

(3) **ਅਰਥ** : ਦਖਣੀ ਓਅੰਕਾਰ ਵਿਚ ਕਥਨ ਹੈ ਕਿ ਇਸ ਜਗਤ ਵਿਚ ਧਨ ਨੂੰ ਬੇਲੋੜੀ ਮਹੱਤਾ ਦਿੱਤੀ ਜਾਂਦੀ ਹੈ। ਇਥੋਂ ਤਕ ਕਿ ਜੇ ਨੀਚ ਦੇ ਘਰ ਵੀ ਮਾਇਆ ਹੋਵੇ ਤਾਂ ਅਮੀਰ ਗਰੀਬ ਸਭ ਉਸ ਅੱਗੇ ਨਿਉਂਦੇ ਹਨ; ਸੰਸਾਰ ਵਿਚ ਮੂਰਖ ਧੰਨਵਾਨ ਨੂੰ ਵੀ ਸਿਆਣਾ ਸਮਝਿਆ ਜਾਂਦਾ ਹੈ।[115] ਮਾਰੂ ਸੋਲਹੇ ਵਿਚ ਜ਼ਿਕਰ ਹੈ ਕਿ ਮਾਇਆ ਦੇ ਲੋਭੀ,

---

104. ਸਿਧ ਗੋਸਟਿ, ਗੁਰੂ ਗ੍ਰੰਥ, ਪੰਨਾ 940.
105. ਮਾਝ ਦੀ ਵਾਰ, ਉਹੀ, ਪੰਨਾ 139.
106. ਦਖਣੀ ਓਅੰਕਾਰ, ਉਹੀ, ਪੰਨਾ 937.
107. ਸਿਧ ਗੋਸਟਿ, ਉਹੀ, ਪੰਨਾ 943
108. ਮਾਝ ਦੀ ਵਾਰ, ਉਹੀ, ਪੰਨਾ 139.
109. ਸਿਧ ਗੋਸਟਿ, ਉਹੀ, ਪੰਨਾ 943.
110. ਮਾਝ ਦੀ ਵਾਰ, ਉਹੀ, ਪੰਨਾ 142.
111. ਉਹੀ, ਪੰਨਾ 144.
112. ਆਸਾ ਦੀ ਵਾਰ, ਉਹੀ, ਪੰਨਾ 466.
113. ਉਹੀ, ਪੰਨਾ 468.
114. ਮਲਾਰ ਦੀ ਵਾਰ, ਉਹੀ, ਪੰਨਾ 1280.
115. ਦਖਣੀ ਓਅੰਕਾਰ, ਉਹੀ, ਪੰਨਾ 931.

ਮਾਇਆ ਲਈ ਹੀ ਦੌੜੇ ਫ਼ਿਰਦੇ ਹਨ।[116] ਮਨੁੱਖੀ ਮਨ ਨੂੰ ਮਾਇਆ ਦਾ ਬਹੁਤ ਮੋਹ ਹੈ। ਪਰ ਜੋ ਮਨੁੱਖ ਮਾਇਆ ਦੇ ਲੋਭ ਵਸ ਹੋ ਕੇ ਕੂੜ ਕਮਾਉਂਦਾ ਹੈ ਉਸ ਉੱਤੇ ਆਸ਼ਾ, ਤ੍ਰਿਸ਼ਨਾ, ਹਉਮੈ, ਭਰਮ ਆਦਿਕ ਦਾ ਜ਼ੋਰ ਰਹਿੰਦਾ ਹੈ, ਪਰ ਇਹ ਸੋਝੀ ਕਿਸੇ ਗਿਆਨੀ ਨੂੰ ਹੀ ਹੁੰਦੀ ਹੈ।[117] ਆਪਣੇ ਆਪ ਨੂੰ ਰਾਜਾ, ਖ਼ਾਨ, ਪਾਤਸ਼ਾਹ ਆਦਿ ਅਖਵਾਉਣ ਦੇ ਸ਼ੌਕੀਨਾਂ ਨੂੰ ਕੇਵਲ ਮਾਇਆ ਨਾਲ ਹੀ ਪਿਆਰ ਹੁੰਦਾ ਹੈ। ਪਰ ਜਿਨ੍ਹਾਂ ਪਾਸ ਕੇਵਲ ਸੰਸਾਰਿਕ ਧਨ ਹੀ ਹੈ, ਉਹ ਅਸਲ ਵਿਚ ਵੱਡੇ ਕੰਗਾਲ ਹਨ। ਮਾਇਕ ਧਨ ਜੀਵ ਦਾ ਸੱਚਾ ਮਿੱਤਰ ਨਹੀਂ ਹੁੰਦਾ; ਉਸ ਦੇ ਹੁੰਦਿਆਂ ਵੀ ਮਨੁੱਖ ਬੇਇਜ਼ਤ ਅਤੇ ਦੁਖੀ ਹੋ ਸਕਦਾ ਹੈ[118] ਕਿਉਂਕਿ ਅਜਿਹੇ ਮਨੁੱਖ ਦ੍ਵੈਤ ਵਿਚ ਪੈ ਕੇ ਪ੍ਰਭੂ ਦੀ ਦਰਗਾਹ ਵਿਚ ਆਪਣੀ ਇੱਜ਼ਤ ਗੁਆ ਬਹਿੰਦੇ ਹਨ। ਭੁੱਲਣਾ ਨਹੀਂ ਚਾਹੀਦਾ ਕਿ ਅਮੀਰ ਅਤੇ ਗਰੀਬ ਸਭ ਦਾ ਮਾਲਕ ਇਕੋ ਪ੍ਰਭੂ ਹੀ ਹੈ।[119] ਮਨੁੱਖ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਲੋਕ ਧਨ ਇਕੱਤਰ ਕਰਦੇ ਮਰ ਜਾਂਦੇ ਹਨ, ਚੋਰ ਬਣਦੇ ਹਨ, ਪਰਮਾਤਮਾ ਨੂੰ ਧਿਆਉਂਦੇ ਹਨ, ਪਰ ਧਨ ਕੇਵਲ ਪੂਰਬਲੇ ਜਨਮ ਦੇ ਲੇਖਾਂ ਅਨੁਸਾਰ ਹੀ ਮਿਲਦਾ ਹੈ।[120] ਮਾਇਆ-ਕੇਂਦ੍ਰਿਤ ਮਨੁੱਖ ਨਿਰ੍ਹਾ ਗਵਾਰ ਹੁੰਦਾ ਹੈ ਤੇ ਜਦੋਂ ਧਨ ਖੁਸ ਜਾਂਦਾ ਹੈ ਤਾਂ ਫ਼ੇਰ ਝੂਰਦਾ ਹੈ।[121] ਸਚਾ ਵਖਰ ਤਾਂ ਨਾਮ-ਧਨ ਇਕੱਠਾ ਕਰਨਾ ਹੈ, ਕਿਉਂਕਿ ਨਾਮ-ਧਨ ਹੀ ਸੱਚਾ ਅਤੇ ਅਮੋਲਕ ਹੈ।[122]

ਨਾਮ ਧਨ ਤੋਂ ਬਿਨਾਂ ਹੋਰ ਕੋਈ ਧਨ ਸੱਚਾ ਨਹੀਂ, ਮਾਇਕੀ ਧਨ ਸੁਆਹ ਸਮਾਨ ਹਨ।[123] ਮਨੁੱਖ ਪਾਸ ਜੇ ਸੋਨੇ ਚਾਂਦੀ ਦਾ ਪਹਾੜ ਵੀ ਹੋਵੇ, ਜੋ ਹੀਰੇ ਲਾਲਾਂ ਨਾਲ ਜੜਿਆ ਹੋਵੇ ਤਾਂ ਵੀ ਮਨੁੱਖ ਨੂੰ ਇਹ ਛੱਡ ਕੇ ਪ੍ਰਭੂ ਦੀ ਸਿਫ਼ਤ ਸਲਾਹ ਕਰਨੀ ਚਾਹੀਦੀ ਹੈ।[124] ਸੋਹਣੇ ਕੱਪੜੇ ਪਾਉਣ, ਨਰਮ ਬਿਸਤਰਿਆਂ ਉੱਤੇ ਸੌਣ ਅਤੇ ਭੋਗ ਬਿਲਾਸ ਆਦਿਕ ਅੰਤ ਨਿਰਅਰਥਕ ਸਿੱਧ ਹੁੰਦੇ ਹਨ।[125] ਲਸ਼ਕਰ, ਨਾਇਬ, ਨੌਕਰ, ਸਭ ਨਾਸ਼ਵੰਤ ਹਨ। ਇਵੇਂ ਹੀ ਮਾਲ-ਦੌਲਤ ਵੀ ਨਾਸ਼ਵਾਨ ਪੂੰਜੀ ਹੈ ਜਿਸ ਨਾਲ ਕੂੜ ਵਿਹਾਝੀਦਾ ਹੈ।[126] ਚਾਹੇ ਸੋਨੇ ਦੇ ਸੁਮੇਰ ਪਰਬਤ ਉਤੇ ਗੁਫ਼ਾ ਬਣਾ ਲਈ ਜਾਵੇ, ਚਾਹੇ ਪਾਤਾਲ ਵਿਚ, ਇਸ

---

116. ਮਾਰੂ ਸੋਲਹੇ, ਗੁਰੂ ਗ੍ਰੰਥ, ਪੰਨਾ 1029.
117. ਉਹੀ, ਪੰਨਾ 1038.
118. ਮਲਾਰ ਦੀ ਵਾਰ, ਉਹੀ, ਪੰਨਾ 1287.
119. ਉਹੀ, ਪੰਨਾ 1283.
120. ਦਖਣੀ ਓਅੰਕਾਰ, ਉਹੀ, ਪੰਨਾ 937.
121. ਉਹੀ, ਪੰਨਾ 934.
122. ਉਹੀ, ਪੰਨਾ 937.
123. ਮਾਝ ਦੀ ਵਾਰ, ਉਹੀ, ਪੰਨਾ 141.
124. ਉਹੀ, ਪੰਨਾ 142.
125. ਉਹੀ, ਪੰਨਾ 139.
126. ਮਾਝ ਦੀ ਵਾਰ, ਉਹੀ, ਪੰਨਾ 144.

ਨਾਲ ਹਉਮੈ ਹੀ ਵਧਦੀ ਹੈ । ਮਾਇਕ ਪਦਾਰਥ ਤਾਂ ਕੱਚ ਦੇ ਵਪਾਰ ਵਾਂਗ ਕੱਚੇ ਹਨ ।[127] ਧਨ ਦੇ ਭਰੇ ਖ਼ਜ਼ਾਨੇ ਇਕ ਪਲ ਵਿਚ ਖ਼ਾਲੀ ਹੋ ਜਾਂਦੇ ਹਨ। ਘੋੜੇ, ਹਾਥੀ, ਊਠ, ਬਾਗ਼, ਮੁਲਕ, ਘਰ-ਬਾਰ ਜਿਨ੍ਹਾਂ ਨੂੰ ਮਨੁੱਖ ਆਪਣਾ ਸਮਝਦਾ ਹੈ, ਸਭ ਚਲਣਹਾਰ ਹਨ । ਹੱਟ, ਸ਼ਹਿਰ, ਬਜ਼ਾਰ ਸਭ ਪਰਮਾਤਮਾ ਦੇ ਵਿਧਾਨ ਅਨੁਸਾਰ ਢਹਿ ਜਾਂਦੇ ਹਨ ।[128] ਸੋਹਣੇ, ਪੱਕੇ ਘਰ ਜਿਨ੍ਹਾਂ ਨੂੰ ਜੀਵ ਆਪਣਾ ਸਮਝਦਾ ਹੈ, ਸਭ ਨਾਸ਼ ਹੋ ਜਾਂਦੇ ਹਨ । ਜੋ ਐਸੇ ਰਾਜ ਜਾਂ ਮਾਲ ਦੇ ਪਿਆਰ ਵਿਚ ਮਸਤ ਹੈ, ਉਹ ਬੇਸ਼ਰਮੀ ਦਾ ਨਾਚ ਨੱਚਦਾ ਹੈ ।[129] ਇਹ ਸੱਚ ਹੈ ਕਿ ਮੈਂ-ਮੇਰੀ (ਹਉਮੈ) ਅਤੇ ਮਾਇਆ ਦਾ ਤਿਆਗ ਸੌਖਾ ਨਹੀਂ, ਪਰ ਕੇਵਲ ਉਹ ਮਨੁੱਖ ਹੀ ਇਨ੍ਹਾਂ ਤੋਂ ਛੁਟਦੇ ਹਨ ਜੋ ਸੱਚ ਦੀ ਕਮਾਈ ਕਰਦੇ ਹਨ ।[130] ਉਹ ਲੋਕ ਜਿਨ੍ਹਾਂ ਪਾਸ ਸ਼ਿੰਗਾਰੇ ਹੋਏ ਵਧੀਆ ਘੋੜੇ ਹਨ, ਸਜੇ ਸਜਾਏ ਮਹਿਲ ਹਨ ਅਤੇ ਜੋ ਆਪ ਸ਼ਾਨਦਾਰ ਕੋਠੀਆਂ, ਮੰਡਪਾਂ, ਮਾੜੀਆਂ ਵਿਚ ਪੱਸਰੇ ਬੈਠੇ ਹਨ, ਮੌਤ ਨੂੰ ਭੁੱਲ ਜਾਂਦੇ ਹਨ, ਪਰ ਅੰਤ ਉਨ੍ਹਾਂ ਦਾ ਵੀ ਆਉਂਦਾ ਹੈ ।[131] ਸੋਨਾ ਚਾਂਦੀ ਸਭ ਝੂਠੇ ਹਨ ਕਿਉਂਕਿ ਇਨ੍ਹਾਂ ਤੋਂ ਪ੍ਰਭੂ ਦਾ ਪ੍ਰੇਮ ਨਹੀਂ ਉਪਜਦਾ ਸਗੋਂ ਇਹ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਹਟਾਉਂਦੇ ਹਨ । ਇਸ ਲਈ ਮਾਇਕ ਪਦਾਰਥਾਂ ਦਾ ਕੂੜਾ ਲੋਭ ਤਿਆਗਣਾ ਚਾਹੀਦਾ ਹੈ ਅਤੇ ਇਕਾਗਰ-ਚਿੱਤ ਹੋ ਕੇ ਉਸ ਅਲਖ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ ।[132] ਜਿਸ ਮਨੁੱਖ ਪਾਸ ਅਧਿਆਤਮਿਕ ਗੁਣ ਨਹੀਂ, ਉਸ ਦਾ ਸਭ ਧਨ-ਦੌਲਤ ਵਿਅਰਥ ਹੈ ।[133]

### 2. ਬੌਧਿਕ ਵਰਗ

ਬੌਧਿਕਤਾ, ਮਨੁੱਖੀ ਚੇਤਨਾ ਦਾ ਇੰਦ੍ਰੀਗਤ-ਗਿਆਨ ਤੋਂ ਉਚੇਰਾ ਅਤੇ ਵਧੇਰੇ ਵਿਕਸਿਤ ਪੜਾਅ ਹੈ । ਇੰਦ੍ਰੀਗਤ-ਚੇਤਨਾ ਦਾ ਸੰਬੰਧ ਕੇਵਲ ਮੌਕੇ ਤੇ ਮੌਜੂਦ ਭੌਤਿਕ ਪਦਾਰਥਾਂ ਦੇ ਗਿਆਨ ਤਕ ਹੀ ਸੀਮਿਤ ਹੈ, ਉਸ ਵਿਚ ਸੋਚਣ ਅਤੇ ਤਰਕ ਦਾ ਅੰਸ਼ ਨਾ-ਮਾਤਰ ਹੀ ਹੁੰਦਾ ਹੈ । ਬੌਧਿਕ ਗਿਆਨ ਦਾ ਆਧਾਰ ਤਾਂ ਭਾਵੇਂ ਇੰਦ੍ਰੀਗਤ-ਗਿਆਨ ਹੀ ਹੈ, ਪਰ ਬੌਧਿਕਤਾ ਵਿਚ ਇੰਦ੍ਰੀਗਤ-ਗਿਆਨ ਦੇ ਤਾਰਕਿਕ ਵਿਸ਼ਲੇਸ਼ਣ ਅਤੇ ਗੈਰ-ਮੌਜੂਦ ਪਰ ਪਹਿਲਾਂ ਅਨੁਭਵ ਵਿਚ ਆਏ ਪਦਾਰਥਾਂ ਸੰਬੰਧੀ ਕਲਪਣਾ ਅਤੇ ਅਮੂਰਤ ਵਿਚਾਰਾਂ ਦੀ ਸਮਰਥਾ ਸ਼ਾਮਿਲ ਹੁੰਦੇ ਹਨ । ਮਨੁੱਖੀ ਬੌਧਿਕਤਾ ਇਕ ਅਜੋਕੀ ਸਮਰਥਾ ਹੈ ਜੋ ਨਿਮਨ ਸੱਤਰ ਦੇ ਹੋਰਨਾਂ ਜੀਵਾਂ ਵਿਚ ਏਨੀ ਉਜਾਗਰ ਨਹੀਂ ਹੁੰਦੀ । ਇਸੇ ਸਮਰਥਾ ਕਾਰਨ ਮਨੁੱਖ ਸਾਰੇ ਜਗਤ ਦੇ ਜੀਵਾਂ ਉਪਰ ਸਨਮਾਨਿਤ ਹੈ । ਗੁਰੂ ਨਾਨਕ-ਬਾਣੀ ਵਿਚ ਮਨੁੱਖੀ ਬੌਧਿਕਤਾ ਤਿੰਨ

---

127. ਮਾਝ ਦੀ ਵਾਰ, ਗੁਰੂ ਗ੍ਰੰਥ, ਪੰਨਾ 139.
128. ਉਹੀ, ਪੰਨਾ 141.
129. ਉਹੀ, ਪੰਨਾ 142.
130. ਮਾਰੂ ਸੋਲਹੇ, ਉਹੀ, ਪੰਨਾ 1024.
131. ਆਸਾ ਦੀ ਵਾਰ, ਉਹੀ, ਪੰਨਾ 472.
132. ਉਹੀ, ਪੰਨਾ 468.
133. ਜਪੁਜੀ, ਉਹੀ, ਪੰਨਾ 2.

ਵੱਖਰੇ ਵੱਖਰੇ ਪੱਧਰਾਂ ਦੀ ਪ੍ਰਵਾਨ ਕੀਤੀ ਗਈ ਹੈ ਜੋ ਵਿਕਾਸ ਅਤੇ ਮਹੱਤਾ ਅਨੁਸਾਰ ਕਰਮਵਾਰ ਚੜ੍ਹਦੇ ਸੋਪਾਨ ਵਿਚ ਹਨ। ਸਭ ਤੋਂ ਪਹਿਲਾ ਪੜਾਅ ਤਾਂ ਸਾਧਾਰਣ ਬੌਧਿਕਤਾ ਦਾ ਮੰਨਿਆ ਗਿਆ ਹੈ ਜਿਥੇ ਮਨੁੱਖ ਆਮ ਜੀਵਾਂ ਦੀ ਤਰ੍ਹਾਂ ਕੇਵਲ ਇੰਦ੍ਰੀਗਤ ਗਿਆਨ ਆਸਰਿਤ ਸਾਧਾਰਣ ਹੋਂਦ ਤੋਂ ਵਿਕਾਸ ਕਰਕੇ ਆਪਣੀ ਬੁੱਧੀ ਦੇ ਬਲ, ਆਲੇ ਦੁਆਲੇ ਦੀ ਪ੍ਰਵੀਨ ਸੋਝੀ ਤੋਂ ਕੁਦਰਤ ਦੀਆਂ ਸ਼ਕਤੀਆਂ ਦੇ ਆਸਰੇ ਵਧੇਰੇ ਆਰਾਮਦੇਹ, ਆਸਾਨ ਅਤੇ ਸਫ਼ਲ ਜੀਵਨ ਪੈਦਾ ਕਰਦਾ ਹੈ।

ਅਗਲਾ ਪੜਾਅ ਹੈ ਸੂਖਮ ਬੌਧਿਕਤਾ ਦਾ, ਜਦੋਂ ਮਨੁੱਖ ਸੁੰਦਰਤਾ ਨੂੰ ਮਾਣਨਾ ਸਿਖਦਾ ਹੈ। ਪਹਿਲਾਂ ਕੁਦਰਤੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਮਾਣਦਾ ਹੈ ਅਤੇ ਅੰਤ ਆਪਣੇ ਆਲੇ ਦੁਆਲੇ ਆਪਣੀਆਂ ਕਿਰਤਾਂ ਅਤੇ ਸੋਚਾਂ ਵਿਚ ਸੁੰਦਰਤਾ ਭਰਨ ਦੀ ਚੇਸ਼ਟਾ ਕਰਦਾ ਹੈ। ਇਹ ਸੁਹਜਾਤਮਿਕ ਬੌਧਿਕਤਾ ਦਾ ਪੜਾਅ ਹੈ। ਇਸ ਤੋਂ ਅਗਲਾ ਪੜਾਅ ਹੈ ਪ੍ਰਵੀਨ ਬੌਧਿਕਤਾ ਦਾ, ਜਦੋਂ ਮਨੁੱਖ ਆਪਣੀ ਉੱਚਤਮ ਕਲਾ ਅਤੇ ਕੁਦਰਤ ਦੀ ਅਸੀਮ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ ਆਪਣੇ ਜੀਵਨ, ਸੰਬੰਧਾਂ, ਅਤੇ ਕਰਮਾਂ ਵਿਚ ਵੀ ਸੁੰਦਰਤਾ ਭਰਨ ਦਾ ਉਪਰਾਲਾ ਕਰਦਾ ਹੈ ਅਤੇ ਇਵੇਂ ਸੁੰਦਰ, ਸੱਚੀ-ਸੁੱਚੀ ਅਤੇ ਉੱਚੀ ਰਹਿਤ ਦਾ ਸ਼ੌਕੀਨ ਬਣਦਾ ਹੈ। ਇਹ ਨੈਤਿਕਤਾ ਦਾ ਵਰਗ ਹੈ, ਜੋ ਬੌਧਿਕਤਾ ਦੀ ਟੀਸੀ ਹੈ। ਇਵੇਂ ਬੌਧਿਕਤਾ ਨਾਲ ਸੰਬੰਧਤ ਵਿਚਾਰਾਂ ਦੇ ਤਿੰਨ ਸਪਸ਼ਟ ਵੱਖਰੇ ਵਰਗ ਬਣਦੇ ਹਨ ਜਿਨ੍ਹਾਂ ਨੂੰ ਅਸੀਂ ਬੌਧਿਕ, ਸੁਹਜਾਤਮਿਕ ਅਤੇ ਨੈਤਿਕ ਵਰਗਾਂ ਦੇ ਨਾਮ ਦੇ ਸਕਦੇ ਹਾਂ। ਇਸ ਪਹਿਲੇ, ਭਾਵ ਬੌਧਿਕ ਵਰਗ ਵਿਚ ਅਸੀਂ ਸਾਧਾਰਣ ਬੌਧਿਕਤਾ ਦੇ ਵਿਚਾਰ ਸ਼ਾਮਿਲ ਕਰਾਂਗੇ ਜਿਨ੍ਹਾਂ ਵਿਚ ਗਿਆਨ ਅਤੇ ਗੁਰੂ ਸੰਬੰਧੀ ਵਿਚਾਰਾਂ ਦੀ ਚਰਚਾ ਹੋਵੇਗੀ।

(ੳ) **ਗਿਆਨ** : ਜਪੁਜੀ ਵਿਚ ਗਿਆਨ ਖੰਡ ਅੰਦਰ ਮਨੁੱਖ ਲਈ ਗਿਆਨ ਦੀ ਮਹੱਤਾ ਬਾਰੇ ਵਿਸਤ੍ਰਿਤ ਵਿਚਾਰ ਪ੍ਰਾਪਤ ਹੁੰਦੇ ਹਨ। ਜਦੋਂ ਮਨੁੱਖ ਹੋਰਨਾਂ ਜੀਵਾਂ ਦੇ ਮੁਕਾਬਲੇ ਬੌਧਿਕ ਪ੍ਰਗਤੀ ਕਰਦਾ ਹੈ ਤਾਂ ਉਸਨੂੰ ਆਪਣੇ ਆਲੇ ਦੁਆਲੇ ਦੀ ਸੋਝੀ ਹੋਣ ਲਗ ਪੈਂਦੀ ਹੈ। ਉਸਨੂੰ ਸ੍ਰਿਸ਼ਟੀ, ਭੌਤਿਕ ਜਗਤ, ਸਮਾਜ, ਦੇਵੀ ਦੇਵਤਿਆਂ ਦੀ ਮਹੱਤਾ, ਬੇਅੰਤਤਾ ਤੇ ਸੁੰਦਰਤਾ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਹ ਆਮ ਜੀਵ ਦੇ ਭੌਤਿਕ ਜੀਵਨ ਵਿਚੋਂ ਨਿਕਲ ਕੇ ਬੌਧਿਕ ਜੀਵਨ ਦੇ ਰਾਗ-ਰੰਗ, ਤਮਾਸ਼ੇ, ਕੌਤਕਾਂ, ਆਦਿ ਦਾ ਆਨੰਦ ਮਾਣਦਾ ਹੈ।[134] ਨਾਨਕ-ਬਾਣੀ ਵਿਚ ਬੁੱਧੀ ਲਈ 'ਮਤਿ' ਸ਼ਬਦ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਕਿਹਾ ਗਿਆ ਹੈ ਕਿ ਬੁੱਧੀ ਪੰਛੀ ਦੀ ਤਰ੍ਹਾਂ ਹੈ। ਇਸ ਦਾ ਸੁਭਾਵ ਜੀਵ ਦੇ ਪਿਛਲੇ ਕਰਮਾਂ ਅਨੁਸਾਰ ਬਣਿਆ ਹੁੰਦਾ ਹੈ, ਇਸ ਕਰਕੇ ਇਹ ਕਦੀ ਉੱਤਮ ਅਤੇ ਕਦੀ ਨੀਚ ਕਰਮ ਕਰਦੀ ਹੈ। ਕਦੀ ਸੰਸਾਰ ਵਿਚ ਲਿਪਤ ਰਹਿੰਦੀ ਹੈ ਅਤੇ ਕਦੀ ਸੰਸਾਰ ਤੋਂ ਨਿਰਲੇਪ ਹੋ ਕੇ ਪ੍ਰਭੂ-ਪ੍ਰੀਤ ਵਿਚ ਲੀਨ ਹੋ ਜਾਂਦੀ ਹੈ।[135] ਝੂਠ, ਮੱਸਿਆ ਦੀ ਹਨੇਰੀ ਰਾਤ ਵਾਂਗ ਹੈ

---

134. ਜਪੁਜੀ, ਗੁਰੂ ਗ੍ਰੰਥ, ਪੰਨਾ 7.
135. ਮਾਝ ਦੀ ਵਾਰ, ਉਹੀ, ਪੰਨੇ 147-48

ਅਤੇ ਸਚ ਚੰਦ੍ਰਮਾ ਵਾਂਗ; ਝੂਠ ਦੇ ਹਨੇਰੇ ਵਿਚ ਸੱਚਾ ਮਾਰਗ ਨਹੀਂ ਸੁੱਝਦਾ ।[136] ਪਰ ਉਹ ਗਿਆਨੀ ਵੀ ਮੂਰਖ ਹੈ ਜਿਸ ਅੰਦਰ ਤ੍ਰਿਸ਼ਨਾਵਾਂ ਬਾਕੀ ਹਨ ।[137]

ਗਿਆਨ-ਪ੍ਰਾਪਤ ਮਨੁੱਖ ਸ੍ਰਿਸ਼ਟੀ ਦੀ ਸਿਰਜਣਾ ਅਤੇ ਸੰਚਾਲਣ ਦੇ ਰਹੱਸ ਨੂੰ ਸਮਝਣ ਦਾ ਜਤਨ ਕਰਦਾ ਹੈ, ਪਰ ਇਸ ਮੰਤਵ ਦੀ ਪੂਰਤੀ ਲਈ ਉਸ ਉਪਰ ਪਰਮਾਤਮਾ ਦੀ ਮਿਹਰ ਜ਼ਰੂਰੀ ਹੈ । ਗਿਆਨ ਹੀ ਗੁਰਮੁਖ ਦਾ ਸੱਚਾ ਆਹਾਰ ਹੈ ।[138] ਗਿਆਨ ਦੇ ਮੂਲ ਤੱਤ, ਸਤਿ ਦੇ ਸੰਦਰਭ ਵਿਚ ਗੁਰਬਾਣੀ ਅੰਦਰ ਵਧੇਰੇ ਪਰਮਾਤਮਾ ਦੀ ਸੱਤਤਾ ਬਾਰੇ ਹੀ ਵਿਚਾਰ ਮਿਲਦੇ ਹਨ। ਬ੍ਰਹਮ ਆਰੰਭ ਤੋਂ ਹੀ, ਜੁਗਾਂ-ਜੁਗਾਂਤਰਾਂ ਤੋਂ ਸਤਿ ਹੈ ਹੁਣ ਵੀ ਸਤਿ ਹੈ ਅਤੇ ਸਦਾ ਸਤਿ ਰਹੇਗਾ ।[139] ਭਾਵ ਉਸ ਦੀ ਹੋਂਦ ਸਤਿ ਅਤੇ ਸਦੀਵੀ ਹੈ, ਸੁਫਨਾ ਜਾਂ ਵਕਤੀ ਨਹੀਂ । ਉਹ ਆਪ ਵੀ ਸੱਚਾ, ਸੁੱਚਾ ਅਤੇ ਗੁਣਵੰਤ ਹੈ ਅਤੇ ਉਸ ਦੀ ਉਸਤਤਿ ਤੇ ਭਗਤੀ ਵੀ । ਉਸ ਦਾ ਘਰ, ਦਰਬਾਰ ਵੀ ਸੱਚਾ ਅਤੇ ਉੱਤਮ ਹੈ ।[140] ਗਿਆਨ ਦੁਆਰਾ ਮਨ ਦੀ ਮੈਲ ਦੂਰ ਹੁੰਦੀ ਹੈ ।[141] ਸਹੀ ਗਿਆਨ ਪ੍ਰਾਪਤ ਕਰਕੇ ਹੀ ਮਨ ਹਰੀ-ਚਰਨਾਂ ਵਿਚ ਲਗਦਾ ਹੈ । ਪ੍ਰਭੂ ਦੇ ਭੈ ਤੋਂ ਬਿਨਾਂ ਅਗਿਆਨ ਦੂਰ ਨਹੀਂ ਹੋ ਸਕਦਾ ।[142] ਪ੍ਰਭੂ-ਨਾਮ ਦੇ ਅਧਿਐਨ ਤੋਂ ਬਿਨਾ ਹੋਰ ਗਿਆਨ ਵਿਅਰਥ ਹਨ ।[143] ਆਤਮ-ਬੋਧ ਜਾਂ ਆਪਣੇ ਆਪ ਨੂੰ ਜਾਣਨਾ ਹੀ ਸੱਚਾ ਗਿਆਨ ਹੈ ।[144] ਆਤਮ-ਗਿਆਨ ਹੀ ਉਹ ਸਾਧਨ ਹੈ ਜੋ ਮਨ ਨੂੰ ਕਾਬੂ ਕਰਕੇ, ਵਿਕਾਰਾਂ ਦੀ ਗੁਲਾਮੀ ਤੋਂ ਮੁਕਤੀ ਦੁਆ ਸਕਦਾ ਹੈ ।[145] ਬ੍ਰਹਮ-ਗਿਆਨ, ਜਿਸ ਤੋਂ ਪ੍ਰਭੂ ਦੀ ਸੋਝੀ ਹੁੰਦੀ ਹੈ, ਸਭ ਤੋਂ ਉੱਤਮ ਹੈ ।[146] ਪਰਮਾਤਮਾ ਤੋਂ ਮਾਇਆ ਕਾਰਨ ਵਿੱਛੜੀ ਆਤਮਾ, ਵਹਿਮਾਂ-ਭਰਮਾਂ ਵਿਚ ਡੁੱਬੀ ਲੱਖ ਜਤਨ ਕਰੇ ਉਸ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ । ਬ੍ਰਹਮ ਗਿਆਨ ਬਿਨਾ ਹਉਮੈ ਦੀ ਦ੍ਵੈਤ ਦੂਰ ਨਹੀਂ ਹੁੰਦੀ, ਅਗਿਆਨ ਜਾਂ ਮਾਇਆ ਦਾ ਝੂਠਾ ਪੜਦਾ ਨਹੀਂ ਹਟਦਾ ਅਤੇ ਮੁਕਤੀ ਦਾ ਰਾਹ ਨਹੀਂ ਦਿਸਦਾ ।[147] ਕੋਰਾ ਗਿਆਨ ਜੋ ਪ੍ਰਭੂ-ਮਿਲਾਪ ਦਾ ਰਸਤਾ ਨਾ ਵਿਖਾਵੇ, ਹਉਮੈ ਵਿਚ ਕੀਤੀ ਸਿਰ-ਖਪਾਈ ਹੀ ਹੈ ਭਾਵੇਂ

---

136. ਮਾਝ ਦੀ ਵਾਰ, ਗੁਰੂ ਗ੍ਰੰਥ, ਪੰਨਾ 145.
137. ਉਹੀ, ਪੰਨਾ 140.
138. ਜਪੁਜੀ, ਉਹੀ, ਪੰਨਾ 6.
139. ਉਹੀ, ਪੰਨਾ 1.
140. ਉਹੀ, ਪੰਨਾ 7.
141. ਮਲਾਰ ਦੀ ਵਾਰ, ਉਹੀ, ਪੰਨਾ 1286.
142. ਉਹੀ, ਪੰਨਾ 1288.
143. ਉਹੀ, ਪੰਨਾ 1289.
144. ਮਾਰੂ ਸੋਲਹੇ, ਉਹੀ, ਪੰਨਾ 1040.
145. ਉਹੀ, ਪੰਨਾ 1022.
146. ਉਹੀ, ਪੰਨਾ 1032.
147. ਆਸਾ ਦੀ ਵਾਰ, ਉਹੀ, ਪੰਨਾ 466.

ਕਿਨਾ ਵੀ ਕਿਉਂ ਨਾ ਹੋਵੇ।[148] ਮੁਕਤੀ ਕੇਵਲ ਗਿਆਨ ਰਾਹੀਂ ਪ੍ਰਾਪਤ ਨਹੀਂ ਹੋ ਸਕਦੀ, ਸ਼ੁਭ ਕਰਮਾਂ ਦਾ ਮਹਤੂ ਵਧੇਰੇ ਹੈ। ਪ੍ਰਭੂ ਘਰ ਵਿਚ ਮੰਦ-ਕਰਮੀ ਗਿਆਨੀ ਨਾਲੋਂ ਨੇਕ ਅਨਪੜ੍ਹ ਜ਼ਿਆਦਾ ਪ੍ਰਵਾਨ ਹੁੰਦਾ ਹੈ।[149]

## (ਅ) ਗੁਰੂ

ਗੁਰੂ ਨਾਨਕ ਦਾ ਦਾਅਵਾ ਹੈ ਕਿ ਗੁਰੂ ਬਿਨਾ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਅਗਿਆਨੀ ਸਤ ਤੋਂ ਸੱਖਣਾ ਹੁੰਦਾ ਹੈ।[150] ਗਿਆਨੀ ਉਹ ਹੈ ਜੋ ਪ੍ਰਭੂ ਦੇ ਗੁਣਾਂ ਨੂੰ ਵਿਚਾਰਦਾ ਹੈ। ਪ੍ਰਭੂ ਦੇ ਗੁਣਾਂ ਦੀ ਡੂੰਘਾਈ ਵਿਚ ਜਾ ਕੇ ਹੀ ਗਿਆਨ ਪ੍ਰਾਪਤ ਹੁੰਦਾ ਹੈ। ਪਰ ਅਜਿਹਾ ਕੋਈ ਵਿਰਲਾ ਹੀ ਹੁੰਦਾ ਹੈ ਜੋ ਇਸ ਤਰ੍ਹਾਂ ਗਿਆਨੀ ਬਣ ਜਾਵੇ। ਜੋ ਪਰਮਾਤਮਾ ਨੂੰ ਜਾਣ ਲੈਂਦਾ ਹੈ, ਉਸ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ, ਉਹ ਉਸ ਵਰਗਾ ਹੀ ਹੋ ਜਾਂਦਾ ਹੈ ਅਤੇ ਉਸ ਦਾ ਜੀਵਨ ਸਫ਼ਲ ਹੋ ਜਾਂਦਾ ਹੈ।[151] ਗਿਆਨ ਦਾ ਸੂਰਜ ਹੀ ਪਾਪਾਂ ਦੇ ਦੈਂਤ ਦਾ ਸੰਘਾਰ ਕਰਦਾ ਹੈ।[152] ਦਖਣੀ ਓਅੰਕਾਰ ਵਿਚ ਇਹ ਗੱਲ ਬਾਰ ਬਾਰ ਕਹੀ ਗਈ ਹੈ ਕਿ ਸੱਚੀ ਵਿਦਿਆ ਉਹ ਹੈ ਜੋ ਸੱਚ, ਗਿਆਨ, ਵਿਚਾਰ, ਅਨੁਭਵ ਅਤੇ ਧਰਮ ਨਾਲ ਸੰਬੰਧਿਤ ਹੋਵੇ। ਉਸ ਮਨੁੱਖ ਦਾ ਹੀ ਜੀਵਨ ਉਪਯੋਗੀ ਹੈ ਜੋ ਇਸ ਅਨੁਸਾਰ ਜੀਵਨ ਨੂੰ ਚਲਾਉਂਦਾ ਹੋਵੇ। ਕੋਰਾ ਸਿਧਾਂਤਕ ਗਿਆਨ ਕਿਸੇ ਕੰਮ ਦਾ ਨਹੀਂ। ਜੋ ਗਿਆਨ ਵੇਚਦਾ ਹੈ, ਉਹ ਮਨਮੁਖ ਹੈ। ਸਚਾ ਅਧਿਆਪਕ ਗੁਰਮੁਖ ਹੁੰਦਾ ਹੈ। ਵਿਦਿਆ ਪ੍ਰਾਪਤੀ ਲਈ ਵਿਦਿਆਰਥੀ ਦਾ ਮਨ ਵੀ ਸੱਚਾ ਹੋਣਾ ਚਾਹੀਦਾ ਹੈ। ਸਿਧ ਗੋਸ਼ਟਿ ਵਿਚ ਗੁਰੂ ਨਾਨਕ ਨੇ ਸਿੱਧਾਂ ਨੂੰ ਗਿਆਨ ਦਾ ਮਹਤੂ ਸਮਝਾਉਂਦਿਆਂ ਕਿਹਾ ਹੈ ਕਿ ਜਿਹੜਾ ਘਰ ਬਾਰ ਰਹਿੰਦਿਆਂ ਵੀ ਆਪਣੇ ਸਰੂਪ ਵਿਚ ਐਸਾ ਟਿਕੇ ਕਿ ਆਪਣੇ ਮਨ ਨੂੰ ਡੋਲਣ ਨਾ ਦੇਵੇ ਉਹੀ ਅਸਲੀ ਤੱਤ-ਗਿਆਨੀ ਹੈ। ਗੁਰੂ ਦੁਆਰਾ ਦੱਸੇ ਗਿਆਨ ਨੂੰ ਵਿਚਾਰਨਾ ਗਿਆਨ ਪ੍ਰਾਪਤੀ ਦਾ ਸਭ ਤੋਂ ਉੱਤਮ ਸਾਧਨ ਹੈ। ਮਨੁੱਖ ਅਗਿਆਨ ਕਾਰਨ ਮਾਨੋਂ ਉਜਾੜ ਜੰਗਲਾਂ ਵਿਚ ਭਟਕਦਾ ਹੈ। ਗਿਆਨ ਹੋਣ ਨਾਲ ਸਭ ਸਿੱਧੀਆਂ, ਬੁੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ।[153]

ਆਸਾ ਦੀ ਵਾਰ ਵਿਚ ਦਸਿਆ ਗਿਆ ਹੈ ਕਿ ਜੋ ਲੋਕ ਆਪਣੇ ਆਪ ਨੂੰ ਬਹੁਤ ਸਿਆਣੇ ਸਮਝਦੇ ਹਨ ਅਤੇ ਗੁਰੂ ਦਾ ਲੜ ਨਹੀਂ ਫੜਦੇ ਉਹ ਸੰਸਾਰਿਕ ਵਿਹਾਰਾਂ ਵਿਚ

---

148. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 467.
149. ਉਹੀ, ਪੰਨਾ 469.
150. ਦਖਣੀ ਓਅੰਕਾਰ, ਉਹੀ, ਪੰਨਾ 934.
151. ਉਹੀ, ਪੰਨਾ 931.
152. ਉਹੀ, ਪੰਨਾ 930.
153 ਸਿਧ ਗੋਸਟਿ, ਉਹੀ, ਪੰਨਾ 940.

ਭਾਵੇਂ ਕਿੰਨੇ ਹੀ ਸਫ਼ਲ ਕਿਉਂ ਨਾ ਹੋਣ, ਦਿਮਾਗੀ ਤੌਰ ਉਤੇ ਉਹ ਨਿਕੰਮੇ ਅਤੇ ਲਾਈ-ਲੱਗ ਹੁੰਦੇ ਹਨ ।[154] ਇਕੋ ਇਕ ਸਰਬ-ਵਿਆਪੀ ਪ੍ਰਭੂ ਨੂੰ ਛੱਡ ਕੇ ਹੋਰਨਾਂ ਮਤਾਂ ਪਿੱਛੇ ਲੱਗਣ ਵਾਲਿਆਂ ਦਾ ਵਿਨਾਸ਼ ਹੁੰਦਾ ਹੈ । ਵਿਰਲੇ ਹੀ ਸੱਚੇ ਗੁਰੂ ਦੀ ਕੀਮਤ ਪਛਾਣ ਕੇ, ਉਸ ਦੇ ਗਿਆਨ ਰਾਹੀਂ ਆਤਮਾ-ਪਰਮਾਤਮਾ ਦੀ ਸੋਝੀ ਪ੍ਰਾਪਤ ਕਰਕੇ ਨਿਹਾਲ ਹੁੰਦੇ ਹਨ ।[155] ਅਗਿਆਨੀ ਮਨੁੱਖ ਪਖੰਡੀ ਮਤਾਂ ਦਾ ਭੁਲਾਇਆ ਮੁਕਤੀ ਲਈ ਸਰੀਰ ਨੂੰ ਕਈ ਤਸੀਹੇ ਦੇਂਦਾ ਹੈ, ਜੰਗਲਾਂ, ਮੜ੍ਹੀਆਂ, ਮਸਾਣਾਂ ਵਿਚ ਟੱਕਰਾਂ ਮਾਰਦਾ ਹੈ, ਪਰ ਤ੍ਰਿਸ਼ਨਾਵਾਂ, ਸੰਸਿਆਂ ਤੋਂ ਛੁਟਕਾਰਾ ਸਿਰਫ਼ ਗੁਰੂ ਸਿਖਿਆ ਰਾਹੀਂ ਮਨ ਵਿਚ ਪ੍ਰਭੂ ਦੇ ਨਾਮ ਦੀ ਟੇਕ, ਅਤੇ ਹਉਮੈ ਦੇ ਵਿਨਾਸ਼ ਤੋਂ ਹੀ ਮਿਲਦਾ ਹੈ ।[156] ਬੌਧਿਕ ਜਾਂ ਸੰਸਾਰਿਕ ਗਿਆਨ ਨਾਲ ਮਾਇਆ ਦਾ ਪਰਦਾ ਦੂਰ ਨਹੀਂ ਹੁੰਦਾ, ਇਸ ਲਈ ਸੱਚੇ ਗੁਰੂ ਦੀ ਲੋੜ ਹੁੰਦੀ ਹੈ ।[157]

### 3. ਸੁਹਜਾਤਮਿਕ ਵਰਗ

ਸੁਹਜ-ਗਿਆਨ, ਸਾਧਾਰਣ ਗਿਆਨ ਤੋਂ ਬੌਧਿਕਤਾ ਦਾ ਅਗਲੇਰਾ ਅਤੇ ਸੂਖਤਮ ਪੜਾਅ ਹੈ । ਮਨੁੱਖ ਜਦੋਂ ਸ੍ਰਿਸ਼ਟੀ ਦੇ ਵਿਡਾਣ ਦਾ ਗਿਆਨ ਹਾਸਿਲ ਕਰਦਾ ਹੈ ਤਾਂ ਇਸ ਦੀ ਅਸੀਮਤਾ, ਸੰਚਾਲਨ ਦੀ ਕਰਮ ਬੱਧ ਸਮਸੁਰਤਾ, ਅਤੇ ਜੀਵਨ ਦੀ ਅਨੇਕਤਾ ਅਤੇ ਅਲੌਕਿਕ ਸੁੰਦਰਤਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ । ਕੁਦਰਤ ਦੇ ਹਰ ਪੱਖ ਦੇ ਸੁਹਜ ਤੋਂ ਪ੍ਰਭਾਵਿਤ ਮਨੁੱਖ ਆਪਣੇ ਜੀਵਨ ਵਿਚ ਵੀ ਸੁਹਜ ਭਰਨ ਦਾ ਯਤਨ ਕਰਦਾ ਹੈ—ਸੁਹਣੀ ਰਹਿਣੀ-ਬਹਿਣੀ, ਸੁਹਣਾ ਘਰ-ਬਾਰ, ਸੁਹਣਾ ਖਾਣਾ-ਪੀਣਾ—ਅਤੇ ਇਵੇਂ ਹੀ ਆਪਣੇ ਕੰਮ-ਕਾਰ ਅਤੇ ਕਲਾ ਵਿਚ ਵੀ ਸੁੰਦਰਤਾ ਅਤੇ ਸਮਸੁਰਤਾ ਭਰਦਾ ਹੈ । ਇਸ ਨਾਲ ਮਨੁੱਖੀ ਬੁੱਧੀ ਦਾ ਸੂਖਤਮ ਵਿਕਾਸ ਹੁੰਦਾ ਹੈ । ਹੋਰਨਾਂ ਮਨੁੱਖੀ ਅਨੁਭਵਾਂ ਅਤੇ ਵਿਚਾਰਾਂ ਦੀ ਤਰ੍ਹਾਂ ਸੁਹਜ ਸੰਬੰਧੀ ਮਨੁੱਖੀ ਵਿਚਾਰਾਂ ਨੂੰ ਵੀ ਤਿੰਨਾਂ ਵਰਗਾਂ ਵਿਚ ਹੀ ਵੰਡਿਆ ਜਾ ਸਕਦਾ ਹੈ : ਭੌਤਿਕ ਸੁਹਜ—ਜਿਵੇਂ ਪ੍ਰਕ੍ਰਿਤੀ ਅਤੇ ਮਨੁੱਖੀ ਕਲਾ ਦੇ ਸੁਹਜ ਸੰਬੰਧੀ ਵਿਚਾਰ; ਬੌਧਿਕ ਸੁਹਜ—ਜਿਵੇਂ ਮਨੁੱਖੀ ਬੁੱਧੀ ਦੇ ਉਤਪੰਨ ਮਨੁੱਖੀ ਸੰਸਾਰ ਅਤੇ ਸਮਾਜ ਦੇ ਸੁਹਜ ਸੰਬੰਧੀ ਵਿਚਾਰ; ਅਤੇ ਅਧਿਆਤਮਿਕ ਸੁਹਜ—ਜਿਵੇਂ ਮਨੁੱਖੀ ਅੰਤਰਬੋਧ ਦੇ ਖੇਤਰ ਵਿਚਲੇ ਆਤਮਾ, ਪਰਮਾਤਮਾ, ਮੁਕਤੀ ਆਦਿ ਸੰਬੰਧੀ ਵਿਚਾਰ ।

(ੳ) **ਭੌਤਿਕ ਸੁਹਜ** ਨੂੰ ਗੁਰਬਾਣੀ ਵਿਚ ਵਧੇਰੇ ਮਹੱਤਾ ਪ੍ਰਦਾਨ ਨਹੀਂ ਹੈ ਅਤੇ ਇਸ ਨੂੰ ਨਾਸ਼ਮਾਨ ਦਸਕੇ ਨਿਮਨ ਪੱਧਰ ਦਾ ਮੰਨਿਆ ਗਿਆ ਹੈ । ਮਾਰੂ ਸੋਲਹੇ ਅਤੇ ਬਾਰਹਮਾਹ ਤੁਖਾਰੀ ਅੰਦਰ ਸ੍ਰਿਸ਼ਟੀ ਅਤੇ ਪ੍ਰਕ੍ਰਿਤੀ ਦੀ ਅਲੌਕਿਕ, ਅਥਾਹ, ਅਸੀਮ ਅਤੇ

---

154. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 463.
155. ਉਹੀ, ਪੰਨਾ 475.
156. ਉਹੀ, ਪੰਨਾ 467-68.
157. ਮਾਰੂ ਸੋਲਹੇ, ਉਹੀ, ਪੰਨਾ 1043.

ਅਕਥ ਸੁੰਦਰਤਾ ਦਾ ਬੜਾ ਹੀ ਵਿਸਤ੍ਰਿਤ ਤੇ ਵਿਸਮਾਦ-ਪੂਰਣ ਵਰਣਨ ਪ੍ਰਾਪਤ ਹੁੰਦਾ ਹੈ। ਪ੍ਰਭੂ ਰਚਿਤ ਸ੍ਰਿਸ਼ਟੀ ਅਤੇ ਪ੍ਰਕ੍ਰਿਤੀ ਦੇ ਸੁਹਜ ਦੇ ਚਿਤ੍ਰਣ ਨਾਲ ਗੁਰੂ ਨਾਨਕ ਇਕ ਤਰ੍ਹਾਂ ਪ੍ਰਭੂ ਅਤੇ ਉਸ ਨਾਲ ਮਿਲਾਪ ਦੇ ਸੁਹਜ ਦੀ ਜਸ-ਕੀਰਤ ਕਰਦੇ ਹਨ। ਬਾਰਹਮਾਹ ਤੁਖਾਰੀ ਅੰਦਰ ਗੁਰੂ ਨਾਨਕ ਬਦਲ ਰਹੀਆਂ ਰੁੱਤਾਂ-ਥਿੱਤਾਂ ਨੂੰ ਇੰਜ ਗਹੁ ਨਾਲ ਪਰਖਦੇ ਹਨ ਕਿ ਉਨ੍ਹਾਂ ਦੇ ਵਰਣਨ ਵਿਚ ਬਦਲ ਰਹੀ ਕੁਦਰਤ ਵੀ ਸਾਕਾਰ ਹੋ ਉਠਦੀ ਹੈ। ਬਦਲ ਰਹੀਆਂ ਰੁੱਤਾਂ ਨਾਲ ਮੌਸਮਾਂ, ਕੁਦਰਤੀ ਪ੍ਰਣਾਲੀਆਂ, ਮਨੁੱਖੀ ਅਤੇ ਬਨਸਪਤੀ ਜੀਵਨ, ਫ਼ਲਾਂ-ਫੁੱਲਾਂ, ਅਤੇ ਪਸ਼ੂਆਂ-ਪੰਛੀਆਂ ਦੇ ਜੀਵਨ ਦੇ ਰੰਗਾਂ ਵਿਚ ਹੋਣ ਵਾਲੀਆਂ ਅਦਭੁੱਤ, ਕੌਤਿਕੀ ਅਤੇ ਰੰਗ-ਬਰੰਗੀਆਂ ਤਬਦੀਲੀਆਂ ਦਾ ਚਿਤ੍ਰਣ ਬੜਾ ਵਿਸਮਾਦੀ ਕੀਤਾ ਗਿਆ ਹੈ। ਇਨ੍ਹਾਂ ਤੋਂ ਮਨੁੱਖ ਨੂੰ ਪ੍ਰਭੂ ਮਿਲਾਪ ਵਲ ਆਕਰਸ਼ਤ ਹੋਣ ਦੀ ਸੋਭਾ ਕੀਤੀ ਗਈ ਹੈ ਜਦਕਿ ਇਨ੍ਹਾਂ ਦੇ ਵਿਸਮਾਦੀ ਸੁਹਜ ਵਿਚ ਗ਼ਲਤਾਨ ਹੋ ਕੇ ਰਹਿ ਜਾਣ ਦੀ ਨਿੰਦਾ ਕੀਤੀ ਗਈ ਹੈ ਕਿ ਇਹ ਸਾਰੇ ਸੁਹਜ-ਸੁਆਦ ਅਸਥਾਈ ਅਤੇ ਨਾਸ਼ਮਾਨ ਹਨ[158] ਜਦ ਕਿ ਇਨ੍ਹਾਂ ਤੋਂ ਪ੍ਰਗਟ ਪ੍ਰਭੂ ਦੇ ਮਿਲਾਪ ਦਾ ਸੁਹਜ-ਸੁਆਦ ਸਦੀਵੀ ਹੈ ਅਤੇ ਵਧੇਰੇ ਅਨੰਦ ਮਈ ਹੈ।[159] ਇਵੇਂ ਹੀ ਸਰੀਰਿਕ ਸੁੰਦਰਤਾ ਵੀ ਸਦੀਵੀ ਨਹੀਂ, ਸਮੇਂ ਨਾਲ ਬੁਢਾਪਾ ਆਉਂਦਾ ਹੈ ਅਤੇ ਜਵਾਨੀ ਦਾ ਅੰਤ ਹੋ ਜਾਂਦਾ ਹੈ।[160] ਮਨੁੱਖ ਕਪੜਾ ਤੇ ਸੁਹਣਾ ਰੂਪ ਇਸੇ ਸੰਸਾਰ ਵਿਚ ਛੱਡ ਜਾਂਦਾ ਹੈ—ਇਹ ਚੀਜ਼ਾਂ ਹਮੇਸ਼ਾ ਸਾਥ ਨਹੀਂ ਦੇਂਦੀਆਂ ਇਸ ਲਈ ਝੂਠੀਆਂ ਹਨ ਭਾਵ ਲਾਲਸਾ ਦੇ ਯੋਗ ਨਹੀਂ ਹਨ।[161]

(ਅ) **ਬੌਧਿਕ ਸੁਹਜ :** ਗੁਰਬਾਣੀ ਵਿਚ ਗਿਆਨ ਅਤੇ ਸਦ-ਗੁਣਾਂ ਨੂੰ ਅਸਲੀ ਸ਼ਿੰਗਾਰ ਮੰਨਿਆ ਗਿਆ ਹੈ। ਦਖਣੀ ਓਅੰਕਾਰ ਵਿਚ ਕਿਹਾ ਗਿਆ ਹੈ ਕਿ ਨਿਰ੍ਹੇ ਦੁਨਿਆਵੀ ਹਾਰ ਸ਼ਿੰਗਾਰ ਆਦਿਕ ਨਾਲ ਪਰਮਾਤਮਾ ਨਹੀਂ ਰੀਝਦਾ, ਉਹ ਤਾਂ ਗੁਣ-ਰੂਪੀ ਹਾਰ ਨੂੰ ਧਾਰਨ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੈ।[162] ਜਪੁਜੀ ਅੰਦਰ ਸਰਮ ਖੰਡ ਵਿਚ, ਮਨੁੱਖ ਦੀ ਸੁਹਜਾਤਮਿਕ ਪੱਖੋਂ ਪ੍ਰਗਤੀ ਦੀ ਟੀਸੀ ਨੂੰ ਹੀ, ਬੌਧਿਕਤਾ ਦੀ ਸਰਵੋਚ ਪ੍ਰਗਤੀ ਮੰਨਿਆ ਗਿਆ ਹੈ।[163] ਮਾਰੂ ਸੋਲਹੇ ਅੰਦਰ ਵਰਣਨ ਹੈ ਕਿ ਸੱਚੇ ਗੁਰੂ ਤੋਂ ਪ੍ਰਾਪਤ ਬ੍ਰਹਮ-ਗਿਆਨ ਏਨਾ ਵਿਸਮਾਦੀ ਹੁੰਦਾ ਹੈ ਕਿ ਮਨੁੱਖ ਉਸਦੇ ਸੁਹਜ ਤੋਂ ਪ੍ਰਭਾਵਿਤ ਹੋ ਕੇ ਸਹਿਜੇ ਹੀ ਪ੍ਰਭੂ-ਭਗਤ ਹੋ ਜਾਂਦੇ ਹਨ।[164] ਮਾਝ ਦੀ ਵਾਰ ਅਨੁਸਾਰ ਸੰਸਾਰ ਵਿਚ ਉਸ ਮਨੁੱਖ ਦੀ ਸੂਝ-ਬੂਝ ਸੁੰਦਰ ਹੈ ਜਿਸ ਨੇ ਪ੍ਰਭੂ ਨਾਲ ਲਗਨ ਲਾਈ ਹੋਵੇ। ਅਜਿਹੇ ਜੀਵਾਂ ਦੇ ਹੀ ਮੁੱਖ

158. ਮਾਝ ਦੀ ਵਾਰ, ਗੁਰੂ ਗ੍ਰੰਥ, ਪੰਨਾ 141-42.
159. ਆਸਾ ਦੀ ਵਾਰ, ਉਹੀ, ਪੰਨਾ 468.
160. ਬਾਰਹਮਾਹ ਤੁਖਾਰੀ, ਉਹੀ, ਪੰਨਾ 1109.
161. ਆਸਾ ਦੀ ਵਾਰ, ਉਹੀ, ਪੰਨਾ 468.
162. ਦਖਣੀ ਓਅੰਕਾਰ, ਉਹੀ, ਪੰਨਾ 437.
163. ਜਪੁਜੀ, ਉਹੀ, ਪੰਨਾ 7-8.
164. ਮਾਰੂ ਸੋਲਹੇ, ਉਹੀ, ਪੰਨਾ 1036.

ਪ੍ਰਭੂ ਦੇ ਦਰ ਤੇ ਸੋਹਭਦੇ ਹਨ,[165] ਉਹ ਸੱਚੇ ਸ਼ਬਦ ਦੇ ਅਨੁਸਰਣ ਦੁਆਰਾ ਸੁਹਣੇ ਲਗਣ ਲਗਦੇ ਹਨ ।[166]

(ੲ) **ਅਧਿਆਤਮਿਕ ਸੁਹਜ** : ਗੁਰਬਾਣੀ ਅਨੁਸਾਰ ਰਚਣਹਾਰ ਪ੍ਰਭੂ ਬੇਅੰਤ ਹੈ, ਆਨੰਦ ਸਰੂਪ ਹੈ, ਸੁੰਦਰ ਅਤੇ ਅਨੂਪ ਹੈ ।[167] ਉਹ ਆਪ ਹੀ ਨਿਪੁੰਨ, ਸੁੰਦਰ ਅਤੇ ਸਿਆਣਾ ਹੈ ।[168] ਉਹ ਆਪ ਵੀ ਸੁੰਦਰ ਹੈ ਅਤੇ ਉਸ ਦੇ ਰਚੇ ਸ੍ਰਿਸ਼ਟੀ ਅਤੇ ਜੀਵ ਵੀ ।[169] ਕੇਵਲ ਪਰਮਾਤਮਾ ਹੀ ਅਸਲ ਵਿਚ ਸੁੰਦਰ ਹੈ, ਭਾਵ ਉਹ ਹੀ ਸੁੰਦਰਤਾ ਦਾ ਮਾਨਦੰਡ ਹੈ—ਉਸ ਤੋਂ ਵਧ ਸੁੰਦਰ ਹੋਰ ਕੁਝ ਨਹੀਂ ।[170] ਉਹ ਏਨਾ ਸੁੰਦਰ ਹੈ ਕਿ ਉਸ ਦੀ ਸੁੰਦਰਤਾ ਤੋਂ ਅਸਚਰਜਤਾ ਅਤੇ ਵਿਸਮਾਦ ਉਤਪੰਨ ਹੁੰਦੇ ਹਨ ।[171] ਮਨੁੱਖ ਅੰਦਰ ਪਰਮਾਤਮਾ ਦੀ ਜੋਤ—ਆਤਮਾ, ਬੜੀ ਅਮੋਲਕ ਅਤੇ ਸੁਹਣੀ ਵਸਤੂ ਹੈ ।[172] ਅਗਿਆਨਤਾ ਕਾਰਨ ਪ੍ਰਭੂ ਤੋਂ ਵਿਛੜੀ ਆਤਮਾ ਨਿਰਾਰਥਕ ਹੁੰਦੀ ਹੈ ਅਤੇ ਜਦੋਂ ਉਸਨੂੰ ਵਿਛੋੜੇ ਦਾ ਗਿਆਨ ਹੁੰਦਾ ਹੈ ਤਾਂ ਪ੍ਰਕ੍ਰਿਤਿਕ ਸੁੰਦਰਤਾ ਡਰਾਉਣੀ ਪ੍ਰਤੀਤ ਹੁੰਦੀ ਹੈ ।[173] ਉਸ ਨੂੰ ਅਸਲੀ ਰੂਪ, ਸੁਖ ਜਾਂ ਆਨੰਦ, ਪ੍ਰਭੂ ਪ੍ਰਾਪਤੀ, ਭਾਵ ਮੁਕਤੀ, ਤੋਂ ਹੀ ਮਿਲਦਾ ਹੈ ਭਾਵ ਮੁਕਤ ਆਤਮਾ ਹੀ ਅਸਲ ਵਿਚ ਰੂਪਮਾਨ ਹੁੰਦੀ ਹੈ ।[174]

## 4. ਨੈਤਿਕ ਵਰਗ

ਨੈਤਿਕ-ਗਿਆਨ, ਭਾਵ ਚੰਗੇ-ਮੰਦੇ ਦੀ ਪਹਿਚਾਣ, ਬੌਧਿਕਤਾ ਦੀ ਟੀਸੀ ਅਤੇ ਸੁਹਜ-ਗਿਆਨ ਦੀ ਸੁਭਾਵਕ ਉਤਪਤੀ ਹੈ । ਸ੍ਰਿਸ਼ਟੀ, ਇਸਦੇ ਅਸੀਮ ਵਿਡਾਣ, ਅਤੇ ਇਸਦੀ ਹਰ ਪ੍ਰਣਾਲੀ ਦੀ ਬਣਤਰ ਅਤੇ ਸੰਚਾਲਨ ਵਿਚ ਅੱਤ ਦੀ ਵਿਵਸਥਾ ਅਤੇ ਕਰਮਬਧ ਸਮਸੁਰਤਾ ਦੇ ਵਿਸਮਾਦੀ ਸੁਹਜ ਤੋਂ ਪ੍ਰਭਾਵਿਤ ਹੋ ਕੇ ਜਦੋਂ ਮਨੁੱਖ ਨੂੰ ਸਰਬ-ਪੱਖੀ ਸੁਹਜ-ਗਿਆਨ ਪ੍ਰਾਪਤ ਹੁੰਦਾ ਹੈ ਤਾਂ ਉਸ ਅੰਦਰ ਵੀ, ਸ਼ਾਇਦ ਇਸ ਲਈ ਕਿ ਉਹ ਵੀ ਇਸ ਸ੍ਰਿਸ਼ਟੀ ਦਾ ਇਕ ਮਹਤਵਪੂਰਣ ਅੰਗ ਹੈ, ਆਪਣੇ ਆਪ, ਆਪਣੇਂ ਜੀਵਨ ਅਤੇ ਆਪਣੇ ਸੰਸਾਰ ਅੰਦਰ ਇਹੋ ਜਿਹੇ ਗੁਣ ਉਤਪੰਨ ਕਰਨ ਦਾ ਚਾਅ ਉਜਾਗਰ ਹੁੰਦਾ ਹੈ, ਤਾਂ ਕਿ ਉਸ ਦਾ

165. ਮਾਝ ਦੀ ਵਾਰ, ਗੁਰੂ ਗ੍ਰੰਥ, ਪੰਨਾ 145.
167. ਉਹੀ, ਪੰਨਾ 139.
167. ਮਾਰੂ ਸੋਲਹੇ, ਉਹੀ, ਪੰਨਾ 1042.
168. ਉਹੀ, ਪੰਨਾ 1021.
169. ਉਹੀ, ਪੰਨਾ 1022.
170. ਦਖਣੀ ਓਅੰਕਾਰ, ਉਹੀ, ਪੰਨਾ 936.
171. ਉਹੀ, ਪੰਨਾ 937.
172. ਮਾਰੂ ਸੋਲਹੇ, ਉਹੀ, ਪੰਨਾ 1039.
173. ਬਾਰਹਮਾਹ ਤੁਖਾਰੀ, ਉਹੀ, ਪੰਨਾ 1108.
174. ਉਹੀ, ਪੰਨਾ 1109.

ਜੀਵਨ ਵੀ ਕੁਦਰਤ ਦੀਆਂ ਪ੍ਰਣਾਲੀਆਂ ਦੀ ਤਰ੍ਹਾਂ ਹੀ ਵਿਵਸਥਿਤ ਸਮਸੁਰਤਾ, ਅਤੇ ਸੁਖ, ਸ਼ਾਂਤੀ ਤੇ ਆਨੰਦ ਵਿਚ ਬਤੀਤ ਹੋਵੇ। ਇਵੇਂ ਆਪਣੇ ਇਸ ਮੰਤਵ ਅਤੇ ਆਸ਼ੇ ਦੀ ਪੂਰਤੀ ਲਈ ਉਪਯੋਗੀ ਵਿਚਾਰਾਂ, ਗੁਣਾਂ ਅਤੇ ਕਰਮਾਂ ਨੂੰ ਮਨੁੱਖ ਚੰਗਾ ਅਤੇ ਉਨ੍ਹਾਂ ਤੋਂ ਉਲਟ ਨੂੰ ਮੰਦਾ ਮੰਨਣ ਲਗ ਪੈਂਦਾ ਹੈ। ਚੰਗੇ-ਮੰਦੇ ਸੰਬੰਧੀ ਇਹ ਵਿਚਾਰ ਹੀ ਨਿਯਮਤ ਰੂਪ ਵਿਚ ਨੈਤਿਕਤਾ ਦਾ ਆਧਾਰ ਬਣਦੇ ਹਨ। ਗੁਰੂ ਨਾਨਕ ਬਾਣੀ, ਖਾਸ ਕਰਕੇ ਆਸਾ ਦੀ ਵਾਰ, ਮਾਰੂ ਸੋਲਹੇ ਅਤੇ ਮਲਾਰ ਦੀ ਵਾਰ ਵਿਚ ਨੈਤਿਕਤਾ ਦੇ ਸਮੁੱਚੇ ਵਿਸ਼ੇ ਸੰਬੰਧੀ ਬਹੁਤ ਵਿਚਾਰ ਉਪਲਬਧ ਹਨ। ਆਪਣੇ ਵਿਸ਼ੇ ਦੇ ਖੇਤ੍ਰ ਦੇ ਅਨੁਸਾਰ ਨੈਤਿਕ ਵਿਚਾਰ ਚਾਰ ਵਰਗਾਂ ਦੇ ਮੰਨੇ ਜਾ ਸਕਦੇ ਹਨ : ਵਿਅਕਤੀਗਤ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ।

(ੳ) **ਵਿਅਕਤੀਗਤ ਨੈਤਿਕਤਾ** : ਜਪੁਜੀ ਅਨੁਸਾਰ ਜ਼ੋਰ ਭਾਵ ਆਤਮ-ਬਲ ਜਾਂ ਸਵੈ-ਸੰਜਮ ਹੀ ਵਿਅਕਤੀਗਤ ਨੈਤਿਕਤਾ ਦਾ ਆਧਾਰ ਹੈ। ਇਸ ਦੇ ਸਹਾਰੇ ਹੀ ਮਨੁੱਖ ਚੰਗੇ ਗੁਣ ਗ੍ਰਹਿਣ ਕਰਕੇ ਮਹਾਂਪੁਰਖ ਬਣਦਾ ਹੈ।[175] ਨਾਨਕ ਬਾਣੀ ਵਿਚ ਮਨੁੱਖ ਲਈ ਪੰਜ ਮੁੱਖ ਅਉਗੁਣ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੱਸੇ ਗਏ ਹਨ, ਅਤੇ ਇਨ੍ਹਾਂ ਪੰਜ ਵਿਕਾਰਾਂ ਜਾਂ ਚੋਰਾਂ ਨੂੰ ਮਾਰਨ ਲਈ ਪੰਜ ਬਾਣ ਜਾਂ ਗੁਣ ਦਸੇ ਗਏ ਹਨ—ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ।[176] ਇਹ ਸ਼ੁਭ ਗੁਣ ਹੀ ਮਨਮੁਖ ਨੂੰ ਗੁਰਮੁਖ ਬਣਾਉਂਦੇ ਹਨ। ਸਾਰੇ ਗੁਣਾਂ ਦਾ ਖ਼ਜ਼ਾਨਾ ਪਰਮਾਤਮਾ ਹੀ ਹੈ। ਰੰਗ-ਬਿਰੰਗੀ ਵਿਸਮਾਦ-ਮਈ ਸ੍ਰਿਸ਼ਟੀ ਦਾ ਰਚਣਹਾਰ ਅਤੇ ਸੰਚਾਲਕ ਪਰਮਾਤਮਾ ਹੀ ਮਨੁੱਖ ਦਾ ਮੁਖ ਆਦਰਸ਼ ਹੈ, ਅਤੇ ਉਸ ਤੋਂ ਹੀ ਮਨੁੱਖ ਗੁਣ ਗ੍ਰਹਿਣ ਕਰਦਾ ਹੈ।[177] ਪ੍ਰਭੂ ਨੂੰ ਮਨੁੱਖ ਦੇ ਉਹੋ ਗੁਣ, ਅਤੇ ਉਨ੍ਹਾਂ ਤੋਂ ਪ੍ਰੇਰਿਤ ਕਰਮ, ਪ੍ਰਵਾਨ ਹਨ ਜੋ ਪ੍ਰਭੂ ਦੀ ਰਜ਼ਾ ਦੇ ਅਨੁਕੂਲ ਹੋਣ। ਲੁਕ ਕੇ ਮੰਦੇ ਕਰਮ ਕਰਨ ਵਾਲਾ ਮਨੁੱਖ ਭੁੱਲ ਜਾਂਦਾ ਹੈ ਕਿ ਪਰਮਾਤਮਾ ਸਰਬ-ਵਿਆਪੀ ਅਤੇ ਸਰਬ-ਗਿਆਤਾ ਹੈ, ਉਸ ਤੋਂ ਕੁਝ ਵੀ ਲੁਕ ਨਹੀਂ ਸਕਦਾ।[178]

ਪ੍ਰਭੂ-ਦਰਬਾਰ ਵਿਚ ਮਨੁੱਖ ਦੇ ਕਰਮਾਂ ਦਾ ਲੇਖਾ ਜੋਖਾ ਰਖਿਆ ਜਾਂਦਾ ਹੈ ਅਤੇ ਅੰਤ ਉਸ ਅਨੁਸਾਰ ਹੀ ਨਬੇੜਾ ਹੁੰਦਾ ਹੈ।[179] ਜੀਵਨ ਦੇ ਅੰਤ ਵਿਚ ਆਤਮਾ ਦੇ ਨਾਲ ਸੰਸਾਰਿਕ ਦੌਲਤਾਂ ਨਹੀਂ ਜਾਂਦੀਆਂ, ਉਸ ਦੇ ਕਰਮਾਂ ਦਾ ਲੇਖਾ ਹੀ ਜਾਂਦਾ ਹੈ ਜਿਸ ਅਨੁਸਾਰ ਹੀ ਉਸ ਨੂੰ ਫ਼ਲ ਭੋਗਣਾ ਪੈਂਦਾ ਹੈ। ਮਨ-ਮਾਨੀਆਂ ਕਰਨ ਵਾਲਿਆਂ ਦੇ ਜਦੋਂ ਭੇਦ ਖੁੱਲਦੇ ਹਨ ਤਾਂ ਫਿਰ ਉਹ ਸ਼ਰਮਿੰਦਗੀ ਨਾਲ ਪਛਤਾਉਂਦੇ ਹਨ।[180] ਸੂਝਵਾਨ ਮਨੁੱਖ ਦੀਰਘ

---

175. ਜਪੁਜੀ, ਗੁਰੂ ਗ੍ਰੰਥ, ਪੰਨਾ 4.
176, ਮਾਰੂ ਸੋਲਹੇ, ਉਹੀ, ਪੰਨਾ 1037-38.
177. ਜਪੁਜੀ, ਉਹੀ, ਪੰਨਾ 2.
178. ਮਾਝ ਦੀ ਵਾਰ, ਉਹੀ, ਪੰਨਾ 142.
179. ਜਪੁਜੀ, ਉਹੀ, ਪੰਨਾ 7.
180. ਆਸਾ ਦੀ ਵਾਰ, ਉਹੀ, ਪੰਨਾ 470-71.

ਦ੍ਰਿਸ਼ਟੀ ਰਾਹੀਂ ਇਸ ਹਸ਼ਰ ਨੂੰ ਪਛਾਣਕੇ ਪਹਿਲਾਂ ਹੀ ਲਾਹੇਵੰਦੀ ਘਾਲਣਾ ਘਾਲਦੇ ਹਨ ।[181] ਪੁੰਨ-ਪਾਪ ਕੇਵਲ ਕਹਿਣ ਨੂੰ ਹੀ ਨਹੀਂ ਹਨ, ਬਲਕਿ ਉਨ੍ਹਾਂ ਅਨੁਸਾਰ ਹੀ ਮਨੁੱਖ ਦੇ ਭਾਗ ਲਿਖੇ ਜਾਂਦੇ ਹਨ। ਮਨੁੱਖ ਦੇ ਦੁਖ-ਸੁਖ, ਜੰਮਣ-ਮਰਨ, ਆਵਾਗੌਣ, ਉਸ ਦੇ ਆਪਣੇ ਕਰਮਾਂ ਅਨੁਸਾਰ ਹੀ ਹੁੰਦੇ ਹਨ ।[182] ਮਨੁੱਖੀ ਜੂਨ ਵੀ ਕੇਵਲ ਚੰਗੇ ਕਰਮਾਂ ਦਾ ਹੀ ਫਲ ਹੈ । ਕਰਮਾਂ ਅਨੁਸਾਰ ਹੀ ਆਤਮਾ ਪ੍ਰਭੂ ਦੇ ਦਰ ਤੋਂ ਨੇੜੇ ਜਾਂ ਦੂਰ ਹੁੰਦੀ ਹੈ ।[183] ਪਰਮਾਤਮਾ ਦੀ ਮਿਹਰ ਪ੍ਰਾਪਤ ਕਰਨ ਲਈ ਪ੍ਰਭੂ ਰਜ਼ਾ ਜਾਂ ਹੁਕਮ ਵਿਚ ਚਲਣਾ, ਭਾਵ ਨੈਤਿਕ ਕਰਮ ਕਰਨੇ ਆਵਸ਼ਕ ਹਨ ।[184]

(ਅ) ਸਮਾਜਿਕ ਨੈਤਿਕਤਾ : ਆਸਾ ਦੀ ਵਾਰ ਵਿਚ ਗੁਰੂ ਨਾਨਕ ਨੇ ਸਮਾਜਿਕ ਨੈਤਿਕਤਾ ਸੰਬੰਧੀ ਬਹੁਤ ਵਿਸਥਾਰ ਪੂਰਵਕ ਟਿਪਣੀ ਕੀਤੀ ਹੈ । ਲੋਕਾਂ ਨੂੰ ਕੁਰਾਹੇ ਪਾ ਕੇ ਉਨ੍ਹਾਂ ਦਾ ਲਾਭ ਉਠਾਉਣ ਵਾਲੇ ਫ਼ਰੇਬੀਆਂ ਅਤੇ ਦੰਭੀਆਂ ਦੀ ਕਠੋਰ ਨਿੰਦਾ ਕੀਤੀ ਗਈ ਹੈ । ਕਿਹਾ ਗਿਆ ਹੈ ਕਿ ਲੋਕਾਂ ਦਾ ਖ਼ੂਨ ਪੀਣ ਵਾਲੇ ਵਿਖਾਵੇ ਲਈ ਬੜੇ ਧਰਮੀ ਬਣਦੇ ਹਨ ਅਤੇ ਧਰਮ ਦੇ ਪਾਖੰਡੀ ਠੇਕੇਦਾਰ ਵੀ ਉਨ੍ਹਾਂ ਨੂੰ ਸਨਮਾਨਿਤ ਕਰਦੇ ਹਨ । ਧਨ-ਦੌਲਤ ਦੀ ਕਮਾਈ, ਸਮਾਜਿਕ ਵਿਹਾਰ ਅਤੇ ਖਾਣ-ਹੰਢਾਉਣ ਵਿਚ ਫ਼ਰੇਬ, ਵਿਖਾਵੇ ਦੀ ਘੋਰ ਨਿੰਦਾ ਕੀਤੀ ਗਈ ਹੈ । ਨੇਕੀ ਦਾ ਰਾਹ ਅਪਨਾਉਣ ਦਾ ਉੱਪਦੇਸ਼ ਦਿਤਾ ਗਿਆ ਹੈ ।[185] ਮਲਾਰ ਦੀ ਵਾਰ ਵਿਚ ਕਿਹਾ ਗਿਆ ਹੈ ਕਿ ਜੋ ਮਨੁੱਖ ਹੋਰਨਾਂ ਮਨੁੱਖਾਂ ਦਾ ਖ਼ੂਨ ਪੀਂਦੇ ਹਨ, ਆਪਣੇ ਹੀ ਭਰਾਵਾਂ ਨੂੰ ਫ਼ਾਹੀ ਵਿਚ ਫ਼ਸਾਉਂਦੇ ਹਨ, ਉਹ ਪ੍ਰਭੂ ਦਰਬਾਰ ਵਿਚ ਪਰਵਾਨ ਨਹੀਂ ਹੁੰਦੇ ।[186] ਸਮਾਜਿਕ ਨਾ-ਬਰਾਬਰਤਾ ਦਾ ਵੀ ਗੁਰੂ ਨਾਨਕ ਖੰਡਨ ਕਰਦੇ ਹਨ । ਉਨ੍ਹਾਂ ਅਨੁਸਾਰ ਕੇਵਲ ਉਸ ਵਿਅਕਤੀ ਨੂੰ ਹੀ ਸਚੀ ਵਡਿਆਈ ਪ੍ਰਾਪਤ ਹੁੰਦੀ ਹੈ ਜੋ ਆਪਣੇ ਆਪ ਨੂੰ ਸਭ ਜੀਵਾਂ ਵਿਚ ਜਾਣਦਾ ਹੈ ਭਾਵ ਜੋ ਹਰ ਜੀਵ ਨੂੰ ਬਰਾਬਰ ਪਰਵਾਨ ਕਰਦਾ ਹੈ ।[187]

ਇਸ ਤੋਂ ਇਲਾਵਾ ਕਿਸੇ ਨੂੰ ਮਲੇਛ ਅਤੇ ਕਿਸੇ ਨੂੰ ਨੀਵੀਂ ਜ਼ਾਤ ਪਾਤ ਦਾ ਕਹਿ ਕੇ ਉਸ ਤੋਂ ਭਿਟਣ ਦੇ ਵਹਿਮ ਦੀ ਵੀ ਨਿੰਦਾ ਕੀਤੀ ਗਈ ਹੈ । ਇਵੇਂ ਹੀ ਸੁੱਚ-ਜੂਠ ਦੇ ਭਰਮ ਵੀ ਵਿਅਰਥ ਦਸੇ ਹਨ । ਗੁਰੂ ਨਾਨਕ ਅਨੁਸਾਰ ਸੱਚਾ ਮਨੁੱਖ ਕੇਵਲ ਉਹ ਹੀ ਹੈ ਜੋ ਸੱਚੇ ਪ੍ਰਭੂ ਦੀ ਸੱਚੀ ਅਰਾਧਨਾ ਰਾਹੀਂ ਮਨ ਨੂੰ ਸੁੱਚਾ ਕਰੇ ।[188] ਪ੍ਰਭੂ ਘਰ ਵਿਚ ਨਬੇੜਾ

181. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 474.
182. ਜਪੁਜੀ, ਉਹੀ, ਪੰਨਾ 4.
183. ਉਹੀ, ਪੰਨਾ 5.
184 ਉਹੀ, ਪੰਨਾ 1.
185. ਆਸਾ ਦੀ ਵਾਰ, ਉਹੀ, ਪੰਨੇ 471-72.
186. ਮਲਾਰ ਦੀ ਵਾਰ, ਉਹੀ, ਪੰਨੇ 1288.
187. ਸਿਧ ਗੋਸਟਿ, ਉਹੀ, ਪੰਨਾ 940.
188. ਆਸਾ ਦੀ ਵਾਰ, ਉਹੀ, ਪੰਨੇ 471-72.

ਤਾਂ ਅਮਲਾਂ ਤੇ ਹੋਣਾ ਹੈ ਜ਼ਾਤ-ਪਾਤ ਜਾਂ ਝੂਠੀ ਸ਼ਾਨ-ਸ਼ੌਕਤ ਤੇ ਨਹੀਂ ।[189] ਗੁਰੂ ਨਾਨਕ ਬਾਣੀ ਵਿਚ ਉਸ ਸਮੇਂ ਦੇ ਸਮਾਜ ਅੰਦਰ ਇਸਤ੍ਰੀ ਦੀ ਲਿਤਾੜੀ ਹੋਈ ਦਸ਼ਾ ਦੇ ਵਿਰੁਧ ਵੀ ਜ਼ੋਰਦਾਰ ਅਵਾਜ਼ ਉਠਾਈ ਗਈ ਹੈ । ਇਸਤ੍ਰੀ, ਜੋ ਮਨੁੱਖੀ ਜੀਵਨ, ਪਰਿਵਾਰ ਅਤੇ ਸਮਾਜ ਦਾ ਅਤਿ-ਆਵੱਸ਼ਕ ਅਤੇ ਮਹੱਤਵਪੂਰਨ ਅੰਗ ਹੈ, ਅਤੇ ਸਾਰੇ ਮਨੁੱਖਾਂ ਦੀ, ਮਹਾਂਪੁਰਖਾਂ ਦੀ ਵੀ, ਜਨਮ-ਦਾਤੀ ਹੈ, ਦੀ ਨਿਰਾਦਰੀ ਦੀ ਨਿੰਦਾ ਕੀਤੀ ਗਈ ਹੈ । [190] ਇਵੇਂ ਹੀ ਸੂਤਕ ਸੰਬੰਧੀ ਭਰਮਾਂ ਦਾ ਵੀ ਪੁਰਜ਼ੋਰ ਖੰਡਨ ਕੀਤਾ ਗਿਆ ਹੈ ।[191]

(ੲ) **ਰਾਜਨੀਤਿਕ ਨੈਤਿਕਤਾ** : ਗੁਰੂ ਨਾਨਕ ਬਾਣੀ ਅੰਦਰ ਸਮਕਾਲੀ ਸਮਾਜ ਦੀ ਕਰੂਰ, ਨਿਰਦਈ ਅਤੇ ਲੁਟੇਰੀ ਰਾਜਨੀਤਿਕ ਸਥਿਤੀ ਉਪਰ ਟਿਪਣੀ ਅਤੇ ਆਲੋਚਨਾ ਕਰਨ ਤੋਂ ਇਲਾਵਾ ਐਸੇ ਅਉਗੁਣਾਂ ਦੀ ਵਿਆਖਿਆ ਵੀ ਕੀਤੀ ਗਈ ਹੈ ਜਿਨ੍ਹਾਂ ਤੋਂ ਰਾਜੇ ਨੂੰ ਬਚ ਕੇ ਚਲਣਾ ਚਾਹੀਦਾ ਹੈ । ਗੁਰੂ ਨਾਨਕ ਅਨੁਸਾਰ ਉਹ ਰਾਜਾ ਅਗਿਆਨੀ ਹੈ ਜੋ ਕੇਵਲ ਰਾਜ, ਮਾਲ ਅਤੇ ਹੋਰ ਦੁਨਿਆਵੀ ਮੋਹ ਮਾਇਆ ਵਿਚ ਹੀ ਮਸਤ ਹੈ ।[192] ਕਿਸੇ ਦਾ ਵੀ ਰਾਜ ਜਾਂ ਸਰਦਾਰੀ ਸਦੀਵੀ ਨਹੀਂ ਸਿਵਾਏ ਪਰਮਾਤਮਾ ਦੀ ਸਰਦਾਰੀ ਦੇ । ਭਾਵੇਂ ਆਮ ਤੌਰ ਤੇ ਪਰਜਾ ਤਾਨਾਸ਼ਾਹ ਅਤੇ ਕ੍ਰੋਧਵਾਨ ਰਾਜੇ ਨੂੰ ਕਰ ਦੇ ਕੇ ਰਾਜ਼ੀ ਕਰ ਸਕਦੀ ਹੈ[193] ਪਰ ਕਈ ਰਾਜੇ ਕਿਸੇ ਤਰ੍ਹਾਂ ਵੀ ਰੱਜਦੇ ਨਹੀਂ ।[194] ਇਸ ਦੇ ਉਲਟ ਸ੍ਰਿਸ਼ਟੀ ਦੇ ਪਾਤਸ਼ਾਹ ਦੇ ਦਰਬਾਰ ਵਿਚ ਪੂਰਾ ਇਨਸਾਫ਼ ਹੁੰਦਾ ਹੈ; ਪ੍ਰਭੂ ਸਭ ਦੀ ਉਚਿਤ ਕੀਮਤ ਪਾਉਂਦਾ ਹੈ ।[195] ਇੰਜ ਹੀ ਹਰ ਰਾਜੇ ਨੂੰ ਹੀ ਇਨਸਾਫ਼ ਉਤੇ ਚੱਲਣਾ ਚਾਹੀਦਾ ਹੈ । ਜੋ ਬੇਸ਼ਰਮ ਰਾਜਾ ਅਤੇ ਉਸ ਦੇ ਅਹਿਲਕਾਰ, ਪਰਜਾ ਨੂੰ ਤੰਗ ਕਰਦੇ ਹਨ, ਲੋਕਾਂ ਦਾ ਲਹੂ ਪੀਂਦੇ ਹਨ, ਜਨਤਾ ਨੂੰ ਦੁਖੀ ਕਰਦੇ ਹਨ, ਉਹ ਪ੍ਰਭੂ ਦਰਬਾਰ ਵਿਚ ਪਰਵਾਨ ਨਹੀਂ ਹੁੰਦੇ ।[196] ਜੇਕਰ ਆਚਰਣਹੀਣ ਪ੍ਰਸ਼ਾਸਕਾਂ ਵਿਚ ਪਾਪ, ਲੋਭ, ਮੋਹ ਦਾ ਵਰਤਾਰਾ ਨਿੰਦਾ-ਜਨਕ ਹੈ ਤਾਂ ਗਿਆਨਹੀਣ ਪਰਜਾ ਵਿਚ ਇਜ਼ਤ ਅਤੇ ਅਣਖ ਦਾ ਘਾਟਾ ਵੀ ਨਿੰਦਾ-ਜਨਕ ਹੈ ।[197] ਗੁਰੂ ਨਾਨਕ ਨੇ ਐਸੇ ਲੋਕਾਂ ਦੀ ਵੀ ਘੋਰ ਨਿੰਦਾ ਕੀਤੀ ਹੈ ਜੋ ਆਪਣੇ ਧਰਮ ਅਤੇ ਵਿਚਾਰਾਂ ਨੂੰ ਲੁਕੋ ਕੇ ਵਿਰੋਧੀ ਵਿਚਾਰਾਂ ਦੇ ਪ੍ਰਸ਼ਾਸਕਾਂ ਨਾਲ ਮਤਲਬ-ਪ੍ਰਸਤੀ ਦਾ ਸਮਰਥਨ ਕਰਦੇ ਹਨ ਅਤੇ ਉਨ੍ਹਾਂ ਦੇ ਜ਼ੁਲਮ ਅਤੇ ਲੁੱਟ-ਖਸੁੱਟ ਵਿਚ

---

189 ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 469 ਅਤੇ ਮਾਝ ਦੀ ਵਾਰ, ਉਹੀ, ਪੰਨਾ 142.

190. ਆਸਾ ਦੀ ਵਾਰ, ਉਹੀ, ਪੰਨਾ 473.

191. ਉਹੀ, ਪੰਨਾ 472.

192. ਮਾਝ ਦੀ ਵਾਰ, ਉਹੀ, ਪੰਨਾ 142.

193. ਉਹੀ, ਪੰਨਾ 143.

194. ਉਹੀ, ਪੰਨਾ 148.

195. ਮਲਾਰ ਦੀ ਵਾਰ, ਉਹੀ, ਪੰਨਾ 1280.

196. ਉਹੀ, ਪੰਨਾ 1288.

197. ਆਸਾ ਦੀ ਵਾਰ, ਉਹੀ, ਪੰਨੇ 468-69.

ਭਾਈਵਾਲ ਬਣਦੇ ਹਨ ।[198]

(ਸ) ਧਾਰਮਿਕ ਨੈਤਿਕਤਾ : ਗੁਰੂ ਨਾਨਕ ਬਾਣੀ ਵਿਚ ਹਰੇਕ ਪ੍ਰਕਾਰ ਦੇ ਧਾਰਮਿਕ ਕਰਮ-ਕਾਂਡਾਂ ਦੀ ਕਠੋਰ ਨਿੰਦਿਆ ਕੀਤੀ ਗਈ ਹੈ । ਤੀਰਥਾਂ, ਤਪਾਂ, ਦਾਨਾਂ[199] ਰਸਮੀ ਇਸ਼ਨਾਨਾਂ[200] ਆਦਿਕ ਦਾ ਖੰਡਨ ਕੀਤਾ ਗਿਆ ਹੈ । ਮੂਰਤੀ ਪੂਜਾ ਦੀ ਵਿਅਰਥਤਾ ਨੂੰ ਦਰਸਾਉਣ ਲਈ ਕਿਹਾ ਹੈ ਕਿ ਪ੍ਰਭੂ ਕਿਸੇ ਹੋਰ ਦੇ ਹਥੀਂ ਨਾ ਹੀ ਸਿਰਜਿਆ ਜਾ ਸਕਦਾ ਹੈ ਤੇ ਨਾ ਹੀ ਥਾਪਿਆ ਜਾ ਸਕਦਾ ਹੈ ।[201] ਮਾਰੂ ਸੋਲਹੇ ਅੰਦਰ ਵਿਚਾਰ ਵਿਅਕਤ ਹੈ ਕਿ ਧਾਰਮਿਕ ਗ੍ਰੰਥਾਂ ਦਾ ਕੋਰਾ ਗਿਆਨ ਫ਼ਜ਼ੂਲ ਹੁੰਦਾ ਹੈ; ਉਸ ਉਪਰ ਵਿਚਾਰ ਕਰਨ ਉਪਰੰਤ ਅਮਲ ਕਰਨਾ ਵੀ ਆਵਸ਼ਕ ਹੈ । ਜਗਤ ਨੂੰ ਤਿਆਗ ਕੇ ਭੁੱਖੇ ਨੰਗੇ ਰਹਿਣਾ, ਥਾਂ ਥਾਂ ਭੌਣਾ, ਤੀਰਥ ਇਸ਼ਨਾਨ ਕਰਨੇ, ਧੂਣੀਆਂ ਤੱਪਾਉਣੀਆਂ ਅਤੇ ਸਰੀਰ ਨੂੰ ਕਸ਼ਟ ਦੇਣਾ ਵੀ ਸੱਚੇ ਧਰਮ ਦੇ ਲੱਛਣ ਨਹੀਂ ਹਨ । ਪੁੰਨ, ਦਾਨ, ਆਦਿਕ ਧਾਰਮਿਕ ਕਰਮ-ਕਾਂਡ ਵੀ ਵਿਅਰਥ ਹਨ, ਕਿਉਂਕਿ ਇਨ੍ਹਾਂ ਨਾਲ ਕਾਮ, ਕ੍ਰੋਧ ਅਤੇ ਹਉਮੈ ਨਹੀਂ ਮਿਟਦੀ ।[202] ਮਲਾਰ ਦੀ ਵਾਰ ਵਿਚ ਗੁਰੂ ਨਾਨਕ ਨੇ ਕਈ ਪ੍ਰਕਾਰ ਦੇ ਕਰਮ-ਕਾਂਡੀ ਧਾਰਮਿਕ ਸੰਪ੍ਰਦਾਵਾਂ ਦੀ ਵਿਅਰਥਤਾ ਦਾ ਵਰਣਨ ਕੀਤਾ ਹੈ । ਕੋਈ ਜੰਗਲੀਂ ਜਾ ਬਹਿੰਦੇ ਹਨ, ਕੋਈ ਮੋਨ ਧਾਰ ਲੈਂਦੇ ਹਨ ; ਕੋਈ ਬਰਫ਼ੀਲੇ ਪਾਣੀਆਂ ਵਿਚ ਬੈਠੇ ਤਪ ਕਰਦੇ ਹਨ; ਕੋਈ ਸਰੀਰ ਤੇ ਸਵਾਹ ਮਲ, ਜਟਾਵਾਂ ਵਧਾ, ਜੰਗਲੀਂ ਘੁੰਮਦੇ ਹਨ; ਕੋਈ ਨੰਗੇ ਫ਼ਿਰਦੇ ਹਨ ਤੇ ਕੋਈ ਸਰੀਰ ਨੂੰ ਅੱਗ ਉੱਤੇ ਸਾੜਦੇ ਹਨ; ਕੋਈ ਸਿਰ ਦੇ ਵਾਲ ਪੁਟਦੇ ਹਨ; ਕੋਈ ਸਦਾ ਗੰਦੇ ਰਹਿੰਦੇ, ਜੂਠ ਮੰਗ ਕੇ ਖਾਂਦੇ ਹਨ ਅਤੇ ਹੱਥੀਂ ਕਿਰਤ ਤੋਂ ਸੰਗਦੇ ਹਨ ।[203] ਕੋਈ ਗਾ ਵਜਾ ਕੇ, ਨੱਚ ਟੱਪ ਕੇ, ਤੇ ਕਈ ਅੰਨ-ਪਾਣੀ ਤਿਆਗ ਕੇ ਪ੍ਰਭੂ ਰਿਝਾਉਣ ਦਾ ਯਤਨ ਕਰਦੇ ਹਨ । ਪਰ ਇਵੇਂ ਤ੍ਰਿਸ਼ਨਾ ਵਧਦੀ ਹੀ ਹੈ, ਧੀਰਜ ਨਹੀਂ ਆ ਸਕਦਾ ।[204]

ਆਸਾ ਦੀ ਵਾਰ ਵਿਚ ਗੁਰੂ ਨਾਨਕ ਨੇ ਉਪਜੀਵਕਾ ਅਤੇ ਧਨ ਦੇ ਲੋਭ ਵਿਚ ਧਰਮ ਦੇ ਨਾਮ ਉੱਤੇ ਲੋਕਾਂ ਨੂੰ ਭਰਮਾਂ-ਭੁਲੇਖਿਆਂ ਤੇ ਅੰਧ-ਵਿਸ਼ਵਾਸਾਂ ਵਿਚ ਪਾਉਣ ਵਾਲਿਆਂ ਦੀ ਕਰੜੀ ਨਿੰਦਾ ਕੀਤੀ ਹੈ ।[205] ਇਹ ਵੀ ਕਿਹਾ ਹੈ ਕਿ ਸਰਬ-ਵਿਆਪੀ ਅਤੇ ਸਰਬ-ਸਮਰੱਥ ਪ੍ਰਭੂ ਦਾ ਰਾਹ ਛੱਡ ਕੇ ਹੋਰਨਾਂ ਮੱਤਾਂ ਪਿੱਛੇ ਲੱਗ ਕੇ ਮਨੁੱਖ ਆਪਣੀ ਇਸ ਭੁਲ ਦਾ ਮੰਦਾ ਫ਼ਲ ਪਾਉਂਦਾ ਹੈ ਅਤੇ ਸਿਵਾਇ ਸਰੀਰਕ ਕਸ਼ਟਾਂ ਅਤੇ ਮਾਨਸਿਕ ਦੁਖਾਂ ਦੇ ਕੁਝ ਪ੍ਰਾਪਤ

198. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 471.
199. ਜਪੁਜੀ, ਉਹੀ, ਪੰਨਾ 4.
200. ਉਹੀ, ਪੰਨਾ 2.
201. ਉਹੀ.
202. ਮਾਰੂ ਸੋਲਹੇ, ਉਹੀ, ਪੰਨਾ 1043.
203. ਮਲਾਰ ਦੀ ਵਾਰ, ਉਹੀ, ਪੰਨਾ 1284.
204. ਉਹੀ, ਪੰਨਾ 1285.
205. ਆਸਾ ਦੀ ਵਾਰ, ਉਹੀ, ਪੰਨਾ 465.

ਨਹੀਂ ਕਰਦਾ।[206] ਗੁਰੂ ਨਾਨਕ ਧਰਮ-ਗ੍ਰੰਥਾਂ ਦੇ ਕੋਰੇ ਪਾਠ, ਮੂਰਤੀ-ਪੂਜਾ ਅਤੇ ਸਮਾਧੀ ਦਾ ਵਿਖਾਵਾ, ਮੂੰਹ ਨੂੰ ਲੋਹੇ ਦੇ ਸ਼ਸਤਰਾਂ ਨਾਲ ਵਿੰਨ੍ਹਣਾ, ਤਿੰਨ ਸਤਰਾਂ ਦੀ ਗਾਇਤ੍ਰੀ ਵਿਚਾਰਨੀ, ਗਲ ਮਾਲਾ ਤੇ ਮੱਥੇ ਤਿਲਕ, ਦੋ ਧੋਤੀਆਂ, ਸਿਰ ਉੱਤੇ ਗਿੱਲਾ ਕੱਪੜਾ ਰੱਖਣ ਆਦਿ ਦੀਆਂ ਕ੍ਰਿਆਵਾਂ ਨੂੰ ਪ੍ਰਭੂ ਭਾਉਂਦੇ ਕਰਮ ਨਹੀਂ ਮੰਨਦੇ।[207] ਇਵੇਂ ਹੀ ਜਨੇਊ ਦੀ ਪ੍ਰਥਾ ਦੀ ਨਿੰਦਾ ਕਰਦੇ ਦਸਦੇ ਹਨ ਕਿ ਨਾ ਤਾਂ ਇਹ ਮਨ ਅਤੇ ਇੰਦ੍ਰੀਆਂ ਉਤੇ ਹੀ ਕਾਬੂ ਪਾਉਂਦਾ ਹੈ ਅਤੇ ਨਾ ਹੀ ਅਗੇ ਹੀ ਨਾਲ ਜਾਂਦਾ ਹੈ ਜਿਸ ਕਾਰਨ ਵਿਅਰਥ ਹੈ।[208] ਇਵੇਂ ਹੀ ਮੁਸਲਮਾਨਾਂ ਦੇ ਭਰਮ ਕਿ ਦਫ਼ਨਾਏ ਗਏ ਨੇਕ ਬੰਦਿਆਂ ਨੂੰ ਕਿਆਮਤ ਦੇ ਦਿਨ ਮੁਹੰਮਦ ਸਾਹਿਬ ਮੁਰਦੇ ਤੋਂ ਉੱਠਾ ਕੇ, ਸਵਰਗ ਵਿਚ ਲੈ ਜਾਣਗੇ, ਦੀ ਵੀ ਭੁਲ ਦਰਸਾਈ ਹੈ ਕਿ ਦੇਹ ਦੀ ਮਿੱਟੀ ਤਾਂ ਮਿੱਟੀ ਵਿਚ ਰਲ ਜਾਂਦੀ ਹੈ ਜੋ ਕਿਤੇ ਦੀ ਕਿਤੇ ਜਾ ਲਗਦੀ ਹੈ ਅਤੇ ਇਵੇਂ ਕਿਆਮਤ ਦੇ ਦਿਨ ਦੇਹ ਅਤੇ ਰੂਪ ਦਾ ਅਸਲ ਵਿਚ ਕੀ ਹਸ਼ਰ ਹੋਵੇਗਾ ਕੇਵਲ ਰਚਨਹਾਰ ਪ੍ਰਭੂ ਨੂੰ ਹੀ ਪਤਾ ਹੋ ਸਕਦਾ ਹੈ।[209]

ਸਿਧ ਗੋਸ਼ਟਿ ਵਿਚ ਸਾਧਕਾਂ ਨੂੰ ਵੱਖਰੇ ਵੱਖਰੇ ਸੰਪ੍ਰਦਾਵਾਂ ਵਿਚ ਵੰਡਣ ਦੀ ਵੀ ਨਿੰਦਾ ਕੀਤੀ ਗਈ ਹੈ। ਗੁਰੂ ਨਾਨਕ ਅਨੁਸਾਰ ਜੋਗੀ ਆਪਣੇ ਬਾਰਾਂ ਫ਼ਿਰਕਿਆਂ ਅਤੇ ਸਨਿਆਸੀ ਦਸ ਫ਼ਿਰਕਿਆਂ ਵਿਚ ਭਰਮਦੇ ਫਿਰਦੇ ਹਨ[210], ਪਰ ਨਿਰੰਜਨ ਨੂੰ ਪ੍ਰਾਪਤ ਕਰਨ ਲਈ ਕਰਮ-ਕਾਂਡ ਤਿਆਗ ਕੇ, ਗੁਰ ਸ਼ਬਦ ਅਨੁਸਾਰ ਕਮਾਈ ਹੀ ਪਰਵਾਨ ਹੁੰਦੀ ਹੈ।[211] ਉੱਤਮ ਧਰਮ ਉਹ ਹੈ ਜੋ ਸਭ ਵਿਤਕਰੇ ਕੱਟ ਕੇ ਇਕ ਨਿਰੰਕਾਰ ਨਾਲ ਜੋੜਦਾ ਹੈ। ਹਮੇਸ਼ਾਂ ਪਰਮਾਤਮਾ ਨੂੰ ਯਾਦ ਕਰੋ, ਅਤੇ ਉਸ ਨੂੰ ਸਭ ਥਾਈਂ ਵਿਆਪਕ ਜਾਣੋ, ਇਹੀ ਸੱਚਾ ਧਰਮ ਹੈ। ਪਰਮਾਤਮਾ ਨੂੰ ਹੀ ਸਭ ਦਰਸ਼ਨਾਂ ਦਾ ਸ੍ਰੋਤ ਅਤੇ ਸਾਰ ਸਮਝਣਾ ਹੀ ਧਰਮ ਦਾ ਅਸਲੀ ਤੱਤ ਹੈ।[212] ਮਲਾਰ ਦੀ ਵਾਰ ਵਿਚ ਵਰਣਨ ਹੈ ਕਿ ਸੰਸਾਰ ਵਿਚ ਕੇਵਲ ਪ੍ਰਭੂ ਦਾ ਨਾਮ ਹੀ ਲਾਹੇਵੰਦਾ ਹੈ। ਜੋ ਸੱਚਾ ਸ਼ਬਦ ਵਿਚਾਰਦੇ ਹਨ, ਉਹ ਪਰਮਾਤਮਾ ਵਿਚ ਸਮਾ ਜਾਂਦੇ ਹਨ। ਕੇਵਲ ਭਗਵੇ ਕਪੜੇ ਪਾ ਕੇ ਅਤੇ ਦੇਸ਼-ਪ੍ਰਦੇਸ਼ ਵਿਚ ਘੁੰਮ-ਘੁਮਾ ਕੇ ਵੀ ਪਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਭੂ ਤਾਂ ਜੀਵ ਦੇ ਆਪਣੇ ਅੰਦਰ ਹੈ। ਜੋ ਭੇਖਾਂ ਦਾ ਵਿਖਾਵਾ ਕਰਦੇ ਹਨ, ਆਵਾਗੌਣ ਵਿਚ ਬੱਝੇ ਰਹਿੰਦੇ ਹਨ।[213]

---

206. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 467.
207. ਉਹੀ, ਪੰਨਾ 470.
208. ਉਹੀ, ਪੰਨਾ 471.
209. ਉਹੀ, ਪੰਨਾ 466.
210. ਸਿਧ ਗੋਸਟਿ, ਉਹੀ, ਪੰਨਾ 941.
211. ਉਹੀ, ਪੰਨਾ 940.
212. ਉਹੀ, ਪੰਨਾ 939.
213. ਮਲਾਰ ਦੀ ਵਾਰ, ਉਹੀ, ਪੰਨਾ 1290.

## 5. ਅਧਿਆਤਮਿਕ ਵਰਗ

ਪਰਾ-ਭੌਤਿਕ ਵਿਸ਼ਿਆਂ, ਜਿਹਾ ਕਿ ਆਤਮਾ, ਪਰਮਾਤਮਾ ਸੰਬੰਧੀ ਵਿਚਾਰ, ਜੋ ਕਿ ਮਨੁੱਖ ਦੀ ਸੂਖਤਮ ਗਿਆਨ ਪ੍ਰਣਾਲੀ ਭਾਵ ਅੰਤਰਬੋਧ ਦਾ ਖੇਤ੍ਰ ਹਨ, ਇਸ ਵਰਗ ਦੇ ਭਾਗੀ ਹਨ। ਅੰਤਰਬੋਧ ਮਨੁੱਖੀ ਚੇਤਨਾ ਦਾ ਅਤੀ ਪ੍ਰਵੀਨ ਅਤੇ ਉੱਚਤਮ ਪੱਧਰ ਹੈ, ਅਤੇ ਇੰਦ੍ਰੀਗਤ ਤੇ ਬੌਧਿਕ ਗਿਆਨ ਵਿਚੋਂ ਉਦ੍ਰਿਤ ਅਤੇ ਉਨ੍ਹਾਂ ਉਪਰ ਹੀ ਆਧਾਰਤ ਹੋਣ ਦੇ ਬਾਵਜੂਦ ਇੰਦ੍ਰੀਆਂ ਅਤੇ ਸਾਧਾਰਨ ਬੁੱਧੀ ਦੀ ਪਹੁੰਚ ਤੋਂ ਉਤਾਂਹ ਹੁੰਦਾ ਹੈ। ਅੰਤਰ-ਬੋਧ ਐਸੇ ਵਿਸ਼ੈ-ਵਸਤੂਆਂ ਬਾਰੇ ਵੀ ਸੰਕਲਪ ਜਾਂ ਗਿਆਨ ਉਦ੍ਰਿਤ ਕਰਨ ਦੇ ਸਮਰੱਥ ਹੁੰਦਾ ਹੈ ਜੋ ਇੰਦ੍ਰੀਗਤ ਅਤੇ ਬੌਧਿਕ ਚੇਤਨਾ ਦੇ ਅਨੁਭਵ ਤੋਂ ਬਾਹਰ ਹੁੰਦੇ ਹਨ। ਇਨ੍ਹਾਂ ਸੰਕਲਪਾਂ ਦੀ ਸੂਝ-ਬੂਝ ਅਤੇ ਮਨੁੱਖੀ ਸੰਸਾਰ ਨੂੰ ਉਸ ਅਨੁਸਾਰ ਢਾਲਣਾ, ਮਨੁੱਖ ਦੇ ਆਤਮਿਕ ਵਿਕਾਸ ਦੀ ਉੱਚਤਮ ਪੱਧਰ ਮੰਨੀ ਜਾਂਦੀ ਹੈ। ਸ੍ਰਿਸ਼ਟੀ ਸੰਬੰਧੀ ਪ੍ਰਵੀਨ ਇੰਦ੍ਰੀਗਤ ਅਤੇ ਬੌਧਿਕ ਗਿਆਨ ਪ੍ਰਾਪਤ ਕਰਨ ਉਪਰੰਤ ਮਨੁੱਖ ਵਲੋਂ ਇਸ ਦੇ ਅਸਚਰਜ-ਜਨਕ ਵਿਡਾਣ ਦੇ ਵਿਸਮਾਦ-ਮਈ, ਅਤੀ ਸੁਹਜਾਤਮਿਕ, ਚੇਤੰਨ, ਵਿਵਸਥਿਤ ਅਤੇ ਕਰਮਬਧ ਰਚਨਾ ਅਤੇ ਸੰਚਾਲਨ ਤੋਂ ਇਸ ਦੀ ਸਰਬ-ਸਮਰਥ, ਸਰਬ-ਗਿਆਤਾ, ਸਰਬ-ਕਲਾ-ਭਰਪੂਰ ਰਚਣਹਾਰ ਸ਼ਕਤੀ ਤੋਂ ਅਣਜਾਣ ਰਹਿਣਾ ਅਸੰਭਵ ਹੋ ਜਾਂਦਾ ਹੈ। ਪਰ ਇਹ ਸ਼ਕਤੀ ਸਰਬ-ਵਿਆਪੀ ਪ੍ਰਤੀਤ ਹੋਣ ਦੇ ਬਾਵਜੂਦ ਸਾਧਾਰਣ ਮਨੁੱਖੀ ਚੇਤਨਾ ਲਈ ਅਦ੍ਰਿਸ਼ਟ, ਅਗਮ ਅਤੇ ਅਗੋਚਰ ਹੈ। ਇਸ ਸ਼ਕਤੀ ਨੂੰ ਭਾਵੇਂ ਬ੍ਰਹਮ ਕਹੀਏ ਜਾਂ ਈਸ਼ਵਰ ਜਾਂ ਪਰਮਾਤਮਾ, ਮਨੁੱਖ ਇਸਦਾ ਸੰਪੂਰਣ ਰੂਪ ਅਤੇ ਵਿਸਥਾਰ ਜਾਣਨ ਦੀ ਤੀਬਰ ਲਾਲਸਾ ਤ੍ਰਿਪਤ ਕਰਨ ਦਾ ਪ੍ਰਯਤਨ ਕੇਵਲ ਅੰਤਰਬੋਧ ਰਾਹੀਂ ਹੀ ਕਰ ਸਕਦਾ ਹੈ।

ਜਿਉਂ ਜਿਉਂ ਯੁਗਾਂ ਯੁਗਾਂਤਰਾਂ ਦੇ ਅਨੁਭਵਾਂ, ਯਤਨਾਂ ਅਤੇ ਪ੍ਰਗਤੀ ਨਾਲ ਮਨੁੱਖੀ ਬੌਧਿਕ ਗਿਆਨ ਵਿਚ ਵਾਧਾ ਹੋਇਆ ਹੈ, ਜਿਨ੍ਹਾਂ ਵਿਚੋਂ ਮਨੁੱਖੀ ਇਤਿਹਾਸ ਦੇ ਪਿਛਲੇ 5000 ਸਾਲਾਂ ਵਿਚ ਤਾਂ ਵਿਸਫ਼ੋਟਕ ਵਾਧਾ ਹੋਇਆ ਹੈ, ਤਿਉਂ ਤਿਉਂ ਮਨੁੱਖੀ ਅੰਤਰਬੋਧ ਦਿਨੋ ਦਿਨ ਵਧਦੀ ਪ੍ਰਵੀਨਤਾ ਸਹਿਤ ਪਰਮਾਤਮਾ ਦੇ ਰੂਪ ਅਤੇ ਵਿਸਥਾਰ ਨੂੰ ਵਧੇਰੇ ਤੋਂ ਵਧੇਰੇ ਸੰਪੂਰਨਤਾ ਨਾਲ ਸੰਕਲਪਿਤ ਕਰਨ ਵਿਚ ਸਫ਼ਲ ਹੋਇਆ ਹੈ। ਪਿਛਲੇ ਪੰਜ ਹਜ਼ਾਰ ਸਾਲ ਦੇ ਅਭਿਲੇਖਤ ਰਿਕਾਰਡ ਤੋਂ ਵੇਖਿਆ ਜਾ ਸਕਦਾ ਹੈ ਕਿ ਮਨੁੱਖ ਨੇ ਸਮੇਂ ਸਮੇਂ ਨਵੇਂ ਗਿਆਨ ਦੇ ਪ੍ਰਕਾਸ਼ ਵਿਚ ਪੁਰਾਣੀਆਂ ਅਧਿਆਤਮਿਕ ਪੱਧਤੀਆਂ ਅੰਦਰ ਪਰਮ-ਸੱਤਾ ਦੇ ਸੰਕਲਪਿਤ ਰੂਪ ਵਿਚ ਊਣਤਾਈਆਂ ਅਨੁਭਵ ਕਰਕੇ ਨਵਾਂ ਤੇ ਸਮੇਂ ਅਨੁਸਾਰ ਵਧੇਰੇ ਸੰਪੂਰਨ ਰੂਪ ਸੰਕਲਪਿਤ ਕਰਨਾ ਆਵੱਸ਼ਕ ਸਮਝਿਆ ਹੈ, ਜਿਸ ਨਾਲ ਨਵੀਆਂ ਅਧਿਆਤਮਿਕ ਪੱਧਤੀਆਂ ਦਾ ਵਿਕਾਸ ਹੁੰਦਾ ਰਿਹਾ ਹੈ। ਗੁਰੂ ਨਾਨਕ ਦੀ ਅਧਿਆਤਮਿਕ ਵਿਚਾਰਧਾਰਾ ਨੂੰ ਇਹ ਅਜੋਕਾ ਸਨਮਾਣ ਅਤੇ ਸੁਵਿਧਾ ਪ੍ਰਾਪਤ ਰਹੀ ਹੈ ਕਿ ਨਾ ਸਿਰਫ਼ ਇਸ ਦੀ ਉਤਪਤੀ ਦੇ ਸਮੇਂ ਆਧੁਨਿਕ ਵਿਗਿਆਨਕ ਯੁਗ ਦੀ ਵਿਸਫ਼ੋਟਕ ਗਿਆਨ-ਵ੍ਰਿਧੀ ਦਾ ਯੁਗ ਸਥਾਪਿਤ ਹੋ ਚੁਕਾ ਸੀ, ਬਲਕਿ ਇਸ ਦੇ ਉਤਪਤੀ ਦੇ ਦੇਸ਼ ਅੰਦਰ ਆਧੁਨਿਕ ਯੁਗ ਦੀਆਂ ਸਾਰੀਆਂ

ਹੀ ਪ੍ਰਮੁੱਖ ਅਧਿਆਤਮਿਕ ਪੱਧਤੀਆਂ ਦੇ ਵਿਚਾਰਾਂ ਦਾ ਪਰਸਪਰ ਸੁਮੇਲ ਹੋ ਚੁਕਾ ਸੀ। ਇਸ ਲਈ ਇਹ ਕੋਈ ਅਚੰਭਾ ਨਹੀਂ ਕਿ ਗੁਰੂ ਨਾਨਕ ਆਪਣੀ ਪ੍ਰਵੀਨ ਅੰਤਰਬੋਧੀ ਸਮਰਥਾ, ਦੇਸ਼ ਦੇਸ਼ਾਂਤਰਾਂ ਦੇ ਭ੍ਰਮਣ ਰਾਹੀਂ ਲਗਪਗ ਸਭ ਪ੍ਰਮੁੱਖ ਧਾਰਮਿਕ ਪ੍ਰਣਾਲੀਆਂ ਦੇ ਅਧਿਐਨ, ਅਤੇ ਆਧੁਨਿਕ ਯੁਗ ਦੀ ਵਿਗਿਆਨਕ ਤਰਕਸ਼ੀਲਤਾ ਦੇ ਆਸਰੇ, ਪਹਿਲੀਆਂ ਸਾਰੀਆਂ ਹੀ ਪ੍ਰਮੁੱਖ ਅਧਿਆਤਮਿਕ ਪੱਧਤੀਆਂ ਦੇ ਮੁਕਾਬਲੇ ਵਿਚ ਪਰਮ-ਸੱਤਾ ਦਾ ਵਧੇਰੇ ਸੰਪੂਰਨ, ਸਾਰਥਿਕ ਅਤੇ ਸਥਾਈ ਸੰਕਲਪ ਚਿਤ੍ਰਣ ਵਿਚ ਸਫ਼ਲ ਹੋਏ ਪ੍ਰਤੀਤ ਹੁੰਦੇ ਹਨ। ਇਹ ਸੰਕਲਪ ਏਨਾ ਪ੍ਰਵੀਨ ਹੈ ਕਿ ਇਸ ਦੇ ਕਿਸੇ ਵੀ ਪੱਖ ਦਾ ਆਧੁਨਿਕ ਵਿਗਿਆਨਕ ਸਿੱਧਾਂਤਾਂ ਨਾਲ ਵੀ ਕੋਈ ਵਿਰੋਧ ਪ੍ਰਤੀਤ ਨਹੀਂ ਹੁੰਦਾ, ਜੋ ਦਾਅਵਾ ਕੋਈ ਵੀ ਹੋਰ ਪਰੰਪਰਾਗਤ ਅਧਿਆਤਮਿਕ ਪ੍ਰਣਾਲੀ ਨਹੀਂ ਕਰ ਸਕਦੀ।

ਸੰਖੇਪ ਰੂਪ ਵਿਚ ਗੁਰੂ ਨਾਨਕ ਬ੍ਰਹਮ ਨੂੰ ਸਰਬ-ਚੇਤੰਨ ਅਤੇ ਸਰਬ-ਸੰਪੰਨ ਪਰਮ ਸੱਤਾ ਅਤੇ ਸਰਬ-ਰਚਣਹਾਰ, ਸਰਬ-ਪ੍ਰਤੀਪਾਲਕ ਅਤੇ ਸਰਬ-ਵਿਆਪਕ ਪਰਮ-ਆਤਮਾ ਮੰਨਦੇ ਹਨ। ਉਨ੍ਹਾਂ ਅਨੁਸਾਰ ਹਰ ਮਨੁੱਖ ਅੰਦਰ ਪਰਮਾਤਮਾ ਦੀ ਅੰਸ਼ਕ ਅਮਰ, ਅਤੇ ਚੇਤੰਨ ਆਤਮਾ ਹੁੰਦੀ ਹੈ ਜੋ ਮਨੁੱਖ ਦੇ ਮਰਨੋਪ੍ਰਾਂਤ ਉਸ ਦੇ ਕਰਮਾਂ ਦੇ ਫ਼ਲ ਅਨੁਸਾਰ ਜੀਵਾਂ ਦੀਆਂ ਚੌਰਾਸੀ ਲੱਖ ਜੂਨਾਂ ਅੰਦਰ ਜਨਮ-ਮਰਨ ਦੇ ਚੱਕਰ ਵਿਚ ਪਈ ਰਹਿੰਦੀ ਹੈ; ਜਿੰਨੀ ਦੇਰ ਸ਼ੁਭ ਕਰਮਾਂ ਦੇ ਫ਼ਲ, ਆਵਾਗੌਣ ਤੋਂ ਮੁਕਤ ਹੋ ਕੇ, ਆਪਣੇ ਅੰਸ਼ੀ ਪਰਮਾਤਮਾ ਵਿਚ ਹੀ ਲੀਨ ਨਹੀਂ ਹੋ ਜਾਂਦੀ। ਇਨ੍ਹਾਂ ਵਿਚਾਰਾਂ ਦਾ ਕੋਈ ਭੌਤਿਕ, ਬੌਧਿਕ ਜਾਂ ਤਾਰਕਿਕ ਪ੍ਰਮਾਣ ਨਹੀਂ ਹੋ ਸਕਦਾ। ਇਨ੍ਹਾਂ ਵਿਚਾਰਾਂ ਜਾਂ ਸੰਕਲਪਾਂ ਦਾ ਕੇਵਲ ਅੰਤਰਬੋਧ ਰਾਹੀਂ ਰਹਸਵਾਦੀ ਅਨੁਭਵ ਹੀ ਹੋ ਸਕਦਾ ਹੈ। ਗੁਰੂ ਨਾਨਕ ਬਾਣੀ ਦੇ ਇਨ੍ਹਾਂ ਅਧਿਆਤਮਿਕ ਵਿਚਾਰਾਂ ਨੂੰ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ: ਆਤਮਾ, ਮੁਕਤੀ ਦੇ ਸਾਧਨ, ਮੁਕਤੀ ਅਤੇ ਮੁਕਤ ਜੀਵ, ਅਤੇ ਪਰਮਾਤਮਾ—ਅਤੇ ਇਹ ਵਿਚਾਰ ਹੀ ਗੁਰੂ ਨਾਨਕ ਬਾਣੀ ਦਾ ਪ੍ਰਧਾਨ ਵਿਸ਼ਾ ਹਨ।

(ੳ) ਆਤਮਾ: ਪੰਜ-ਤੱਤਾਂ ਦੇ ਮਨੁੱਖੀ ਸਰੀਰ ਵਿਚ ਆਤਮਾ ਦਾ ਵਾਸ ਹੁੰਦਾ ਹੈ, ਜੋ ਪਰਮਾਤਮਾ ਦਾ ਹੀ ਅੰਸ਼ ਹੁੰਦੀ ਹੈ,[214] ਅਤੇ ਜੋ ਪ੍ਰਭੂ ਦੇ ਹੁਕਮ ਅਨੁਸਾਰ ਹੀ ਇਸ ਜਗਤ ਵਿਚ ਆਉਂਦੀ ਅਤੇ ਹੁਕਮ ਅਨੁਸਾਰ ਹੀ ਵਿਚਰਦੀ ਹੈ।[216] ਹੰਸ ਰੂਪੀ ਨਿਰਮਲ ਜੀਵਾਤਮਾ ਕਾਇਆ ਰੂਪੀ ਨਾਰ ਨਾਲ ਪ੍ਰੀਤ ਬਣਾ ਲੈਂਦਾ ਹੈ। ਜੀਵਾਤਮਾ ਜੋਗੀ ਹੈ, ਜੋ ਫ਼ੇਰਾ ਪਾ ਕੇ ਦੇਹ ਨਾਲ ਰੰਗ ਰਲੀਆਂ ਮਾਨਣ ਪਿਛੋਂ ਤੁਰਨ ਲਗਿਆਂ ਪੁਛਦਾ ਵੀ ਨਹੀਂ[217]। ਪ੍ਰਭੂ ਆਪਣੀ ਸਿਰਜਣ ਸ਼ਕਤੀ ਮਾਇਆ, ਜਿਸ ਵਿਚ ਉਹ ਆਪ ਹੀ ਵਿਆਪਕ ਹੁੰਦਾ ਹੈ,[218]

214. ਮਾਰੂ ਸੋਲਹੇ, ਗੁਰੂ ਗ੍ਰੰਥ, ਪੰਨਾ 1031.
215. ਜਪੁਜੀ, ਉਹੀ, ਪੰਨਾ 1.
216. ਮਾਝ ਦੀ ਵਾਰ, ਉਹੀ, ਪੰਨਾ 142.
217. ਮਾਰੂ ਸੋਲਹੇ, ਉਹੀ, ਪੰਨਾ 1031.
218 ਆਸਾ ਦੀ ਵਾਰ, ਉਹੀ, ਪੰਨਾ 466.

ਰਾਹੀਂ ਆਤਮਾ ਵਿਚ ਆਪਣੇ ਤੋਂ ਵਖਰੀ ਹੋਂਦ ਦਾ ਦ੍ਵੈਤ ਭਾਵ ਉਤਪੰਨ ਕਰਦਾ ਹੈ।[219] ਇਸ ਮਾਇਆ ਦੇ ਪੜਦੇ ਕਾਰਣ ਹੀ ਆਤਮਾ ਨੂੰ ਪਰਮਾਤਮਾ ਦੀ ਸੋਝੀ ਨਹੀਂ ਰਹਿੰਦੀ।[220] ਆਤਮਾ ਇਸ ਦ੍ਵੈਤ ਅਤੇ ਆਪਣੇ ਸੰਸਾਰਿਕ ਕਰਮਾਂ ਦੇ ਫ਼ਲ ਸਰੂਪ ਪ੍ਰਭੂ ਤੋਂ ਵਿਛੜੀ ਰਹਿੰਦੀ ਹੈ, ਕਿਉਂਕਿ ਉਹ ਨਿਰੰਕਾਰ ਨੂੰ ਭੁਲਾ ਕੇ ਮਾਇਆ ਅਪਣਾ ਲੈਂਦੀ ਹੈ।[221] ਇਵੇਂ ਆਤਮਾ ਇਸ ਜਗਤ ਵਿਚ ਆ ਕੇ, ਦੈਵੀ ਵਿਧਾਨ ਦੇ ਭੌਤਿਕੀ ਚਕਰ ਵਿਚ ਪਈ, ਭੈੜੀ ਮੱਤ ਦੀ ਬੱਧੀ, ਮਾਇਆ ਜਾਲ ਵਿਚ ਫ਼ਸ ਜਾਂਦੀ ਹੈ ਅਤੇ ਮਨ ਦੇ ਪਿਛੇ ਲਗ ਕੇ ਜੀਵਨ ਦਾ ਲਾਹਾ ਗੁਆ ਲੈਂਦੀ ਹੈ।[222]

ਪ੍ਰਭੂ ਆਪ ਹੀ ਆਤਮਾ ਤੇ ਸਰੀਰ ਦਾ ਮੇਲ ਕਰਾਉਂਦਾ ਹੈ ਜਿਸ ਤੋਂ ਜੀਵ ਸੰਸਾਰ ਵਿਚ ਮਾਇਆ ਦੇ ਭੋਗ ਭੋਗਦਾ ਦੁਖ ਸਹੇੜਦਾ ਅਤੇ ਆਵਾਗੌਣ ਦੇ ਚੱਕਰ ਵਿਚ ਫ਼ਸਿਆ ਰਹਿੰਦਾ ਹੈ। ਇਵੇਂ ਪ੍ਰਭੂ ਹੀ ਜੀਵਾਂ ਨੂੰ ਪੈਦਾ ਕਰਕੇ ਉਨ੍ਹਾਂ ਨੂੰ ਖ਼ੁਆਰ ਕਰਦਾ ਹੈ।[223] ਹਉਮੈ ਵਿਚ ਕੀਤੇ ਕੁਕਰਮਾਂ ਤੋਂ ਪ੍ਰਭੂ[224] ਦੇ ਹੁਕਮ ਦੇ ਵਿਧਾਨ ਕਾਰਨ[225] ਪਏ ਬੰਧਨਾ ਅਧੀਨ ਆਵਾਗੌਣ ਦਾ ਚਕਰ ਜਨਮਾਂ-ਜਨਮਾਂਤਰਾਂ ਤਕ ਚਲਦਾ ਹੈ।[226] ਪਰ ਆਤਮਾ ਹਉਮੈ ਦਾ ਲੜ ਛਡ ਕੇ, ਆਪਾ ਪਛਾਣ ਲੈਂਦੀ ਹੈ ਤਾਂ ਦ੍ਵੈਤ ਭਾਵ ਮਿਟ ਜਾਂਦਾ ਹੈ ਅਤੇ ਆਤਮਾ ਪਰਮਾਤਮਾ ਇਕ ਹੋ ਜਾਂਦੇ ਹਨ।[227] ਗੁਰੂ ਮਾਰਗ ਉਤੇ ਚਲ ਕੇ, ਗੁਰੂ ਨੂੰ ਵਚੋਲਾ ਬਣਾ ਕੇ ਉਸ ਦੇ ਗਿਆਨ ਦੇ ਆਸਰੇ ਹੀ ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਸਕਦਾ ਹੈ।[228] ਜਦੋਂ ਇਵੇਂ ਮਾਇਆ ਦਾਂ ਪੜਦਾ ਹਟਦਾ ਹੈ ਤਾਂ ਮਨੁੱਖ 'ਗੁਰਮੁਖ' ਮੰਨਿਆ ਜਾਂਦਾ ਹੈ ਅਤੇ ਆਤਮਾ ਮੁਕਤੀ ਦੀ ਭਾਗੀ ਬਣਦੀ ਹੈ।[229] ਆਤਮਾ ਵਿਚ ਪਰਮਾਤਮਾ ਹੀ ਹੈ ਅਤੇ ਅੰਤ ਵਿਚ ਉਹ ਪਰਮਾਤਮਾ ਵਿਚ ਹੀ ਜਾ ਸਮਾਉਂਦੀ ਹੈ। ਪ੍ਰਭੂ ਦਾ ਇਹ ਬੜਾ ਹੀ ਅਸਚਰਜ ਕੌਤਿਕ ਹੈ।[229] ਕੇਵਲ ਸੱਚੀ ਤੇ ਸੁੱਚੀ ਆਤਮਾ ਹੀ ਪਰਮਾਤਮਾ ਵਿਚ ਸਮਾ ਕੇ ਮੁਕਤ ਹੁੰਦੀ ਹੈ, ਕੱਚੀ ਆਤਮਾ, ਆਵਾਗੌਣ ਦੇ ਗੇੜ ਵਿਚ ਪਈ ਰਹਿੰਦੀ ਹੈ।[230]

(ਅ) ਮੁਕਤੀ ਦੇ ਸਾਧਨ : ਗੁਰੂ ਨਾਨਕ ਬਾਣੀ ਅਨੁਸਾਰ ਮੁਕਤੀ ਦਾ ਕੇਵਲ ਇਕ

---

219. ਆਸਾ ਦੀ ਵਾਰ, ਗੁਰੂ ਗ੍ਰੰਥ, ਪੰਨਾ 466.
220 ਜਪੁਜੀ, ਉਹੀ, ਪੰਨਾ 7.
221. ਬਾਰਹਮਾਹਾ ਤੁਖਾਰੀ, ਉਹੀ, ਪੰਨਾ 1108.
222. ਸਿਧ ਗੋਸਟਿ, ਉਹੀ, ਪੰਨਾ 939.
223. ਮਾਝ ਦੀ ਵਾਰ, ਉਹੀ, ਪੰਨਾ 139.
224. ਆਸਾ ਦੀ ਵਾਰ, ਉਹੀ, ਪੰਨਾ 466.
225 ਉਹੀ, ਪੰਨਾ 472.
226. ਉਹੀ, ਪੰਨਾ 465.
227. ਸਿਧ ਗੋਸ਼ਟਿ, ਉਹੀ, ਪੰਨਾ 945.
228. ਬਾਰਹਮਾਹ ਤੁਖਾਰੀ, ਉਹੀ, ਪੰਨੇ 1108-09.
229. ਜਪੁਜੀ, ਆਸ ਦੀ ਵਾਰ, ਉਹੀ, ਪੰਨਾ 469.
230 ਉਹੀ, ਪੰਨਾ 463.

ਹੀ ਮੁੱਖ ਸਾਧਨ ਹੈ : ਪ੍ਰਭੂ ਦੀ ਮਿਹਰ,[231] ਹੋਰ ਸਭ ਸਾਧਨ ਇਸਦੇ ਅਧੀਨ ਹਨ। ਭਾਵੇਂ ਪ੍ਰਭੂ ਮਿਹਰਬਾਨ ਹੈ,[232] ਕੇਵਲ ਉਹ ਮਨੁੱਖ ਹੀ ਸੁਖ ਮਾਣਦੇ ਅਤੇ ਜਨਮ ਸਵਾਰਦੇ ਹਨ, ਜਿਨ੍ਹਾਂ ਉਤੇ ਪ੍ਰਭੂ ਮਿਹਰ ਕਰੇ।[233] ਪ੍ਰਭੂ, ਮੁਕਤੀ ਦਾ ਰਾਹ ਕੇਵਲ ਉਨ੍ਹਾਂ ਨੂੰ ਵਿਖਾਂਦਾ ਹੈ ਜਿਨ੍ਹਾਂ ਉਤੇ ਮਿਹਰਬਾਨ ਹੁੰਦਾ ਹੈ, ਹੋਰਨਾਂ ਨੂੰ ਕੁਰਾਹੇ ਪਾ ਦੇਂਦਾ ਹੈ। ਭਗਤੀ ਉਹੋ ਕਰਦੇ ਹਨ, ਜਿਨ੍ਹਾਂ ਉਤੇ ਪ੍ਰਭੂ ਮਿਹਰ ਕਰੇ ਅਤੇ ਸੱਚੇ ਗੁਰੂ ਨਾਲ ਮੇਲ ਕਰਾਵੇ। ਸੱਚੇ ਗੁਰੂ ਤੋਂ ਪ੍ਰਾਪਤ ਬ੍ਰਹਮ-ਗਿਆਨ ਅਤੇ (ਉਸ ਉਪ੍ਰੰਤ ਵੀ) ਪ੍ਰਭੂ-ਮਿਹਰ ਨਾਲ ਮੁਕਤੀ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ।[234] ਜਪੁਜੀ ਦੀ ਅੰਤਮ ਪਉੜੀ ਵਿਚ ਮੁਕਤੀ ਦੇ ਤਿੰਨੇ ਮੁਖ ਸਾਧਨਾਂ—ਗਿਆਨ, ਭਗਤੀ ਅਤੇ ਨੈਤਿਕ ਕਰਮਾਂ ਨੂੰ ਅਪਣਾਉਣ ਦੇ ਉਪਦੇਸ਼ ਉਪਰੰਤ ਦ੍ਰਿੜ ਕੀਤਾ ਗਿਆ ਹੈ ਕਿ ਨਾ ਕੇਵਲ ਇਹ ਸਾਧਨ ਵੀ ਪ੍ਰਭੂ-ਮਿਹਰ ਰਾਹੀਂ ਹੀ ਸੰਪੰਨ ਹੁੰਦੇ ਹਨ, ਇਨ੍ਹਾਂ ਦੀ ਸਫ਼ਲ ਸਾਧਨਾ ਉਪਰੰਤ ਵੀ ਪ੍ਰਭੂ-ਕ੍ਰਿਪਾ ਹੋਵੇ ਤਾਂ ਹੀ ਮੁਕਤੀ ਪ੍ਰਾਪਤ ਹੁੰਦੀ ਹੈ; ਨਿਰੇ ਸਾਧਨਾਂ ਦੇ ਫ਼ਲ ਕਰਕੇ ਹੀ ਨਹੀਂ।[235] ਇਥੋਂ ਤਕ ਕਿ ਪ੍ਰਭੂ ਦੇ ਘਰ ਵਿਚ ਪਰਵਾਨ ਆਤਮਾਵਾਂ ਨੂੰ ਵੀ ਮੁਕਤੀ ਲਈ ਪ੍ਰਭੂ ਦੀ ਮਿਹਰ ਦੀ ਆਵਸ਼ਕਤਾ ਹੁੰਦੀ ਹੈ।[236]

ਪ੍ਰਭੂ ਦੀ ਮਿਹਰ ਭਾਵੇਂ ਮੁਕਤੀ ਲਈ ਸਰਵ ਸ੍ਰੇਸ਼ਠ ਸਾਧਨ ਮੰਨਿਆ ਗਿਆ ਹੈ, ਗੁਰੂ ਨਾਨਕ ਬਾਣੀ ਅਨੁਸਾਰ ਇਸ ਦੀ ਪ੍ਰਾਪਤੀ ਲਈ ਵੀ ਮਨੁੱਖ ਨੂੰ ਪ੍ਰਯਤਨਸ਼ੀਲ ਹੋਣ ਦੀ ਆਵਸ਼ਕਤਾ ਹੁੰਦੀ ਹੈ। ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਪਰਵਾਨ ਮੁਕਤੀ ਦੇ ਤਿੰਨੇ ਸਾਧਨਾਂ ਭਾਵ ਗਿਆਨ, ਕਰਮ ਅਤੇ ਭਗਤੀ ਨੂੰ, ਗੁਰੂ ਨਾਨਕ ਨੇ, ਪ੍ਰਭੂ ਦੀ ਮਿਹਰ, ਅਤੇ ਉਸ ਦੇ ਫ਼ਲ ਸਰੂਪ ਮੁਕਤੀ ਲਈ ਆਵਸ਼ਕ ਪ੍ਰਯਤਨ, ਅਤੇ ਇਸੇ ਚੜ੍ਹਦੇ ਸੋਪਾਨ ਵਿਚ, ਇਕ ਦੂਸਰੇ ਤੋਂ ਉੱਚਾ ਪੜਾਅ ਮੰਨੇ ਹਨ। ਭਾਵੇਂ ਭਾਰਤੀ ਪਰੰਪਰਾ ਦੀਆਂ ਵੱਖੋ ਵੱਖ ਪ੍ਰਣਾਲੀਆਂ ਨੇ ਇਨ੍ਹਾਂ ਤਿੰਨਾਂ ਹੀ ਸਾਧਨਾਂ ਵਿਚੋਂ ਕਿਸੇ ਨੂੰ ਵੱਧ ਮਹੱਤਾ ਦਿੱਤੀ ਹੈ ਤੇ ਕਿਸੇ ਨੂੰ ਘੱਟ, ਗੁਰੂ ਨਾਨਕ ਨੇ ਇਨਾਂ ਤਿੰਨਾਂ ਦੀ ਸਮਾਨ ਮਹੱਤਾ ਮੰਨੀ ਹੈ। ਗੁਰੂ ਨਾਨਕ ਅਨੁਸਾਰ ਪ੍ਰਭੂ-ਮਿਹਰ ਜਿੱਤਣ ਲਈ ਭਾਵੇਂ ਸਭ ਤੋਂ ਉਚੇਰਾ ਸਾਧਨ ਭਗਤੀ ਹੈ, ਪਰ ਭਗਤੀ ਦੇ ਯੋਗ ਬਿਰਤੀ ਬਣਾਉਣ ਲਈ ਮਨੁੱਖ ਨੂੰ ਆਪਣੇ ਜੀਵਨ ਅੰਦਰ ਸ਼ੁਭ ਕਰਮਾਂ ਦਾ ਅਨੁਸਰਣ ਕਰਨਾ ਆਵਸ਼ਕ ਹੈ, ਜਿਸ ਦੀ ਸੂਝ-ਬੂਝ ਕੇਵਲ ਗਿਆਨ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਇਵੇਂ ਗੁਰੂ ਨਾਨਕ ਮੁਕਤੀ ਹਿਤ ਪ੍ਰਭੂ ਮਿਹਰ ਦੀ ਪ੍ਰਾਪਤੀ ਲਈ ਗਿਆਨ, ਕਰਮ ਅਤੇ ਭਗਤੀ ਤਿੰਨੋਂ ਹੀ ਸਾਧਨਾਂ ਦੀ ਇਕੱਠੀ ਅਤੇ ਇਕੋ ਜਿਹੀ ਮਹੱਤਾ ਪਰਵਾਨ ਕਰਦੇ ਹਨ।[237]

---

231. ਦਖਣੀ ਓਅੰਕਾਰ, ਗੁਰੂ ਗ੍ਰੰਥ, ਪੰਨਾ 934.
232. ਆਸਾ ਦੀ ਵਾਰ, ਉਹੀ, ਪੰਨਾ 475.
233. ਉਹੀ.
234. ਉਹੀ, ਪੰਨਾ 469.
235. ਜਪੁਜੀ, ਉਹੀ, ਪੰਨਾ 8.
236. ਉਹੀ, ਪੰਨਾ 7.
237. ਉਹੀ, ਪੰਨਾ 8.

ਮਲਾਰ ਦੀ ਵਾਰ ਵਿਚ ਇਸ ਸੰਕਲਪ ਦਾ ਸਪਸ਼ਟ ਰੂਪ ਪ੍ਰਗਟ ਹੈ। ਵਰਣਨ ਹੈ ਕਿ ਜਦੋਂ ਮਨੁੱਖ ਨੂੰ ਗਿਆਨ ਹੁੰਦਾ ਹੈ ਕਿ ਪ੍ਰਭੂ ਦਾ ਘਰ ਉਸਦੇ ਅੰਦਰ ਹੀ ਹੈ ਤਾਂ ਉਸ ਦਾ ਜੀਵਨ ਸੰਗੀਤਮਈ ਹੋ ਜਾਂਦਾ ਹੈ ਅਤੇ ਮਨੁੱਖ ਸ੍ਰਿਸ਼ਟੀ ਦੀ ਅਸੀਮਤਾ ਅਤੇ ਸੁੰਦਰਤਾ ਤੋਂ ਵਿਸਮਾਦ-ਭਰਪੂਰ ਹੋ ਕੇ ਪ੍ਰਭੂ-ਭਗਤੀ ਵੱਲ ਸੁਰਤ ਜੋੜਦਾ ਹੈ ਜਿਸ ਨਾਲ ਉਸ ਦੀਆਂ ਮਾਨਸਿਕ ਖਾਹਿਸ਼ਾਂ ਸੀਮਿਤ ਹੋ ਜਾਂਦੀਆਂ ਹਨ ਅਤੇ ਉਹ ਮੋਹ ਮਾਇਆ ਤੋਂ ਬੇਮੁੱਖ ਅਤੇ ਸ਼ਾਂਤ-ਚਿੱਤ ਹੋ ਜਾਂਦਾ ਹੈ—ਭਾਵ ਉਸ ਦੇ ਕਰਮ ਚੰਗੇ ਹੋ ਜਾਂਦੇ ਹਨ।[238]

ਭਾਵੇਂ ਗੁਰੂ ਨਾਨਕ ਬਾਣੀ ਦੇ ਸਾਧਾਰਨ ਅਧਿਐਨ ਰਾਹੀਂ ਮੁਕਤੀ ਲਈ ਕਈ ਸਾਧਨ ਦਰਸਾਏ ਪ੍ਰਤੀਤ ਹੁੰਦੇ ਹਨ ਜਿਹਾ ਕਿ ਤ੍ਰਿਸ਼ਨਾਵਾਂ ਅਤੇ ਹਉਮੈ ਦਾ ਵਸ਼ੀਕਰਨ, ਪ੍ਰਭੂ ਦਾ ਭਾਣਾ ਮੰਨਣਾ, ਗੁਰੂ ਸਿਖਿਆ ਦਾ ਅਨੁਸਰਣ, ਸਤਿ-ਸੰਗਤ, ਨਾਮ ਜਪਣ, ਅਤੇ ਅਰਦਾਸ ਆਦਿ, ਪਰ ਇਹ ਸਾਰੇ ਦੇ ਸਾਰੇ ਉਕਤ ਤਿੰਨੋਂ ਮੁੱਖ ਸਾਧਨਾਂ ਵਿਚੋਂ ਕਿਸੇ ਇਕ ਜਾਂ ਦੂਸਰੇ ਨਾਲ ਹੀ ਸੰਬੰਧਤ ਹਨ। ਇਵੇਂ ਗੁਰੂ ਨਾਨਕ ਬਾਣੀ ਵਿਚ ਵਰਣਿਤ ਸਾਰੇ ਹੀ ਮੁਕਤੀ ਦੇ ਸਾਧਨ ਅਸਲ ਵਿਚ ਇਨ੍ਹਾਂ ਤਿੰਨ ਮੁੱਖ ਸਾਧਨਾਂ ਦੇ ਹੀ ਵੱਖੋ ਵੱਖ ਰੂਪ ਜਾਂ ਭਾਗ ਹਨ: ਗਿਆਨ, ਕਰਮ ਅਤੇ ਭਗਤੀ।

(1) ਗਿਆਨ : ਗੁਰੂ ਨਾਨਕ ਅਨੁਸਾਰ ਮੁਕਤੀ ਪ੍ਰਾਪਤ ਕਰਨ ਲਈ ਥਾਂ ਥਾਂ ਟੱਕਰਾਂ ਮਾਰਨ ਦੀ ਲੋੜ ਨਹੀਂ, ਮਨੁੱਖ ਗੁਰੂ-ਸ਼ਬਦ ਰਾਹੀਂ ਹਰ ਥਾਂ ਗਿਆਨ ਪ੍ਰਾਪਤ ਕਰਕੇ ਮੁਕਤੀ ਦਾ ਭਾਗੀ ਬਣ ਸਕਦਾ ਹੈ। ਗੁਰੂ ਦੇ ਮਿਲਾਪ ਰਾਹੀਂ ਅਗਿਆਨ ਮਿਟਦਾ ਹੈ।[239] ਗਿਆਨ ਰਾਹੀਂ ਤ੍ਰਿਸ਼ਨਾਵਾਂ ਦੀ ਅਗਨੀ ਦੂਰ ਹੁੰਦੀ ਹੈ[240] ਅਤੇ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ। ਗੁਰੂ ਦੇ ਦਰਸਾਏ ਗਿਆਨ ਨੂੰ ਵਿਚਾਰਨਾ ਹੀ ਅਸਲੀ ਗਿਆਨ ਹੈ। ਨਿਰੰਜਨ ਨੂੰ ਲੱਭਣ ਲਈ ਹੋਰ ਕਰਮ-ਕਾਂਡ ਛੱਡ ਕੇ ਸੱਚਾ ਸਿੱਖ ਗੁਰੂ-ਸ਼ਬਦ ਅਨੁਸਾਰ ਕਮਾਈ ਕਰਦਾ ਹੈ। ਇਵੇਂ ਉਹ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ।[241] ਗੁਰੂ ਸਭ ਵੇਦਾਂ-ਸ਼ਾਸਤ੍ਰਾਂ ਦਾ ਗਿਆਨ ਕਰਾ ਦੇਂਦਾ ਹੈ। ਗੁਰੂ ਦੁਆਰਾ ਮਨ ਦੀ ਨਿਸ਼ਾ ਹੋ ਜਾਣ ਉਤੇ ਸੰਸਾਰ-ਸਾਗਰ ਤਰ ਜਾਈਦਾ ਹੈ। ਗਿਆਨ ਜੀਵ ਦੇ ਅਵਗੁਣ ਦੂਰ ਕਰਕੇ ਉਸ ਦੇ ਗੁਣ ਅਤੇ ਕਰਮ ਚੰਗੇ ਬਣਾ ਕੇ ਉਸ ਨੂੰ ਤਾਰ ਦੇਂਦਾ ਹੈ। ਗੁਰੂ-ਸ਼ਬਦ ਨੂੰ ਵਿਚਾਰ ਕੇ ਹੀ ਮੁਕਤੀ ਦਾ ਆਨੰਦ ਪ੍ਰਾਪਤ ਹੁੰਦਾ ਹੈ।[242] ਗਿਆਨ ਤੋਂ ਮਨੁੱਖ ਨੂੰ ਆਤਮਾ-ਪਰਮਾਤਮਾ ਵਿਚਕਾਰ ਅਗਿਆਨ ਦੇ ਪੜਦੇ ਭਾਵ ਮਾਇਆ ਦੀ ਸੋਝੀ ਪ੍ਰਾਪਤ ਹੁੰਦੀ ਹੈ ਜਿਸ ਕਾਰਨ ਆਤਮਾ, ਪਰਮਾਤਮਾ ਤੋਂ ਵਿੱਛੜੀ ਹੈ। ਇਸ ਉਪਰੰਤ ਹੀ ਮਨੁੱਖ ਪਰਮਾਤਮਾ ਨਾਲ ਮਿਲਣ ਲਈ ਪ੍ਰਯਤਨਸ਼ੀਲ ਹੁੰਦਾ ਹੈ:

---

238. ਮਲਾਰ ਦੀ ਵਾਰ, ਗੁਰੂ ਗ੍ਰੰਥ, ਪੰਨਾ 1291.
239. ਸਿਧ ਗੋਸਟਿ, ਉਹੀ, ਪੰਨਾ 939.
240. ਉਹੀ, ਪੰਨਾ 945.
241. ਉਹੀ, ਪੰਨਾ 940.
242. ਉਹੀ, ਪੰਨਾ 942.

ਆਤਮਾ-ਪਰਮਾਤਮਾ ਦੇ ਮੇਲ ਵਿਚ ਗੁਰੂ ਵਿਚੋਲੇ ਦਾ ਕੰਮ ਕਰਦਾ ਹੈ ।[243]

ਗੁਰੂ ਹੀ ਗਿਆਨ ਦਾ ਮੁੱਖ ਸੋਮਾ ਹੈ । ਗੁਰੂ ਦੇ ਗਿਆਨ ਨਾਲ ਹੀ ਪਰਮਾਤਮਾ ਦੀ ਸੋਝੀ ਪ੍ਰਾਪਤ ਹੁੰਦੀ ਹੈ, ਅਤੇ ਜਿਸ ਦੇ ਮਨ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਉਹ ਮਨੁੱਖ ਨਿਰਮਲ ਅਤੇ ਸੁੱਚਾ ਹੋ ਕੇ ਸੱਚੇ ਪ੍ਰਭੂ ਨੂੰ ਭਾਉਂਦਾ ਹੈ ।[244] ਗੁਰੂ ਦੀ ਸਿਖਿਆ ਤੋਂ ਬਿਨਾਂ ਮਨੁੱਖ ਝੂਠੇ ਮੋਹਾਂ ਵਿਚ ਫ਼ਸ ਕੇ ਦੁਖ ਝੇਲਦੇ ਹਨ ।[245] ਲੱਖ ਯਤਨ ਕਰੋ, ਗੁਰੂ ਦੀ ਸਿੱਖਿਆ ਤੋਂ ਬਿਨਾ ਮੋਹ ਨਹੀਂ ਟੁੱਟਦਾ । ਗੁਰੂ ਬਿਨਾ ਅਨੇਕਾਂ ਕੂੜਿਆਰ, ਅਗਿਆਨੀ ਵਿਲਕਦੇ ਫ਼ਿਰਦੇ ਹਨ । ਗੁਰੂ ਤੋਂ ਬੇਮੁੱਖ ਹੋਏ ਮਨੁੱਖ ਦ੍ਵੈਤ ਵਿਚ ਫ਼ਸੇ ਦੁਖ ਝੇਲਦੇ ਹਨ ।[246] ਸੱਚੇ ਗੁਰੂ ਦੀ ਸੇਵਾ ਨਾਲ ਹੀ ਪ੍ਰਭੂ ਮਿਲਦਾ ਹੈ ।[247] ਗੁਰੂ ਪ੍ਰਭੂ ਦਾ ਹੀ ਰੂਪ ਹੈ; ਗੁਰੂ-ਸ਼ਬਦ ਬਿਨਾਂ ਕਿਸੇ ਨੂੰ ਵੀ ਚੰਗੀ ਰਹਿਣੀ ਦਾ ਪਤਾ ਨਹੀਂ ਲਗਦਾ ।[248] ਸੱਚਾ ਗੁਰੂ ਮਨੁੱਖ ਨੂੰ ਦੇਵਤਾ ਬਣਾ ਸਕਦਾ ਹੈ ।[249] ਸੱਚੇ ਗੁਰੂ ਤੋਂ ਹੀ ਪ੍ਰਭੂ-ਨਾਮ ਅਤੇ ਉਸ ਤੋਂ ਪ੍ਰਭੂ-ਮਿਹਰ ਪ੍ਰਾਪਤ ਹੁੰਦੇ ਹਨ ।[250] ਗੁਰੂ ਬ੍ਰਹਮ-ਗਿਆਨ ਰਾਹੀਂ ਅੰਧ-ਵਿਸ਼ਵਾਸਾਂ ਅਤੇ ਮਨ-ਮਤਾਂ ਤੋਂ ਮਨੁੱਖ ਨੂੰ ਸੁਚੇਤ ਕਰਵਾਉਂਦਾ ਹੈ ਅਤੇ ਪ੍ਰਭੂ ਨਾਲ ਮੇਲ ਕਰਵਾਉਂਦਾ ਹੈ ।[251] ਸੱਚੇ ਗੁਰੂ ਤੋਂ ਬਿਨਾ ਮੁਕਤੀ ਪ੍ਰਾਪਤ ਨਹੀਂ ਹੁੰਦੀ । ਗੁਰੂ ਤੋਂ ਪ੍ਰਾਪਤ ਬ੍ਰਹਮ-ਗਿਆਨ ਤੋਂ ਹੀ ਵਿਕਾਰਾਂ ਦੇ ਵਿਨਾਸ਼ ਰਾਹੀਂ ਮੁਕਤੀ ਪ੍ਰਾਪਤ ਹੁੰਦੀ ਹੈ ।[252]

(2) ਕਰਮ : ਸ਼ੁਭ ਗੁਣ ਧਾਰਨ ਕਰਕੇ ਹਉਮੈ ਦੇ ਵਿਨਾਸ਼ ਰਾਹੀਂ ਮਨੁੱਖ ਮੁਕਤੀ ਦਾ ਭਾਗੀ ਬਣਦਾ ਹੈ । ਹਉਮੈ ਮਾਰਨ ਨਾਲ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ ।[253] ਪ੍ਰਭੂ-ਮਿਹਰ ਦੀ ਪ੍ਰਾਪਤੀ ਲਈ ਮਨ, ਤਨ ਤੇ ਧਨ ਸਭ ਦਾ ਤਿਆਗ ਕਰਕੇ ਮਨ ਵਿਚ ਚੰਗੇ ਅਤੇ ਨੈਤਿਕ ਵਿਚਾਰ ਉਤਪੰਨ ਕਰਨੇ ਚਾਹੀਦੇ ਹਨ ।[254] ਨੈਤਿਕ ਕਰਮ ਅਤੇ ਗੁਣ ਹੀ ਆਤਮਾ ਨੂੰ ਮੁਕਤੀ ਦੇ ਹੱਕਦਾਰ ਬਣਾਉਂਦੇ ਹਨ ।[255] ਜੋ ਮਨੁੱਖ ਪ੍ਰਭੂ-ਹੁਕਮ ਵਿਚ ਚਲਦਾ ਹੈ ਉਹ ਦੈਵੀ-ਵਿਧਾਨ ਦਾ ਗਿਆਨ ਪ੍ਰਾਪਤ ਕਰਕੇ ਉਸ ਤੋਂ ਆਦਰਸ਼ ਅਤੇ ਨੈਤਿਕ ਜੀਵਨ ਜਾਚ ਸਿਖ

243. ਬਾਰਹਮਾਹਾ ਤੁਖਾਰੀ, ਗੁਰੂ ਗ੍ਰੰਥ, ਪੰਨਾ 1109.
244. ਦਖਣੀ ਓਅੰਕਾਰ, ਉਹੀ, ਪੰਨਾ 933.
245. ਮਾਝ ਦੀ ਵਾਰ, ਉਹੀ, ਪੰਨਾ 138.
246. ਉਹੀ, ਪੰਨਾ 145.
247. ਮਲਾਰ ਦੀ ਵਾਰ, ਉਹੀ, ਪੰਨਾ 1286.
248. ਉਹੀ, ਪੰਨਾ 1285.
249. ਆਸਾ ਦੀ ਵਾਰ, ਉਹੀ, ਪੰਨੇ 462-63.
250. ਉਹੀ, ਪੰਨੇ 467-68.
251. ਉਹੀ, ਪੰਨਾ 470.
252. ਉਹੀ, ਪੰਨਾ 466.
253. ਮਾਰੂ ਸੋਲਹੇ, ਉਹੀ, ਪੰਨਾ 1040.
254. ਉਹੀ, ਪੰਨੇ 1042-43.
255. ਜਪੁਜੀ, ਉਹੀ, ਪੰਨਾ 2.

ਲੈਂਦਾ ਹੈ। ਇਵੇਂ ਆਪਾ-ਭਾਵ ਜਾਂ ਹਉਮੈ ਮਿਟਾਉਣ ਵਾਲਾ ਤਿਆਗੀ ਹੀ ਸੱਚੇ ਮਾਰਗ ਉਤੇ ਤੁਰ ਕੇ ਮੁਕਤ ਹੁੰਦਾ ਹੈ।[256] ਹੁਕਮ ਦਾ ਸਿਧਾਂਤ ਬੜਾ ਅਸਚਰਜ-ਜਨਕ ਹੈ। ਭਾਵੇਂ ਮਨੁੱਖ ਦਾ ਜਨਮ-ਮਰਣ ਅਤੇ ਸਮੁੱਚਾ ਜੀਵਨ ਹੀ ਪ੍ਰਭੂ-ਹੁਕਮ ਅਧੀਨ ਚਲਦਾ ਹੈ, ਪਰ ਪ੍ਰਭੂ ਦਾ ਸੱਚਾ ਹੁਕਮ ਸਮਝ ਕੇ ਸਦਗੁਣ ਗ੍ਰਹਿਣ ਕਰਨ ਵਾਲਾ ਮਨੁੱਖ ਬ੍ਰਹਮ-ਗਿਆਨ ਪ੍ਰਾਪਤ ਕਰ ਲੈਂਦਾ ਹੈ ਅਤੇ ਇਵੇਂ ਮੁਕਤੀ ਦਾ ਭਾਗੀ ਬਣਦਾ ਹੈ।[257] ਪ੍ਰਭੂ ਨੂੰ ਸਰਬ-ਵਿਆਪਕ ਅਤੇ ਸਰਬ-ਸਮਰੱਥ ਜਾਣਨ ਅਤੇ ਉਸ ਦੀ ਰਜ਼ਾ ਵਿਚ ਚੱਲਣ ਵਾਲੇ ਮਨੁੱਖ ਦੀਆਂ ਸਰਬੱਤ ਭੁੱਖਾਂ-ਤ੍ਰਿਸ਼ਨਾਵਾਂ ਦੀ ਅੱਗ ਸ਼ਾਂਤ ਹੁੰਦੀ ਹੈ।[258] ਜੋ ਸੱਚੇ ਪ੍ਰਭੂ ਦੇ ਭਾਣੇ ਵਿਚ ਰੱਤਾ ਹੈ, ਉਸ ਦੀ ਹਉਮੈ ਮਰ ਜਾਂਦੀ ਹੈ, ਆਤਮਾ-ਪਰਮਾਤਮਾ ਦੀ ਦ੍ਵੈਤ ਮੁੱਕ ਜਾਂਦੀ ਹੈ ਅਤੇ ਉਸ ਦੇ ਮਨ ਵਿਚ ਸ਼ਬਦ ਅਤੇ ਪ੍ਰਭੂ-ਪ੍ਰੇਮ ਦਾ ਵਾਸਾ ਹੋਣ ਕਾਰਨ ਕਾਮ-ਕ੍ਰੋਧ ਆਦਿਕ ਵਿਕਾਰਾਂ ਦੀ ਅੱਗ ਠੰਢੀ ਪੈ ਜਾਂਦੀ ਹੈ ਅਤੇ ਉਸ ਉਤੇ ਪਰਮ-ਕ੍ਰਿਪਾਲੂ ਪ੍ਰਭੂ ਦੀ ਮਿਹਰ ਹੁੰਦੀ ਹੈ—ਭਾਵ ਮੁਕਤੀ ਪ੍ਰਾਪਤ ਹੁੰਦੀ ਹੈ।[259] ਪ੍ਰਭੂ ਦੇ ਹੁਕਮ ਵਿਚ ਰਹਿਣ ਵਾਲੇ ਮਨੁੱਖ ਦੀਆਂ ਤ੍ਰਿਸ਼ਨਾਵਾਂ ਸ਼ਾਂਤ ਹੋ ਜਾਂਦੀਆਂ ਹਨ, ਅਗਿਆਨ ਨਸ਼ਟ ਹੁੰਦਾ ਹੈ, ਪ੍ਰਭੂ-ਮਿਲਾਪ ਲਈ ਪ੍ਰੇਰਣਾ ਉਤਪੰਨ ਹੁੰਦੀ ਹੈ, ਨਾਮ-ਭਗਤੀ ਨਾਲ ਪਿਆਰ ਪੈਂਦਾ ਹੈ, ਸਹਿਜ-ਅਵਸਥਾ ਉਪਜਦੀ ਹੈ ਅਤੇ ਅੰਤ ਆਤਮਾ ਦੀ ਜੋਤ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ।[260]

(3) ਭਗਤੀ : ਬ੍ਰਹਮ-ਗਿਆਨ ਅਤੇ ਸ਼ੁਭ ਕਰਮਾਂ ਰਾਹੀਂ ਜਦੋਂ ਤਨ-ਮਨ ਨਿਰਮਲ ਹੋ ਜਾਂਦਾ ਹੈ ਤਾਂ ਮਨੁੱਖ ਦੀ ਰੁਚੀ ਸੁਭਾਵਕ ਹੀ ਭਗਤੀ ਵੱਲ ਲਗਦੀ ਹੈ। ਪ੍ਰਭੂ-ਨਾਮ ਦੀ ਭਗਤੀ ਰਾਹੀਂ ਮਨ ਵਿਚ ਆਨੰਦ ਉਤਪੰਨ ਹੁੰਦਾ ਹੈ ਅਤੇ ਮੁਕਤੀ ਪ੍ਰਾਪਤ ਹੁੰਦੀ ਹੈ।[261] ਭਗਤੀ ਰਾਹੀਂ ਮਨੁੱਖ ਨੂੰ ਇਸ ਸੰਸਾਰ ਵਿਚ ਵੀ ਵਡਿਆਈ ਪ੍ਰਾਪਤ ਹੁੰਦੀ ਹੈ ਅਤੇ ਪ੍ਰਭੂ ਦਰਬਾਰ ਵਿਚ ਵੀ।[262] ਪ੍ਰਭੂ ਭਗਤੀ ਬਿਨਾਂ ਸਭ ਸੰਸਾਰਿਕ ਦੌਲਤਾਂ ਨਿਰਾਰਥਕ ਹੁੰਦੀਆਂ ਹਨ।[263] ਕਰਮ-ਕਾਂਡੀ ਤੀਰਥ-ਇਸ਼ਨਾਨ, ਜਪ-ਤਪ, ਦਾਨ-ਪੁੰਨ ਆਦਿ ਮਨੁੱਖ ਨੂੰ ਉਹ ਸਨਮਾਣ ਅਤੇ ਸੁਖ ਉਪਲਬਧ ਨਹੀਂ ਕਰਵਾ ਸਕਦੇ ਜੋ ਪ੍ਰਭੂ-ਭਗਤੀ ਰਾਹੀਂ ਪ੍ਰਾਪਤ ਹੁੰਦੇ ਹਨ।[264] ਪ੍ਰਭੂ ਦੇ ਨਾਮ ਦੀ ਭਗਤੀ ਪਾਪ ਦੂਰ ਕਰਕੇ ਆਤਮਾਵਾਂ ਨੂੰ ਸਾਫ਼ ਕਰ ਦੇਂਦੀ ਹੈ।[265] ਭਾਵੇਂ ਪ੍ਰਭੂ-

256. ਸਿਧ ਗੋਸਟਿ, ਗੁਰੂ ਗ੍ਰੰਥ, ਪੰਨਾ 945.
257. ਉਹੀ, ਪੰਨਾ 944.
258. ਉਹੀ, ਪੰਨਾ 943.
259. ਉਹੀ.
260. ਮਲਾਰ ਦੀ ਵਾਰ, ਉਹੀ, ਪੰਨਾ 1288.
261. ਆਸਾ ਦੀ ਵਾਰ, ਉਹੀ, ਪੰਨਾ 468.
262. ਉਹੀ, ਪੰਨਾ 471.
263. ਜਪੁਜੀ, ਉਹੀ, ਪੰਨਾ 5.
264. ਉਹੀ, ਪੰਨਾ 4 ਅਤੇ 2.
265. ਉਹੀ, ਪੰਨਾ 4.

ਭਗਤੀ ਦੇ ਅਣਗਿਣਤ ਢੰਗ, ਮਤ ਅਤੇ ਗ੍ਰੰਥ ਹਨ[266] ਪਰ ਸੱਚੇ ਕ੍ਰਿਪਾਲੂ ਬ੍ਰਹਮ ਦੀ ਸੋਝੀ ਅਤੇ ਮਿਹਰ ਪ੍ਰਾਪਤ ਕਰਨ ਲਈ ਸਭ ਤੋਂ ਉੱਤਮ ਭਗਤੀ, ਉਸ ਦੇ ਨਾਮ ਦਾ ਗਿਆਨ, ਧਿਆਨ ਅਤੇ ਜਾਪ (ਨਿਧਿਆਸਨ) ਹੀ ਹੈ।[267] ਨਾਮ ਭਗਤੀ ਰਾਹੀਂ ਚੰਚਲ ਮਨ ਟਿਕ ਜਾਂਦਾ ਹੈ[268] ਅਤੇ ਤ੍ਰਿਸ਼ਨਾਵਾਂ ਸ਼ਾਂਤ ਹੋ ਜਾਂਦੀਆਂ ਹਨ।[269] ਨਾਮ-ਭਗਤੀ ਰਾਹੀਂ ਹਉਮੈ ਨਸ਼ਟ ਹੁੰਦੀ ਹੈ ਅਤੇ ਮਨੁੱਖ ਨੂੰ ਸੰਪੂਰਨ ਬ੍ਰਹਮ-ਗਿਆਨ ਪ੍ਰਾਪਤ ਹੁੰਦਾ ਹੈ ਅਤੇ ਉਹ ਮੁਕਤੀ ਦਾ ਭਾਗੀ ਬਣਦਾ ਹੈ।[270] ਹਰੀ ਨਾਮ ਦੇ ਜਪਣ ਨਾਲ ਮਨੁੱਖੀ ਜੀਵ ਜੂਨਾਂ ਤੋਂ ਭਾਵ ਆਵਾਗੌਣ ਤੋਂ ਮੁਕਤ ਹੋ ਜਾਂਦਾ ਹੈ।[271] ਨਾਮ-ਜਪਣ ਦਾ ਸਭ ਤੋਂ ਉੱਤਮ ਸਮਾਂ ਅੰਮ੍ਰਿਤ ਵੇਲਾ ਹੈ ਜਦੋਂ ਮਨ ਇਕਾਗਰ ਹੁੰਦਾ ਹੈ, ਦੂਜੇ ਪਹਿਰ ਤਕ ਮਨ ਦੀਆਂ ਬਿਰਤੀਆਂ ਖਿੱਲਰ ਜਾਂਦੀਆਂ ਹਨ,[272] ਨਾਮ-ਜਪਣ ਦਾ ਗਿਆਨ ਸੱਚੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ।[273] ਨਾਮ-ਜਪਣ ਵਾਲਾ ਗ੍ਰਿਹਸਥੀ ਸੰਸਾਰ ਵਿਚ ਵਿਚਰਦਾ ਵੀ ਤਿਆਗੀ ਹੈ, ਉਹ ਪਰਮਾਤਮਾ ਦੇ ਹੁਕਮ ਵਿਚ ਰਹਿੰਦਾ ਹੈ ਅਤੇ ਸੰਸਾਰਿਕ ਆਸ਼ਾਵਾਂ ਤੋਂ ਉਪਰਾਮ ਹੁੰਦਾ ਹੈ।[274]

'ਨਾਮ' ਸ਼ਬਦ ਗੁਰੂ ਨਾਨਕ ਬਾਣੀ ਵਿਚ ਤਿੰਨ ਭਾਵਾਂ ਵਿਚ ਪ੍ਰਯੋਗ ਹੋਇਆ ਹੈ, ਭਗਤੀ ਦੇ ਅਰਥਾਂ ਵਿਚ,[275] ਪ੍ਰਭੂ ਦੇ ਨਾਂਵ ਅਤੇ ਵਡਿਆਈ ਦੇ ਭਾਵ ਵਿਚ,[276] ਅਤੇ ਪ੍ਰਭੂ ਦੇ ਆਪੇ ਦੇ ਭਾਵ ਵਿਚ।[277] ਨਾਮ-ਭਗਤੀ ਦੇ ਤਿੰਨੋ ਸਾਧਨ ਪਰਵਾਨ ਕੀਤੇ ਗਏ ਹਨ— ਸ੍ਰਵਣ, ਮੰਨਣ ਅਤੇ ਨਿਧਿਆਸਨ।[278] ਨਾਮ-ਸ੍ਰਵਣ ਭਾਵ ਪਰਮਾਤਮਾ ਦੀ ਉਸਤਤਿ ਅਤੇ ਵਡਿਆਈ ਸੁਣਨਾ ਜਾਂ ਪੜਨਾ, ਭਗਤੀ ਦਾ ਸਭ ਤੋਂ ਮੁਢਲਾ ਤੇ ਸੁਖਾਲਾ ਇੰਦ੍ਰਿਆਈ ਜਾਂ ਭੌਤਿਕ ਸਾਧਨ ਹੈ। ਗੁਰੂ ਨਾਨਕ ਅਨੁਸਾਰ ਨਾਮ-ਸ੍ਰਵਣ ਨਾਲ ਮਨੁੱਖ ਦੀ ਰੁਚੀ ਸਦਗੁਣਾ ਵੱਲ ਲਗਦੀ ਹੈ, ਮਨ ਨਿਰਮਲ ਹੁੰਦਾ ਹੈ, ਬ੍ਰਹਮ ਗਿਆਨ ਦੀ ਸੋਝੀ ਹੁੰਦੀ ਹੈ, ਭਗਤੀ ਵੱਲ ਧਿਆਨ ਲਗਦਾ ਹੈ ਅਤੇ ਮਨਮੁੱਖ ਗੁਰਮੁਖ ਹੁੰਦਾ ਹੈ।[279] ਨਾਮ-ਮੰਨਣ ਭਾਵ ਸੁਣੀ-ਪੜੀ ਪ੍ਰਭੂ-

266. ਜਪੁਜੀ, ਗੁਰੂ ਗ੍ਰੰਥ, ਪੰਨਾ 3 ਅਤੇ 4,
267. ਉਹੀ, ਪੰਨਾ 2.
268. ਸਿਧ ਗੋਸਟਿ, ਉਹੀ, ਪੰਨਾ 938.
269. ਉਹੀ, ਪੰਨਾ 939.
270. ਉਹੀ, ਪੰਨਾ 941.
271. ਦਖਣੀ ਓਅੰਕਾਰ, ਉਹੀ, ਪੰਨਾ 932.
272. ਮਾਝ ਦੀ ਵਾਰ, ਉਹੀ, ਪੰਨਾ 145.
273. ਉਹੀ, ਪੰਨਾ 149.
274. ਉਹੀ, ਪੰਨਾ 140.
275. ਜਪੁਜੀ, ਉਹੀ, ਪੰਨਾ 2 ਅਤੇ 3.
276. ਉਹੀ, ਪੰਨਾ 5 ਅਤੇ 6.
277. ਉਹੀ, ਪੰਨਾ 4.
278. ਉਹੀ.
279. ਉਹੀ, ਪੰਨਾ 2 ਅਤੇ 3.

ਉਸਤਤਿ ਉਪਰ ਵਿਸ਼ਵਾਸ ਅਤੇ ਵਿਚਾਰ ਕਰਨਾ, ਭਗਤੀ ਦਾ ਉੱਚੇਰਾ ਅਤੇ ਬੌਧਿਕ ਸਾਧਨ ਹੈ। ਨਾਮ-ਮੰਨਣ ਰਾਹੀਂ ਸੰਪੂਰਨ ਬ੍ਰਹਮ-ਗਿਆਨ, ਸਦੇਹ ਅਤੇ ਵਿਦੇਹ ਮੁਕਤੀ, ਅਤੇ ਆਪ ਵੀ ਤਰਨ ਤੇ ਦੂਸਰਿਆਂ ਨੂੰ ਵੀ ਤਾਰਨ ਦੀ ਸਮਰਥਾ ਪ੍ਰਾਪਤ ਹੁੰਦੇ ਹਨ।[280] ਨਾਮ-ਧਿਆਨ ਜਾਂ ਨਿਧਿਆਸਨ ਭਾਵ ਬਾਰ ਬਾਰ ਜਪਣ ਜਾਂ ਵਿਚਾਰਨ ਨਾਲ ਪ੍ਰਭੂ ਉਸਤਤਿ ਵਿਚ ਮਨ ਜਾਂ ਅੰਤਹਕਰਣ ਨੂੰ ਲਿਵਲੀਨ ਕਰ ਲੈਣਾ ਭਗਤੀ ਦਾ ਸਰਵੋਤਮ ਅਤੇ ਅੰਤਰਬੋਧੀ ਭਾਵ ਅਧਿਆਤਮਿਕ ਸਾਧਨ ਹੈ। ਪਾਰਬ੍ਰਹਮ ਦੇ ਵਿਸਮਾਦੀ ਸਰੂਪ ਦੇ ਧਿਆਨ, ਵਿਸ਼ਵਾਸ ਅਤੇ ਚਿੰਤਨ ਵਿਚ ਲਿਵਲੀਨ ਰਹਿਣਾ, ਉਸ ਦੀ ਰਜ਼ਾ ਵਿਚ ਡੁੱਬ ਜਾਣਾ, ਅਤੇ ਮਨ ਪ੍ਰਭੂ-ਪ੍ਰੇਮ ਦੇ ਵਸ ਕਰਨਾ ਹੀ ਧਿਆਨ-ਭਗਤੀ ਹੈ। ਪ੍ਰਭੂ ਦੇ ਨਾਮ ਦੀ ਧਿਆਨ-ਭਗਤੀ ਰਾਹੀਂ ਮਨੁੱਖ ਗੁਰਮੁਖ ਬਣਦਾ ਹੈ, ਸੰਤ ਬਣਦਾ ਹੈ, ਅਰਥਾਤ ਜੀਵਨ ਮੁਕਤ ਵੀ ਹੁੰਦਾ ਹੈ ਅਤੇ ਵਿਦੇਹ ਮੁਕਤ ਵੀ।[281] ਗੁਰੂ ਨਾਨਕ ਦਾ ਨਿਧਿਆਸਨ ਜਾਂ ਧਿਆਨ-ਭਗਤੀ, ਭਾਓ-ਭਗਤੀ ਜਾਂ ਪ੍ਰੇਮਾ-ਭਗਤੀ ਵਾਲਾ ਹੈ :

ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥ (ਗੁਰੂ ਗ੍ਰੰਥ, ਪੰਨਾ 635)

(ੲ) ਮੁਕਤੀ ਅਤੇ ਮੁਕਤ ਜੀਵ : ਗੁਰੂ ਨਾਨਕ ਬਾਣੀ ਵਿਚ ਭਾਰਤੀ ਪਰੰਪਰਾ ਦੀ ਤਰ੍ਹਾਂ ਹੀ ਦੋਵੇਂ ਪ੍ਰਕਾਰ ਦੀ ਹੀ ਮੁਕਤੀ ਦਸੀ ਗਈ ਹੈ। ਸਦੇਹ ਜਾਂ ਜੀਵਨ ਮੁਕਤੀ, ਅਤੇ ਵਿਦੇਹ ਜਾਂ ਨਿਰਵਾਣ ਮੁਕਤੀ। ਗੁਰੂ ਨਾਨਕ ਬਾਣੀ ਦਾ 'ਸਚਿਆਰ' ਜਾਂ 'ਗੁਰਮੁਖ' ਹੀ ਜੀਵਨ-ਮੁਕਤ ਹੈ, ਉਹੀ ਜਪੁਜੀ ਦੇ ਕਰਮ-ਖੰਡ ਦਾ ਵਾਸੀ ਹੈ, ਜੋਧਾ ਹੈ, ਭਗਤ ਹੈ।[282] ਰਚਨਾ, ਦੈਵੀ ਵਿਧਾਨ, ਇਸ ਦੇ ਸੁਹਜ ਦਾ ਗਿਆਨ, ਅਤੇ ਨੈਤਿਕ ਜੀਵਨ, ਮਨੁੱਖ ਨੂੰ ਬ੍ਰਹਮ-ਗਿਆਨੀ, ਪੰਚ ਜਾਂ ਸਚਿਆਰ ਬਣਾਉਂਦਾ ਹੈ।[283] ਇਸ ਅਵਸਥਾ ਵਿਚ ਮਨੁੱਖ ਮਾਇਆ ਜਾਂ ਅਵਿਦਿਆ (ਅਗਿਆਨ) ਦਾ ਪੜਦਾ ਤੋੜ ਕੇ,[284] ਆਤਮਾ, ਪਰਮਾਤਮਾ ਅਤੇ ਜਗਤ ਨੂੰ ਅਭੇਦ ਜਾਣ ਕੇ ਮੁਕਤੀ ਦੇ ਸਾਧਨਾਂ ਦਾ ਗਿਆਨ ਪ੍ਰਾਪਤ ਕਰਦਾ ਹੈ। ਬ੍ਰਹਮ-ਗਿਆਨ ਕ੍ਰਿਪਾ, ਮਨੁੱਖ ਹਉਮੈ ਰਹਿਤ ਹੁੰਦਾ ਹੈ, ਆਤਮਾ ਅਤੇ ਪਰਮਾਤਮਾ ਵਿਚਕਾਰ ਦ੍ਵੈਤ ਟੁੱਟਦੀ ਹੈ, ਅਤੇ ਉਹ ਜੀਵਨ ਮੁਕਤ ਹੁੰਦਾ ਹੈ।[285] ਦੁਖ, ਪਾਪ ਅਤੇ ਹੋਰ ਸੰਸਾਰਿਕ ਝਮੇਲਿਆਂ ਦੇ ਬੰਧਨਾਂ ਦੇ ਵਿਨਾਸ਼, ਅਤੇ ਸੁਖ-ਸ਼ਾਂਤੀ ਦੀ ਪ੍ਰਾਪਤੀ ਨਾਲ ਜੀਵਨ-ਮੁਕਤ ਆਤਮਾ ਆਨੰਦ ਮਾਣਦੀ ਹੈ।[286] ਜੀਵਨ-ਮੁਕਤ ਆਤਮਾ ਵਿਚ ਸਦਾ ਪਰਮਾਤਮਾ ਦਾ ਨਾਮ ਸਮਾਇਆ ਰਹਿੰਦਾ ਹੈ ਅਤੇ ਉਹ ਕੁਰਾਹੇ ਨਹੀਂ ਪੈਂਦੀ, ਸਗੋਂ ਸਦਾ ਖੁਸ਼ਹਾਲ ਰਹਿੰਦੀ

---

280. ਜਪੁਜੀ, ਗੁਰੂ ਗ੍ਰੰਥ, ਪੰਨਾ 3.
281. ਉਹੀ, ਪੰਨੇ 3-4.
282. ਉਹੀ, ਪੰਨਾ 7.
283. ਉਹੀ, ਪੰਨਾ 3.
284. ਉਹੀ, ਪੰਨਾ 1.
285. ਉਹੀ, ਪੰਨੇ 2-3.
286. ਉਹੀ, ਪੰਨਾ 2.

ਹੈ।[287] ਗੁਰੂ ਨਾਨਕ ਬਾਣੀ ਵਿਚ ਵਿਦੇਹ ਮੁਕਤੀ ਨਾਲੋਂ ਸਦੇਹ ਜਾਂ ਜੀਵਨ-ਮੁਕਤੀ ਨੂੰ ਵਧੇਰੇ ਮਹੱਤਾ ਪ੍ਰਦਾਨ ਕੀਤੀ ਪ੍ਰਤੀਤ ਹੁੰਦੀ ਹੈ।

ਵਿਦੇਹ ਮੁਕਤੀ ਹੈ ਆਵਾਗੌਣ ਤੋਂ ਛੁਟਕਾਰਾ ਜਾਂ ਗਰਭ-ਜੂਨ ਵਿਚ ਨਾ ਆਉਣਾ।[288] ਗੁਰੂ ਨਾਨਕ-ਬਾਣੀ ਵਿਚ ਵਿਦੇਹ-ਮੁਕਤੀ ਦੇ ਭਾਰਤੀ ਪਰੰਪਰਾ ਅੰਦਰ ਪਛਾਣੇ ਜਾਂਦੇ ਸਾਰੇ ਹੀ ਭੇਦ ਪਰਵਾਨ ਪ੍ਰਤੀਤ ਹੁੰਦੇ ਹਨ—ਪ੍ਰਭੂ ਦੀ ਪ੍ਰਾਪਤੀ[289], ਪ੍ਰਭੂ ਨਾਲ ਮਿਲਾਪ[290], ਪ੍ਰਭੂ ਘਰ ਵਿਚ ਨਿਵਾਸ[291] ਅਤੇ ਪ੍ਰਭੂ ਵਿਚ ਸਮਾਉਣਾ।[292] ਪਰ ਸਭ ਤੋਂ ਵਧੇਰੇ ਮਹੱਤਾ ਐਸੇ ਪ੍ਰਭੂ-ਮਿਲਾਪ ਦੀ ਹੈ ਜਿਵੇਂ ਪਾਣੀ ਪਾਣੀ ਵਿਚ ਮਿਲ ਜਾਂਦਾ ਹੈ ਭਾਵ ਜੋਤੀ ਜੋਤ ਸਮਾਉਣਾ।[293] ਜਪੁਜੀ ਦੀ 32ਵੀਂ ਪਉੜੀ[294] ਵਿਚ ਭਗਤੀ ਰਾਹੀਂ 'ਇਕੀਸ' ਹੋਣ ਦੀ ਅਵਸਥਾ ਅਤੇ 23ਵੀਂ ਪਉੜੀ[295] ਵਿਚ ਆਤਮਾ ਦੇ ਪਰਮਾਤਮਾ ਵਿਚ ਹੀ ਸਮਾਉਣ ਸੰਬੰਧੀ ਨਦੀਆਂ ਦੇ ਸਮੁੰਦਰ ਵਿਚ ਸਮਾਉਣ ਦੇ ਅਲੰਕਾਰ ਦਾ ਮੰਤਵ ਵੀ ਇਹੋ ਹੈ। ਪਰ ਨਾਲ ਹੀ ਜਪੁਜੀ ਵਿਚ ਹੀ ਪ੍ਰਭੂ-ਕ੍ਰਿਪਾ ਰਾਹੀਂ, ਕੇਵਲ ਮੋਖ-ਦੁਆਰ ਦੀ ਪ੍ਰਾਪਤੀ ਦੀ ਵੀ ਚਰਚਾ ਮਿਲਦੀ ਹੈ,[296] ਅਤੇ ਅੰਤਲੇ ਸਲੋਕ ਵਿਚ ਜੀਵਾਤਮਾਵਾਂ ਦਾ ਆਪਣੇ ਕਰਮਾਂ ਅਨੁਸਾਰ ਪ੍ਰਭੂ ਤੋਂ ਨੇੜੇ ਜਾਂ ਦੂਰ ਰਹਿਣ[297] ਜਾਂ ਗੁਰਮੁਖ ਨੂੰ ਪ੍ਰਭੂ ਘਰ ਵਿਚ ਸਨਮਾਣ ਮਿਲਣ[298] ਸੰਬੰਧੀ ਵੀ ਉੱਲੇਖ ਮਿਲਦੇ ਹਨ।

ਮੁਕਤ ਜੀਵ ਜਾਂ ਜੀਵਨ-ਮੁਕਤ ਨੂੰ ਗੁਰੂ ਨਾਨਕ ਬਾਣੀ ਵਿਚ ਗੁਰਮੁਖ ਕਿਹਾ ਗਿਆ ਹੈ। ਉਸ ਵਿਚ ਹੀ ਪਰਮਾਤਮਾ ਦਾ ਵਾਸ ਹੈ। ਉਸ ਤੋਂ ਹੀ ਹੋਰਨਾਂ ਨੂੰ ਗੁਰਮਤਿ ਅਤੇ ਮੁਕਤੀ ਦਾ ਮਾਰਗ ਪ੍ਰਾਪਤ ਹੁੰਦਾ ਹੈ।[299] ਗੁਰਮੁਖ ਸੱਚ ਤੋਂ ਹੀ ਉਪਜਦਾ ਹੈ ਅਤੇ ਸੱਚ ਵਿਚ ਹੀ ਜੁੜਿਆ ਰਹਿੰਦਾ ਹੈ। ਜੋ ਸੱਚ ਦੁਆਰਾ ਸੱਚੇ ਹੋਏ ਹਨ ਉਹ 'ਉਸ' ਨਾਲ ਇਕਮਿਕ

---

287. ਜਪੁਜੀ, ਗੁਰੂ ਗ੍ਰੰਥ, ਪੰਨਾ 8.
288. ਮਾਰੂ ਸੋਲਹੇ, ਉਹੀ, ਪੰਨਾ 1040.
289. ਆਸਾ ਦੀ ਵਾਰ, ਉਹੀ, ਪੰਨਾ 472.
290. ਉਹੀ, ਪੰਨਾ 469.
291. ਉਹੀ, ਪੰਨਾ 473.
292. ਉਹੀ, ਪੰਨਾ 469.
293. ਮਾਰੂ ਸੋਲਹੇ, ਉਹੀ, ਪੰਨੇ 1031-32.
294. ਜਪੁਜੀ, ਉਹੀ, ਪੰਨਾ 7.
295. ਉਹੀ, ਪੰਨਾ 5.
296. ਉਹੀ, ਪੰਨਾ 3.
297. ਉਹੀ.
298. ਉਹੀ.
299. ਉਹੀ, ਪੰਨਾ 2.

ਹੋ ਜਾਂਦੇ ਹਨ[300] ਉਹ ਘਰ-ਪਰਿਵਾਰ ਵਿਚ ਰਹਿੰਦਿਆਂ ਹੀ ਪ੍ਰਗ ਜਾਂਦੇ ਹਨ।[301] ਗੁਰਮੁਖ ਨੂੰ ਸਾਰੀਆਂ ਸਿੱਧੀਆਂ ਅਤੇ ਬੁੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ।[302] ਉਸਨੂੰ ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ।[303] ਮੁਕਤ ਜੀਵ ਸੰਸਾਰਿਕ ਤ੍ਰਿਸ਼ਨਾਵਾਂ ਨੂੰ ਛੱਡ ਦਿੰਦਾ ਹੈ। ਉਹ ਆਪਣੇ ਅਸਲ ਸਰੂਪ ਵਿਚ ਵੱਸਦਾ ਹੈ, ਉਹ ਪ੍ਰਭੂ ਵਰਗਾ ਹੋ ਜਾਂਦਾ ਹੈ।[304] ਪ੍ਰਭੂ ਵਾਂਗ ਗੰਭੀਰ ਹੋ ਜਾਂਦਾ ਹੈ।[305] ਉਹ ਜਨਮ ਮਰਨ ਤੋਂ ਉਤਾਂਹ ਹੋ ਜਾਂਦਾ ਹੈ। ਉਸਦੀ ਸੁਰਤਿ ਸਹਿਜ ਵਿਚ ਜੁੜੀ ਰਹਿੰਦੀ ਹੈ।[306] ਪ੍ਰਭੂ ਨੂੰ ਮਨ ਵਿਚ ਵਸਾ ਕੇ ਇਕਾਂਤ ਰਹਿਣਾ, ਸੰਸਾਰ ਵਿਚ ਨਾ ਖੁੱਭਣਾ, ਅਤੇ ਆਸਾਂ ਵਿਚ ਨਿਰਾਸ ਰਹਿਣਾ ਹੀ ਉਸਦਾ ਆਦਰਸ਼ ਹੁੰਦਾ ਹੈ। ਉਹ ਸੰਸਾਰ ਸਾਗਰ ਵਿਚ, ਜਲ ਵਿਚ ਕਮਲ ਜਾਂ ਮੁਰਗਾਬੀ ਸਮਾਨ ਅਭਿੱਜ ਰਹਿੰਦਾ ਹੈ।[307] ਉਹ ਆਪ ਵੀ ਤਰਦਾ ਹੈ ਤੇ ਹੋਰਨਾਂ ਨੂੰ ਵੀ ਤਾਰਦਾ ਹੈ।[308]

(ਸ) ਪਰਮਾਤਮਾ : ਪਰਮਾਤਮਾ ਇਕ, ਅਗਮ ਅਤੇ ਅਗੋਚਰ ਹੈ।[309] ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਉਹ ਗੁਪਤ ਅਵਸਥਾ ਵਿਚ ਸੀ—ਭਾਵ ਨਿਰਗੁਣ ਰੂਪ ਵਿਚ ਸੀ।[310] ਪਰਮਾਤਮਾ ਨੇ ਆਪਣੇ ਦੋਵੇਂ ਸਰੂਪ, ਨਿਰਗੁਣ ਅਤੇ ਸਗੁਣ (ਸ੍ਰਿਸ਼ਟੀ) ਆਪੇ ਹੀ ਸਾਜੇ ਹਨ।[311] ਓਅੰਕਾਰ ਰੂਪੀ ਨਿਰਗੁਣ ਬ੍ਰਹਮ ਆਪਣੇ ਆਪ ਤੋਂ ਹੀ ਉਪਜਿਆ[312] ਤੇ ਫਿਰ ਉਸਨੇ ਆਪਣੇ ਹੁਲਾਸ ਲਈ ਆਪਣਾ ਦੂਜਾ ਸਗੁਣ ਰੂਪ ਭਾਵ ਸ੍ਰਿਸ਼ਟੀ ਨੂੰ ਸਿਰਜਿਆ।[313] ਨਿਰਗੁਣ ਬ੍ਰਹਮ ਕਿਸੇ ਨੇ ਬਣਾਇਆ ਜਾਂ ਥਾਪਿਆ ਨਹੀਂ,[314] ਉਸ ਦਾ ਕੋਈ ਮਾਤਾ ਪਿਤਾ ਨਹੀਂ, ਉਸ ਨੂੰ ਕਿਸੇ ਨਹੀਂ ਜੰਮਿਆ,[315] ਉਹ ਸ਼ੁਰੂ ਤੋਂ ਹੀ ਹੈ ਅਤੇ ਸਦਾ ਰਹੇਗਾ, ਭਾਵ

---

300. ਸਿਧ ਗੋਸਟਿ, ਗੁਰੂ ਗ੍ਰੰਥ, ਪੰਨਾ 940.
301. ਉਹੀ, ਪੰਨਾ 941.
302. ਉਹੀ.
303. ਉਹੀ, ਪੰਨਾ 942.
304. ਮਲਾਰ ਦੀ ਵਾਰ, ਉਹੀ, ਪੰਨਾ 1287.
305. ਦਖਣੀ ਓਅੰਕਾਰ, ਉਹੀ, ਪੰਨਾ 932.
306. ਸਿਧ ਗੋਸਟਿ, ਉਹੀ, ਪੰਨਾ 946.
307. ਉਹੀ, ਪੰਨਾ 938.
308. ਉਹੀ, ਪੰਨਾ 941.
309. ਉਹੀ, ਪੰਨਾ 938.
310. ਉਹੀ, ਪੰਨਾ 943.
311. ਮਲਾਰ ਦੀ ਵਾਰ, ਉਹੀ, ਪੰਨਾ 1279.
312. ਦਖਣੀ ਓਅੰਕਾਰ, ਉਹੀ, ਪੰਨਾ 931.
313. ਆਸਾ ਦੀ ਵਾਰ, ਉਹੀ, ਪੰਨਾ 463.
314. ਮੂਲ ਮੰਤਰ, ਉਹੀ, ਪੰਨਾ 1.
315. ਮਲਾਰ ਦੀ ਵਾਰ, ਉਹੀ, ਪੰਨਾ 1279.

ਉਹ ਨਿੱਤ ਹੈ, ਸਦੀਵੀ ਹੈ ।[316] ਉਹ ਆਪ ਹੀ ਸਾਰੀ ਸ੍ਰਿਸ਼ਟੀ ਦਾ ਤੱਤ ਹੈ--ਜੀਵ ਅਤੇ ਪ੍ਰਕਿਰਤੀ ਉਸ ਦੇ ਹੀ ਸਰੂਪ ਹਨ। ਉਹ ਹੀ ਸਾਰੀ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ ।[317] ਉਹ ਸਭ ਜਗਾਹ ਵਿਆਪਕ ਹੈ, ਸਭ ਕੁਝ ਉਸ ਤੋਂ ਹੀ ਉਪਜਿਆ ਹੈ,[318] ਅਤੇ ਉਹ ਆਪ ਹੀ ਸ੍ਰਿਸ਼ਟੀ ਵਿਚ ਵਰਤਦਾ ਹੈ ।[319] ਪਰਮਾਤਮਾ ਪਲ ਛਿਨ ਵਿਚ ਸ੍ਰਿਸ਼ਟੀ ਨੂੰ ਢਾਹੁਣ ਅਤੇ ਪਲ ਛਿਨ ਵਿਚ ਹੀ ਮੁੜ ਉਸਾਰਨ ਦੇ ਸਮਰੱਥ ਹੈ ।[320] ਪਰਮਾਤਮਾ ਏਨਾ ਵਿਆਪਕ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ ।[321] ਇਵੇਂ ਪਰਮਾਤਮਾ ਅਨਾਦੀ, ਅਕਾਲ, ਸਰਬ-ਸਮਰੱਥ, ਸਰਬ-ਵਿਆਪਕ, ਸਰਬ-ਰਚਣਹਾਰ ਅਤੇ ਸਰਬ-ਪ੍ਰਤੀਪਾਲਕ ਹੈ ।

ਪ੍ਰਭੂ ਦਾ ਪਸਾਰਾ ਬੇਅੰਤ ਅਤੇ ਬੇਹਿਸਾਬ ਹੈ, ਉਸ ਦੇ ਅਨਗਿਣਤ ਨਾਮ ਹਨ ਅਤੇ ਅਣਗਿਣਤ ਲੋਕ, ਖੰਡ, ਮੰਡਲ ਅਤੇ ਵਰਭੰਡ ਹਨ ।[322] ਭਾਵੇਂ ਸਾਰੇ ਰੰਗ-ਰੂਪ ਉਸ ਦੇ ਆਪਣੇ ਹੀ ਹਨ, ਫ਼ੇਰ ਵੀ ਉਸ ਦਾ ਆਪਣਾ ਨਾ ਕੋਈ ਰੰਗ ਹੈ ਨਾ ਰੂਪ, ਭਾਵ ਉਸਦੇ ਸ਼ੁੱਧ ਜਾਂ ਨਿਰਗੁਣ ਰੂਪ ਦਾ ।[323] ਪਰਮਾਤਮਾ ਅਕੱਥ ਹੈ ।[324] ਕੋਈ ਉਸ ਜਿੱਡਾ ਹੋ ਹੀ ਨਹੀਂ ਸਕਦਾ ਤਾਂ ਉਸਦੇ ਸਰੂਪ ਦਾ ਪੂਰਾ ਗਿਆਨ ਕਿਵੇਂ ਪਾ ਸਕਦਾ ਹੈ, ਤੇ ਉਸ ਦੇ ਸੰਪੂਰਨ ਸਰੂਪ ਬਾਰੇ ਕੀ ਕਹਿ ਸਕਦਾ ਹੈ ।[325] ਉਸ ਦਾ ਅੰਤ ਨਾ ਅਜ ਤਾਈਂ ਕੋਈ ਪਾ ਸਕਿਆ ਹੈ, ਅਤੇ ਨਾ ਹੀ ਕੋਈ ਪਾ ਸਕਦਾ ਹੈ, ਕਿਉਂਕਿ ਉਹ ਇਸ ਤੋਂ ਉਤਾਂਹ ਹੈ ।[326] ਉਹ ਬਹੁਤ ਵੱਡਾ ਹੈ, ਬੇਅੰਤ ਹੈ, ਪਹੁੰਚ ਤੋਂ ਪਰ੍ਹੇ ਹੈ, ਅਲੱਖ ਹੈ, ਅਭੇਦ ਹੈ ।[327] ਉਸ ਨੂੰ ਜਾਣਨਾ ਭਾਵੇਂ ਅਸੰਭਵ ਹੈ, ਪਰ ਭਗਤ-ਜਨ ਉਸ ਨੂੰ ਜਾਣਨ ਦਾ ਯਤਨ ਕਰਦੇ ਹਨ ਅਤੇ ਆਪਣੇ ਆਪਣੇ ਅਨੁਭਵ ਅਤੇ ਸਮਝ ਅਨੁਸਾਰ ਉਸ ਦੀ ਉਸਤਤਿ ਗਾਉਂਦੇ ਹਨ ।[328] ਹਰ ਗੁਰਸਿਖ ਨੂੰ ਉਸ ਦੀ ਉਸਤਤਿ ਗਾਉਣੀ ਚਾਹੀਦੀ ਹੈ, ਪਰ ਜੇ ਕੋਈ ਦਾਅਵਾ ਕਰੇ ਕਿ ਉਹ ਪ੍ਰਭੂ ਦੇ ਸੰਪੂਰਨ ਸਰੂਪ ਨੂੰ ਜਾਣਦਾ ਹੈ ਤਾਂ ਉਹ ਕੇਵਲ ਕੁਫ਼ਰ ਹੀ ਤੋਲ ਸਕਦਾ ਹੈ ।[329] ਪ੍ਰਭੂ

316. ਜਪੁਜੀ, ਗੁਰੂ ਗ੍ਰੰਥ, ਪੰਨਾ 1.
317. ਦਖਣੀ ਓਅੰਕਾਰ, ਉਹੀ, ਪੰਨਾ 931.
318. ਸਿਧ ਗੋਸਟਿ, ਉਹੀ, ਪੰਨਾ 943.
319. ਆਸਾ ਦੀ ਵਾਰ, ਉਹੀ, ਪੰਨਾ 463.
320. ਦਖਣੀ ਓਅੰਕਾਰ, ਉਹੀ, ਪੰਨਾ 931.
321. ਉਹੀ, ਪੰਨਾ 930.
322. ਜਪੁਜੀ, ਉਹੀ, ਪੰਨਾ 4.
323. ਮਲਾਰ ਦੀ ਵਾਰ, ਉਹੀ, ਪੰਨਾ 1279.
324. ਸਿਧ ਗੋਸਟਿ, ਉਹੀ, ਪੰਨਾ 946.
325. ਮਾਝ ਦੀ ਵਾਰ, ਉਹੀ, ਪੰਨਾ 148 ਅਤੇ ਜਪੁਜੀ, ਉਹੀ, ਪੰਨਾ 5.
326. ਮਲਾਰ ਦੀ ਵਾਰ, ਉਹੀ, ਪੰਨਾ 1282.
327. ਉਹੀ, ਪੰਨਾ 1286.
328. ਜਪੁਜੀ, ਉਹੀ, ਪੰਨਾ 2.
329. ਉਹੀ, ਪੰਨਾ 5.

ਮਨ ਅਤੇ ਇੰਦ੍ਰੀਆਂ ਤੋਂ ਪਰ੍ਹੇ ਹੈ,[330] ਇਸ ਲਈ ਉਸ ਨੂੰ ਸਾਧਾਰਨ ਬੁੱਧੀ ਰਾਹੀਂ ਜਾਣਿਆ ਨਹੀਂ ਜਾ ਸਕਦਾ ।[331] ਪਰ ਸੱਚੇ ਗੁਰੂ ਤੋਂ ਪ੍ਰਾਪਤ ਬ੍ਰਹਮ-ਗਿਆਨ ਰਾਹੀਂ ਪਰਮਾਤਮਾ ਦੀ ਅੰਤਰਬੋਧੀ ਸੂਝ ਪ੍ਰਾਪਤ ਹੁੰਦੀ ਹੈ ।[332] ਬ੍ਰਹਮ-ਗਿਆਨ ਰਾਹੀਂ ਪ੍ਰਭੂ-ਦਰਸ਼ਨਾਂ ਤੋਂ ਮਨੁੱਖ ਪਾਪ-ਪੁੰਨ ਤੋਂ ਉਪਰ, ਭਾਵ ਜੀਵਨ-ਮੁਕਤ, ਹੋ ਜਾਂਦਾ ਹੈ ।[333]

ਕੇਵਲ ਪ੍ਰਭੂ ਹੀ ਸੰਸਾਰ ਦਾ ਸੱਚਾ ਮਾਲਕ ਹੈ ਜਿਸ ਨੇ ਜਗਤ ਵਿਚ ਸੱਚ ਵਰਤਾਇਆ ਹੈ । ਪਰਮਾਤਮਾ ਹੀ ਸਚ ਹੈ ਅਤੇ ਇਸ ਸਚ ਨੂੰ ਪਾਉਣਾ ਹੀ ਮਨੁੱਖੀ ਜੀਵਨ ਦਾ ਪਰਮ ਉੱਦੇਸ਼ ਹੈ ।[334] ਸੱਚੇ ਹਰੀ ਨੂੰ ਪ੍ਰਾਪਤ ਕਰੇ ਬਿਨਾ ਕੋਈ ਮਨੁੱਖ ਸੁੱਚਾ ਨਹੀਂ ਹੋ ਸਕਦਾ ।[335] ਪ੍ਰਭੂ ਹੀ ਸੱਚਾ ਅਤੇ ਸਚਿਆਰ ਹੈ ।[336] ਉਹ ਨਿਰੋਲ ਸਚ ਹੈ ਅਤੇ ਸੱਚਿਆਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ।[337] ਕੇਵਲ ਪ੍ਰਭੂ ਹੀ ਸੱਚਾ ਹੈ, ਕਿਉਂਕਿ ਕੇਵਲ ਉਹ ਹੀ ਸਥਿਰ ਤੇ ਸਦੀਵੀ ਹੈ,[338] ਨਿਹਚਲ ਅਤੇ ਅਡੋਲ ਹੈ,[339] ਬਾਕੀ ਸਭ ਕੁਝ ਨਾਸ਼ਵਾਨ ਹੈ । ਸੱਤ ਹੀ ਅਸਲੀ ਪੂੰਜੀ ਹੈ, ਸੱਚ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ ।[340] ਯੁਗਾਂ-ਯੁਗਾਂਤਰਾਂ ਵਿਚ ਪ੍ਰਭੂ ਹੀ ਸੱਚਾ ਹੈ, ਹੁਣ ਵੀ ਸੱਚਾ ਹੈ ਅਤੇ ਅੱਗੋਂ ਵੀ ਸੱਚਾ ਹੀ ਰਹੇਗਾ ।[341] ਸਚ ਤੋਂ ਉਤਾਂਹ ਕੋਈ ਨਹੀਂ ਹੈ, ਉਹ ਹੀ ਸਭ ਦਾ ਮਾਲਿਕ ਹੈ ।[342] ਪ੍ਰਭੂ ਦਾ ਘਰ-ਦਰਬਾਰ ਸਚ-ਖੰਡ ਵਿਚ ਹੈ ਜੋ ਸਰਵੋਚ ਅਤੇ ਸਭ ਤੋਂ ਸੱਚਾ ਹੈ । ਉਸ ਦੇ ਘਰ ਵਿਚ ਉਸ ਦੀ ਕ੍ਰਿਪਾ ਨਾਲ ਗੁਰਮੁਖਾਂ, ਮੁਕਤ-ਆਤਮਾਵਾਂ, ਨੂੰ ਨਿਵਾਸ ਮਿਲਦਾ ਹੈ, ਜਿਥੇ ਉਨ੍ਹਾਂ ਦੇ ਸੰਸਾਰਿਕ ਕਰਮਾਂ ਦੇ ਹਿਸਾਬ ਨਾਲ ਉਨ੍ਹਾਂ ਨੂੰ ਮਾਣ ਪ੍ਰਾਪਤ ਹੁੰਦਾ ਹੈ ।[343]

ਪ੍ਰਭੂ ਸਭ ਗੁਣਾਂ ਦਾਂ ਸੋਮਾ[344] ਅਤੇ ਖ਼ਜ਼ਾਨਾ ਹੈ ।[345] ਗੁਣਵੰਤਿਆਂ ਨੂੰ ਉਸ ਤੋਂ ਹੀ

---

330. ਮਲਾਰ ਦੀ ਵਾਰ, ਗੁਰੂ ਗ੍ਰੰਥ, ਪੰਨਾ 1291.
331. ਦਖਣੀ ਓਅੰਕਾਰ, ਉਹੀ, ਪੰਨਾ 931.
332. ਮਲਾਰ ਦੀ ਵਾਰ, ਉਹੀ, ਪੰਨਾ 1291.
333. ਸਿਧ ਗੋਸਟਿ, ਉਹੀ, ਪੰਨਾ 943 ਅਤੇ 946.
334. ਆਸਾ ਦੀ ਵਾਰ, ਉਹੀ, ਪੰਨਾ 467.
335. ਸਿਧ ਗੋਸਟਿ, ਉਹੀ, ਪੰਨਾ 946.
336. ਮਲਾਰ ਦੀ ਵਾਰ, ਉਹੀ, ਪੰਨਾ 1281.
337. ਮਾਰੂ ਸੋਲਹੇ, ਉਹੀ, ਪੰਨਾ 1022.
338. ਬਾਰਹਮਾਹਾ ਤੁਖਾਰੀ, ਉਹੀ, ਪੰਨਾ 1109.
339. ਮਾਰੂ ਸੋਲਹੇ, ਉਹੀ, ਪੰਨਾ 1022.
340. ਉਹੀ, ਪੰਨਾ 1039.
341. ਉਹੀ, ਪੰਨਾ 1023.
342. ਜਪੁਜੀ, ਉਹੀ, ਪੰਨਾ 7.
343. ਉਹੀ, ਪੰਨਾ 2.
344. ਮਲਾਰ ਦੀ ਵਾਰ, ਉਹੀ, ਪੰਨਾ 1234.
345. ਜਪੁਜੀ, ਉਹੀ, ਪੰਨਾ 2.

ਗੁਣ ਪ੍ਰਾਪਤ ਹੁੰਦੇ ਹਨ ।[346] ਮਨੁੱਖ ਅਉਗਣਹਾਰ ਹਨ,[347] ਤ੍ਰਿਸ਼ਨਾਵਾਂ ਵਿਚ ਫ਼ਸੇ ਹੋਏ ਹਨ, ਪਰ ਪਰਮਾਤਮਾ ਉਨ੍ਹਾਂ ਤੋਂ ਉਪਰ ਹੈ, ਉਹ ਗੁਰੂ ਵਿਚ ਆਪਣਾ ਆਪ ਲੀਨ ਕਰਕੇ ਉਸ ਦੁਆਰਾ ਆਪਣਾ ਹੁਕਮ ਪ੍ਰਗਟ ਕਰਦਾ ਹੈ ।[348] ਉਹ ਮਿਹਰਬਾਨ ਅਤੇ ਕ੍ਰਿਪਾਲੂ ਹੈ, ਉਸ ਦੀ ਭਾਸ਼ਾ ਪ੍ਰੇਮ ਹੈ ਅਤੇ ਉਸਦੀਆਂ ਮਿਹਰਾਂ ਬੇਹਿਸਾਬ ਹਨ । ਉਹ ਲੈਂਦਾ ਕਿਸੇ ਤੋਂ ਨਹੀਂ, ਪਰ ਦੇਂਦਿਆਂ ਥਕਦਾ ਨਹੀਂ, ਜੁਗਾਂ ਜੁਗਾਂਤਰਾਂ ਤੋਂ ਲੋਕ ਉਸ ਦਾ ਦਿੱਤਾ ਮਾਣਦੇ ਆ ਰਹੇ ਹਨ ।[349] ਕੇਵਲ ਉਹ ਹੀ ਦਾਤਾ ਹੈ ਹੋਰ ਸਭ ਮੰਗਤੇ ਹਨ ।[350] ਮੂਰਖ ਮਨੁੱਖ ਬਿਨ-ਵਿਚਾਰੇ ਹੀ ਉਸ ਦੀਆਂ ਬਖਸ਼ਸ਼ਾਂ ਮਾਣਦੇ ਰਹਿੰਦੇ ਹਨ, ਤੇ ਕਈ ਤਾਂ ਉਸਦੇ ਰਿਣੀ ਹੋਣ ਤੋਂ ਵੀ ਮੁਕਰ ਜਾਂਦੇ ਹਨ ।[351]

ਪਰਮਾਤਮਾ ਚਤੁਰ, ਸੁਜਾਨ ਅਤੇ ਬਿਧਾਤਾ ਹੈ । ਉਹ ਸਾਰੇ ਜਗਤ ਦਾ ਜੀਵਨ ਹੈ । ਚਾਰਾਂ ਖਾਣੀਆਂ ਅਤੇ ਸਭ ਦਿਲਾਂ ਅੰਦਰ ਉਸ ਦੀ ਹੀ ਜੋਤ ਸਮਾਈ ਹੋਈ ਹੈ ।[352] ਕੇਵਲ ਬ੍ਰਹਮ-ਗਿਆਨੀ ਨੂੰ ਹੀ ਸੋਝੀ ਹੁੰਦੀ ਹੈ ਕਿ ਕੇਵਲ ਪ੍ਰਭੂ ਹੀ ਸੱਚਾ ਹੈ ਅਤੇ ਸਭ ਦੇ ਅੰਦਰ ਵਿਆਪਕ ਹੈ ।[353] ਭਾਵੇਂ ਉਹ ਹਰ ਸਰੀਰ ਵਿਚ ਵਸਿਆ ਹੋਇਆ ਹੈ ਫ਼ਿਰ ਵੀ ਗੁਪਤ ਹੈ ।[354] ਸਰਬ-ਵਿਆਪਕ[355] ਪ੍ਰਭੂ ਅਪਰਾਧੀਨ[356] ਅਤੇ ਸਰਬ-ਗਿਆਤਾ[357] ਵੀ ਹੈ । ਉਹ ਡਰ-ਰਹਿਤ ਹੈ, ਬੜਾ ਡੂੰਘਾ ਹੈ ਤੇ ਗਹਿਰ-ਗੰਭੀਰ ਹੈ । ਪ੍ਰਭੂ ਆਪ ਹੀ ਸਭ ਕੁੱਝ ਕਰ ਰਿਹਾ ਹੈ ਅਤੇ ਆਪ ਹੀ ਜੀਵਾਂ ਤੋਂ ਕਰਵਾ ਰਿਹਾ ਹੈ । ਅਰਥਾਤ ਕਰਨ-ਕਰਾਵਨਹਾਰ ਉਹ ਪਰਮਾਤਮਾ ਆਪ ਹੀ ਹੈ ।[358] ਪਰਮਾਤਮਾ ਮਿਹਰਬਾਨ ਹੈ, ਉਸ ਨੂੰ ਸਭ ਦਾ ਧਿਆਨ ਹੈ । ਉਸ ਦੀ ਮਿਹਰ ਰਾਹੀਂ ਸਭ ਬਖ਼ਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ ।[359] ਪ੍ਰਭੂ ਨਿਆਂਕਾਰ ਹੈ, ਉਸ ਨੇ ਜੀਵਾਂ ਦੇ ਕਰਮਾਂ ਦੇ ਲੇਖਾਂ ਅਨੁਸਾਰ ਹੀ ਸੋਭਾ ਜਾਂ ਦੰਡ ਦੇਣ ਲਈ ਧਰਮ-ਰਾਜ ਨਿਯੁਕਤ ਕੀਤਾ ਹੋਇਆ ਹੈ ।[360]

* * *

---

346. ਮਲਾਰ ਦੀ ਵਾਰ, ਗੁਰੂ ਗ੍ਰੰਥ, ਪੰਨਾ 1284.
347. ਉਹੀ, ਪੰਨਾ 1269.
348. ਜਪੁਜੀ, ਉਹੀ, ਪੰਨਾ 2.
349. ਮਲਾਰ ਦੀ ਵਾਰ, ਉਹੀ, ਪੰਨਾ 1286.
350. ਜਪੁਜੀ, ਉਹੀ, ਪੰਨਾ 5.
351. ਬਾਰਹਮਾਹਾ ਤੁਖਾਰੀ, ਉਹੀ, ਪੰਨਾ 1109.
352. ਦਖਣੀ ਓਅੰਕਾਰ, ਉਹੀ, ਪੰਨਾ 930.
353. ਸਿਧ ਗੋਸਟਿ, ਉਹੀ, ਪੰਨਾ 939.
354. ਆਸਾ ਦੀ ਵਾਰ, ਉਹੀ, ਪੰਨਾ 469.
355. ਉਹੀ, ਪੰਨਾ 464.
356. ਉਹੀ, ਪੰਨਾ 463.
357. ਮਲਾਰ ਦੀ ਵਾਰ, ਉਹੀ, ਪੰਨਾ 1289.
358. ਆਸਾ ਦੀ ਵਾਰ, ਉਹੀ, ਪੰਨਾ 467.
359. ਉਹੀ, ਪੰਨਾ 463.

# ਪੁਸਤਕਾਵਲੀ

## ਪੰਜਾਬੀ ਪੁਸਤਕਾਂ


'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' (ਫਰੀਦਕੋਟ ਵਾਲਾ ਟੀਕਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

ਸਾਹਿਬ ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ', ਰਾਜ ਪਬਲਿਸ਼ਰਜ਼, ਜਲੰਧਰ, 1963.

'ਸ਼ਬਦਾਰਥ ਬਾਣੀ ਗੁਰੂ ਨਾਨਕ ਦੇਵ ਜੀ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', 4 ਖੰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969.

ਸ਼ੇਰ ਸਿੰਘ, 'ਜਪੁਜੀ ਦਰਸ਼ਨ', ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969.

ਕੋਹਲੀ, ਸੁਰਿੰਦਰ ਸਿੰਘ (ਸੰਪਾ.), 'ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969.

ਜੋਗਿੰਦਰ ਸਿੰਘ, 'ਜਪੁ ਸੱਚੀ ਟਕਸਾਲ' ਪ੍ਰੀਤ ਪ੍ਰਕਾਸ਼ਨ, ਦਿੱਲੀ, 1969.

'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੋਥੀ ਹਰਿਜੀ ਅਤੇ ਪੋਥੀ ਚਤੁਰਭੁਜ', ਖਾਲਸਾ ਕਾਲਜ, ਅੰਮ੍ਰਿਤਸਰ, 1969.

ਤਾਰਨ ਸਿੰਘ, 'ਗੁਰੂ ਨਾਨਕ ਚਿੰਤਨ ਤੇ ਕਲਾ', ਨਿਊ ਬੁੱਕ ਕੰਪਨੀ, ਜਲੰਧਰ, 1969.

——, (ਸੰਪਾ.) 'ਗੁਰੂ ਨਾਨਕ ਬਾਣੀ ਪ੍ਰਕਾਸ਼', 2 ਖੰਡ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966.

ਨਾਭਾ, ਕਾਨ੍ਹ ਸਿੰਘ, 'ਗੁਰੂ ਸ਼ਬਦ ਰਤਨਾਕਰ ਮਹਾਨਕੋਸ਼', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990.

ਭੱਲਾ, ਗੁਰਦਾਸ, 'ਵਾਰਾਂ ਭਾਈ ਗੁਰਦਾਸ' (ਟੀਕਾ ਗਿਆਨੀ ਹਜ਼ਾਰਾ ਸਿੰਘ ਸੰਪਾ. ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ, 1962.

ਰਾਮ ਸਿੰਘ, 'ਗੁਰੂ ਨਾਨਕ ਦੀ ਸੁਹਜ ਕਲਾ', ਸਿੰਘ ਬ੍ਰਦਰਜ਼, ਅਮ੍ਰਿਤਸਰ, 1968.

ਵੀਰ ਸਿੰਘ, ਭਾਈ, 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ', ਖਾਲਸਾ ਸਮਾਚਾਰ, ਅਮ੍ਰਿਤਸਰ, 1958.

——, (ਸੰਪਾ.) 'ਜਨਮਸਾਖੀ ਪੁਰਾਤਨ', ਖਾਲਸਾ ਸਮਾਚਾਰ, ਅਮ੍ਰਿਤਸਰ, 1967.

ਵਿਨੋਬਾ ਭਾਵੇ, ਜਪੁਜੀ' (ਅਨੁ. ਸੀਤਾ ਰਾਮ ਬਾਹਰੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

**English Books**

Avtar Singh, *Ethics of the Sikhs*, Panjabi University, Patiala, 1970.

Gopal Singh, *Sri Guru Granth Sahib*, Gurdas Kapur and Sons, Delhi, 1960.

Jodh Singh, *Some Studies in Sikhism*, Lahore Book Shop, Ludhiana, 1953.

Kohli, Surinder Singh, *A Critical Study of the Adi Granth*, Punjabi Writers Co-operative Society, Delhi, 1981.

Macauliffe, M.A., *The Sikh Religion*, Vol. I, S. Chand, Delhi, 1963.

*Reader's Digest Library of Modern Knowledge*, Vol. I and II.

Sher Singh, *Philosophy of Sikhism*, Sterling Publishers, Delhi, 1966.

Sohan Singh, *The Seeker's Path*, Orient Longman, Bombay, 1959.

# ਅਨੁਕ੍ਰਮਣਿਕਾ

ਉਤਪਤੀ, 2.
ਉਪਨਿਸ਼ਦ, 5.
ੴ ਅੰਕਾਰ, 55.
ੴ ਅੰਕਾਰ, ਬਾਣੀ, ਰਚਨਾ ਕਾਲ, 55
ੴ ਅੰਕਾਰ ਤੇ ਸਿਧ ਗੋਸਟਿ, 55.
ਅਸੀਰੀਅਨ, ਸਭਿਅਤਾ, 6.
ਅਕਬਰ, ਬਾਦਸ਼ਾਹ, 7.
ਅਮਰਤਾ, 5.
ਅਮਰਦਾਸ, ਗੁਰੂ, 30, 87.
ਅਰਜੁਨ, ਗੁਰੂ, 30, 87.
ਅਰਥ, 33, 46, 57, 77, 91, 114-115.
ਆਤਮ ਗਿਆਨ, 118.
ਆਤਮ ਬੋਧ, 77.
ਆਤਮਾ, 5, 22-23, 28, 51, 60, 68, 80, 81, 85, 86, 134.
ਆਤਮਾ-ਪਰਮਾਤਮਾ, 51-52, 60, 68, 81, 85, 86, 134.
ਆਦਿ-ਮਾਨਵ, 2, 3.
ਅਧਿਆਤਮਿਕ ਸੁਹਜ, 122.
ਆਨੰਦ, 85.
ਆਰੀਆ, 4, 6.
ਅੰਗਦ, ਗੁਰੂ, 15, 30, 87.
ਅੰਤਰ-ਬੋਧ, 128.
ਅੰਤਰ-ਬੋਧੀ ਚੇਤਨਾ, 101.
ਇਸਤਰੀ, 49, 84, 125.
ਇਸਲਾਮ, 6, 7.
ਇੰਦ੍ਰੀਗਤ ਗਿਆਨ, 116-117.
ਇੰਦ੍ਰੀਗਤ ਚੇਤਨਾ, 101.
ਇਰਾਕ, ਸਭਿਅਤਾ, 2.
ਇਰਾਨ, ਸਭਿਅਤਾ, 2.
ਈਸਾਈ, ਮਤ, 6, 7, 125.
ਏਕੀਸ਼ਰਵਾਦ, 4.
ਏਮਨਾਬਾਦ, 87.
ਸਹਿਜ, 85, 134.
ਸੱਚਖੰਡ, 10, 12, 29, 100.
ਸਤਜੁਗ, 48.
ਸਰਮ ਖੰਡ, 10, 11, 20, 100.
ਸ੍ਰਵਣ, 25, 135.
ਸਿੱਖ ਧਰਮ ਦਰਸ਼ਨ, 8.
ਸਿੰਧਵਾਦੀ, ਸਭਿਅਤਾ, 2, 4.
ਸ੍ਰਿਸ਼ਟੀ, 16, 18, 30, 42-43, 55-56, 66, 74-75, 87-88.
ਸ੍ਰਿਸ਼ਟੀ ਸੰਚਾਲਨ, 104.
ਸ੍ਰਿਸ਼ਟੀ ਪ੍ਰਕ੍ਰਿਤੀ, 101-102.
ਸ੍ਰਿਸ਼ਟੀ ਰਚਨਾ, 02-1104.
ਸੁਹਜ (ਸੁੰਦਰਤਾ), 19-20, 35, 47, 58, 78, 82.
ਸੁਮੇਰ, ਪਰਬਤ, 65, 115.
ਸੂਤਕ, 49.
ਸ਼ਬਦ, 80.
ਸ਼ੂਨਯਵਾਦ, 66.
ਸ਼ੈਵ, ਮੱਤ, 6.
ਸ਼ੰਕਰ, 6, 65.
ਹਉਮੈ, 33, 57, 79, 80, 113-114, 133-134.
ਹਿੰਦੂ ਧਰਮ, 4.
ਹੈਲੀਨ, ਸਭਿਅਤਾ, 4.

ਹੁਕਮ (ਭਾਣਾ), 9, 23, 52, 69, 79, 88, 89, 94, 97, 106.
ਕਨਫਿਊਸ਼ੀਅਸ਼, 5.
ਕਰਮ, 21, 78-79, 123, 133.
ਕਰਮ-ਕਾਂਡ, 21, 79, 93, 109, 126.
ਕਰਮ-ਖੰਡ, 10, 11, 100.
ਕਰਮ-ਫਲ, 78-79.
ਕਲਜੁਗ, 48.
ਕੁਰਾਨ, 17.
ਖ਼ਿਮਾ, 79.
ਗਿਆਨ, 5, 19, 46, 61, 67, 70, 77, 85, 92, 117-119, 132.
ਗਿਆਨ-ਖੰਡ, 10, 11, 100, 117-118.
ਗਿਆਨ-ਮੀਮਾਂਸਾ, 6.
ਗਿਆਨੀ, 58.
ਗੁਰ-ਸ਼ਬਦ, 38, 70, 94, 132.
ਗੁਰਦਾਸ, ਭਾਈ, 65.
ਗੁਰਮੁਖ, 27-28, 66, 71-72, 95.
ਗੁਰੂ, 39, 53, 58, 70-71, 78, 80, 85, 86, 94-95, 97, 119-120, 132-133.
ਗੋਸਟਿ, ਰੂਪਾਕਾਰ, 65.
ਗੋਰਖ ਹੱਟੜੀ, 65.
ਚੀਨ, ਸਭਿਅਤਾ, 3, 4, 6.
ਜਗਤ, 107.
ਜਪੁਜੀ, ਰਚਨਾ, 15.
ਜਪੁਜੀ ਤੇ ਉਪਨਿਸ਼ਦ, 15.
ਜਪੁਜੀ ਤੇ ਗੀਤਾ, 15.
ਜ਼ਰਤੁਸਤ, 5.
ਜ਼ਾਤ ਪਾਤ, 124-125.
ਜ਼ਿਉਸ ਪਿਤਰ, 4.
ਜ਼ਿਊ ਪੀਟਰ, 4.
ਜੀਵ, 75, 95, 104, 105.
ਜੀਵ-ਇਸਤਰੀ, 83-84.
ਜੀਵਨ-ਮੁਕਤ, 137
ਜੀਵਾਤਮਾ, 85.
ਜੈਨ, ਮਤ, 6, 38.
ਤੁਰਕੀ, ਸਭਿਅਤਾ, 2.
ਤ੍ਰੇਤਾ, ਜੁਗ, 48.
ਤ੍ਰਿਸ਼ਨਾ, 77, 109, 113.
ਦਰਸ਼ਨ, ਪੱਛਮੀ, 5.
ਦਾਨ, 48.
ਦੀਨੇ-ਇਲਾਹੀ, 7.
ਦੇਵਸ ਪਿਤਰ, 4.
ਦੇਵੀ ਮਾਤਾ, 3.
ਧਰਮ, 7-8, 127.
ਧਰਮ-ਖੰਡ, 9, 100.
ਧਰਮ-ਰਾਜ, 21, 54, 89.
ਧਰਮ ਤੇ ਨੈਤਿਕਤਾ, 3, 5.
ਨਾਸਤਿਕਤਾ, 66.
ਨਾਸ਼ਮਾਨਤਾ, 34, 43, 56, 106-107, 110.
ਨਾਮ 25-26, 39-40, 53, 60, 61-62, 71, 80, 86, 95, 109, 134-335.
ਨਾਮ-ਧਨ, 115-116.
ਨਿਧਿਆਸਣ, 25, 135-136.
ਨੈਤਿਕ ਗਿਆਨ, 122-123.
ਨੈਤਿਕਤਾ (ਜਪੁਜੀ), 21.
ਨੈਤਿਕਤਾ, ਸਮਾਜਿਕ, 37, 48-49, 59, 68, 92, 124-125.
ਨੈਤਿਕਤਾ, ਧਾਰਮਿਕ, 37-38, 50-51, 68, 93, 126.
ਨੈਤਿਕਤਾ, ਰਾਜਨੀਤਕ, 37, 49-50, 92-93, 125.
ਨੈਤਿਕਤਾ, ਵਿਅਕਤੀਗਤ, 35-36, 47-48, 59, 67, 92, 123.
ਪੱਥਰ ਯੁਗ, 3.
ਪ੍ਰਕ੍ਰਿਤੀ, ਚਿਤ੍ਰਣ, 82-84.
ਪਰਮ ਸੱਤਾ, 5.
ਪਰਮਾਤਮਾ, 28-29, 40-41, 54, 58-59, 63-64, 72, 81, 87, 88, 95-96, 138-141.
ਪਲੈਟੋ, 65.
ਪੁਜਾਰੀ, ਸ਼੍ਰੇਣੀ, 3, 4.

ਪੁਨਰ-ਜਨਮ, 4.
ਫ਼ਾਰਸ, ਸਭਿਅਤਾ, 5.
ਬਹੁਦੇਵਵਾਦ, 4.
ਬ੍ਰਹਮ, 19.
ਬ੍ਰਹਮ-ਗਿਆਨ, 78.
ਬ੍ਰਹਮਵਾਦ, 6.
ਬਾਬਰ, 87.
ਬਾਬਲ, ਸਭਿਅਤਾ, 3, 4.
ਬੁਧ, ਧਰਮ, 5, 6.
ਬੁਧ, ਮਹਾਤਮਾ, 65.
ਬੌਧਿਕ-ਸੂਹਜ, 121.
ਬੌਧਿਕ-ਗਿਆਨ, 116-117, 128.
ਬੌਧਿਕ-ਚੇਤਨਾ, 101.
ਭਗਤੀ, 24, 39, 53, 61, 71, 95, 134-135.
ਭਗਤੀ ਲਹਿਰ, 7.
ਭਾਣਾ, ਦੇਖੋ ਹੁਕਮ,
ਭਾਵਨਾਵਾਂ, 33, 45, 56, 67, 76-77, 90, 111, 134.
ਭੈ, 92, 94.
ਭੌਤਿਕ ਸੂਹਜ, 120-121.
ਮੱਕਾ, 7.
ਮਤਿ (ਬੁਧੀ), 34.
ਮਦੀਨਾ, 7.
ਮਨਮੁਖ, 28, 66, 91.
ਮਨੁਖ, 18, 44, 56, 89, 107.
ਮਨੁੱਖੀ ਅਨੁਭੂਤੀ, 101.
ਮਨੁੱਖੀ ਸਰੀਰ, 32, 44, 56, 66, 76, 90, 108.
ਮਨੁਖੀ ਜੀਵਨ, (ਹਿੱਸੇ) 110.
ਮਾਇਆ, 46, 52, 57, 77, 95, 103.
ਮਿਸਰ, ਸਭਿਅਤਾ, 3, 4.
ਮਿਹਰ, 10, 26, 52, 54, 62, 97-98, 131.
ਮੁਸਲਮਾਨ ਗੁਣ, 36.
ਮੁਕਤ-ਜੀਵ, 26-27, 40, 54, 63, 71, 81, 95, 136.
ਮੁਕਤੀ, 23, 26-27, 40, 54, 63, 71, 81, 95, 136.
ਮੁਕਤੀ, ਸਾਧਨ, 52, 61, 69, 80, 86, 94, 130-132.
ਮੁਕਤੀ, ਸਦੇਹ,
ਮੁਕਤੀ, ਵਿਦੇਹ, 27, 127.
ਮੂਰਤੀ ਪੂਜਾ, 22.
ਮੰਨਣ, 25, 135.
ਯਹੂਦੀ, ਮਤ, 4.
ਯੂਨਾਨ, ਸਭਿਅਤਾ, 3, 4, 5, 6.
ਰਸ਼ਮਾਂ-ਰੀਤਾਂ, 3.
ਰਾਮਦਾਸ, ਗੁਰੂ, 7, 30
ਰੋਮ, ਸਭਿਅਤਾ, 3.
ਵਹਿਮ, (ਭਰਮ) 90, 109.
ਵਟਾਲਾ, 65.
ਵਰਣ-ਆਸ਼ਰਮ, 5.
ਵਾਰ, ਰੂਪਾਕਾਰ, 30.
ਵਿਕਾਰ, 79, 90-91, 111-114, 118.
ਵੇਦਾਂਤ, 6, 106.
ਵੈਸ਼, ਮਤ, 6.
ਵੈਦਿਕ ਧਰਮ, 4, 5.